੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਕਬਿੱਤ ਭਾਈ ਗੁਰਦਾਸ

(ਦੂਸਰਾ ਸਕੰਧ)

[ਭਾਗ ੧ ਤੇ ਭਾਗ ੨]

ਭਾਵ ਪ੍ਰਕਾਸ਼ਨੀ ਟੀਕਾ ਸਮੇਤ ਅਤੇ ਜਿਸ ਵਿਚ ਭਾਈ ਗੁਰਦਾਸ ਜੀ ਦਾ ਜੀਵਨ ਤੇ ਉਨ੍ਹਾਂ ਦੀ ਬਾਣੀ ਦੇ ਧ੍ਯਾਨ ਯੋਗ ਨੁਕਤਿਆਂ ਉੱਪਰ ਵਿਚਾਰ ਅਰ ਦੋ ਤਤਕਰੇ ਵੀ ਸ਼ਾਮਲ ਹਨ।

*- ਟੀਕਾਕਾਰ -*

## ਭਾਈ ਸਾਹਿਬ ਭਾਈ ਵੀਰ ਸਿੰਘ

**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001


www.sikhbookclub.com

## ਕਬਿਤ ਭਾਈ ਗੁਰਦਾਸ (ਦੂਸਰਾ ਸਕੰਧ)

### ਛਪਾਈ ਦਾ ਵੇਰਵਾ


| | | |
|---|---|---|
| ਪਹਿਲੀ ਐਡੀਸ਼ਨ | ਅਕਤੂਬਰ, | ੧੯੪੦ |
| ਦੂਜੀ ਐਡੀਸ਼ਨ | ਜੁਲਾਈ, | ੧੯੫੦ |
| ਤੀਜੀ ਐਡੀਸ਼ਨ | ਜੂਨ, | ੧੯੬੨ |
| ਚਉਥੀ ਐਡੀਸ਼ਨ | ਜੂਨ, | ੧੯੯੬ |
| ਪੰਜਵੀਂ ਐਡੀਸ਼ਨ | ਜਨਵਰੀ, | ੨੦੦੦ |
| ਛੇਵੀਂ ਐਡੀਸ਼ਨ | ਨਵੰਬਰ, | ੨੦੦੬ |
| ਸਤਵੀਂ ਐਡੀਸ਼ਨ | ਅਕਤੂਬਰ, | ੨੦੦੯ |

(Computerised)

**Kabit Bhai Gurdas** (Doosra Sikandh)
(Vol. 1 & 2)
*Bhai Vir Singh*



**© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ**
**ਸਤਵੀਂ ਐਡੀਸ਼ਨ, ਅਕਤੂਬਰ 2009**



***ਪ੍ਰਕਾਸ਼ਕ :***
**ਭਾਈ ਵੀਰ ਸਿੰਘ ਸਾਹਿਤ ਸਦਨ**
**ਭਾਈ ਵੀਰ ਸਿੰਘ ਮਾਰਗ**
**ਨਵੀਂ ਦਿੱਲੀ**

*Printer :*
Print Media
1331, Chowk Sangtrashan
Paharganj, New Delhi - 55

ਭੇਟਾ : 75/- ਰੁਪਏ

ੴ ਸਤਿਗੁਰ ਪ੍ਰਸਾਦਿ

# ਕਬਿਤ ਭਾਈ ਗੁਰਦਾਸ (ਦੂਸਰਾ ਸਕੰਧ)

## ਸੱਤਵੀਂ ਐਡੀਸ਼ਨ – ਬੇਨਤੀ

ਇਹ ਹਥਲੀ ਇਸ ਪੁਸਤਕ ਦੀ ਸੱਤਵੀਂ ਐਡੀਸ਼ਨ ਹੈ। ਇਹ ਕਮਪਯੂਟ੍ਰਾਈਜ਼ (Computerise) ਕਰ ਦਿਤੀ ਗਈ ਹੈ।

'ਵਾਰਾਂ ਭਾਈ ਗੁਰਦਾਸ' ਦਾ ਟੀਕਾ ਜਦੋਂ ਛੇਵੀਂ ਵਾਰ ਦਸੰਬਰ, ੧੯੫੧ ਈ: ਵਿਚ ਛਪਿਆ ਤਾਂ ਬੇਨਤੀ ਦੇ ਰੂਪ ਵਿਚ ਇਹ ਸੂਚਨਾ ਦਿਤੀ ਗਈ ਸੀ:- "ਇਸ ਛੇਵੀਂ ਐਡੀਸ਼ਨ ਦੇ ਪ੍ਰਕਾਸ਼ਨ ਸਮੇਂ ਵਾਰਾਂ ਦੇ ਮੂਲ ਪਾਠ ਇਕ ਅਤੀ ਪੁਰਾਤਨ ਲਿਖਤੀ ਪੋਥੀ ਨਾਲ ਸੋਧਕੇ ਛਾਪੇ ਗਏ ਹਨ।" ਇਸ ਵਾਸਤੇ ਇਹ ਜ਼ਰੂਰੀ ਹੋ ਗਿਆ ਸੀ ਕਿ ਇਸ ਪੁਸਤਕ ਵਿਚ ਵੀ ਜਿਥੇ ਜਿਥੇ ਕਿਸੇ ਵਾਰ ਦੀ ਕੋਈ ਪਉੜੀ ਆਈ ਹੈ ਤਾਂ ਉਸਦੀ ਵੀ ਸੁਧਾਈ ਕੀਤੀ ਜਾਏ। ਸੋ ਆਪਨੀ ਤੁਛ ਬੁਧੀ ਅਨੁਸਾਰ ਕਰਨ ਦਾ ਯਤਨ ਕੀਤਾ ਹੈ। ਜੇ ਕਰ ਕੋਈ ਗਲਤੀ, ਭੁਲ ਯਾ ਓਕਾਈ ਰਹਿ ਗਈ ਹੋਵੇ ਤਾਂ ਪਾਠਕ ਜਨ ਕ੍ਰਿਪਾ ਕਰਕੇ ਭਾਈ ਵੀਰ ਸਿੰਘ ਸਾਹਿਤ ਸਦਨ ਨੂੰ ਲਿਖ ਭੇਜਨ। ਅਸੀਂ ਅਗਲੀਆਂ ਐਡੀਸ਼ਨਾਂ ਵਿਚ ਸੁਧਾਈ ਕਰਨ ਦਾ ਯਤਨ ਕਰਾਂਗੇ।

ਇਸ ਪੁਸਤਕ ਵਿਚ ਭਾਈ ਗੁਰਦਾਸ ਜੀ ਦੇ ਜੀਵਨ ਤੇ ਰਚਨਾ ਬਾਰੇ ਕੁਝ ਵਿਚਾਰ ਦੇਨ ਦੇ ਬਾਦ ਕਬਿਤ ਨੰ: ੫੫੭ ਤੋਂ ੬੭੫ ਤਕ ਦੇ ਪਦਾਰਥ, ਅਰਥ ਤੇ ਭਾਵ ਦਿਤੇ ਗਏ ਹਨ। ਇਸ ਦਾ ਪਾਠ ਕਰਨ ਲਗਿਆਂ ਮਹਿਸੂਸ ਹੁੰਦਾ ਹੈ ਕਿ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪਹਿਲੇ ਸਕੰਧ ਯਾਨੀ ਕਬਿਤ ੧ ਤੋਂ ਲੈਕੇ ੫੫੬ ਤਕ ਦਾ ਵੀ ਟੀਕਾ ਕੀਤਾ ਸੀ, ਪਰ ਸਾਨੂੰ ਅਫ਼ਸੋਸ ਹੈ ਕਿ ਅੰਮ੍ਰਿਤਸਰ ਤੇ ਡੇਹਰਾਦੂਨ ਵਿਚ ਭਾਲ ਕਰਨ ਦੇ ਬਾਵਜੂਦ ਅਸੀਂ ਓਹ ਪ੍ਰਾਪਤ ਨਹੀਂ ਕਰ ਸਕੇ। ਸੁਹਿਰਦ ਪਾਠਕ ਜਨਾਂ ਅਗੇ ਸਨਿਮਰ ਬੇਨਤੀ ਹੈ ਕਿ ਜੇਕਰ ਕਿਸੀ ਦੇ ਪ੍ਰਾਸ ਪਹਿਲੇ ਸਕੰਧ

ਦਾ ਭਾਈ ਵੀਰ ਸਿੰਘ ਲਿਖਤ ਟੀਕਾ ਹੋਵੇ ਤੇ ਮੂਲ (Original) ਯਾ ਫੋਟੋਕਾਪੀ (Photocopy) ਭਾਈ ਵੀਰ ਸਿੰਘ ਸਾਹਿਤ ਸਦਨ ਦੇ ਦਫ਼ਤਰ ਭੇਜਨ ਦੀ ਕਿਰਪਾ ਕਰਨ। ਅਸੀਂ ਦਿਲੋਂ ਧੰਨਵਾਦੀ ਹੋਵਾਂਗੇ ਤੇ Original ਵਾਪਿਸ ਕਰ ਦਿਆਂਗੇ ਤੇ ਪ੍ਰਕਾਸ਼ਨ ਦੀ ਵੀ ਕੋਸ਼ਿਸ਼ ਕਰਾਂਗੇ। ਐਸਾ ਕਰਨ ਨਾਲ ਸੈਟ (Set) ਪੂਰਾ ਹੋ ਜਾਇਗਾ ਤੇ ਸੰਗਤਾਂ ਨੂੰ ਲਾਭ ਹੋਵੇਗਾ।

ਇਹ ਸਤਵੀਂ ਐਡੀਸ਼ਨ ਛਾਪਨ ਲਗਿਆਂ ਅਸਾਂ ਯਤਨ ਕੀਤਾ ਹੈ ਕਿ ਇਸ ਵਿਚ ਪਹਿਲੇ ਸਕੰਦ ਯਾਨੀ ਕਬਿਤ ਨੰ: ੧ ਤੋਂ ੫੫੬ ਤਕ ਦਾ ਜਿਥੇ ਜਿਥੇ ਹਵਾਲਾ ਆਇਆ ਹੈ ਓਹ ਸੋਧ ਦਿਤਾ ਜਾਵੇ। ਐਸਾ ਕਰਨ ਲਈ ਸਾਨੂੰ ਕੇਵਲ ਦੋ ਪੁਸਤਕਾਂ ਹੀ ਮਿਲੀਆਂ- ਇਕ ਤਾਂ ਗਿਆਨ ਬਿਸ਼ਨ ਸਿੰਘ ਜੀ ਦੇ ਕੀਤੇ ਟੀਕੇ ਦੀ ਪੰਜਵੀਂ ਐਡੀਸ਼ਨ ਮਿਲੀ ਹੈ ਜੋ ਕੇਵਲ ਪਹਿਲੇ ਸਕੰਦ ਦੇ ਕਬਿਤਾਂ (੧ ਤੋਂ ੫੫੬) ਤਕ ਹੈ। ਦੂਸਰੀ ਪੁਸਤਕ ਜੋ ਮਿਲੀ ਹੈ ਓਹ ਸ. ਓਅੰਕਾਰ ਸਿੰਘ ਜੀ ਦਾ ਲਿਖਿਆ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ੧੯੯੩ ਦਾ ਪ੍ਰਕਾਸ਼ਤ ਕੀਤਾ ਐਡੀਸ਼ਨ ਹੈ। ਇਸ ਵਿਚ ਦੋਨੋਂ ਸਕੰਦ ਯਾਨੀ ਕਬਿਤ ੧ ਤੋਂ ੯੭੫ ਤਕ ਪੂਰੇ ਹਨ। ਇਹਨਾਂ ਦੋਹਾਂ ਪੁਸਤਕਾਂ ਦੇ ਕਬਿਤਾਂ ਦੇ ਅੰਕ ਆਪਸ ਵਿਚ ਨਹੀਂ ਮਿਲਦੇ। ਅਸੀਂ ਸਤਿਕਾਰਯੋਗ ਪਾਠਕਾਂ ਦੀ ਜਾਣਕਾਰੀ ਲਈ ਸੂਚਿਤ ਕਰਨਾ ਚਾਹੁੰਦੇ ਹਾਂ ਕਿ ਇਸ ਹੱਥਲੀ ਪੁਸਤਕ ਵਿਚ ਜਿਥੇ ਜਿਥੇ ਕਬਿਤ ੧ ਤੋਂ ੫੫੬ ਦਾ ਹਵਾਲਾ ਆਇਆ ਹੈ ਉਸਦੇ ਅੰਕ ਉਪਰ ਕਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਲੀ ਪੁਸਤਕ ਨਾਲ-ਮੇਲ ਖਾਂਦੇ ਹਨ। ਲੋੜ ਅਨੁਸਾਰ ਸੁਧਾਈ ਵੀ ਕਰਨ ਦਾ ਯਤਨ ਕੀਤਾ ਹੈ। ਸੁਹਿਰਦ ਪਾਠਕ ਜਨ ਇਸ ਪੱਖ ਤੇ ਕੋਈ ਵਧੇਰੀ ਰੌਸ਼ਨੀ ਪਾਣਾ ਚਾਹੁੰਦੇ ਹੋਣ ਤਾਂ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਨੂੰ ਲਿਖ ਕੇ ਭੇਜ ਦੇਣ। ਅਸੀਂ ਧੰਨਵਾਦੀ ਹੋਵਾਂਗੇ ਤੇ ਅਗਲੀਆਂ ਐਡੀਸ਼ਨਾਂ ਵਿਚ ਲੋੜੀਂਦੀ ਸੁਧਾਈ ਕਰਨ ਦਾ ਯਤਨ ਕਰਾਂਗੇ।

ਮਿਤੀ : ੨੦੦੮ — ਭਾਈ ਵੀਰ ਸਿੰਘ ਸਾਹਿਤ ਸਦਨ



Page 4 www.sikhbookclub.com

## ਕਥਿਤ ਭਾਈ ਗੁਰਦਾਸ (ਦੂਸਰਾ ਸਕੰਧ)

# ਸੂਚੀ ਪੱਤ੍ਰ


| ਅੰਕ | ਸਿਰਲੇਖ | ਪੰਨਾ |
|---|---|---|
| | **ਭਾਗ – ੧** | |
| 1. | ਮੁਖ ਬੰਧ | 1 ਤੋਂ 8 ਤੱਕ |
| 2. | ਧਿਆਨ ਯੋਗ ਨੁਕਤੇ | 9 ਤੋਂ 18 ਤੱਕ |
| 3. | ਜੀਵਨ ਭਾਈ ਗੁਰਦਾਸ ਜੀ | 19 ਤੋਂ 83 ਤੱਕ |
| 4. | ਸਕੰਧ | 84 |
| 5. | ਪਦ ਜੋੜ | 84* |
| | **ਭਾਗ – ੨** | |
| ੬. | ਮੂਲ ਕਬਿੱਤ ਤੇ ਟੀਕਾ | ੧ ਤੋਂ ੧੨੫ ਤੱਕ |
| ੭. | ਭਾਵ ਤਤਕਰਾ | ੧੨੬ ਤੋਂ ੧੩੧ ਤੱਕ |
| ੮. | ਪਹਿਲੀ ਸਤਰ ਦਾ ਤਤਕਰਾ | ੧੩੨ ਤੋਂ ੧੩੬ ਤੱਕ* |


* ਪਹਿਲੇ ਪੰਜਾਂ ਅੰਕਾਂ ਦੇ ਪੰਨੇ ਅੰਗ੍ਰੇਜ਼ੀ ਵਿਚ ਹਨ ਤੇ ਅਗੋਂ ਫਿਰ ੧ ਤੋਂ ਆਰੰਭ ਹੋਕੇ ਗੁਰਮੁਖੀ ਅੰਕਾਂ ਵਿਚ ਹਨ, ਦੋਹਾਂ ਦੇ ਮਿਲਾਕ ਸਾਰੀ ਪੁਸਤਕ ਦੇ ਪੰਨੇ ੨੨੦ ਹਨ, ਪਾਠਕ ਸਜਣ ਇਸ ਸੂਚੀ ਪਤ੍ਰ ਤੋਂ ਪੰਨਾ ਲੱਭਣ ਸਮੇਂ ਅੰਗ੍ਰੇਜ਼ੀ ਤੇ ਗੁਰਮੁਖੀ ਦੇ ਪੰਨਿਆਂ ਦਾ ਵੇਰਵਾ ਯਾਦ ਰਖਕੇ ਪੰਨਾ ਲੱਭਣ।

ੴ ਸਤਿਗੁਰ ਪ੍ਰਸਾਦਿ॥

# ਕਬਿੱਤ ਭਾਈ ਗੁਰਦਾਸ

[ਭਾਗ – ੧]

## 1. ਮੁਖਬੰਧ

ਚਿਰ ਤੋਂ ਕੰਨੀਂ ਆਵਾਜ਼ ਪੈ ਰਹੀ ਸੀ ਕਿ ਭਾਈ ਗੁਰਦਾਸ ਜੀ ਦੀ ਰਚਨਾ ਦੇ ਕਬਿਤ ਸ੍ਵੈਯੇ ੫੫੬ ਤੋਂ ਵਧੀਕ ਹੋਰ ਬੀ ਹਨ। ਇਸ ਸੰਭਾਵਨਾ ਨੂੰ ਭਾਈ ਸੰਤੋਖ ਸਿੰਘ ਜੀ ਕਰਤਾ 'ਸ੍ਰੀ ਗੁਰ ਪ੍ਰਤਾਪ ਸੂਰਯ' ਹੋਰ ਵਧਾ ਦੇਂਦੇ ਹਨ, ਜਦੋਂ ਉਨ੍ਹਾਂ ਦੀ ਰਚਨਾ ਵਿਚ ਸਾਨੂੰ ਭਾਈ ਗੁਰਦਾਸ ਜੀ ਦੇ ਚਾਰ ਛੰਦਾਂ ਦਾ ਕਵੀ ਜੀ ਦੀ ਅਪਨੀ ਬੋਲੀ ਵਿਚ ਟੀਕਾ ਕੀਤਾ ਹੋਇਆ ਮਿਲਦਾ ਹੈ। ਦੇਖੋ ਰਾਸ ੭ ਅੰਸੂ ੪ ਦਾ ਅੰਕ ੬੧ ਤੇ ੬੨ ਅਤੇ ਇਸੇ ਰਾਸ ਦੇ ਅੰਸੂ ੫ ਦਾ ਅੰਕ ੩੯ ਤੇ ੪੦। ਇਨ੍ਹਾਂ ਵਿਚੋਂ ਪਹਿਲੇ, ਤੀਸਰੇ ਤੇ ਚੌਥੇ ਦਾ ਮੂਲ ਭਾਈ ਗੁਰਦਾਸ ਕ੍ਰਿਤ ਕਬਿਤ ਸ੍ਵੈਯਾਂ ਵਿਚੋਂ ਅੰਕ ੫੨੦, ੫੨੭ ਤੇ ੫੨੮ ਮਿਲ ਗਿਆ ਹੈ ਪਰ ਦੂਸਰੇ ਛੰਦ ਦਾ ਮੂਲ ਨਹੀਂ ਮਿਲਦਾ ਜਿਸਦੀ ਟੀਕਾ ਭਾਈ ਸੰਤੋਖ ਸਿੰਘ ਜੀ ਐਉਂ ਲਿਖਦੇ ਹਨ:-

ਮੀਨ ਸਦਾ ਜਿਮ ਚਾਹਤ ਨੀਰ ਕੋ, ਚਾਤ੍ਰਿਕ ਬੂੰਦ ਸਦਾ ਮਨ ਚਾਹੈ।
ਨੀਰਜ ਚਾਹਿ ਸਦਾ ਰਵਿਕੀ ਪੁਨ ਔ ਨਲਿਨੀ ਸਸਿ ਦੇਖ ਉਮਾਹੈ।
ਅਗ੍ਰਜ ਤਾੜਿਤਿ ਹੈ ਸਭ ਹੀ ਬਹੁ ਪ੍ਰੀਤ ਨ ਤਜਾਗ ਸਦਾ ਰੁਚਿ ਆਹੈ।
ਤੈਸਿ ਪ੍ਰਭੂ ਮਮ ਪ੍ਰੀਤ ਰਿਦੈ ਤੁਮ ਤਾੜਤ ਹੋ ਜਨ ਪ੍ਰੀਤ ਵਧਾਹੈ। ੬੨।

(ਰਾਸ ੭ ਅੰਸੂ ੪)

ਇਸ ਛੰਦ ਦਾ ਮੂਲ ਭਾਈ ਗੁਰਦਾਸ ਜੀ ਦੇ ਪਹਿਲੇ ਸਕੰਧ ਵਿਚ ਸਾਨੂੰ ਨਹੀਂ ਮਿਲ ਸਕਿਆ। ਇਸ ਤੋਂ ਸੰਭਾਵਨਾ ਹੁੰਦੀ ਹੈ, ਕਿ

ਭਾਈ ਗੁਰਦਾਸ ਜੀ ਦੀ ਰਚਨਾ ਅਜੇ ਹੋਰ ਹੈ। ਚੂੰਕਿ ਇਸਦਾ ਮੂਲ ਦੂਸਰੇ ਸਕੰਧ ਵਿਚ ਬੀ ਨਹੀਂ ਲੱਭਾ। ਇਸ ਕਰਕੇ ਸੰਭਾਵਨਾ ਹੁੰਦੀ ਹੈ ਕਿ ਭਾਈ ਸਾਹਿਬ ਦੇ ਰਚੇ ਛੰਦ ਅਜੇ ਹੋਰ ਲੱਭਣੇ ਯੋਗ ਹਨ।

ਇਹ 'ਹੋਂਦ ਦੀ ਸ੍ਰੋਤ' ਕਿਤਨਾ ਚਿਰ ਸ੍ਰੋਤ ਮਾਤ੍ਰ ਹੀ ਰਹੀ, ਕਿਤੋਂ ਪੋਥੀ ਹੱਥ ਨਾ ਆਈ। ਅਖੀਰ ਗੁਰੂ ਕ੍ਰਿਪਾ ਨਾਲ ਇਕ ਲਿਖਤੀ ਪੋਥੀ ਮਿਲੀ ਜਿਸ ਵਿਚ ਕਈ ਹੋਰ ਪੋਥੀਆਂ ਬੀ ਸਨ ਤੇ ਮੁੱਢ ਦੇ ਕਰੀਬ ਏਹ ਕਬਿਤ ਸਨ ਜੋ ੫੫੬ ਤੋਂ ਅਗੋਂ ਆਰੰਭ ਹੋਕੇ ੬੭੩ ਤੇ ਅੰਤ ਹੁੰਦੇ ਹਨ। ਇਸ ਦੀ ਸੂਚਨਾ ਅਖਬਾਰ ਖਾਲਸਾ ਸਮਾਚਾਰ ਜਿਲਦ ੪੦ ਅੰਕ ੨੧ ਮਿਤੀ ੬ ਅਪ੍ਰੈਲ ੧੯੩੯ ਪੰਨਾ ੩ ਕਾਲਮ ੩ ਵਿਚ ਐਡੀਟਰ ਜੀ ਦੀ ਰਾਹੀਂ ਦਿੱਤੀ ਗਈ ਸੀ। ਫਿਰ ਇਕ ਹੋਰ ਪੋਥੀ ਮਿਲੀ ਜਿਸ ਵਿਚ ੨੧ ਕਬਿਤ ਸਨ। ਇਨ੍ਹਾਂ ਵਿਚੋਂ ੧੫ ਤਾਂ ਪਹਿਲੇ ਸਕੰਧ[੧] ਦੇ ਸਨ ਅਤੇ ੪ ਸਨ ਜੋ ਦੂਸਰੇ ਸਕੰਧ[੨] ਵਿਚ ਸਨ, ਅਤੇ ਦੋ ਸਨ ਐਸੇ ਜੋ ਦੋਹਾਂ ਸਕੰਧਾਂ ਵਿਚ ਨਹੀਂ ਸਨ, ਓਹ ਦੋਵੇਂ ਛੰਦ ਇਸ ਦੂਸਰੇ ਸਕੰਧ ਦੇ ਅੰਤ ਅੰਕ ੬੭੪ ਤੇ ੬੭੫ ਲਾਕੇ ਦਿੱਤੇ ਗਏ ਸਨ। ਉਸ ੨੧ ਛੰਦਾਂ ਵਾਲੀ ਪੋਥੀ ਵਿਚ ਜਿਥੋਂ ਏਹ ਛੰਦ ਆਰੰਭ ਹੁੰਦੇ ਹਨ ਓਥੇ ਲਿਖਿਆ ਹੈ 'ਸਵਯੇ ਭਾਈ ਗੁਰਦਾਸ ਜੀ ਕੇ'।

ਇਸ ਬਾਹਰਲੀ ਉਗਾਹੀ ਦੇ ਨਾਲ ਹੁਣ ਜਦ ਇਨ੍ਹਾਂ ਨੂੰ ਅੰਦਰੋਂ ਖੋਜ ਪੂਰਬਕ ਵੀਚਾਰਿਆ ਗਿਆ ਤਾਂ ਕੋਈ ਸੰਸਾ ਨਾ ਰਿਹਾ ਕਿ ਇਹ ਬਾਣੀ ਸ੍ਰੀ ਭਾਈ ਗੁਰਦਾਸ ਭੱਲੇ ਜੀ ਦੀ ਆਪਣੀ ਹੈ। ਯਥਾ-

੧. ਖਾਸ ਖਾਸ ਪਦ ਕਰਤਾ ਜੀ ਦੀ ਤਬੀਅਤ ਦੇ ਨਾਲ ਮਿਲੇ ਹੋਏ ਐਸੇ ਹੁੰਦੇ ਹਨ ਕਿ ਉਹ ਤੁੱਲਤਾ ਜਾਚਣ ਵੇਲੇ ਸਿਆਣ

---

੧. ਜੋ ਅੰਕ ੧ ਤੋਂ ਸ਼ੁਰੂ ਹੋ ਕੇ ੫੫੬ ਪਰ ਸਮਾਪਤ ਹੁੰਦਾ ਹੈ।
੨. ਜੋ ਅੰਕ ੫੫੭ ਤੋਂ ਆਰੰਭ ਹੋਕੇ ੬੭੫ ਪਰ ਸਮਾਪਤ ਹੁੰਦਾ ਹੈ।

ਦੀ ਕਸਵਟੀ ਹੋ ਖਲੋਂਦੇ ਹਨ; ਜਿਵੇਂ 'ਪ੍ਰੇਮ ਰਸ' ਪਦ ਪਹਿਲਿਆਂ ਤੇ ਹੁਣ ਦਿਆਂ ਵਿਚ ਇਕੋ ਢੰਗ ਤੇ ਅਰਥਾਂ ਵਿਚ ਵਰਤਿਆ ਗਿਆ ਹੈ, ਪਹਿਲੇ ਸਕੰਧ ਦੇ ਅੰਕ ੪੩, ੪੮, ੫੨, ੬੫ ਆਦਿ ਵਿਚ ਤੇ ਦੂਸਰੇ ਸਕੰਧ ਦੇ ਅੰਕ ੫੭੧, ੬੪੯ ਆਦਿ ਵਿਚ ਇਹ ਪਦ ਆਇਆ ਹੈ। ਹੋਰ ਇਸੇ ਤਰ੍ਹਾਂ ਦੇ ਕਈ ਐਸੇ ਪਦ ਹਨ ਜਿਨ੍ਹਾਂ ਦਾ ਵਰਤਾਉ ਦੋਹਾਂ ਭਾਗਾਂ ਵਿਚ ਇਕੋ ਤੁਲਨਾ ਤੇ ਆਯਾ ਹੈ ਜਿਵੇਂ 'ਗਤਿ', 'ਨਟਵਟ', 'ਆਂਧਰੋ' ਆਦਿ।

੨. ਕੋਈ ਪਦ ਅਸਲ ਰੂਪ ਤੋਂ ਵਟਾਕੇ ਕੋਈ ਕਰਤਾ ਵਰਤਦਾ ਹੈ, ਉਸ ਰੂਪ ਵਿਚ ਕੋਸ਼ਕਾਰ ਓਹ ਪਦ ਨਹੀਂ ਦਿੰਦੇ ਪਰ ਜਦ ਇਕੋ ਲੇਖਕ ਦੀਆਂ ਦੋ ਰਚਨਾਵਾਂ ਵਿਚ ਉਹੋ ਮਿਲੇ ਤਾਂ ਉਹ ਬੀ ਦੁਹਾਂ ਦੀ ਏਕਤਾ ਨਿਸਚੇ ਕਰਨ ਵਿਚ ਸਹਾਈ ਹੁੰਦਾ ਹੈ। ਜਿਵੇਂ ਇਕ ਪਦ ਹਿੰਦੀ 'ਬੇਲਿਯਾ' ਹੈ, ਜਿਸਦਾ ਅਰਥ ਹੈ 'ਛੋਟੀ ਕਟੋਰੀ'। ਭਾਈ ਗੁਰਦਾਸ ਜੀ ਨੇ ਇਸਦਾ ਰੂਪ 'ਬੇਲੀ' ਕਰਕੇ ਇਸਨੂੰ 'ਪਾਣੀ ਵਿਚ ਰਖੇ ਜਾਣ ਵਾਲੇ ਕਟੋਰੇ' ਦੇ ਅਰਥਾਂ ਵਿਚ ਵਰਤਿਆ ਹੈ, ਜੋ ਕਟੋਰਾ ਕਿ ਪਾਣੀ ਦੇ ਭਰੇ ਜਾਣ ਨਾਲ ਡੁੱਬਕੇ ਇਕ ਘੜੀ ਬੀਤੀ ਦਾ ਪਤਾ ਦੇਂਦਾ ਹੈ। ਇਹ ਪਦ ਆਪ ਨੇ ਇਨ੍ਹਾਂ ਅਰਥਾਂ ਵਿਚ ਪਹਿਲੇ ਸਕੰਧ ਦੇ ਅੰਕ ੩੮੯ ਤੇ ੫੩੦ ਵਿਚ ਵਰਤਿਆ ਹੈ ਤੇ ਇਸ ਦੂਸਰੇ ਸਕੰਧ ਦੇ ਅੰਕ ੬੫੭ ਵਿਚ ਉਨ੍ਹਾਂ ਹੀ ਅਰਥਾਂ ਵਿਚ ਵਰਤਿਆ ਹੈ।

ਇਕ ਪਦ ਹੈ ਹਿੰਦੀ ਦਾ 'ਬਿਢਤੋ'। ਭਾਈ ਸਾਹਿਬ ਜੀ ਨੇ ਇਸ ਦਾ ਰੂਪ 'ਬਿੜਤਾ' ਬਣਾਕੇ ਵਰਤਿਆ ਹੈ, ਦੇਖੋ ਅੰਕ ਪਹਿਲੇ ਸਕੰਧ ਦਾ ੫੧੧ ਤੇ ਦੂਸਰੇ ਦਾ ਅੰਕ ੫੬੨।

ਸੰਸਕ੍ਰਿਤ ਦਾ ਇਕ ਪਦ ਹੈ 'ਤਾਮ੍ਰਚੂਡ', ਭਾਈ ਸਾਹਿਬ ਜੀ ਨੇ 'ਤਮ੍ਰਚਰ', 'ਤਮਚਰ' ਤੇ 'ਤਮਚੁਰ' ਰੂਪਾਂ ਵਿਚ ਦੋਹਾਂ ਸਕੰਧਾਂ ਵਿਚ ਵਰਤਿਆ ਹੈ, ਦੇਖੋ ਪਹਿਲੇ ਦਾ ਅੰਕ ੭੫ ਤੇ ਦੂਸਰੇ ਦਾ ੬੫੭ ਤੇ ੬੬੧।

ਇਸੇ ਤਰ੍ਹਾਂ ਸੰਸਕ੍ਰਿਤ ਤੇ ਹਿੰਦੀ ਦਾ ਪਦ 'ਸਮਤ੍ਰ' ਭਾਈ ਸਾਹਿਬ ਜੀ ਨੇ 'ਸਮਤ' ਰੂਪ ਵਿਚ ਦੋਹਾਂ ਸਕੰਧਾਂ ਵਿਚ ਵਰਤਿਆ ਹੈ, ਦੇਖੋ ਪਹਿਲੇ ਦਾ ਅੰਕ ੯੦ ਤੇ ਦੂਸਰੇ ਦਾ ੫੫੮, ੬੪੪।

ਸੰਸਕ੍ਰਿਤ ਪਦ 'ਦਧਿ' ਦਾ ਅਰਥ ਹੈ 'ਦਹੀਂ'। ਇਹ ਪਦ ਭਾਈ ਸਾਹਿਬ ਜੀ ਨੇ ਦੋਹਾਂ ਸਕੰਧਾਂ ਵਿਚ 'ਸਮੁੰਦਰ' ਦੇ ਅਰਥਾਂ ਵਿਚ ਵਰਤਿਆ ਹੈ, ਦੇਖੋ ਪਹਿਲੇ ਦਾ ਅੰਕ ੩੭੧ ਤੇ ਦੂਸਰੇ ਦਾ ੫੬੫। ਇਸ ਪਦ ਦੇ ਜਦ ਅਰਥ ਸਮੁੰਦਰ ਲਏ ਜਾਂਦੇ ਹਨ ਤਾਂ ਇਹ ਸੰਸਕ੍ਰਿਤ ਪਦ 'ਉਦਧਿ' ਦਾ ਬਦਲਿਆ ਰੂਪ ਮੰਨੀਦਾ ਹੈ। ਇਸ ਪਦ ਦਾ ਇਹ ਵਰਤਾਉ ਸੂਰਦਾਸ ਦੀ ਰਚਨਾਂ ਵਿਚ ਬੀ ਮਿਲਦਾ ਹੈ ਜੋ ਭਾਈ ਸਾਹਿਬ ਜੀ ਦੀ ਰਚਨਾ ਰਚਣ ਦੇ ਅਰੰਭ ਸਮੇਂ ਤੋਂ ਜ਼ਰਾ ਪਹਿਲੋਂ ਗੁਜ਼ਰੇ ਹਨ ਅਰਥਾਤ ੧੬੨੦ ਬਿ: ਵਿਚ।

੩. ਕਈ ਪਦ ਗੁਰਬਾਣੀ ਵਿਚ ਅਪਣੇ ਉਸ ਸਮੇਂ ਦੀ ਬੋਲੀ ਦੇ ਆਏ ਹਨ। ਓਹ ਰੂਪ ਹਿੰਦੀ ਸੰਸਕ੍ਰਿਤ ਕੋਸ਼ਕਾਰਾਂ ਨੇ ਨਹੀਂ ਦਿੱਤੇ ਤੇ ਆਮ ਬੋਲ ਚਾਲ ਵਿਚ ਬੀ ਨਹੀਂ ਹਨ। ਜੇ ਓਹ ਪਦ ਭਾਈ ਗੁਰਦਾਸ ਜੀ ਨੇ ਵਰਤੇ ਹੋਣ ਤੇ ਦੋਹਾਂ ਸਕੰਧਾਂ ਵਿਚ ਵਰਤੇ ਹੋਣ ਤਾਂ ਇਹ ਬੀ ਇਕ ਦਲੀਲ ਹੈ ਪਹਿਚਾਨ ਦੀ, ਜਿਵੇਂ ਗੁਰਬਾਣੀ ਵਿਚ ਇਕ ਪਦ ਆਯਾ ਹੈ 'ਅਭੀਚ'[1] ਇਸਦਾ ਹਿੰਦੀ ਸੰਸਕ੍ਰਿਤ ਰੂਪ ਹੈ 'ਅਭਿਜਿਤ'। ਭਾਈ ਗੁਰਦਾਸ ਜੀ ਨੇ 'ਅਭਿਜਿਤ' ਪਦ ਨਹੀਂ ਵਰਤਿਆ ਪਰ ਗੁਰਬਾਣੀ ਵਾਲਾ ਰੂਪ 'ਅਭੀਚ' ਵਰਤਿਆ ਹੈ ਤੇ ਦੋਹਾਂ ਸਕੰਧਾਂ ਵਿਚ ਵਰਤਿਆ ਹੈ ਫਿਰ ਹੋਰ ਸੁਆਦ ਵੇਖੋ ਕਿ ਦੂਹੀਂ ਥਾਈਂ ਮੇਲਵਾਂ ਪਦ ਬੀ ਇਕੋ ਵਰਤਿਆ ਹੈ 'ਅਉਸਰ ਅਭੀਚ' ਦੇਖੋ ਪਹਿਲੇ ਸਕੰਧ ਦਾ ਅੰਕ ੩੪੫ ਤੇ ਦੂਸਰੇ ਸਕੰਧ ਦਾ ਅੰਕ ੬੫੧, ੬੫੮, ੬੫੯।

੧. ਤੁਖਾ:ਮ:੪-'ਨਾਵਣੁ ਪੁਰਬੁ ਅਭੀਚ'।

੪. ਕੋਈ ਕੋਈ ਗਲ ਇਤਿਹਾਸਕ ਸ਼ਕਲ ਦੀ ਭਾਈ ਗੁਰਦਾਸ ਹੀ ਤੋਂ ਮਿਲਦੀ ਹੈ, ਜਿਵੇਂ ਸਿੱਖ ਮੱਥੇ ਤੇ ਤਿਲਕ ਲਾਉਂਦੇ ਹੁੰਦੇ ਸੇ। ਇਸ ਗਲ ਦਾ ਪਤਾ ਆਪ ਨੇ ਵਾਰ ਛੇ ਪੌ:੩ ਵਿਚ ਦਿਤਾ ਹੈ, ਉਸੇ ਤਰ੍ਹਾਂ ਦੂਸਰੇ ਸਕੰਧ ਦੇ ਛੰਦ ੬੧੩ ਵਿਚ ਦਿੱਤਾ ਹੈ। ਜਿਸਤੋਂ ਬੀ ਉਗਾਹੀ ਮਿਲੀ ਕਿ ਵਾਰਾਂ ਦੇ ਕਰਤਾ ਜੀ ਹੀ ਦੂਸਰੇ ਸਕੰਧ ਦੇ ਕਰਤਾ ਜੀ ਹਨ-

| ਵਾਰ ੬ ਅੰਕ ੩ | ੨ ਸਕੰਧ-ਅੰਕ ੬੧੩ |
|---|---|
| ਅੰਮ੍ਰਿਤ ਵੇਲੇ ਉੱਠਕੈ ਜਾਇ ਅੰਦਰਿ ਦਰਿਆਇ ਨ੍ਹਵੰਦੇ। ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋ ਗੁਰ ਜਾਪੁ ਜਪੰਦੇ। ਮੱਥੇ ਟਿੱਕੇ ਲਾਲ ਲਾਇ, ਸਾਧ ਸੰਗਤਿ ਚਲਿ ਜਾਇ ਬਹੰਦੇ*। | ਗੁਰ ਉਪਦੇਸਿ ਪ੍ਰਾਤ ਸਮੈ ਇਸਨਾਨ ਕਰਿ, ਜਿਹਵਾ ਜਪਤ ਗੁਰਮੰਤ੍ਰ ਜੈਸੇ ਜਾਨਹੀ। ਤਿਲਕ ਲਿਲਾਰ, ਪਾਇ ਪਰਤ ਪਰਸਪਰ, ਸ਼ਬਦ ਸੁਨਾਇ ਗਾਇ ਸੁਨ ਉਨਮਾਨ ਹੀ। |

ਇਨ੍ਹਾਂ ਵਿਚ ਦੇਖੋ ਸਿਖਾਂ ਦੀ ਉਸ ਸਮੇਂ ਦੀ ਨਿਤ ਕ੍ਰਿਯਾ ਇਕੋ ਕ੍ਰਮ ਵਿਚ ਦੇਂਦੇ ਹਨ, ਪਹਿਲਾਂ ਸਵੇਰੇ ਇਸ਼ਨਾਨ ਕਰਨਾ ਦੁਹਾਂ ਵਿਚ ਹੈ, ਫੇਰ ਗੁਰੂ ਜਾਪ ਯਾ ਗੁਰਮੰਤ੍ਰ ਦਾ ਜਪਣਾ ਹੈ, ਫੇਰ ਮੱਥੇ ਤੇ ਟਿੱਕੇ ਲਾਉਣ ਦਾ ਜ਼ਿਕਰ ਦੋਹਾਂ ਵਿਚ ਤੀਸਰੇ ਟਿਕਾਣੇ ਤੇ ਆਯਾ ਹੈ।

੫. ਇਸੀ ਤਰ੍ਹਾਂ ਜਦ ਵਾਕ ਰਚਨਾਂ ਵਲ ਵੇਖੀਏ ਤਾਂ ਕੋਈ ਭੇਦ ਫ਼ਰਕ ਨਹੀਂ ਦਿੱਸਦਾ। ਸਗੋਂ ਕਈ ਵਾਕ ਐਸੇ ਹਨ ਜੋ ਦੁਹਾਂ ਸਕੰਧਾਂ ਵਿਚ ਇਕ ਸਾਰ ਆਏ ਹਨ, ਨਮੂਨੇ ਮਾਤ੍ਰ ਹੇਠਾਂ ਕੁਝ ਦਿੰਦੇ ਹਾਂ-

* ਇਹੋ ਨਿਤ ਕ੍ਰਿਯਾ ਦਾ ਵਰਣਨ ਤੇ ਇਸੇ ਕ੍ਰਮ ਵਿਚ ਮਥੇ ਤੇ ਟਿਕੇ ਲਾਉਣਾ ਤੀਸਰੇ ਥਾਂ, ਭਾਈ ਗੁਰਦਾਸ ਜੀ ਦੀ ਵਾਰ ੨੦ ਦੀ ਪੌੜੀ ਪੰਜ ਵਿਚ ਬੀ ਮਿਲਦਾ ਹੈ।


www.sikhbookclub.com

| ਵਾਕ ਯਾ ਲਘੁ ਵਾਕ | ਪਹਿਲੇ ਸਰੰਧ ਦੇ ਅੰਕ* | ਦੂਸਰੇ ਸਰੰਧ ਦੇ ਅੰਕ |
|---|---|---|
| ਲੋਗਨ ਮੈ ਲੋਗਾਚਾਰ | ੩੯,੪੦,੬੦ | ੫੯੯ |
| ਪ੍ਰੇਮ ਰਸ ਰਸਿਕ ਹੁਇ | ੩੪,੭੭ | ੬੫੨ |
| ਪਾਰੋ ਪਰਸਤ ਕੰਚਨੈ ਸੋਖ ਲੇਤ | ੪੬੯ | ੫੫੭ |
| ਜੈਸੇ ਕੋਟ ਭਾਰ ਤੁਲ ਤਨਕ | ੫੦੬ | ੫੬੧ |
| ਕਾਲਰ ਮੈ ਬੀਜ ਬੋਏ ਉਪਜੇ ਨਾ ਧਾਨ ਪਾਨ | ੪੭੬ | ੫੯੮ |
| ਸਤ ਔ ਸੰਤੋਖ ਦਯਾ ਧਰਮ | ੪੬ | ੬੨੩ |
| ਰਾਗ ਨਾਦ ਬਾਦ.... | ੪੭੪ | ੫੭੪,੬੦੦ |
| ਕੋਟ ਬ੍ਰਹਮੰਡ ਕੇ ਨਾਯਕ ਕੀ ਨਾਯਕਾ ਭਈ | ੨੦੪ | ੬੪੯,੬੦੨ |
| ਕੋਟਨ ਕੋਟਾਨ.... | ੩੫੯,੨੬੯ | ੬੫੧ |
| ਆਜ ਮੇਰੀ ਬਾਰੀ ਹੈ | ੨੧੨ | ੬੫੪ |
| ਕਿੰਚਤ ਕਟਾਛ ਕ੍ਰਿਪਾ | ੪੩,੧੦੫,੧੪੪ | ੫੬੩, ੬੧੨ |
| | ੨੦੪ | ੬੪੬, ੬੫੦ |

੬. ਫਿਰ ਜਦ ਦ੍ਰਿਸ਼ਟਾਂਤਾਂ ਦੀ ਵਰਤੋਂ ਦੇਖੋ ਤਾਂ ਬੀ ਕੋਈ ਫ਼ਰਕ ਨਜ਼ਰ ਨਹੀਂ ਪੈਂਦਾ, ਜੇ ਭਾਵ ਤੇ ਖ਼ਯਾਲ ਦੇਖੋ ਤਾਂ ਬੀ ਦੋਹਾਂ ਸਰੰਧਾਂ ਵਿਚ ਇੰਨ ਬਿੰਨ ਇਕ ਤੁਲਨਾ ਤੇ ਤੁਲਦੇ ਹਨ, ਨਮੂਨੇ ਲਈ ਦੇਖੋ-

| ਦ੍ਰਿਸ਼ਟਾਂਤ ਭਾਵ ਤੇ ਖਿਆਲ | ਅੰਕ ਪਹਿਲੇ ਸਰੰਧ ਦੇ* | ਅੰਕ ਦੂਜੇ ਸਰੰਧ ਦੇ |
|---|---|---|
| ਗੰਧਰਬ ਨਗਰੀ ਦਾ ਘਰ ਅੰਦਰਲਾ ਯਾ ਭਾਂਡੇ ਹੇਠਲਾ | ੧੧੭ | ੬੫੯ |
| ਦੀਵਾ ਬਾਹਰੋਂ ਨਹੀਂ ਦਿਸਦਾ | ੩੬੩ | ੬੩੦ |
| ਰੰਗ ਸਾਗਰ ਦਾ ਇਕੱਠਾ ਦ੍ਰਿਸ਼ਟਾਂਤ | ੭੬ | ੫੬੧ |

* ਪੰਜਾਬੀ ਯੂਨੀਵਰਸਟੀ ਪਟਿਆਲਾ-੧੯੯੩ ਐਡੀਸ਼ਨ

 www.sikhbookclub.com

| ਦ੍ਰਿਸ਼ਟਾਂਤ, ਭਾਵ ਤੇ ਖ਼ਿਆਲ | ਅੰਕ ਪਹਿਲੇ ਸਕੰਧ ਦੇ* | ਅੰਕ ਦੂਸਰੇ ਸਕੰਧ ਦੇ |
|---|---|---|
| ਨਾਯਕਾਂ ਦੇ ਰੂਪਕਾਂ ਵਿਚ ਦ੍ਰਿਸ਼ਟਾਂਤ ਇਕੋ ਜੇਹੇ ਹਨ। | ੪੧,੧੭੯ ੧੬੪,੨੪੧ ੪੮੦ ਤੋਂ ੮੩ ੨੦੮ ਤੋਂ ੨੧੧ | ੫੬੯,੫੭੦ ਆਦਿ। |
| ਰੋਗੀ ਤੇ ਵੈਦ ਦਾ | ੧੧੩,੧੧੪ | ੬੭੪,੫੮੭ |
| ਜਿਵੇਂ ਮੈਲਾ ਕਪੜਾ ਸਾਬਣ ਨਾਲ ਸਾਫ ਹੁੰਦਾ ਹੈ ਦਾ ਦ੍ਰਿਸ਼ਟਾਂਤ | ੩੧੨ | ੫੫੭ |
| ਨਿੰਮ੍ਰਤਾ ਦੇ ਉਪਦੇਸ਼ ਵਿਚ ਇਕੋ ਜਿਹੇ ਦ੍ਰਿਸ਼ਟਾਂਤ | ੨੯੦ | ੬੩੨ |
| ਕਬੂਤਰ ਕਬੂਤਰੀ ਦੇ ਪਿਆਰ ਦਾ ਭਾਵ ਤੇ ਖਿਆਲ | ੨੦੭ | ੬੧੬ |
| ਅੰਗ ਪ੍ਰਤਜੰਗ ਭਗਤੀ ਦੀ ਸਫ਼ਲਤਾ | ੧੭,੮੧ | ੬੨੮ |
| ਓਅੰਕਾਰ ਦੇ ਅਕਾਰ ਦਾ ਵਿਸਥਾਰ | ੩੫ | ੬੭੧ |
| ਗੁਰਸਿਖ ਦੀ ਮਹਿਮਾ ਅਗਾਧ ਹੈ | ੭੩ | ੬੭੩ |
| ਬਿਰਹਨੀ ਸੁਨੇਹੇ ਦਿੰਦੀ ਹੈ ਕਾਂਵਾਂ ਜਾਂ ਰਾਹੀਆਂ ਨੂੰ | ੨੦੭ | ੫੭੧ |
| ਪਾਣੀ ਹਰ ਰੰਗ ਵਿਚ ਆਪਾ ਖੋਕੇ ਮਿਲਦਾ ਹੈ | ੧੬੧ | ੫੮੧ |
| ਜੋ ਖਸਮੈ ਭਾਣੀ ਸੋਈਓ ਰਾਣੀ | ੨੦੮,੨੦੯ | ੫੯੪ |

੭. ਇਕ ਗੱਲ ਫੇਰ ਹੋਰ ਡਾਢਾ ਮੇਲ ਖਾਂਦੀ ਹੈ। ਕਈ ਛੰਦ ਦੋਹਾਂ ਵਿਚ ਇਕੋ ਹੀ ਹਨ, ਫਰਕ ਹੈ ਤਾਂ ਪਦਾਂ ਦਾ ਯਾ ਖਿਆਲ ਵਿਚ ਥੋੜਾ ਥੋੜਾ ਯਾ ਕਿਸੇ ਵਿਚ ਪਿੰਗਲ ਦੀ ਚਾਲ ਵਿਚ ਅੱਖਰ ਵੱਧ ਘੱਟ ਦਾ। ਇਨ੍ਹਾਂ ਦੀ ਘੋਖਨਾਂ ਦੱਸਦੀ ਹੈ ਕਿ ਪਹਿਲੋਂ ਆਪ ਨੇ ਅਪਣੇ ਇਕ ਖਿਆਲ ਨੂੰ ਇਕ ਕਬਿਤ ਵਿਚ ਰਚ ਲਿਆ ਹੈ, ਮਗਰੋਂ

* ਪੰਜਾਬੀ ਯੂਨੀਵਰਸਟੀ ਪਟਿਆਲਾ-੧੯੯੩ ਐਡੀਸ਼ਨ

ਉਸ ਵਿਚ ਕੁਛ ਅਪਣੇ ਖਿਆਲ ਨਾਲ ਹੀ ਕੁਛ ਥੋੜੀ ਥੋੜੀ ਸੋਧਨਾ ਯਾ ਵਟਾਉ ਕੀਤੇ ਹਨ ਤੇ ਦੁਇ ਰੂਪ ਲਿਖੇ ਰਹਿ ਗਏ ਹਨ। ਇਨ੍ਹਾਂ ਦੇ ਟਾਕਰੇ ਤੇ ਭਿੰਨ ਭੇਦ ਵਿਸਥਾਰ ਦੇ ਭੈ ਕਰਕੇ ਲਿਖਣੋਂ ਸੰਕੋਚ ਕਰਦੇ ਹਾਂ, ਪਰ ਐਸੇ ਕੁਛਕ ਛੰਦਾਂ ਦਾ ਵੇਰਵਾ ਹੇਠਾਂ ਦੇਂਦੇ ਹਾਂ-

| ਕਬਿਤ ਦੀ ਸਤਰ | ਅੰਕ ਪਹਿਲੇ* ਸਕੰਧ ਵਿਚ | ਅੰਕ ਦੂਸਰੇ ਸਕੰਧ ਵਿਚ |
|---|---|---|
| ਜੈਸੇ ਨਰਪਤ ਬਨਿਤਾ ਅਨੇਕ ਬਜਾਹਤ ਹੈ | ੩੭੧ | ੫੬੩ |
| ਜੈਸੇ ਪੀਤ ਸ੍ਵੇਤ ਸਜਾਮ ਅਰਨ ਬਰਨ ਰੂਪ | ੪੭੪ | ੬੦੦ |
| ਜੈਸੇ ਸਿਮਰ ਸਿਮਰ ਪ੍ਰਿਯ ਪ੍ਰੇਮਰਸ ਬਿਸਮ ਹੁਇ | ੪੧੪ | ੬੦੫ |
| ਜੈਸੇ ਅੰਧਕਾਰ ਬਿਖੈ ਦਿਪਤ ਦੀਪਕ ਦੇਖ | ੩੬੭ | ੬੦੬ |
| ਜੈਸੇ ਫਲ ਤੇ ਬਿਰਖ ਬਿਰਖ ਤੇ ਹੋਤ ਫਲ | ੫੩੪ | ੬੦੮ |
| ਜੈਸੇ ਤਿਲ ਬਾਸ ਬਾਸ ਲੀਜੀਅਤ ਕੁਸਮ ਤੇ | ੫੩੫ | ੬੦੯ |
| ਚੰਦਨ ਸਮੀਪ ਬਸਿ ਬਾਂਸ ਮਹਿਮਾਂ ਨ ਜਾਨੀ | ੫੦੭ | ੬੩੯ |
| ਬੇਸ੍ਵਾ ਕੇ ਸਿੰਗਾਰ ਬਿਭਚਾਰ ਕੋ ਨ ਪਾਰਾਵਾਰ | ੫੨੨ | ੬੪੧ |
| ਜਾਕੈ ਏਕ ਫਨ ਪੈ ਧਰਨ ਹੈ ਸੋ ਧਰਨੀ ਧਰ | ੫੫੬ | ੬੭੧ |

੮. ਜਿਵੇਂ ਪਹਿਲੇ ਸਕੰਧ ਦੇ ਛੰਦ ਅਕਸਰ 'ਜੈਸੇ' ਪਦ ਤੋਂ ਆਰੰਭ ਹੁੰਦੇ ਹਨ ਤੇ ਫਿਰ ਦ੍ਰਿਸ਼ਟਾਂਤ ਦੇਂਦੇ ਹਨ ਤੇ ਕਿਤਨੇ ਕਿਤਨੇ ਦੇਈ ਜਾਂਦੇ ਹਨ ਤੇ ਅੰਤਲੀ ਤੁਕ ਵਿਚ ਸਿਧਾਂਤ ਦਿੰਦੇ ਹਨ ਤਿਵੇਂ ਦੂਸਰੇ ਸਕੰਧ ਦੇ ਛੰਦਾਂ ਵਿਚ 'ਜੈਸੇ' ਤੋਂ ਸ਼ੁਰੂ ਹੋਕੇ ਦ੍ਰਿਸ਼ਟਾਂਤਾਂ ਦੀ ਬਹੁਲਤਾ ਚਲਦੀ ਹੈ ਤੇ ਅੰਤਲੇ ਵਿਚ ਸਿਧਾਂਤ ਕਥਨ ਕਰਦੇ ਹਨ, ਦੁਹਾਂ ਸਕੰਧਾਂ ਵਿਚ ਇਹ ਚਾਲ ਇਕ ਜੈਸੀ ਹੈ। ਦੇਖੋ ਪਹਿਲੇ ਦੇ ਅੰਕ ੧੬੧, ੧੬੭, ੨੩੧, ੩੧੦, ੩੧੨, ੩੩੦, ੩੫੧, ੩੫੪, ੩੫੫, ੩੫੬, ੩੫੭, ੩੬੦, ੩੬੪, ੩੬੫, ੩੬੬ ਆਦਿ ਅਤੇ ਦੂਸਰੇ ਸਕੰਧ ਦੇ ਅੰਕ ੫੫੭ ਤੋਂ ੫੬੫, ੫੬੭, ੫੬੮ ਆਦਿ।

* ਪੰਜਾਬੀ ਯੂਨੀਵਰਸਟੀ ਪਟਿਆਲਾ-੧੯੯੩ ਐਡੀਸ਼ਨ


www.sikhbookclub.com

ਇਸ ਬਾਣੀ ਸੰਬੰਧੀ

# 2. ਧਯਾਨ ਯੋਗ ਨੁਕਤੇ

**ਖਿਆਲ** ਕੀਤਾ ਜਾਂਦਾ ਹੈ ਕਿ ਭਾਈ ਗੁਰਦਾਸ ਜੀ ਨੇ ਸਾਰੇ ਕਬਿਤ ਸ੍ਵੈਯੇ ਬਨਾਰਸ ਵਿਚ ਰਹਿੰਦਿਆਂ ਲਿਖੇ ਹਨ। ਇਹ ਗਲ ਠੀਕ ਹੋ ਸਕਦੀ ਹੈ, ਪਰ ਛੰਦਾਂ ਵਿਚ ਮਜ਼ਮੂਨ ਅਨੇਕ ਤਰ੍ਹਾਂ ਦੇ ਹਨ, ਓਹ ਦੱਸਦੇ ਹਨ ਕਿ ਏਹ ਅਡ ਅਡ ਸਮਿਆਂ ਉਤੇ ਅਡ ਅਡ ਵਾਕਜਾਤ ਦੇ ਹੋਣ ਪਰ ਤੇ ਅਡ ਅਡ ਨਿਰੀਖਣਾਂ ਦੇ ਸਾਮ੍ਹਣੇ ਆਉਣ ਪਰ ਅਡ ਅਡ ਵਿਸ਼ਿਆਂ ਤੇ ਲਿਖੀਂਦੇ ਰਹੇ ਹਨ। ਓਹ ਸਾਰੇ ਵਿਯੋਗ ਕਾਲ ਵਿਚ ਲਿਖੇ ਜਾਣੇ ਘੱਟ ਸੰਭਵ ਹਨ। ਬੇਸ਼ਕ ਵਿਸ਼ੇਸ਼ ਰਚਨਾ ਬਨਾਰਸ ਵਿਚ ਤੇ ਉਸ ਤੋਂ ਪਹਿਲੇ ਆਗਰੇ ਵਿਚ ਦੋਹੀਂ ਥਾਈਂ ਹੋਣੀ ਵਧੀਕ ਦਰੁਸਤ ਬਾਤ ਹੈ। ਬਨਾਰਸ ਵਾਸ ਦੇ ਸਮੇਂ ਬਿਰਹ ਵਿਯੋਗ ਦੇ ਰਚੇ ਗਏ ਛੰਦ ਤਾਂ ਐਸੇ ਹਨ ਜੋ ਦੱਸਦੇ ਹਨ ਕਿ 'ਗੁਰੂ ਵਿਛੋੜੇ' ਵਿਚ ਹੀ ਲਿਖੇ ਗਏ ਹਨ। ਇਨ੍ਹਾਂ ਵਿਚ ਕਿਸੇ ਕਵੀ ਦੇ ਅਪਣੇ ਤੋਂ ਭਿੰਨ ਕਿਸੇ ਨਾਯਕ ਨਾਯਕਾ ਦੇ ਦਿਲੀ ਭਾਵ ਅੰਕਿਤ ਕੀਤੇ ਗਏ ਹੋਏ ਸਹੀ ਨਹੀਂ ਹੁੰਦੇ, ਇਨ੍ਹਾਂ ਦੀ ਤੀਖਣਤਾ ਤੇ ਘਾਉ ਪਾਉਣ ਵਾਲੀ ਤਾਸੀਰ ਦੱਸਦੀ ਹੈ ਕਿ ਏਹ ਹੱਡ ਬੀਤੀ ਦੀਆਂ ਤਸਵੀਰਾਂ ਹਨ ਜੋ ਦਿਲ ਪੀੜਾ ਨੇ ਵਾਹੀਆਂ ਹਨ। ਹਾਵੇ, ਪਛੁਤਾਵੇ, ਦਿਲ ਦ੍ਰਵਣਤਾ, ਮਿਲਾਪ ਦੀ ਤੜਪ ਤੇ ਅਭਿਲਾਖਾ ਡਾਢੇ ਡੂੰਘੇ ਜ਼ਾਤੀ ਅਹਿਸਾਸ ਦੇ ਲਖਾਯਕ ਹਨ ਅਤੇ ਵਯਾਕੁਲਤਾ ਦੀ ਅਸਹਿ ਪੀੜਾ ਨਾਲ ਡਾਢੇ ਜ਼ਬਰਦਸਤ ਕਾਵ੍ਯ ਵਿਚ ਵਰਣਨ ਹੋਏ ਹਨ। ਯਥਾ–

੧. **ਬਿਰਹ ਦਾਵਾਨਲ ਪ੍ਰਗਟੀ ਨ ਤਨ ਬਨ ਬਿਖੈ,**
**ਅਸਨ ਬਸਨ ਤਾ ਮੈ ਘ੍ਰਿਤ ਪਰਜਾਰਿ ਹੈ॥**

੨. **ਪ੍ਰਥਮ ਪ੍ਰਕਾਸੇ ਧੂਮ ਅਤਿ ਹੀ ਦੁਸਹਾ ਦੁਖ,**
**ਤਾਹੀ ਤੇ ਗਗਨ ਘਨ ਘਟਾ ਅੰਧਕਾਰ ਹੈ॥**


www.sikhbookclub.com

੩. **ਭਭਕ ਭਭੂਕੋ ਹ੍ਵੈ ਪ੍ਰਕਾਸਜੋ ਹੈ ਅਕਾਸ ਸਸਿ,**
**ਤਾਰਕਾ ਮੰਡਲ ਚਿਨਗਾਰੀ ਚਮਕਾਰ ਹੈ॥**
੪. **ਕਾ ਸਿਉ ਕਹਉ ਕੈਸੇ ਅੰਤਕਾਲ ਬ੍ਰਿਥਾਵੰਤ ਗਤਿ,**
**ਮੋਹਿ ਦੂਖ ਸੋਈ ਸੁਖਦਾਈ ਸੰਸਾਰ ਹੈ?॥੬੬੮॥**

ਇਸਦੇ ਨਾਲ ਹੋਰ ਦੇਖੋ ਅੰਕ ੬੬੬, ੬੬੭ ਤੇ ੬੭੦ ਆਦਿ। ਫਿਰ ਇਨ੍ਹਾਂ ਵਿਚ ਕਾਵਜ ਦੀ ਕੀਮਤ ਕੂਤ ਬੀ ਕਮਾਲ ਦੀ ਹੈ। ਬਨਾਰਸ ਦੇ ਆਏ ਮਿਲੇ ਕਵੀਆਂ ਵਿਚ ਜਦ ਇਹ ਛੰਦ ਉਚਾਰੇ ਜਾਂਦੇ ਹੋਣਗੇ ਤਦ ਓਹ ਨਾਯਕਾ ਦੇ ਭੇਦ ਪ੍ਰਭੇਦ ਵਿਚ ਕਵਿਤਾ ਦਾ ਕਮਾਲ ਦੇਖਦੇ ਹੋਣਗੇ ਪਰ ਮ੍ਰਿਯਾਦਾ ਵਿਚ ਦ੍ਰਿੜ ਭਾਈ ਸਾਹਿਬ ਨੇ ਉਨ੍ਹਾਂ ਛੰਦਾਂ ਵਿਚ ਅਪਨੀ ਦਿਲ ਪੀੜਾ ਅੰਕਿਤ ਕਰਦਿਆਂ ਪਤਿਬ੍ਰਤਾ ਪਦ ਵਰਤ ਕੇ ਉਨ੍ਹਾਂ ਨੂੰ 'ਸ੍ਵਕੀਯਾ' ਦੇ ਬਿਰਹੇ ਦੀ ਹਦ ਅੰਦਰ ਰਖਿਆ ਹੈ, ਜਿਸ ਤੋਂ ਉਨ੍ਹਾਂ ਦੇ ਦਿਮਾਗ਼ ਦੀ ਇਖਲਾਕੀ ਤੁਲਨਾ ਦਾ ਅੰਦਾਜ਼ਾ ਲਗ ਜਾਂਦਾ ਹੈ। ਦੇਖੋ ਅੰਕ ੬੫੦, ੬੬੭, ੬੪੫।

ਫਿਰ ਆਪ ਨੇ ਕਿਸੇ ਕਿਸੇ ਛੰਦ ਵਿਚ ਕੋਈ ਨਾ ਕੋਈ ਪਦ ਇਕ ਯਾ ਵਧੀਕ ਐਸਾ ਬੀ ਧਰ ਦਿੱਤਾ ਹੋਯਾ ਹੈ ਕਿ ਜਿਸ ਤੋਂ ਖੋਜੀ ਨੂੰ ਥਹੁ ਪੈ ਜਾਂਦਾ ਹੈ ਕਿ ਇਹ 'ਵਿਛੁੜੇ ਪ੍ਰੇਮੀ ਭਗਤ' ਦਾ ਬਿਰਹਾ ਹੈ ਤੇ ਇਹ ਪਰਮਾਰਥਿਕ ਵਸਤੂ ਹੈ, ਦੇਖੋ ਕਬਿਤ ਅੰਕ ੬੬੨ ਵਿਚ ਪਦ 'ਪਰਮ ਗਤ' ਪ੍ਰਮਾਰਥ ਦਾ ਸੂਚਕ ਹੈ। ਫੇਰ ਜਿਵੇਂ ਅੰਕ ੬੫੩ ਵਿਚ ਆਇਆ ਹੈ:- **'ਨਿੰਦ੍ਰਾ ਨ ਪਰੈ ਅਰ ਕਰੈ ਨ ਆਰਸ ਪ੍ਰਵੇਸ਼ ਰਿਦੈ, ਬਰੀਆ ਸੰਜੋਗ ਅਲਖ ਅਭੇਵ ਕੀ'**। ਇਸ ਵਿਚ 'ਅਲਖ ਅਭੇਵ ਦੇ ਸੰਜੋਗ' ਦੀ ਵਾਰੀ ਪਦ ਰੱਖਕੇ ਦੱਸ ਦਿਤਾ ਹੈ ਕਿ ਇਹ ਸਾਰੇ ਬਿਰਹੇ ਪਰਮੇਸੁਰ ਯਾ ਗੁਰੂ ਦੇ ਬਿਰਹੇ ਹਨ। ਅੰਕ ੬੨੦ ਤੇ ੬੨੧ ਵਿਚ ਪ੍ਰੀਤਮ ਸੰਜੋਗਯਾ ਵਸਲ ਦੀ ਇਕ ਨਵੀਂ ਤਰ੍ਹਾਂ ਦੀ ਰੰਗਣ ਬੰਨ੍ਹਦਿਆਂ ਅੰਕ ੬੨੧ ਵਿਚ ਪਦ 'ਗੁਰੂ' ਰਖ ਗਏ ਹਨ ਜਿਸ ਤੋਂ ਪਤਾ ਲਗ

ਗਿਆ ਕਿ ਬਿਰਹੇ ਤੇ ਵਸਲ ਜੋ ਵਰਣਨ ਹੋ ਰਹੇ ਹਨ ਓਹ ਗੁਰੂ ਤੋਂ ਵਿਛੁੜੇ ਤੇ ਫੇਰ ਮਿਲੇ ਸਿੱਖ ਦੇ ਹਨ, ਨਿਰੇ ਸ਼ਿੰਗਾਰ ਰਸੀ ਨਾਯਕਾ ਭੇਦ ਨਹੀਂ। ਏਹ ਬਿਰਹ ਵਿਯੋਗ ਦੀ ਤੜਪ ਨਾਲ ਹੁਣ ਤਕ ਥਰਰ ਥਰਰ ਕਰ ਰਹੇ ਛੰਦ ਆਪਣੇ ਆਪ ਵਿਚ ਜਿਵੇਂ ਕਵਿਤਾ ਦਾ ਕਮਾਲ ਰਖਦੇ ਹਨ ਤਿਵੇਂ ਦਿਲ ਨੂੰ ਦ੍ਰਵੀਭੂਤ ਕਰਨ ਦੀ ਤਾਸੀਰ ਬੀ ਕਮਾਲ ਦੀ ਰਖਦੇ ਹਨ, ਦੇਖੋ ਅੰਕ ੬੬੭, ੬੬੮, ੬੬੯ ਤੇ ੬੭੦।

ਕਵਿਤਾ ਦੇ ਕਮਾਲ ਲਗਪਗ ਸਾਰੇ ਛੰਦਾਂ ਵਿਚ ਹਨ, ਪਰ ਛੰਦ ੬੨੦ ਵਿਚ ਕੈਸਾ ਅਸਲੀ ਤੇ ਅਛੂਤ ਅਨੋਖਾ ਖਿਆਲ ਬੱਧਾ ਹੈ ਕਿ ਪ੍ਰੇਮੀ ਦੇ ਸਾਰੇ ਅੰਗ ਨਦੀਆਂ ਬਣਕੇ ਆਪੋ ਆਪਣੇ ਪਰਮ ਉਤਮ ਪ੍ਰਵਾਹਾਂ ਵਿਚ ਵਹਿੰਦੇ ਮੇਰੇ ਹਿਰਦੇ ਰੂਪੀ ਸਮੁੰਦਰ ਵਿਚ ਜਾ ਸੰਗਮ ਪਾਉਂਦੇ ਹਨ, ਪਰ ਸਮੁੰਦਰ ਵਾਂਙੂ ਮੇਰੇ ਮਨ ਦਾ ਹਾਲ ਹੈ, ਜਿਸ ਵਿਚ 'ਨੇਮ' ਤੇ 'ਪ੍ਰੇਮ' ਦਾ ਸੰਗਮ ਹੋ ਰਿਹਾ ਹੈ। ਸਮੁੰਦਰ ਦਾ 'ਨੇਮ' ਹੈ ਦਿਨ ਰਾਤ ਨਦੀਆਂ ਦਾ ਜਲ ਲੈ ਲੈ ਅਸਮਾਯ[੧] ਨਾ ਹੋ ਜਾਣਾ, 'ਪ੍ਰੇਮ' ਇਹ ਹੈ ਕਿ ਜਲ ਲੈ ਲੈਕੇ ਆਘ੍ਰਾਣ[੨] ਨਾ ਹੋ ਜਾਣਾ। ਇਥੇ ਕਵੀ ਸ਼ਿਰੋਮਣੀ ਭਾਈ ਜੀ ਕਿਸ ਖੂਬੀ ਨਾਲ ਗੁਰੂ ਮਿਲਾਪ ਵੇਲੇ ਆਪਣੀ ਪਰਮ ਆਨੰਦ ਅਵਸਥਾ, ਅਰ ਹੋਰ ਅਨੰਦ ਲਈ ਜਾਣ ਤੇ ਸਮਾਈ ਜਾਣ ਵਾਲੀ 'ਰੱਜ ਅਰੱਜ' ਦਸ਼ਾ ਨੂੰ ਸਮੁੰਦਰ ਦਾ ਦ੍ਰਿਸ਼ਟਾਂਤ ਦੇ ਕੇ ਨੇਮ ਤੇ ਪ੍ਰੇਮ ਦਾ ਨਿਬਾਹ ਦਿਖਾ ਰਹੇ ਹਨ। ਅੰਕ ੬੨੧ ਵਿਚ ਇਸੇ ਭਾਵ ਨੂੰ ਫਿਰ ਇਕ ਅਛੂਤੇ ਢੰਗ ਵਿਚ ਦਰਸਾਯਾ ਹੈ, ਮਾਨੋ ਮਿਲਾਪ ਰਸ ਲਈ ਜਾਣ, ਸਮਾਈ ਜਾਣ, ਤ੍ਰਿਪਤ ਹੋਈ ਜਾਣ, ਫੇਰ ਹੋਰ ਦੀ ਮੰਗ ਮੰਗੀ ਜਾਣ ਦੀ ਇਕ ਤਸਵੀਰ ਖਿਚੀ ਹੈ।

---

੧. ਅਸਮਾਯ=ਜੋ ਅਪਨੇ ਵਿਚ ਹੋਰ ਨਾ ਸਮਾ ਸਕੇ ਤੇ ਉੱਛਲ ਪਵੇ।
੨. ਆਘ੍ਰਾਣ=ਇੰਨਾ ਰੱਜਣਾ ਕਿ ਹੋਰ ਲੈਣੋਂ ਨਾਂਹ ਕਰਨੀ।

 www.sikhbookclub.com

ਹੋਰ ਵਿਸ਼ੇ ਜਿਨ੍ਹਾਂ ਨੂੰ ਆਪ ਲੈਂਦੇ ਹਨ ਪੂਰੀ ਵਾਕਫ਼ੀ ਦੇ ਲਖਾਯਕ ਹੁੰਦੇ ਹਨ। ਜਿਵੇਂ ਉਸ ਵੇਲੇ ਦੀ ਵਿਗਜਾਨਕ (Scientific) ਵਾਕਫ਼ੀ ਤੋਂ ਆਪ ਪੂਰੇ ਜਾਣੂ ਸਹੀ ਹੁੰਦੇ ਹਨ। ਅੰਕ ੫੯੮ ਵਿਚ ਆਪ ਦੱਸਦੇ ਹਨ: ਸ਼ੋਰੇ ਦੇ ਖੇਤ ਵਿਚ ਖੇਤੀ ਨਹੀਂ ਉਗਦੀ ਪਰ ਜੇ ਖੇਤ ਵਿਚ ਸ਼ੋਰਾ (Nitrate of Potassium) ਪਾਓ ਤਾਂ ਅਨਾਜ ਵਧ ਉਗਦਾ ਹੈ। ਸ਼ੋਰੇ ਦਾ ਬਤੌਰ ਖਾਦ ਵਰਤੇ ਜਾਣਾ ਆਪ ਨੂੰ ਪਤਾ ਸੀ। ਫੇਰ ਉਹੋ ਸ਼ੋਰਾ ਬਰਫ ਜਮਾਉਣ ਵਿਚ ਸਹਾਈ ਹੈ, ਇਹ ਬੀ ਆਪ ਨੂੰ ਪਤਾ ਸੀ। ਸ਼ੋਰੇ ਦਾ ਅੱਗ ਨਾਲ ਮਿਲਕੇ ਬਲ ਉਠਣਾ ਬੀ ਜਾਣਦੇ ਸਨ। ਜਿਸਤ ਦੀ ਮੁਰਾਹੀ ਵਿਚ ਪਾਣੀ ਪਾਕੇ ਰੇਤ ਵਿਚ ਪਾਣੀ ਸ਼ੋਰਾ ਪਾਕੇ ਰਖੋ ਤਾਂ ਪਾਣੀ ਠਾਰਦਾ ਹੈ, ਇਹ ਬੀ ਆਪ ਨੂੰ ਥਹੁ ਹੈ। ਆਪ ਇਸ ਸਾਰੀ ਵਾਕਫ਼ੀ ਨੂੰ ਬਤੌਰ ਦ੍ਰਿਸ਼ਟਾਂਤ ਦੇ ਵਰਤਦੇ ਹਨ।

ਹਰ ਸ਼ੈ ਵਲ ਬੇਪਰਵਾਹੀ ਦੀ ਨਜ਼ਰ ਨਹੀਂ ਸਗੋਂ ਮੁਸ਼ਾਹਿਦੇ ਅਰਥਾਤ ਨਿਰੀਖਣਾ ਦੀ ਦ੍ਰਿਸ਼ਟੀ ਆਪ ਦੀ ਦਿੱਸਦੇ ਪਦਾਰਥਾਂ ਤੇ ਚੰਗੀ ਡੂੰਘੀ ਪੈਂਦੀ ਹੈ ਤੇ ਓਹ ਇਉਂ ਦੇ ਦੇਖੇ ਸਾਮਾਨ ਦ੍ਰਿਸ਼ਟਾਂਤ ਬਣਕੇ ਲੋੜ ਵੇਲੇ ਸਾਹਮਣੇ ਆ ਖੜੋਂਦੇ ਹਨ ਤੇ ਇੰਨੀ ਬਹੁਲਤਾ ਨਾਲ ਆਉਂਦੇ ਹਨ ਕਿ ਓਹ ਕਵੀ ਜੀ ਦੇ ਕੇਂਦ੍ਰੀ ਆਸ਼ਯ ਨੂੰ ਜਾਈਆਂ ਦੀ ਬਾਹੁਲਤਾ ਵਿਚ ਲਾੜੇ ਦੇ ਨਿਰਸੰਸੇ ਦਰਸ਼ਨਾਂ ਵਾਂਙੂ ਸਫੁਟ ਮੂਰਤੀਮਾਨ ਕਰ ਦੇਂਦੇ ਹਨ। ਯਥਾ:-

੧. ਜੈਸੇ ਫਲ ਤੇ ਬਿਰਖ, ਬਿਰਖ ਤੇ ਹੋਤ ਫਲ,
ਅਦਭੁਤ ਗਤਿ ਕਛੁ ਕਹਿਤ ਨ ਆਵੈ ਜੀ॥
੨. ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ
ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ॥
੩. ਕਾਸ੍ਰਟ ਮੈ ਅਗਨਿ ਅਰ ਅਗਨਿ ਮੈਂ ਕਾਸ੍ਰਟ ਜੈਸੇ
ਅਤਿ ਅਸਚਰਯਮਯ ਕੌਤਕ ਕਹਾਵੈ ਜੀ॥
੪. ਸਤਿਗੁਰ ਮਹਿ ਸਬਦ ਸਬਦ ਮਹਿ ਸਤਿਗੁਰ ਹੈ
ਨਿਰਗੁਨ ਸਰਗੁਨ ਗਯਾਨ ਧਯਾਨ ਸਮਝਾਵੈ ਜੀ॥੬੦੮॥

ਸ੍ਵਕੀਯਾ ਨਾਯਕਾ, ਪਤਿਬ੍ਰਤਾ, ਜਗਜਾਸੂ, ਪ੍ਰੇਮੀ ਭਗਤ ਤੇ ਗੁਰੂ ਕਾ ਅਨਿੰਨ ਸਿਖ, ਏਹ ਸਾਰੇ ਆਪੋ ਆਪਣੇ ਟਿਕਾਣੇ ਚੰਗੇ ਵਿਤ੍ਰੇਕ ਨਾਲ ਵਰਣਨ ਕਰਦੇ ਇਨ੍ਹਾਂ ਦੇ ਰੂਪਕ ਬੰਨ੍ਹਦੇ ਭਾਈ ਜੀ ਭਗਤੀਭਾਵ ਦੀ ਪੂਰਣਤਾ ਯਾ ਗੁਰ ਸਿੱਖੀ ਦੇ ਕਮਾਲ ਦੇ ਇਕ ਕਟਾਖਜ ਨੂੰ ਬੜੇ ਅਛੂਤੇ ਰੂਪ ਵਿਚ ਵਰਣਨ ਕਰਦੇ ਹਨ, ਜਿਸ ਤੋਂ ਪਤਾ ਚਲਦਾ ਹੈ ਕਿ ਆਪ ਪੂਰਨ ਰਸੀਏ ਗੁਰਮੁਖ ਸਨ ਜਿਨ੍ਹਾਂ ਨੂੰ ਭਗਤੀ ਮਾਰਗ ਦੇ ਪਰਮ ਪਦ ਦੀ ਨਾਂ ਕੇਵਲ ਸੂੰਹ ਸੀ ਸਗੋਂ ਪੂਰਨ ਪ੍ਰਾਪਤੀ ਸੀ, ਨਮੂਨੇ ਲਈ ਪੜ੍ਹੋ ਆਪਦਾ ਰਚਿਆ ਛੰਦ ਅੰਕ ੬੫੫। ਇਸ ਵਿਚ ਪ੍ਰੀਤਮ -ਵਾਹਿਗੁਰੂ ਜੀ- ਦੇ ਪ੍ਰੇਮ ਰਸ ਰਸਿਕ ਹੋਕੇ ਤ੍ਰੁੱਠ ਪੈਣ ਤੇ ਪ੍ਰੇਮੀ ਦੀ ਕੀਮਤ ਕੂਤ ਇਸ ਇਕੋ ਮਿਹਰ ਕਟਾਖਜ ਨਾਲ ਪ੍ਰੀਤਮ ਦੀ ਤੁੱਲਤਾ ਵਾਲੀ ਹੋ ਗਈ ਹੈ। ਉਸਦੀ ਅਪਣੀ ਪ੍ਰੀਤ ਤਾਂ ਅਪਣੀ ਸਮਰੱਥਾ ਦੇ ਅਨੁਸਾਰ ਸੀ, ਪਰ ਵਾਹਿਗੁਰੂ ਦੇ ਰਸਿਕ ਹੋਕੇ ਪ੍ਰੇਮ ਕਰਨ ਦੀ ਜਦ ਅਮਿਤਤਾਈ ਦਾ ਜਲਵਾ ਪਿਆ ਤਾਂ ਉਹ ਸਦਰਸ਼ਤਾ ਦੇ ਮੰਡਲ ਜਾ-ਵੜੀ। ਉਹ ਸੂਖਮ 'ਪ੍ਰੇਮ ਘਟਨਾ' ਪ੍ਰਬੀਨ ਕਵੀ ਤੇ ਰਸੀਏ ਭਗਤ ਭਾਈ ਸਾਹਿਬ ਜੀ ਅਚਰਜ ਸੂਖਮਤਾ ਨਾਲ ਇਸ ਕਬਿਤ ਵਿਚ ਲਿਖ ਰਹੇ ਹਨ, ਮਾਨੋ 'ਰਹਸਜ ਮਾਰਗ' ਦਾ ਇਕ ਭੇਤ ਦੱਸਦੇ ਹੋਏ ਉਸਦਾ ਇਕ ਚਿਤ੍ਰ ਖਿਚ ਰਹੇ ਹਨ।

ਇਸ ਉਪਰਲੀ ਅਵਸਥਾ ਪ੍ਰਾਪਤ ਹੋਣ ਤੋਂ ਪਹਿਲਾਂ ਭਗਤੀ ਮਾਰਗ ਵਿਚ ਪ੍ਰੇਮੀ ਦਾ ਪ੍ਰੇਮ ਪੁਗਦਾ ਹੈ। ਅਰਥਾਤ ਜਗਜ਼ਾਸੂ ਪਿਆਰ ਕਰਦਾ ਕਰਦਾ ਪੂਰਨ ਪ੍ਰੇਮੀ ਹੋ ਜਾਂਦਾ ਹੈ ਤਾਂ ਇਹ ਅਵਸਥਾ ਬੜੀ ਉਚੀ ਮੰਨੀ ਜਾਂਦੀ ਹੈ। ਪਰ ਜਦ ਪ੍ਰੀਤਮ ਉਸ ਪ੍ਰੇਮ ਨਾਲ ਖਿੱਚਿਆ ਜਾਕੇ ਅਪਣੇ ਪ੍ਰੇਮੀ ਨੂੰ ਪ੍ਰੇਮ ਕਰਨ ਲਗ ਜਾਵੇ, ਉਸ ਵੇਲੇ ਪ੍ਰੇਮੀ ਦਾ ਪ੍ਰੇਮ ਪੁੱਗ ਗਿਆ ਸਮਝੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪ੍ਰਾਪਤੀ ਨੂੰ ਇਕ ਅਕਾਂਖਜਾ ਵਿਚ ਦਰਸਾਯਾ ਹੈ-

'ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥'

(ਜਪੁਜੀ ੪)

ਇਸ ਅਕਾਂਖਜਾ ਦੇ ਪੂਰਨ ਹੋਣ ਤੇ ਭਾਈ ਸਾਹਿਬ ਜੀ ਤ੍ਰੈ ਛੰਦਾਂ ੬੫੦, ੬੫੧ ਤੇ ੬੫੨ ਵਿਚ ਉਸਦੀ ਕੀਮਤ ਦਿਖਾਲਦੇ ਹਨ- ਪ੍ਰੀਤਮ ਵਲੋਂ ਪਜਾਰ ਭਰੀ ਨਜ਼ਰ ਨਾਲ ਪ੍ਰੇਮੀ ਵਲ ਤਕਿਆ ਜਾਣਾ, ਪ੍ਰੀਤਮ ਦਾ ਪ੍ਰੇਮੀ ਨੂੰ ਮਿਲਣ ਲਈ ਬੁਲਾਉਣਾ, ਪ੍ਰੀਤਮ ਦਾ ਪ੍ਰੇਮੀ ਦੇ ਪ੍ਰੇਮ ਰਸ ਦਾ ਰਸਿਕ ਹੋਕੇ ਉਸਦੇ ਪਾਸ ਆ ਜਾਣਾ ਆਪ ਨੇ ਕਿਸ ਖ਼ੂਬੀ ਨਾਲ ਦਰਸਾਯਾ ਹੈ ਤੇ ਸੰਸਾਰ ਤੇ ਪਰਮਾਰਥ ਦੇ ਸਾਰੇ ਪਦਾਰਥਾਂ ਤੋਂ ਵਧੀਕ ਇਸਦੀ ਕੀਮਤ ਦੱਸਦੇ ਹੋਏ ਇਸਨੂੰ ਅੰਤ 'ਅਮੁੱਲ' ਵਿਚ ਜਾ ਪੁਚਾਯਾ ਹੈ।

ਅਗਲੇ ਛੰਦਾਂ ੬੫੩, ੬੫੪ ਵਿਚ ਇਕ ਜੀਉਂਦੀ ਜਾਗਦੀ, ਥਰਰ ਥਰਰ ਕੰਬਦੀ, ਹੁਲਸਦੀ, ਹੁਲਾਸਦੀ ਤਸਵੀਰ, 'ਸੰਜੋਗ ਰਸ ਟੁਰੇ ਰਹਿਣ ਦੀ ਅਭਿਲਾਖਾ' ਵਾਲੀ ਕਿਸ ਸੁੰਦਰਤਾ ਨਾਲ ਦਰਸਾਈ ਹੈ। ਪ੍ਰੇਮ ਮਾਰਗ ਵਿਚ ਲਾਡ ਬੀ ਕੋਈ ਥਾਂ ਰਖਦਾ ਹੈ ਤੇ ਕਦੀ ਲਾਡਮਈ ਹਨੋਰੇ ਨੂੰ ਬੀ ਥਾਂ ਮਿਲਦੀ ਹੈ। ਗੁਰਮਤ ਵਿਚ ਬੀ ਇਹ ਗਲ ਸੂਖਮ ਤੌਰ ਤੇ ਆਈ ਹੈ। ਭਾਈ ਸਾਹਿਬ ਜੀ ਨੇ ਬੀ ਉਸੇ ਸੂਖਮਤਾ ਵਿਚ ਲਾਡਮਈ ਬੇਨਤੀ ਕੀਤੀ ਹੈ ਤੇ ਹਨੋਰਾ ਜੋ ਦਿੱਤਾ ਹੈ ਉਹ ਅਸਲ ਵਿਚ ਬੇਨਤੀ ਹੈ। ਅੰਕ ੬੨੨ ਵਿਚ ਆਪ ਦਾ ਭਾਵ ਇਹ ਹੈ ਕਿ 'ਜੇ ਮੇਰਾ ਮਨ ਆਪ ਦੀ ਲਿਵ ਵਿਚ ਟਿਕ ਕੇ ਨਹੀਂ ਲਗਦਾ ਤਾਂ ਆਪ ਹੀ ਇਸਨੂੰ ਮੱਲਕੇ ਇਸ ਵਿਚ ਬੈਠ ਜਾਓ ਤਾਂ ਇਹ ਆਪੇ ਉਨਮਨ ਹੋ ਜਾਏਗਾ।' ਇਸ ਵਿਚ ਬੇਨਤੀ ਹੈ ਕਿ ਆਪ ਮੇਰੇ ਮਨ ਮੰਦਰ ਵਿਚ ਵੱਸ ਜਾਓ। ਜਿਵੇਂ ਗੁਰਬਾਣੀ ਵਿਚ ਅਰਦਾਸ ਹੈ:-

 www.sikhbookclub.com

'ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ
ਹਰਿ ਕਰਿ ਕਿਰਪਾ ਮਨਿ ਵਸੁ ਜੀਉ॥

(ਗਉ: ਮਾਝ: ਮ: ੪-੨)

ਅਭਜਾਸ ਸਬੰਧੀ ਵਾਕਫ਼ੀ ਬੀ ਆਪਦੀ ਬੜੀ ਗਹਿਰੀ ਹੈ, ਇਸੇ ਵਿਸ਼ੇ ਵਿਚ ਆਪਦਾ ਰਚਿਆ ਛੰਦ ਪ੮੬ਪ ਇਕ ਨਮੂਨੇ ਦੀ ਰਚਨਾ ਹੈ। ਨੀਤੀ ਵਾਕ ਹੈ ਕਿ ਰਾਜਾ, ਦਾਤਾ, ਅਗਨੀ, ਗੁਰੂ ਦੇ ਨਾ 'ਅਤਿ ਨੇੜੇ' ਨਾ 'ਅਤਿ ਦੂਰ' ਰਹੋ 'ਮਧਜ ਭਾਵ' ਤੇ ਸੇਵਨ ਕਰੋ। ਪਰਮੇਸ਼ੁਰ ਪ੍ਰਾਪਤੀ ਦੇ ਅਭਜਾਸ ਮਾਰਗ ਲਈ ਭਾਈ ਸਾਹਿਬ ਜੀ ਨੇ ਇਸ ਕਬਿਤ ਵਿਚ ਨਾਮ ਨੂੰ 'ਮਧਜ ਭਾਵ ਦਾ ਸੇਵਨ' ਦੱਸਿਆ ਹੈ, ਨਾਮ ਤੋਂ ਬਿਨਾਂ ਨਿਰਗੁਣ ਪ੍ਰਾਪਤੀ ਦੇ ਹੋਰ ਅਭਜਾਸਾਂ ਯਾ ਯਤਨਾਂ ਨੂੰ ਖ਼ਤਰਨਾਕ ਦੱਸਿਆ ਹੈ, ਇਹ ਰਹਸਜ ਮਾਰਗ ਦਾ ਅਭਜਾਸ ਸੰਬੰਧੀ ਇਕ ਬੜਾ ਕੀਮਤੀ ਨੁਕਤਾ ਹੈ। ਫਿਰ ਇਸ ਲਈ ਜੋ ਦ੍ਰਿਸ਼ਟਾਂਤ ਦਿਤੇ ਹਨ ਉਹ ਬੀ ਸੁਹਣੇ ਢੁਕਾਏ ਹਨ।

ਖੋਜ ਤੇ ਗਿਆਨ ਨੇ ਬੁੱਧੀ ਤੀਖਣ ਕਰਨੀ ਹੈ, ਏਥੇ ਹੀ ਰਹਿ ਗਿਆਂ ਤੇ ਪੂਰਨਪਦ ਦੀ ਪ੍ਰਾਪਤੀ ਨਹੀਂ ਹੁੰਦੀ, ਅੰਕ ਪ੮੮ ਵਿਚ ਆਪ ਦੱਸਦੇ ਹਨ ਕਿ ਗੁਰਸ਼ਬਦ ਦੇ ਅਭਜਾਸ ਨੇ ਬੁੱਧੀ ਨੂੰ ਸਾਣ ਚਾੜ੍ਹਕੇ ਨਿਰਾ ਚਤੁਰ ਨਹੀਂ ਬਨਾਉਣਾ ਸਗੋਂ 'ਲਿਵਲੀਨਤਾ' ਦੇਣੀ ਹੈ ਜੋ ਪਰਮਪਦ ਤੇ ਲੈ ਜਾਂਦੀ ਹੈ।

ਗਜਾਨ ਪਾਕੇ ਅਮਲੀ ਪਰਖ ਗਜਾਨ ਦੀ ਗੁਰ ਸਿੱਖੀ ਵਿਚ ਕੀ ਹੈ? ਇਸ ਪਰ ਆਪ ਨੇ ਕਬਿਤ ਪ੯੭ ਅੰਕ ਦਾ ਲਿਖਿਆ ਹੈ। ਜਿਵੇਂ ਸ੍ਰੀ ਬਾਬਾ ਖੁਦਾ ਸਿੰਘ ਜੀ ਨੇ ਪੁੱਛਿਆ ਸੀ ਕਿ ਗਿਆਨ ਤਲਵਾਰ ਹੈ, ਇਸਦੀ ਮਿਆਨ ਕਿਹੜੀ ਹੈ ਤਾਂ ਪੁੱਛੇ ਜਾਣ ਪਰ ਆਪ ਨੇ ਦੱਸਿਆ ਸੀ-ਸੰਤੋਖ। ਤਿਵੇਂ ਭਾਈ ਸਾਹਿਬ ਅੰਕ ਪ੯੭ ਵਿਚ ਦੱਸਦੇ ਹਨ ਕਿ ਗਜਾਨਵਾਨ ਸਚਮੁਚ ਗਜਾਨਵਾਨ ਹੈ ਕਿ ਨਹੀਂ ਕਿਵੇਂ ਪਰਖ ਹੋਵੇ? ਤਾਂ ਦੱਸਦੇ ਹਨ

 www.sikhbookclub.com

ਕਿ 'ਸਹਨਸ਼ੀਲਤਾ' ਤੋਂ। ਇਸ ਕਬਿਤ ਵਿਚ ਦ੍ਰਿਸ਼ਟਾਂਤ ਬੀ ਬੜੇ ਉਤਮ ਵਰਤੇ ਹਨ।

'ਪ੍ਰੇਮ' ਸਾਰੇ ਪਰਮਾਰਥਾਂ ਤੋਂ ਉਚਾ ਮਾਰਗ ਹੈ ਸਾਈਂ ਪ੍ਰਾਪਤੀ ਦਾ, ਆਪ ਨੇ ਇਸ ਪਰ ਅੰਕ ੬੪੬ ਵਿਚ ਧਰਮ, ਅਰਥ, ਅੰਮ੍ਰਿਤ, ਸੁਰਗ, ਸੁਖ ਸਾਗਰ ਸਭ ਤੋਂ ਪ੍ਰੇਮ ਨੂੰ ਸ੍ਰੇਸ਼ਟ ਦਰਸਾਂਯਾ ਹੈ।

ਆਪ ਪੂਰਨ ਗੁਰਸਿਖ ਤੇ ਗੁਰਮੁਖ ਸੇ। ਤੀਸਰੇ ਸਤਿਗੁਰਾਂ ਵੇਲੇ ਗੁਰੂ ਸਿਖਾਂ ਵਿਚ ਪਰਵੇਸ਼ ਹੋਇਆ ਸਹੀ ਹੁੰਦਾ ਹੈ ਤੇ ਚੌਥੇ ਸਾਹਿਬਾਂ ਤੋਂ ਲੈਕੇ ਛੇਵੇਂ ਸਤਿਗੁਰੂ ਜੀ ਤੱਕ ਸਿੱਖੀ ਵਿਚ ਪਰਮ ਸਨਮਾਨ ਯੋਗ ਗੁਰਮੁਖ ਮੰਨੇ ਜਾਂਦੇ ਰਹੇ ਹਨ। ਇਤਨੇ ਉਚੇ ਸੁੱਚੇ ਸੁਹਣੇ ਤੇ ਸਤਕਾਰਿਤ ਹੋਕੇ ਜਿਸ ਨਿੰਮ੍ਰਤਾ ਵਿਚ ਵਰਤਦੇ ਸੇ, ਉਸਦੇ ਅਦਭੁਤ ਨਮੂਨੇ ਅੰਕ ੬੧੧, ੬੦੦, ੬੩੮ ਤੋਂ ੬੪੧ ਤਕ ਦੁਵਾ ਦੇਣ ਵਾਲੀ ਰਚਨਾਂ ਵਿਚ ਦਿਖਾਏ ਹਨ।

ਗੁਰੂ ਕੇ ਪਿਆਰੇ ਸਿਖਾਂ ਦੀ ਮਹਿਮਾ ਆਪ ਨੇ ਅੰਕ ੬੭੨, ੬੭੩ ਵਿਚ ਦਰਸਾਈ ਹੈ, ਉਹ ਦੱਸਦੀ ਹੈ ਕਿ ਸਿੱਖ ਧਰਮ ਤੇ ਇਖ਼ਲਾਕ ਵਿਚ 'ਸਿਖ' ਕਿੱਡੇ ਕੁ ਕੀਮਤੀ ਹੁੰਦੇ ਸੇ, ਤੇ ਪਰਸਪਰ ਸਿਖਾਂ ਦਾ ਪਿਆਰ ਤੇ ਸਤਿਕਾਰ ਕਿਤਨਾ ਉੱਚਾ ਹੁੰਦਾ ਸੀ।

ਸਤਿਸੰਗ ਵਿਚ ਕੀਰਤਨ ਦੇ ਲਾਭ ਆਪ ਨੇ ਅੰਕ ਪ੬੦, ਪ੬੬ ਤੇ ਪ੬੭ ਵਿਚ ਦਰਸਾਏ ਹਨ। ਇਸੇ ਤਰ੍ਹਾਂ ਗੁਰੂ ਚਰਨਾਂ ਦਾ ਪ੍ਰੇਮ, ਸਤਿਗੁਰੂ ਦੀ ਲੋੜ ਤੇ ਸਤਿਸੰਗ ਦਾ ਲਾਭ ਏਹ ਆਪ ਨੇ ਅਨੇਕ ਛੰਦਾਂ ਵਿਚ ਦਰਸਾਇਆ ਹੈ।

ਆਮ ਨਿਰੀਖਣਾ (ਮੁਸ਼ਾਹਿਦੇ) ਤੇ ਤਜਰਬਿਆਂ ਬਾਬਤ ਆਪ ਦੇ ਖਿਆਲ ਬੀ ਅਨੂਠੇ ਤੇ ਉਤਮ ਉਤਮ ਮਿਲਦੇ ਹਨ। ਨਮੂਨੇ ਲਈ ਦੇਖੋ ਅੰਕ ੬੧੦ ਵਿਚ ਮਾਨੁਖ ਦੀ ਕ੍ਰਿਯਮਾਨਤਾ ਦਾ ਹਾਲ ਤੇ ਕਾਰਣ ਦੱਸਿਆ


www.sikhbookclub.com

ਹੈ। ਅੰਕ ੬੫੭ ਵਿਚ ਗ਼ਾਫ਼ਲ ਨੂੰ ਸੁਹਣੀ ਤਰ੍ਹਾਂ ਜਗਾਉਂਦਿਆਂ ਆਪ ਨੇ ਕੈਸਾ ਰੂਪ ਬੱਧਾ ਹੈ ਕਿ ਸਮੇਂ ਦੇ ਸਹਿਜੇ ਸਹਿਜੇ ਬੀਤਦੇ ਜਾਣ ਦੀ ਮਾਨੋ ਆਹਟ ਸੁਣਾਈ ਦੇ ਰਹੀ ਹੈ। ਇਸੇ ਤਰ੍ਹਾਂ ੫੭੮ ਅੰਕ ਵਿਚ ਆਮ ਅਵਿਲੋਕਨ ਅਰਥਾਤ ਨਿਰੀਖਣਾ ਦੇ ਅਨੂਠੇ ਦ੍ਰਿਸ਼ਟਾਂਤ ਪੜ੍ਹਨ ਯੋਗ ਹਨ।

ਆਪ ਅਪਨੀ ਰਚਨਾ ਵਿਚ ਗਜਾਨ, ਭਗਤੀ, ਜੋਗ ਆਦਿ ਵਿਸ਼ਿਆਂ ਤੇ ਅਪਣੇ ਖਜਾਲ ਬੇਪਰਵਾਹ ਲੇਖਕ ਵਾਂਙੂ ਨਹੀਂ ਦੇ ਰਹੇ, ਸਗੋਂ ਤਜਰਬੇ ਦੀ ਰੌਸ਼ਨੀ ਵਿਚ ਅਤੇ ਗੁਰਮਤ ਦੇ ਅਸੂਲਾਂ ਦੇ ਚਾਨਣੇ ਵਿਚ ਇਖ਼ਲਾਕ ਦੇ ਅਸਲੀ ਅਸੂਲਾਂ ਨੂੰ ਬੀ ਪ੍ਰਤਿਪਾਦਨ ਕਰਦੇ ਹਨ। ਅੰਕ ੬੩੭ ਵਿਚ ਦੱਸਦੇ ਹਨ ਕਿ ਸੰਜਮੀ ਪੁਰਖ ਨੂੰ ਰਤਾ ਕੁ ਬੀ ਪਾਪ ਨਾਲ ਨੇਹੁ ਨਹੀਂ ਲਾਉਣਾ ਚਾਹੀਦਾ।

ਮਾਨਸਿਕ ਵਿਦਜਾ (Psychology) ਦੇ ਅਸੂਲ ਬੀ ਆਪ ਚੰਗੀ ਤਰ੍ਹਾਂ ਸਮਝਦੇ ਸਨ। ਇਨਸਾਨ ਜਿਨ੍ਹਾਂ ਕਰਮਾਂ ਵਿਚ ਪਰਵਿਰਤ ਹੋਵੇ ਉਨ੍ਹਾਂ ਤੋਂ ਉਪਜੇ ਦੁਖਾਂ ਦੇ ਸਮੇਂ ਉਨ੍ਹਾਂ ਨੂੰ ਤਿਆਗਦਾ ਹੈ, ਪਰ ਸੁਖੀ ਹੁੰਦਿਆਂ ਹੀ ਫਿਰ ਉਨ੍ਹਾਂ ਵਿਚ ਹੀ ਪਰਵਿਰਤ ਹੋ ਜਾਂਦਾ ਹੈ, ਇਹ ਮਾਨਸਿਕ ਕਮਜ਼ੋਰੀ ਆਪ ਨੇ ਅੰਕ ੫੭੭ ਤੇ ੫੯੧ ਵਿਚ ਡਾਢੀ ਸੁਹਣੀ ਤਰ੍ਹਾਂ ਦਿਖਾਈ ਹੈ।

ਨੀਤੀ ਦੇ ਕਟਾਖਜ ਬੀ ਕਈ ਆਉਂਦੇ ਹਨ, ਨਮੂਨੇ ਮਾਤ੍ਰ ਛੰਦ ੬੩੦ ਹੈ, ਜਿਸ ਵਿਚ ਨੀਤੀ ਤੇ ਗੁਰਮਤ ਦੁਇ ਭਾਵ ਦਰਸਾਏ ਹਨ ਕਿ ਮੂੰਹੋਂ ਗਲ ਸੋਚਕੇ ਕੱਢਣੀ ਚਾਹੀਏ। ਮੂੰਹ ਵਿਚ ਗਲ ਆਪਣੀ ਹੈ, ਨਿਕਲ ਗਈ ਫੇਰ ਕਿਸੇ ਜਤਨ ਨਾਲ ਅਪਣੀ ਨਹੀਂ ਬਣ ਸਕਦੀ, ਸੋ ਜਦੋਂ ਬੋਲੋ ਸੋਚਕੇ ਬੋਲੋ, ਤੇ ਗੁਣ ਵਾਲੀ ਗਲ ਹੀ ਕਰੋ। ਨਾਲ ਹੀ ਗੁਰਮਤ ਬੀ ਸਿਖਾਈ ਹੈ, ਕਿ ਜਦ ਬੋਲੋ ਗੁਰਮਤ ਅਨਕੂਲ ਬਾਤ ਬੋਲੋ।


www.sikhbookclub.com

ਆਪ ਦੀ ਗੁਰ ਸਿਖੀ ਇਕ ਪੂਰਨ ਤੌਰ ਤੇ ਪਰਵਾਣ ਗੁਰਸਿਖੀ ਸੀ। ਇਸ ਵਾਸਤੇ ਗੁਰੂ ਸਾਹਿਬਾਂ ਦੇ ਵਕਤ ਤੋਂ ਆਪਦੀ ਬਾਣੀ ਨੂੰ ਪ੍ਰਮਾਣੀਕ ਬਾਣੀ ਦਾ ਦਰਜਾ ਮਿਲਿਆ ਹੋਇਆ ਹੈ, ਗੁਰਬਾਣੀ ਦੇ ਸਮਝਣ ਵਿਚ ਆਪਦੀ ਬਾਣੀ ਬਹੁਤ ਸਹਾਈ ਹੁੰਦੀ ਹੈ, ਇਸ ਕਰਕੇ ਪੰਜਵੇਂ ਸਤਿਗੁਰਾਂ ਦੇ ਵਰਦਾਨ ਤੋਂ ਹੁਣ ਤਕ ਆਪ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਆਖਦੇ ਹਨ।

# 3. ਜੀਵਨ ਭਾਈ ਗੁਰਦਾਸ

## ੧. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਮਾਂ

(੧੫੯੬ ਬਿ. ਤੋਂ ੧੬੦੯ ਬਿ.)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ (੧੫੯੬ ਬਿ:) ਮਗਰੋਂ ਉਨ੍ਹਾਂ ਦੇ ਅਪਣੀ ਹਥੀਂ ਟਿੱਕੇ ਤੇ ਅਪਣੇ ਤੁੱਲ ਕੀਤੇ ਸ੍ਰੀ ਗੁਰੂ ਅੰਗਦ ਦੇਵ ਜੀ[1] ਗੁਰ ਗਾਦੀ ਨੂੰ ਸ਼ੋਭਾ ਦੇਂਦੇ ਖਡੂਰ ਵਿਚ ਜੋਤ ਜਗਾ ਰਹੇ ਤੇ ਸ੍ਰਿਸ਼ਟੀ ਤਾਰ ਰਹੇ ਸੇ ਕਿ ਬਾਸਰਕੇ ਪਿੰਡ[2] ਦੇ ਰਹਿਣ ਵਾਲੇ ਇਕ ਬਿੱਧ ਪੁਰਖ ਜੋ ਕਈ ਬਰਸ ਹਰ ਸਾਲ ਰੀਗਾ ਜਾਂਦੇ ਤੇ ਸਤਿ ਦੀ ਖੋਜ ਵਿਚ ਲਗੇ ਰਹਿੰਦੇ ਸੇ ਗੁਰੂ ਕੇ ਹਜ਼ੂਰ ਆਏ, ਤਦੋਂ ਸੰਮਤ ੧੫੯੭ ਬਿ: ਚੜ੍ਹਿਆ ਸੀ। ਆਪ ਦੀ ਸੇਵਾ ਤੇ ਨਾਮ ਦੀ ਘਾਲ ਕਮਾਲ ਦੀ ਸੀ ਜੋ ਦਰ ਪਰਵਾਣ ਹੋਈ। ਧੁਰ ਦੇ ਲਿਖੇ ਗੁਪਤ ਲੇਖ ਆਪ ਦੀ 'ਘਾਲ' ਤੇ ਗੁਰੂ ਦੀ 'ਮਿਹਰ' ਨਾਲ ਉਘੜ ਆਏ ਤੇ ਜਗਤ ਨੈਣਾਂ ਨੇ ਪ੍ਰਤੱਖ ਵੇਖ ਲਏ-ਆਪ ਸ੍ਰੀ ਗੁਰੂ ਅਮਰ ਦੇਵ ਹੋਕੇ ਗੁਰ ਗਾਦੀ ਤੇ ਬਿਰਾਜੇ ਤੇ ਗੋਇੰਦਵਾਲ ਜਗਮਗ ਜੋਤ ਜਗਾਉਂਦੇ ਰਹੇ।

---

੧. ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ॥
(ਵਾ:ਭਾ:ਗੁ:ਵਾ: ੨੪-੮)

੨. ਇਹ ਪਿੰਡ ਸ਼ਹਿਰ ਅੰਮ੍ਰਿਤਸਰ ਤੋਂ ਪੱਛਮ ਵਲ ਚਾਰ ਕੁ ਮੀਲ ਪਰ ਹੈ ਗੁਰਦੁਆਰਾ ਸੰਨ੍ਹ ਸਾਹਿਬ ਏਥੇ ਹੈ।

## ੨. ਸ੍ਰੀ ਗੁਰੂ ਅਮਰ ਦੇਵ ਜੀ ਦਾ ਸਮਾਂ।

(੧੬੦੯ ਬਿ: ਤੋਂ ੧੬੩੧ ਬਿ:)

**ਸ੍ਰੀ** ਗੁਰੂ ਅਮਰ ਦੇਵ ਜੀ ਬਾਸਰਕੇ ਦੇ ਰਹਿਣ ਵਾਲੇ ਸਨ ਆਪ ਹਰ ਸਾਲ ਗੰਗਾ ਜਾਂਦੇ ਹੁੰਦੇ ਸਨ। ਪਰ ਹਰ ਸਾਲ ਦੀ ਗੰਗਾ ਯਾਤ੍ਰਾ ਤੇ ਓਥੋਂ ਦੇ ਅਨੇਕ ਮਤਾਂ ਦੇ ਸਾਧੂ ਸੰਤਾਂ ਦੇ ਦਰਸ਼ਨ ਮੇਲਿਆਂ ਨੇ ਬੀ ਮਨ ਦੀ ਵਾਂਛਤ ਵਸਤੂ, ਜੋ ਮਨ ਨੂੰ ਤਸੱਲੀ ਬਨ੍ਹਾ ਦੇਂਦੀ, ਨਾ ਮੇਲੀ। ਦੈਵਨੇਤ ਨਾਲ ਇਕ ਸੁਭਾਗ ਦਿਹਾੜੇ ਆਪ ਨੂੰ ਅਪਣੇ ਪਿੰਡੋਂ ਤੇ ਅਪਣੇ ਪਰਵਾਰ ਵਿਚੋਂ ਹੀ ਰਾਹ ਲੱਭ ਪਿਆ। ਆਪ ਦੇ ਆਪਣੇ ਭਰਾ ਦੀ ਨੋਂਹ 'ਬੀਬੀ ਅਮਰੋ', ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪਰਮ ਪਾਵਨ ਸਪੁਤ੍ਰੀ ਸੀ, ਇਕ ਦਿਨ ਅੰਮ੍ਰਿਤ ਵੇਲੇ ਗੁਰ ਨਾਨਕ ਦੇਵ ਜੀ ਦੀ ਬਾਣੀ ਪੜ੍ਹ ਰਹੀ ਸੀ। ਸ੍ਰੀ ਅਮਰ ਦੇਵ੍ਰ ਜੀ ਉਸ ਵੇਲੇ ਜਾਗਦੇ ਸੇ, ਇਸ ਅਵਾਜ਼ ਨੇ ਮਨ ਖਿੱਚ ਲਿਆ ਤੇ ਕੰਨ ਦੀ ਸੁਰਤ ਉਸ ਨਾਦ ਵਿਚ ਗੱਡ ਗਈ। ਅਖ਼ੀਰਲੇ ਸ਼ਬਦ ਦੀ ਜਦ ਆਖ਼ਰੀ ਤੁਕ ਬੀਬੀ ਜੀ ਨੇ ਪੜ੍ਹੀ-

**"ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰ ਮਿਲੈ ਤਿਨੇਹਾ॥**
**ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥"**

(ਮਾਰੂ: ਮ:੧/੯੯੦)

ਤਾਂ ਆਪ ਦੇ ਅੰਦਰ ਅਭਿਲਾਖ ਠਾਠਾਂ ਮਾਰ ਉਠੀ, ਵਿਚ ਉਤਕੰਠਾ ਦੇ ਘੁੰਮਣਘੇਰ ਘੁੰਮ ਪਏ-ਹਾਇ, ਕਿਵੇਂ ਤੇ ਕਿਥੋਂ ਮਿਲੇ ਤਿਨੇਹਾ ਗੁਰੂ ਜੋ ਅੰਮ੍ਰਿਤ ਦੇਕੇ ਠਾਰ ਦੇਵੇ? ਅਵਸਥਾ ਬ੍ਰਿੱਧ ਹੈ, ਕਿਵੇਂ ਮਿਲੇ ਛੇਤੀ ਥੋਂ ਛੇਤੀ? ਇਸ ਉਤਕੰਠਾ ਵਿਚੋਂ ਚੱਕਰ ਖਾ ਖਾਕੇ ਇਕ ਖਜਾਲ ਫੇਨ ਰੂਪ ਹੋਕੇ ਤਿਰ ਆਇਆ-ਜਿਸ ਦੀ ਬਾਣੀ ਹੈ ਉਹੋ ਨਾ ਹੋਵੇ 'ਤਿਨੇਹਾ ਗੁਰੂ' ਕਿਤੇ, ਹੈਂ, ਕੀਕੂੰ ਜਾਣਾਂ? ਬੀਬੀ ਨੂੰ ਹੀ ਕਿਉਂ ਨਾ ਪੁੱਛਾਂ? ਸੋ ਬਿਰਧ ਬਾਬਾ ਜੀ ਨੇ ਜਾ ਬੀਬੀ ਨੂੰ ਪੁਛਿਆ। ਸੁਭਾਗ ਬੀਬੀ ਨੇ ਸਤਿਕਾਰ ਨਾਲ ਸਭ ਕੁਛ ਦਸਿਆ। ਆਪ ਨੇ ਸੁਣਿਆ, ਜੋ ਸੁਣਿਆ ਅੰਦਰ ਧਸ ਗਿਆ। ਸੋਚ ਤੇ ਫ਼ਿਕਰ ਨੇ ਵਕਤ ਕੁਛ ਨਾ ਲਿਆ। ਜੋ ਸੁਣਿਆ ਤੇ ਸੁਣਦਿਆਂ ਜੋ ਫੁਰਿਆ ਉਸਨੇ ਅਮਲ ਦੀ

ਸੂਰਤ ਤਤਸਾਰ ਫੜ ਲਈ ਤੇ ਆਪ ਟੁਰ ਪਏ। ਹਾਂ, ਆਪ ਟੁਰੇ ਤੇ ਖਡੂਰ ਅੱਪੜੇ। ਅਪੜੇ, ਹਾਂ ਅੱਪੜੇ, ਐਉਂ ਅੱਪੜੇ ਕਿ ਜਿਵੇਂ ਚੁੰਬਕ ਕੋਲ ਅਪੜੇ ਫੌਲਾਦ, ਹਾਂ ਐਸੇ ਅਪੜੇ ਕਿ ਮਾਨੋ ਕਦੇ ਵਿਛੁੜੇ ਹੀ ਨਹੀਂ ਸੇ, ਤੇ ਹਾਂ ਹੁਣ ਬੀ ਕਦੇ ਨਹੀਂ ਵਿਛੁੜਨਗੇ। ਆਪ ਲਗਪਗ ੧੧ ਵਰ੍ਹੇ ਸੇਵਾ ਵਿਚ ਲੱਗੇ ਰਹੇ, ਐਸੇ ਲੱਗੇ ਕਿ ਆਪਣੇ ਚੁੰਬਕ ਦੇ ਨਾਲ ਲੱਗੇ ਚੁੰਬਕ ਹੀ ਹੋ ਗਏ। ਕੱਚਾ ਲੋਹਾ ਚੁੰਬਕ ਨੂੰ ਮਿਲਕੇ ਜਿੰਨਾਂ ਚਿਰ ਲੱਗਾ ਰਹੇ ਚੁੰਬਕ ਸ਼ਕਤੀ ਵਾਲਾ ਹੁੰਦਾ ਹੈ, ਪਰੇ ਹੋਕੇ ਚੁੰਬਕ ਨਹੀਂ ਰਹਿੰਦਾ; ਪਰ ਪੱਕਾ ਲੋਹਾ-ਫੌਲਾਦ, ਅਸਪਾਤ-ਚੁੰਬਕ ਨੂੰ ਲੱਗ ਲੱਗਕੇ ਆਪ ਹੀ ਪੱਕਾ ਚੁੰਬਕ ਹੋ ਜਾਂਦਾ ਹੈ, ਤੇ ਫੇਰ ਚੁੰਬਕ ਤੋਂ ਪਰੇ ਹੋਕੇ ਬੀ ਚੁੰਬਕ ਹੀ ਰਹਿੰਦਾ ਹੈ।

ਹਾਂ, ੧੧ ਵਰ੍ਹੇ ਆਪ ਗੁਰੂ ਜੀ ਦੀ ਪ੍ਰੇਮ ਸੇਵਾ ਵਿਚ ਲੱਗੇ ਰਹੇ[੧]। ਆਪ ਦੀ ਇਸ ਪ੍ਰੇਮ ਅਵਿਲੰਬਤਾ ਦਾ ਅਸਰ ਸਾਰੇ ਪਰਿਵਾਰ ਤੇ ਪਿਆ। ਉਨ੍ਹਾਂ ਵਿਚ ਗੁਰੂ ਅੰਗਦ ਦੇਵ ਜੀ ਦੀ ਸਿੱਖੀ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਹੋਇਆ ਤੇ ਉਹ ਸਿਖ ਬਣੇ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਿਆ ਵਿਚ ਜਦੋਂ ਸ੍ਰੀ ਗੁਰੂ ਅਮਰ ਦੇਵ ਜੀ ਨੇ ਗੋਇੰਦਵਾਲ ਵਸਾਇਆ ਸੀ ਤਾਂ ਗੁਰੂ ਅੰਗਦ ਦੇਵ ਜੀ ਨੇ ਆਗਿਆ ਦਿਤੀ ਸੀ ਕਿ ਆਪਣੇ ਪਰਿਵਾਰ ਨੂੰ ਭੀ ਗੋਇੰਦਵਾਲ ਲੈ ਆਓ ਤੇ ਓਥੇ ਵਸੋ। ਸੋ ਆਪ ਦਾ ਨਿਜ ਦਾ ਪਰਿਵਾਰ ਤੇ ਭਰਾ ਭਤੀਜੇ ਅਪਣੇ ਪਿੰਡ ਬਾਸਰਕੇ ਨੂੰ ਛੱਡਕੇ ਗੋਇੰਦਵਾਲ ਆ ਵਸੇ ਸੇ। ਇਸ ਪਰਿਵਾਰ ਦਾ ਇਤਨਾਕੁ ਪਤਾ ਚਲਦਾ ਹੈ ਕਿ ਬਾਸਰਕੇ ਵਿਚ ਬਾਬਾ ਤੇਜੋ ਨਾਮ ਦਾ ਇਕ ਸੁਹਿਰਦ ਪੁਰਖ ਵੱਸਦਾ ਸੀ, ਜੋ ਹੁਣ ਅਪਣਾ ਬ੍ਰਿਧ ਅਵਸਥਾ ਦਾ ਸਮਾਂ ਭਜਨ ਵਿਚ ਗੁਜ਼ਾਰਦਾ ਸੀ। ਉਨ੍ਹਾਂ ਦੇ ਚਾਰ ਪੁਤ੍ਰ ਸਨ[੨]। ਵਡੇ ਸਪੁੱਤ੍ਰ ਦਾ ਨਾਉ 'ਸ੍ਰੀ ਅਮਰ ਦਾਸ' ਸੀ ਜੋ

---

੧. ਯਥਾ:-ਇਨਹੁ ਇਕਾਦਸ਼ ਸੰਮਤ ਮਾਹੀ। ਸੇਵਾ ਕਰੀ ਰਿਝਾਏ ਤਾਂਹੀ।
(ਸੂ.ਪ੍ਰ.ਰਾ.੧ ਅੰ:੧੯ ਅੰਕ ੪੨)

੨. ਦੇਖੋ ਮਹਿਮਾ ਪ੍ਰਕਾਸ਼ ਸਰੂਪ ਦਾਸ ਵਾਲਾ, ਮਹਿਮਾ ਪ੍ਰਕਾਸ਼ ਵਾਰਤਕ ਕ੍ਰਿਪਾਲ ਸਿੰਘ ਵਾਲਾ ਅਤੇ ਗੁਰ ਪ੍ਰਤਾਪ ਸੂਰਜ।

 www.sikhbookclub.com

'ਗੁਰੂ ਅਮਰ ਦੇਵ' ਜੀ ਹੋਕੇ ਸ੍ਰੀ ਗੁਰੂ ਜੀ ਬਣੇ। ਬਾਕੀ ਤਿੰਨਾਂ ਵਿੱਚੋਂ ਇਕ ਦਾ ਨਾਮ ਪਿੱਛੇ ਜਿਹੇ ਦਾਤਾਰ ਚੰਦ ਛਪਿਆ ਸੀ, ਜਿਸਦੇ ਪੁਤ੍ਰ ਭਾਈ ਗੁਰਦਾਸ ਜੀ ਸਨ। ਭਾਈ ਗੁਰਦਾਸ ਜੀ ਦਾ ਜਨਮ ਸੰਮਤ ਪੁਰਾਤਨ ਗ੍ਰੰਥਾਂ ਤੋਂ ਨਹੀਂ ਮਿਲਦਾ, ਪਰ ਅਨੁਮਾਨ ਲਗਦਾ ਹੈ ਕਿ ੧੬੦੦ ਤੋਂ ੧੬੧੦ ਬਿ: ਦੇ ਵਿਚ ਵਿਚ ਕਿਸੇ ਸੰਮਤ ਆਪਦਾ ਆਗਮਨ ਹੋਇਆ[੧]।

---

੧. ਭਾਈ ਗੁਰਦਾਸ ਜੀ ਦੇ ਜਨਮ ਦਾ ਸੰਮਤ ਉਨ੍ਹਾਂ ਦੇ ਵਿਵਾਹ ਸੰਤਾਨ ਆਦਿ ਦੇ ਕੋਈ ਪਤੇ ਨਹੀਂ ਮਿਲਦੇ, ਪਰ ਟੋਹਾਂ ਲਾਇਆਂ ਕੁਛ ਅਨੁਮਾਨ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਗੱਦੀ ਨਸ਼ੀਨੀ ਦੇ ਮਗਰੋਂ ਆਪ ਜਦ ਅੰਮ੍ਰਿਤਸਰ ਆਉਂਦੇ ਹਨ ਤੇ ਗੁਰੂ ਸਾਹਿਬ ਜੀ ਦੀ ਮਾਤਾ ਸ੍ਰੀ ਭਾਨੀ ਜੀ ਨੂੰ ਮਿਲਦੇ ਹਨ ਤਾਂ ਮੱਥਾ ਟੇਕਦੇ ਹਨ ਯਥਾ- 'ਦੇਖੀ ਸੁਸਾ ਪ੍ਰਣਾਮ ਸੁ ਕਰੈਂ। ਇਸ ਤੋਂ ਥਹੁ ਪਿਆ ਕਿ ਆਪ ਬੀਬੀ ਭਾਨੀ ਜੀ ਦੇ ਛੋਟੇ ਭਰਾ ਸਨ। ਬੀਬੀ ਜੀ ਦਾ ਜਨਮ ੧੫੯੦-੯੧ ਦਾ ਲਿਖਿਆ ਮਿਲਦਾ ਹੈ।

ਸ੍ਰੀ ਗੁਰੂ ਅਮਰ ਦੇਵ ਜੀ ੧੫੯੭ ਬਿ: ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਏ। ਉਸ ਵੇਲੇ ਇਨ੍ਹਾਂ ਦੇ ਪਰਿਵਾਰ ਵਿਚ ਸਿੱਖੀ ਨਹੀਂ ਸੀ, ਜੇ ਹੁੰਦੀ ਤਾਂ ਗੁਰੂ ਨਾਨਕ ਦੇਵ ਜੀ ਸੰਬੰਧੀ ਆਪ ਨੂੰ ਬੀ ਪਤਾ ਹੁੰਦਾ। ਬੀਬੀ ਅਮਰੋ ਤੋਂ ਸ਼ਬਦ ਸੁਣਕੇ ਗੁਰੂ ਨਾਨਕ ਦੇਵ ਜੀ ਦੀ ਵਾਕਫ਼ੀ ਤੇ ਪਤੇ ਜਿਵੇਂ ਆਪ ਪੁੱਛਦੇ ਹਨ, ਉਨ੍ਹਾਂ ਤੋਂ ਸਹੀ ਹੁੰਦਾ ਹੈ ਕਿ ਬਾਵਜੂਦ ਰਿਸ਼ਤੇਦਾਰੀ ਦੇ ਗੁਰੂ ਘਰ ਨਾਲ ਸ਼ਰਧਾ ਵਾਲੀ ਸਿਆਣ ਹੈ ਨਹੀਂ ਸੀ। ਉਸ ਪਰਿਵਾਰ ਵਿਚ ਉਸ ਸਮੇਂ ਕਿਸੇ ਬੱਚੇ ਦਾ ਨਾਉਂ 'ਗੁਰਦਾਸ' ਰੱਖਿਆ ਜਾਣਾ ਸੰਭਾਵਤ ਨਹੀਂ ਹੁੰਦਾ। ਗੁਰੂ ਅਮਰ ਦੇਵ ਜੀ ਖਡੂਰ ਸਾਹਿਬ ਆਕੇ ਕਈ ਬਰਸ ਘਰ ਨਹੀਂ ਆਏ, ਇਸ ਅਰਸੇ ਵਿਚ ਪਰਿਵਾਰ ਦਾ ਖਡੂਰ ਸਾਹਿਬ ਮਿਲਣ ਆਉਣਾ ਜ਼ਰੂਰੀ ਘਟਨਾ ਹੈ, ਤਦੋਂ ਪਰਿਵਾਰ ਤੇ ਗੁਰੂ ਅੰਗਦ ਦੇਵ ਜੀ ਦਾ ਦੈਵੀ ਪ੍ਰਭਾਵ ਪਿਆ ਤੇ ਓਹ ਸਿਖ ਸਜੇ। ਹੁਣ ਸ਼ਰਧਾਵਾਨ ਹੋਕੇ ਕਿਸੇ ਬੱਚੇ ਦਾ ਨਾਉਂ 'ਗੁਰਦਾਸ' ਰਖਣਾ ਠੀਕ ਜਾਪਦਾ ਹੈ। ਸੋ ਜੇ ਇਹ ਅਰਸਾ ਪੰਜ ਛੇ ਸਾਲ ਦਾ ਮਿਥ ਲਈਏ ਤਾਂ ਭਾਈ ਸਾਹਿਬ ਜੀ ਦਾ ਜਨਮ ਸੰਮਤ ੧੬੦੨ ਬਿਕ੍ਰਮੀ ਦੇ ਲਗਪਗ ਜਾ ਟਿਕਦਾ ਹੈ। ਗੋਇੰਦਵਾਲ ਬੀ ੧੬੦੩ ਬਿ: ਵਿਚ ਬਸਿਆ ਲਿਖਿਆ ਹੈ (ਤ੍ਵਾ:ਖਾ:) ਤੇ ਗੁਰ ਪ੍ਰਤਾਪ ਸੂਰਜ ਦੇ ਹਿਸਾਬ ਬੀ ਸ੍ਰੀ ਗੁਰੂ ਅਮਰ ਦੇਵ ਜੀ ਨੂੰ ਗੱਦੀ ਮਿਲਣ (੧੬੦੯ ਬਿ:)

(ਬਾਕੀ ਦੇਖੋ ਅਗਲੇ ਪੰਨੇ ਦੇ ਹੇਠਾਂ) ☞

ਉਪਰ ਅਸੀਂ ਦੱਸ ਆਏ ਹਾਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਜਾ ਪਾਕੇ ਸ੍ਰੀ ਗੁਰੂ ਅਮਰ ਦੇਵ ਜੀ ਅਪਣੇ ਸਾਰੇ ਪਰਿਵਾਰ ਨੂੰ ਗੋਇੰਦਵਾਲ ਲੈ ਆਏ ਸੇ। ੧੬੦੯ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਸਚਖੰਡ ਪਿਆਨਾ ਕਰ ਗਏ ਤੇ ਸ੍ਰੀ ਗੁਰੂ ਅਮਰ ਦੇਵ ਜੀ ਗੱਦੀ ਤੇ ਬਿਰਾਜੇ। ਸੋ ਭਾਈ ਸਾਹਿਬ ਦੇ ਜੀਵਨ ਦਾ ਪਹਿਲਾ ਹਿੱਸਾ ਗੋਇੰਦਵਾਲ ਵਿਚ ਬੀਤਿਆ। ਆਪ ਦੇ ਬਚਪਨ, ਕੁਮਾਰ, ਕਿਸ਼ੋਰ ਅਵਸਥਾ ਦੇ ਹਾਲਾਤ ਨਹੀਂ ਮਿਲਦੇ, ਪਰ ਸਾਰਾ ਪਰਿਵਾਰ ਗੋਇੰਦਵਾਲ ਵਿਚ ਆ ਜਾਣ ਕਰਕੇ ਆਪ ਦਾ ਇਹ ਜੀਵਨ ਗੁਰੂ ਪ੍ਰਭਾਵ ਤੇ ਸਤਿਸੰਗ ਦੇ ਮੰਡਲ ਵਿਚ ਬੀਤਿਆ, ਇਹ ਗਲ ਸਪਸ਼ਟ ਹੀ ਹੈ। ਆਪ ਦੀ ਬਾਣੀ ਪੜ੍ਹਨ ਤੋਂ ਕੋਈ ਸ਼ੁਬਹ ਨਹੀਂ ਰਹਿੰਦਾ ਕਿ ਆਪ ਨੂੰ ਸਮੇਂ ਦੀ ਸ਼ਾਸਤ੍ਰਾਂ ਦੀ ਵਾਕਫ਼ੀ ਤੇ ਫ਼ਾਰਸੀ ਦੀ ਜਾਣ-ਕਾਰੀ ਕਾਫ਼ੀ ਸੀ, ਸੋ ਇਹ ਖ਼ਜਾਲ ਕਰ ਲੈਣਾ ਸੱਚ ਤੋਂ ਦੂਰ ਨਹੀਂ ਹੋਵੇਗਾ ਕਿ ਆਪਦੀ ਪਾਲਨਾ ਪੋਸਨਾ ਤੇ ਵਿਦਜਾ ਗੋਇੰਦਵਾਲ ਵਿਚ ਹੋਈ ਜਿਥੇ ਕਿ ਪੰਡਿਤ ਤੇ ਆਲਮ ਰਹਿੰਦੇ ਸਨ ਅਤੇ ਆਉਂਦੇ ਜਾਂਦੇ ਬੀ ਸਨ। ਏਹ ਸਾਮਾਨ ਨਵੀਂ ਨਗਰੀ ਵਿਚ ਸੁਤੇਸਿਧ ਹੋ ਜਾਣੇ ਸਨ, ਤੇ ਵਿਸ਼ੇਸ਼ ਕਰਕੇ ਗੁਰ ਨਿਵਾਸ ਸਥਾਨ ਹੋਣ ਕਰਕੇ ਹਰ ਮਤ ਦੇ ਵਿਦ੍ਵਾਨ ਤੇ ਹਰ ਵਿਦਜਾ ਦੇ ਜਾਣਕਾਰ ਸਾਧੂ ਸੰਤ ਗੁਰ-ਦਰਸ਼ਨਾਂ ਨੂੰ ਆਉਂਦੇ ਸਨ। ਗੋਇੰਦਵਾਲ ਸ਼ਾਹਰਾਹ ਦਾ ਪੱਤਣ ਸੀ, ਉਸ ਸਮੇਂ ਸ਼ਾਹੀ ਸੜਕ ਗੋਂਦਵਾਲੋਂ ਹੋਕੇ (ਹੁਣ ਵਾਲੇ ਨੂਰੰਗਾਵਾਦ ਤੇ ਤਰਨ ਤਾਰਨ ਦੇ ਉਪਰੋਂ) ਝਬਾਲ ਥਾਣੀ ਲਾਹੌਰ ਨੂੰ ਜਾਂਦੀ ਸੀ। ਐਉਂ ਗੋਇੰਦਵਾਲ ਤੋਂ ਆਮ ਲੋਕੀ ਲੰਘਦੇ ਸਨ ਤੇ ਵਿਚ ਵਿਚ

---

☜ (ਪਿਛਲੇ ਪੰਨੇ ਦੀ ਟੂਕ ਦੀ ਬਾਕੀ)

ਤੋਂ ਪਹਿਲੋਂ ਗੋਇੰਦਵਾਲ ਵਸ ਚੁੱਕਾ ਸੀ। ਸੋ ਇਸ ਸਮੇਂ ਬਾਸਰਕੇ ਯਾ ਗੋਇੰਦਵਾਲ ਪੁਜਕੇ ਆਪ ਦਾ ਜਨਮ ਹੋਇਆ ਤਾਂ ਨਾਉਂ 'ਗੁਰ+ਦਾਸ'=ਗੁਰੂ ਕਾ ਦਾਸ ਰੱਖਿਆ ਜਾਣਾ ਕ਼ਰੀਨੇ ਕ਼ਿਆਸ ਹੈ।

 www.sikhbookclub.com

ਗੁਣੀ ਜਨ ਭੀ ਲੰਘਦੇ ਤੇ ਟਿਕਦੇ ਸਨ। ਸੋ ਇੱਥੇ ਇਹ ਹੋਣਹਾਰ ਬਿਰਵਾ ਫੁਟਦੀ ਮਸੁ ਭੇ ਦੀ ਉਮਰੇ ਗੁਰਮੁਖੀ, ਹਿੰਦੀ, ਸੰਸਕ੍ਰਿਤ ਤੇ ਫ਼ਾਰਸੀ ਆਦਿ ਵਿਦਜਾ ਨਾਲ ਹਰਿਆਵਲਾ ਹੋ ਗਿਆ ਤੇ ਸ਼ਾਸਤ੍ਰਾਂ: ਉਪਨਿਖਦਾਂ, ਪੁਰਾਣਾਂ ਦੀ ਚੋਖੀ ਵਾਕਫ਼ੀਅਤ ਨਾਲ ਪ੍ਰਫੁੱਲਤ ਹੋ ਗਿਆ। ਨਾਲ ਹੀ ਦੇ ਘਰ ਵਿਚ ਸਚੇ ਸਤਿਸੰਗ ਕਰਕੇ ਰੂਹਾਨੀ ਫਲਾਂ ਨਾਲ ਸਫ਼ਲ ਹੋ ਗਿਆ। ਇਕ ਪਾਸੇ ਸੀ ਵਿਦਜਾ ਨੂੰ ਦਿਮਾਗ ਦੀ ਖੋਂਚ ਨਾਲ ਜੀਉਰੀ ਜਾਣ ਦਾ ਸ਼ੌਕ, ਦੂਜੇ ਪਾਸੇ ਸ੍ਰੀ ਗੁਰ ਰਹਸਜ ਵਿਚ ਨਿਮਰਤਾ ਤੇ ਗੁਰਮਤ ਦੀ ਰਹੁਰੀਤ ਨਾਲ ਗਿਆਨ ਪ੍ਰਾਪਤੀ। ਐਉਂ ਆਪਦਾ ਇਲਮੀ ਤੇ ਅਮਲੀ ਜੀਵਨ ਦਰੁਸਤ ਲੀਹਾਂ ਤੇ ਟੁਰਦਾ ਰਿਹਾ। ਚਾਹੋ ਇਸ ਸਮੇਂ ਦੇ ਹਾਲਾਤ ਭਾਈ ਗੁਰਦਾਸ ਜੀ ਦੇ ਨਹੀਂ ਮਿਲਦੇ, ਪਰ ਇਕ ਰਵਾਇਤ ਇਹ ਹੈ ਕਿ ਆਪ ਗੁਰੂ ਅਮਰ ਦੇਵ ਜੀ ਦੇ ਫੈਜ਼ ਨਾਲ ਕ੍ਰਿਤ ਕ੍ਰਿਤ ਹੋ ਗਏ ਸੇ ਤੇ ਚੰਬੇ, ਜੰਮੂ ਆਦਿ ਪਹਾੜਾਂ ਵਿਚ ਪ੍ਰਚਾਰ ਲਈ ਬੀ ਘੱਲੇ ਗਏ ਸੇ, ਜਿਵੇਂ ਕਿ ਗੁਰੂ ਅਮਰ ਦੇਵ ਜੀ ਦੇ ਦੂਸਰੇ ਭਤੀਜੇ ਸਾਵਣ ਮਲ ਜੀ ਹਰੀ ਪੁਰ ਦੇ ਰਾਜੇ ਪਾਸ ਘੱਲੇ ਗਏ ਸੇ।

ਸ੍ਰੀ ਗੁਰੂ ਅਮਰ ਦੇਵ ਜੀ ਦੇ ਇਸ ਲੋਕ ਵਿਚ ਹੁੰਦਿਆਂ ਉਨ੍ਹਾਂ ਦੀ ਆਗਿਆ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਮਦਾਸ ਪੁਰੇ (=ਅੰਮ੍ਰਿਤਸਰ ਦੀ ਨਗਰੀ) ਦੀ ਨੀਂਹ ਧਰੀ। ਤਵਾ:ਖਾ: ਵਿਚ ਇਸਦਾ ਸੰਮਤ ੧੬੨੭ ਹੈ ਤੇ ਨਾਲ ਹੀ ਲਿਖਿਆ ਹੈ ਕਿ 'ਭਾਈ ਸਾਲੋ, ਰੂਪ ਰਾਮ, ਗੁਰੀਆ, ਗੁਰਦਾਸ, ਉਦਮ ਆਦਿਕ ਸਿਖਾਂ ਨੇ ੫੨ ਜ਼ਾਤ ਦੇ ਲੋਕ ਗੁਰੂ ਜੀ ਦੇ ਮਹਲਾਂ ਦੇ ਗਿਰਦੇ ਗਿਰਦੇ ਵਸਾ ਦਿਤੇ। ਸੋ ਜੇ ਲੇਖਕ ਦਾ ਮਤਲਬ ੧੬੨੭ ਤੋਂ ੧੬੩੧ ਬਿ: ਦੇ ਵਿਚਲੇ ਸਮੇਂ ਦਾ ਹੈ ਤਾਂ ਭਾਈ ਗੁਰਦਾਸ ਗੁਰੂ ਅਮਰ ਦੇਵ ਜੀ ਦੇ ਸਮੇਂ ਚੋਣਵੇਂ ਸਿੱਖਾਂ ਵਿਚੋਂ ਸੇ।

 www.sikhbookclub.com

ਜੋ ਕੁਛ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਮਰ ਦੇਵ ਜੀ ਨੂੰ ਤੇ ਉਨ੍ਹਾਂ ਦੇ ਦੁਆਰੇ ਆਤਮਦਾਨ ਦੀ ਦੇਗ ਨੂੰ ਵਰਤਦਾ ਅੱਖੀਂ ਡਿੱਠਾ ਉਸਨੂੰ ਆਪ ਨੇ ਆਪ ਹੀ ਨਹੀਂ ਮਾਣਿਆ, ਉਸਦਾ ਨਕਸ਼ਾ ਅਸਾਂ ਤਕ ਅੱਪੜਨੇ ਲਈ ਉਸਨੂੰ ਅੰਕਿਤ ਭੀ ਕੀਤਾ। ਯਥਾ:-

੧. **ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ।**
੨. **ਸੋ ਟਿਕਾ ਸੋ ਬੈਹਣਾ ਸੋਈ ਸੱਚਾ ਹੁਕਮੁ ਚਲਾਇਆ।**
੩. **ਖੋਲ ਖਜਾਨਾ ਸਬਦੁ ਦਾ ਸਾਧ ਸੰਗਤਿ ਸਚੁ ਮੇਲਿ ਮਿਲਾਇਆ।**
੪. **ਗੁਰ ਚੇਲਾ ਪਰਵਾਣੁ ਕਰਿ ਚਾਰਿ ਵਰਨ ਲੈ ਪੈਰੀਂ ਪਾਇਆ।**
੫. **ਗੁਰਮੁਖਿ ਇਕੁ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਇਆ।**
੬. **ਕੁਲਾ ਧਰਮ ਗੁਰ ਸਿਖ ਸਭ ਮਾਯਾ ਵਿਚ ਉਦਾਸ ਰਹਾਇਆ।**
੭. **ਪੂਰੇ ਪੂਰਾ ਥਾਟ ਬਣਾਯਾ॥੧੨॥*** (ਵਾਰ-੨੪-੧੨)

---

* ਵਾਰ ੨੪ ਦੀ ਪੌ: ੯, ੧੦, ੧੧, ੧੩ ਵਿਚ ਬੀ ਸ੍ਰੀ ਗੁਰੂ ਅਮਰ ਦੇਵ ਜੀ ਦੀ ਹੀ ਕੀਰਤੀ ਹੈ।


www.sikhbookclub.com

## ੩. ਸ੍ਰੀ ਗੁਰੂ ਰਾਮਦਾਸ ਜੀ ਦਾ ਸਮਾਂ।

(੧੬੩੧ ਬਿ: ਤੋਂ ੧੬੩੮ ਬਿ:)

ਸ੍ਰੀ ਗੁਰੂ ਅਮਰ ਦੇਵ ਜੀ ੧੬੩੧ ਵਿਚ 'ਗੁਰੂ ਜਾਵੈ ਹਰਿ ਪ੍ਰਭ ਪਾਸਿ ਜੀਉ' ਦਾ ਖੇਲ ਵਰਤਾ ਗਏ। ਗਦੀ ਪਰ ਸ੍ਰੀ ਗੁਰੂ ਰਾਮ ਦਾਸ ਜੀ ਬਿਰਾਜੇ।. ਆਪ ਲਾਹੌਰ ਦੇ ਵਾਸੀ ਸੇ ਤੇ ਸ੍ਰੀ ਗੁਰੂ ਅਮਰ ਦਾਸ ਜੀ ਦੀ ਪਰਮ ਪੁਨੀਤ ਦੇਵੀ ਬੀਬੀ ਭਾਨੀ ਜੀ ਨਾਲ ਆਪ ਦਾ ਵਿਵਾਹ ਹੋਇਆ ਸੀ। ਪਰ ਆਪ ਨੇ ਅਪਣੇ ਸਨਬੰਧ ਦਾ ਮਾਣ ਤਿਆਗਕੇ ਗੋਇੰਦਵਾਲ ਗੁਰੂ ਕੇ ਦੁਆਰੇ ਰਹਿਕੇ ਉਹ ਸੇਵਾ ਕੀਤੀ ਤੇ ਉਹ 'ਨਾਮ ਕਮਾਈ' ਸਿਰੇ ਚਾੜ੍ਹੀ ਕਿ ਤੀਸਰੇ ਸਤਿਗੁਰਾਂ ਨੇ ਗਦੀ ਆਪ ਨੂੰ ਦਿਤੀ, ਜਦੋਂ ੧੬੩੧ ਬਿ: ਸੰਮਤ ਸੀ। ਤਦੋਂ ਜਾਪਦਾ ਹੈ ਕਿ ਭਾਈ ਗੁਰਦਾਸ ਜੀ ਬਾਹਰ ਗਏ ਹੋਏ ਸਨ, ਚਾਹੇ ਪ੍ਰਚਾਰ ਲਈ ਜੰਮੂ ਵਲ ਤੇ ਚਾਹੇ ਕਿਤੇ ਹੋਰਥੇ ਕਿਸੇ ਹੋਰ ਕੰਮ। ਆਪ ਨੇ- ਗੁਰੂ ਅਮਰ ਦੇਵ ਜੀ- ਦੇ ਅੰਤਮ ਦਰਸ਼ਨ ਹੋਏ ਬਿਨਾਂ ਸਦਾ ਦੇ ਵਿਛੋੜੇ ਦੀ ਸੋ ਸੁਣੀ ਤਾਂ ਪ੍ਰੇਮ ਨਾਲ ਪ੍ਰਵੇਧੇ ਮਨ ਨੇ ਵੈਰਾਗ ਦੇ ਹਿਲੂਣੇ ਖਾਧੇ ਤੇ ਕਵੀ ਮਨ ਨੇ ਕੋਮਲਤਾ ਵਿਚ ਅਪਣੀ ਮਨ ਦ੍ਰਵਣਤਾ ਦੇ ਅੰਤ੍ਰੀਵੀ ਰੰਗ ਵੇਖੇ। ਥੋੜ੍ਹੇ ਹੀ ਦਿਨਾਂ ਵਿਚ ਭਾਈ ਗੁਰਦਾਸ ਜੀ ਨਵੀਂ ਗੁਰਜਯੋਤੀ ਦੇ ਦਰਸ਼ਨਾਂ ਲਈ ਟੁਰ ਪਏ ਤੇ ਆ ਦਰਸ਼ਨ ਕੀਤੇ*। ਜੋ ਕੁਝ ਆਪ ਨੇ ਗੁਰੂ ਰਾਮਦਾਸ ਜੀ ਨੂੰ ਆਕੇ ਸਹੀ ਕੀਤਾ, ਉਹ ਉਨ੍ਹਾਂ ਦੇ ਆਪਣੇ ਵਾਕਾਂ ਵਿਚ ਪੜ੍ਹਿਆਂ ਹੀ ਸੁਆਦ ਆਉਂਦਾ ਹੈ। ਯਥਾ-

**੧. ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ।**
**੨. ਮਨਸਾ ਵਾਚਾ ਕਰਮਣਾ ਮਰਮੁ ਨ ਜਾਪੈ ਅਪਰ ਅਪਾਰਾ।**
**੩. ਦਾਤਾ ਭੁਗਤਾ ਦੈਆ ਦਾਨਿ ਦੇਵ ਸਥਲੁ ਸਤਿਸੰਗੁ ਉਧਾਰਾ।**

---

੧. ਸੂਰਜ ਪ੍ਰਕਾਸ਼ ਵਿਚੋਂ ਬੀ ਕੁਛ ਐਉਂ ਜਾਪਦਾ ਹੈ ਕਿ ਭਾਈ ਜੀ ਕਿਤੋਂ ਬਾਹਰੋਂ ਆਏ ਹਨ, ਯਥਾ- 'ਅਯੋ ਗੁਰਦਾਸ ਸੁ ਪ੍ਰੇਮ ਬਿਸਾਲੂ'।

 www.sikhbookclub.com

੪. ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੁ ਸੱਚੁ ਸਵਾਰਣਹਾਰਾ।

੫. ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।

੬. ਸਬਦ ਸੁਰਤਿ ਗੁਰਸਿਖੁ ਹੋਇ ਅਨਹਦ ਬਾਣੀ ਨਿਝਰ ਧਾਰਾ।

੭. ਤਖਤੁ ਬਖਤੁ ਪਰਗਟੁ ਪਾਹਾਰਾ॥੧੪॥ (ਵਾਰ-੨੪)

ਭਾਈ ਗੁਰਦਾਸ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਰਨ ਪ੍ਰਾਪਤ ਹੋਏ ਤਾਂ ਏਹ ਵਾਕ ਕਹੇ:- 'ਮੋਕਉ ਸਿਖੀ ਦੇਹੁ ਮਹਾਨੀ'* (ਸੂ:ਪ੍ਰ:) ਸਾਹਿਬਾਂ ਨੇ ਆਪ ਦਾ ਅਸਗਾਹ ਪ੍ਰੇਮ ਦੇਖ ਕੇ ਇਉਂ ਵਾਕ ਕੀਤਾ:-

ਸਿਮਰਹੁ ਵਾਹਿਗੁਰੂ ਸਤਿਨਾਮੁ॥
ਜਾਂਤੇ ਪਾਵਹੁ ਸੁਖ ਬਿਸਰਾਮੁ॥
ਅਬ ਤੁਮ ਆਗ੍ਰੇ ਮਾਂਹਿ ਸਿਧਾਵਹੁ*। (ਗੁ:ਪ੍ਰ:ਸੂ:)

---

* ਬਹੁਤੇ ਲੇਖਕਾਂ ਨੇ ਇਸਤੋਂ ਇਹ ਸਮਝਿਆ ਹੈ ਕਿ ਭਾਈ ਗੁਰਦਾਸ ਹੁਣ ਤਕ ਸਿਖ ਨਹੀਂ ਸੀ, ਹੁਣ ਸਿਖ ਬਣਿਆ ਹੈ। ਪਰ ਦੇਖੋ ਗੁਰੂ ਸਾਹਿਬ ਤਤਕਾਲ ਹੀ ਆਗਰੇ ਵਲ ਸਿਖੀ ਪ੍ਰਚਾਰ ਲਈ ਜਾਣ ਦਾ ਹੁਕਮ ਦੇਂਦੇ ਹਨ। ਸੋ ਦਰੁਸਤ ਭਾਵ ਇਹ ਜਾਪਦਾ ਹੈ ਕਿ ਭਾਈ ਜੀ ਗੁਰੂ ਅਮਰ ਦੇਵ ਜੀ ਦੇ ਵੇਲੇ ਸਿਖੀ ਧਾਰਨ ਕਰ ਚੁੱਕੇ ਸੇ। ਹੁਣ ਆਕੇ ਉਨ੍ਹਾਂ ਨੇ ਗੁਰੂ ਰਾਮਦਾਸ ਵਿਚ ਉਹੋ ਜੋਤਿ ਦੇਖੀ ਤੇ ਸਿੱਖੀ ਦੀ ਯਾਚਨਾ ਕੀਤੀ। ਅਤੇ ਨਵੇਂ ਸਤਿਗੁਰੂ ਜੀ ਪਹਿਲੇ ਗੁਰੂ ਜੀ ਵਾਂਙੂ ਸਿਖ ਮੰਨ ਲੈਣ ਦੀ ਅਰਦਾਸ ਕੀਤੀ ਤੇ ਗੁਰੂ ਜੀ ਵਲੋਂ ਸਤਿਨਾਮ ਵਾਹਿਗੁਰੂ ਸਿਮਰੋ ਕਿਹਾ ਜਾਣਾ ਉਸ ਨੂੰ ਸਿਖ ਸ੍ਵੀਕਾਰ ਕਰਨ ਦੀ ਅਸ਼ੀਰਵਾਦ ਸੀ। ਜੇ ਹੁਣ ਤਕ ਭਾਈ ਗੁਰਦਾਸ ਸਿਖ ਨਹੀਂ ਸੀ ਤੇ ਹੁਣੇ ਦੀਖਜਤ ਹੋਇਆ ਹੈ ਤਾਂ ਉਸੇ ਦਮ 'ਸਿਖਜਾ-ਦਾਤਾ' ਗੁਰਮੁਖ ਹੋਕੇ ਆਗੂ ਥਾਪਕੇ ਟੋਰ ਦੇਣਾ ਗੁਰੂ ਜੀ ਅਗੇ ਅਸੰਭਵ ਤਾਂ ਨਹੀਂ ਸੀ ਪਰ ਅਕਸਰ ਗੁਰਮਤ ਵਿਚ ਪੱਕ ਗਏ ਪ੍ਰਤਿ ਹੀ ਅਗੋਂ ਉਪਦੇਸ਼ ਕਰਨ ਦੀ ਪਦਵੀ ਮਿਲਦੀ ਸੀ। ਸਗੋਂ ਉਸੇ ਵੇਲੇ ਪ੍ਰਚਾਰ ਲਈ ਟੋਰਿਆ ਜਾਣਾ ਦਲੀਲ ਹੈ ਇਸ ਗਲ ਦੀ, ਕਿ ਉਨ੍ਹਾਂ ਦੀ ਸਿਖੀ ਤੇ ਪ੍ਰਚਾਰ ਦੇ ਗੁਣ ਦੀ ਪ੍ਰਬੀਨਤਾ ਮੰਨੀ ਪਰਮੰਨੀ ਗੱਲ ਸੀ। ਤਦੇ ਹੀ ਗੁਰੂ ਜੀ ਉਸੇ ਦਮ ਭਾਈ

(ਬਾਕੀ ਦੇਖੋ ਅਗਲੇ ਪੰਨੇ ਦੇ ਹੇਠ) ☞

 www.sikhbookclub.com

ਇਸੇ ਕਰਕੇ ਭਾਈ ਜੀ ਨੇ ਜਦ ਸਤਿਗੁਰੂ ਤੋਂ ਸਿਖੀ ਦਾਨ ਮੰਗਿਆ ਤਾਂ ਸਮਰਥ ਗੁਰੂ ਨੇ ਸਿਰ ਹੱਥ ਧਰਿਆ ਤੇ ਆਗਰੇ ਟੋਰ ਦਿੱਤਾ ਜੋ ਹਿੰਦੁਸਤਾਨ ਦੀ ਸਿਖੀ ਦਾ ਪ੍ਰਬੰਧ ਕਰਨ। ਆਗਿਆ ਪਾਕੇ ਆਪ ਟੁਰੇ, ਨਾਲ ਹੋਰ ਸਿੱਖ ਬੀ ਸਨ। ਸੋ ਮੰਜ਼ਲ ਦਰ ਮੰਜ਼ਲ ਮੁਕਾਮ ਕਰਦੇ, ਗੁਰਸਿਖੀ ਦਾ ਪ੍ਰਚਾਰ ਕਰਦੇ ਟੁਰੀ ਗਈ। ਰਸਤੇ ਵਿਚ ਭਾਈ ਜੀ ਜਿੱਥੇ ਠਹਿਰੇ ਸਵੇਰੇ ਵਾਰ ਲਾਉਣੀ, ਭੋਗ ਪਾਕੇ ਕਥਾ ਕਰਨੀ, ਸੰਝ ਨੂੰ ਸੋਦਰ ਦੀ ਚੌਂਕੀ ਤੇ ਰਾਤ ਨੂੰ ਕੀਰਤਨ ਸੋਹਿਲਾ ਦੀ ਚੌਂਕੀ ਹੋਣੀ। ਇਉਂ ਪ੍ਰਚਾਰ ਕਰਦੇ, ਕਿਹਾ ਜਾਂਦਾ ਹੈ ਕਿ ਪੰਜਾਬ ਲੰਘ, ਹਰਿਦੁਆਰ, ਦਿੱਲੀ ਆਦਿ ਥਾਵਾਂ ਤੇ ਹੁੰਦੇ ਹੋਏ ਫੇਰ ਹੇਠਾਂ ਨੂੰ ਟੁਰੇ ਤੇ ਦਿਲੀ, ਮਥਰਾ ਆਦਿ ਥਾਈਂ ਮੁਕਾਮ ਕਰਦੇ ਆਗਰੇ ਅੱਪੜੇ। ਇਥੇ ਰਹਿਕੇ ਆਪ ਜੀ ਨੇ ਸਾਰੇ ਪੂਰਬੀ ਇਲਾਕੇ ਵਿਚ ਸਿੱਖੀ ਦੀ ਪ੍ਰਚਾਰ-ਸੇਵਾ ਨੂੰ ਸੰਭਾਲ ਲਿਆ। ਆਪ ਨਿਰੇ ਆਗਰੇ ਹੀ ਨਹੀਂ ਟਿਕੇ ਰਹੇ, ਸਗੋਂ ਕਦੇ ਕਦੇ ਰਾਜਪੂਤਾਨੇ ਹੁੰਦੇ ਦੱਖਣ ਵਲ ਬੁਰਹਾਨ ਪੁਰ ਤੀਕ, ਪੂਰਬ ਵਲ ਬਿਹਾਰ ਤਕ ਤੇ ਉਤਰ ਵਲ ਲਖਨਊ ਆਦਿ ਥਾਵਾਂ ਤਕ ਬੀ ਦੌਰੇ ਕਰਦੇ ਹੁੰਦੇ ਸਨ।

ਆਪ ਦੀ ਬਜ਼ੁਰਗੀ, ਉਪਕਾਰ, ਆਤਮ ਤੱਤ ਦਰਸੀ ਹੋਣ ਦੀ ਮਹਿਮਾ ਇੰਨੀ ਫੈਲੀ ਕਿ ਬੜੇ ਬੜੇ ਸਾਧੂ ਤੇ ਫ਼ਕੀਰ ਆਪ ਨੂੰ ਮਿਲਣ ਆਉਣ ਲਗ ਪਏ। ਗੁਰੂ ਅਮਰ ਦੇਵ ਜੀ ਦੇ ਵੇਲੇ ਅਕਬਰ ਗੋਇੰਦਵਾਲ

---

☞ (ਪਿਛਲੇ ਪੰਨੇ ਦੀ ਟੂਕ ਦੀ ਬਾਕੀ)

ਜੀ ਨੂੰ ਆਗਰੇ ਤੋਰ ਦੇਂਦੇ ਹਨ। ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗਦੀ ਬਿਰਾਜਨ ਤੋਂ ਮਗਰੋਂ ਮਿਲਦੇ ਹਨ ਤਦ ਬੀ ਇਸ ਪ੍ਰਕਾਰ ਦਾ ਬਚਨ ਕਰਦੇ ਹਨ:-

ਗੁਰ ਚਾਰਨ ਮਹਿ ਜੋਤਿ ਬਿਸਾਲਾ।
ਸੋ ਅਬ ਰਾਵਰ ਬਿਖੇ ਕ੍ਰਿਪਾਲਾ।
ਸੁਾਮੀ ਸਰਬ ਘਟਨ ਕੇ ਮਾਲਕ।
(ਰਾ:੨ ਅੰ:੨੬ ਅੰਕ: ੪੪-੪੫)

 www.sikhbookclub.com

ਗੁਰੂ ਜੀ ਦੇ ਦਰਸ਼ਨ ਕਰ ਗਿਆ ਸੀ ਤੇ ਉਨ੍ਹਾਂ ਦੀ ਬਜ਼ੁਰਗੀ ਦਾ ਇੰਨਾ ਕਾਯਲ ਹੋਇਆ ਸੀ ਕਿ ੧੨ ਪਿੰਡ ਪਰਗਨੇ ਝਬਾਲ ਦੇ ਅਰਪਨ ਕੀਤੇ ਸੇ, ਜੋ ਉਨ੍ਹਾਂ ਸ੍ਵੀਕਾਰ ਨਹੀਂ ਸੇ ਕੀਤੇ, ਪਰ ਓਸ ਨੇ ਉਹ ਭਾਈ ਜੇਠਾ ਜੀ ਨੂੰ ਅਰਪ ਦਿੱਤੇ ਸੇ। ਭਾਈ ਜੇਠਾ ਜੀ ਤਦੋਂ ਗੁਰੂ ਰਾਮਦਾਸ ਜੀ ਦਾ ਨਾਮ ਸੀ। ਅਕਬਰ ਆਪ ਇਸਲਾਮ ਦੀਆਂ ਤੰਗੀਆਂ ਤੋਂ ਉਦਾਸ ਸੀ ਤੇ ਇਕ 'ਸਰਬ ਪਿਆਰ' ਵਾਲੇ ਧਰਮ ਦਾ ਮੁਤਲਾਸ਼ੀ ਸੀ। ਉਸਨੇ 'ਦੀਨੇ ਇਲਾਹੀ' ਨਾਮੇ ਇਕ ਮਤ ਬੀ ਟੋਰਿਆ ਸੀ। ਗੁਰੂ ਮਤ ਇਸ ਕਰਕੇ ਉਸਨੂੰ ਬਹੁਤ ਭਾਉਂਦਾ ਸੀ। ਇਕ ਖੋਜੀ ਜੀ ਦਾ ਖਿਆਲ ਹੈ ਕਿ 'ਧਾਰਮਕ ਸਹਾਰੇ[੧]' ਦਾ ਸੁਲਹ ਕੁਲ ਅਸੂਲ ਪਹਿਲੇ ਪਹਿਲ ਗੁਰੂ ਨਾਨਕ ਦੇਵ ਜੀ ਨੇ ਜਾਰੀ ਕੀਤਾ ਸੀ ਤੇ ਅਕਬਰ ਦੇ ਵਜ਼ੀਰ ਅਬੁੱਲ ਫ਼ਜ਼ਲ ਨੇ ਇਹ ਖ਼ਜਾਲ ਗੁਰੂ ਘਰ ਤੋਂ ਹੀ ਲੈਕੇ ਪ੍ਰਚਾਰਿਆ ਤੇ ਉਸ ਦੇ ਖ਼ਜਾਲਾਂ ਤੋਂ ਅਕਬਰ ਨੇ ਬੀ ਲਾਭ ਉਠਾਇਆ। ਸੋ ਜੇ ਆਗਰੇ, ਜੋ ਅਕਬਰ ਦੀ ਰਾਜਧਾਨੀ ਸੀ, ਭਾਈ ਜੀ ਦਾ ਅਕਬਰ ਨਾਲ ਮੇਲ ਹੋਇਆ ਹੋਵੇ ਤਾਂ ਅਚਰਜ ਨਹੀਂ।

ਆਗਰੇ ਟਿਕਾਉ ਦੇ ਦਿਨਾਂ ਵਿਚ ਭਾਈ ਜੀ ਕਦੇ ਪੰਜਾਬ ਆਏ ਕਿ ਨਹੀਂ? ਠੀਕ ਪਤਾ ਨਹੀਂ ਚੱਲਦਾ। ਸੰਮਤ ੧੬੩੮ ਦੇ ਭਾਦੋਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ। ਇਹ ਖ਼ਬਰ ਜਦ ਆਗਰੇ ਪਹੁੰਚੀ[੨] ਤਾਂ ਭਾਈ ਗੁਰਦਾਸ ਜੀ ਜੋ ਉਨ੍ਹਾਂ ਦੀ ਯਾਦ ਤੇ ਧਜਾਨ ਦੇ ਆਸਰੇ ਵੀਹ ਇਕੀਹ ਲੰਘ ਕੇ ਸਹਜ ਘਰ ਦੇ ਅਨੰਦ ਲੈਂਦੇ ਹੁੰਦੇ ਸਨ[੩] ਬਹੁਤ ਅਕੁਲਾਏ। ਚਾਹੋ ਪੂਰਨ ਗਿਆਨਵਾਨ ਸਨ, ਪਰ ਗਿਆਨ ਦੀ ਪੂਰਣਤਾ

---

੧. Religious Tolerance.

੨. ਯਥਾ ਸੂਰਜ ਪ੍ਰਕਾਸ਼ੇ- 'ਸੋ ਭੀ (ਅਰਥਾਤ ਭਾਈ ਗੁਰਦਾਸ) ਤਜਾਰ ਹੋਇ ਚਲਿ ਪਰਿਓ। ਸੁਨ ਪਰਲੋਕ ਪਿਆਨਾ ਕਰਿਓ।' (ਰਾ:੨ ਅੰਸੂ ੨੬ ਅੰਕ ੧੧)

੩. ਯਥਾ-ਵਰਤਮਾਨ ਵੀਹਿ ਵਿਸਵੇ ਹੋਇ ਇਕੀਹ ਸਹਜਿ ਘਰ ਆਇਆ।
(ਵਾਰ ਭਾ:ਗੁ: ੨੪/੯)


www.sikhbookclub.com

ਪ੍ਰੇਮ ਹੈ ਤੇ ਪ੍ਰੇਮ ਦੀ ਪੂਰਣਤਾ ਗਿਆਨ ਹੈ। ਆਪ ਦੇ ਹ੍ਰਿਦੇ ਨੇ ਵਿਛੋੜੇ ਨੂੰ ਬਹੁੰ ਪ੍ਰਤੀਤ ਕੀਤਾ। ਹੁਣ ਆਗਰੇ ਠਹਿਰਨ ਨੂੰ ਚਿਤ ਨਹੀਂ ਕਰਦਾ। ਬਿਨਾ ਆਗਜਾ ਟੁਰਨੋਂ ਝਿਜਕਦੇ ਹਨ, ਪਰ ਪ੍ਰੇਮ ਨੇ ਅੰਤ ਟੁਰਨੇ ਦਾ ਫ਼ੈਸਲਾ ਕੀਤਾ*। ਸੰਗਤ ਦੇ ਕੁਛ ਮੁਖੀਆਂ ਦੇ ਪ੍ਰਬੰਧ ਵਿਚ ਕੰਮ ਦੇਕੇ ਆਪ ਕੁਝ ਸੰਗਤ ਨਾਲ ਲੈਕੇ ਆਗਰੇ ਤੋਂ ਟੁਰਕੇ ਪੰਜਾਬ ਆਏ ਤੇ ਬਿਆਸ ਦੇ ਕਿਨਾਰੇ ਅੱਪੜੇ। ਉਸ ਵੇਲੇ ਬੇੜੀ ਹੈ ਨਹੀਂ ਸੀ ਤੇ ਨਦੀ ਬੀ ਭਰਕੇ ਵਹਿ ਰਹੀ ਸੀ। ਇਕ ਸਿਖ ਕਿਨਾਰੇ ਬੈਠਾ ਪਾਠ ਕਰ ਰਿਹਾ ਸੀ, ਤੁਕ ਆਈ:-

"ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥"

(ਧਨਾ: ਮ:੫/੬੭੯)

ਤੁਕ ਸੁਣਕੇ ਆਪ ਨੇ 'ਸੁਰਤ-ਹੁਲਾਰਾ' ਖਾਧਾ 'ਨਾਓ' ਦੀ ਉਡੀਕ ਛੱਡ ਦਿੱਤੀ ਤੇ ਅਪਣੇ ਸਾਈਂ ਦੇ 'ਨਾਉਂ' ਤੇ ਟੇਕ ਧਾਰਕੇ ਅਰਦਾਸਾ ਸੋਧਿਆ, ਫੇਰ ਨਦੀ ਵਿਚ ਠਿੱਲ੍ਹ ਪਏ, ਨਾਲ ਹੀ ਸੰਗਤ ਬੀ ਠਿੱਲ੍ਹ ਪਈ, ਸੁਖਾਂ ਨਾਲ ਪਾਰ ਆ ਲਗੇ। ਜਦ ਭਾਈ ਸਾਹਬਿ ਗੋਇੰਦਵਾਲ ਵੜਨ ਲਗੇ ਤਾਂ ਕੁਛ ਬੱਚੇ ਖੇਲ ਰਹੇ ਸੇ। ਖੇਲ ਵਿਚ ਕਿਸੇ ਗਲ ਉਤੇ ਕੁਛ ਲੜਕਿਆਂ ਆਖਿਆ-ਗੁਰੂ ਭਾਵੇ ਤਾਂ ਐਉਂ ਹੋਵੇਗਾ। ਇਸ ਉਮਰੇ ਇਸ ਸਾਦੇ ਵਾਕ ਦੇ ਹੇਠਾਂ ਲੁਕੇ 'ਗੁਰੂ ਸਿਦਕ' ਨੇ ਭਾਈ ਜੀ ਦੇ ਦਿਲੀ ਸਿਦਕ ਨੂੰ ਹਲੂਣਾ ਦਿੱਤਾ ਤੇ ਬਾਲਕਾਂ ਵਲ ਸਿਰ ਨਿਵਾਕੇ ਕਿਹਾ 'ਧੰਨ ਹੋ ਗੁਰੂ ਪਰ ਸਿਦਕ ਵਾਲਿਓ'। ਭਾਈ ਜੀ ਹੁਣ ਨਗਰੀ ਵਿਚ ਜਾ ਗੁਰੂ ਅਮਰ ਦੇਵ ਜੀ ਦੇ ਪਰਿਵਾਰ ਨੂੰ ਮਿਲੇ, ਫੇਰ ਅਪਣੇ ਘਰ ਬਿਸ੍ਰਾਮ ਕੀਤਾ ਤੇ ਸਵੇਰੇ ਰਾਮਦਾਸ ਪੁਰੇ ਨੂੰ ਚਾਲੇ ਪਾ ਦਿਤੇ।

---

* 'ਗੁਰ ਬਿਲਾਸ ਪਾਤਸ਼ਾਹੀ ੬' ਮੂਜਬ ਭਾਈ ਗੁਰਦਾਸ ਜੀ ਗੁਰੂ ਸਾਹਿਬ ਦੇ ਸਚਖੰਡ ਪਜਾਨੇ ਵੇਲੇ ਗੋਇੰਦਵਾਲ ਸਨ।

 www.sikhbookclub.com

## ੪. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਾਂ।

(੧੬੩੮ ਬਿ: ਤੋਂ ੧੬੬੩ ਬਿ:)

**ਜਦ** ਭਾਈ ਗੁਰਦਾਸ ਜੀ ਨੇ ਰਾਮਦਾਸਪੁਰੇ ਪਹੁੰਚਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਪਾਏ, ਤਾਂ ਉਹੋ ਜੋਤ, ਉਹੋ ਰੰਗ, ਉਹੋ ਰੂਪ ਮਾਨੋ ਕਾਇਆ ਹੀ ਉਹ ਪਲਟੀ ਹੋਈ ਦਿੱਸ ਰਹੀ ਹੈ, ਆਪ ਧਾਕੇ ਚਰਨੀਂ ਢੱਠੇ ਤੇ ਦੂਹਰੇ ਵੈਰਾਗ ਵਿਚ ਬਿਹਬਲ ਹੋਕੇ ਚੰਬੜੇ। ਇਸ ਤਰ੍ਹਾਂ ਪ੍ਰੇਮ ਨਾਲ ਪਰਸਪਰ ਮਿਲਾਪ ਹੋਕੇ ਜਦ ਬੈਠੇ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਸਕ੍ਰਾਕੇ ਪੁਛਿਆ 'ਭਾਈ ਜੀਓ! ਸਿੱਖਾਂ ਵਿਚ ਅਗ੍ਰਨੀਵ ਸਿਖ ਜੀਓ! ਗੋਇੰਦਵਾਲ ਆਪ ਨੇ ਖਿਲਾੜੀ ਬਚਿਆਂ ਅਗੇ ਕਿਉਂ ਸੀਸ ਨਿਵਾਇਆ?' ਇਹ ਸੁਣਕੇ ਜਿਸ ਹਿਰਦੇ ਨੂੰ ਦਰਸ਼ਨਾਂ ਤੋਂ ਪਰਖ ਲੈਣ ਦੀ ਜਾਚ ਬੀ ਪੂਰੀ ਸੀ, ਉਸਦੇ ਹਿਰਦੇ ਵਿਚ ਇਕ ਹੋਰ ਸਿਦਕ-ਹੁਲਾਰਾ ਆਇਆ ਕਿ ਅੰਤਰਯਾਮੀ ਹੋਕੇ ਦਿਲਾਂ ਦੀਆਂ ਜਾਣਨਹਾਰ ਸਮਰਥ ਗੁਰੂ ਰਾਮਦਾਸ ਇਹ ਆਪ ਹੀ ਹਨ। ਉਸ ਪ੍ਰੇਮ ਹੁਲਾਰੇ ਦਾ ਵਿਕਾਸ਼ ਭਾਈ ਜੀ ਦੀ ਉਚਾਰੀ ਇਸ ਪਉੜੀ ਵਿਚ ਮੌਜੂਦ ਹੈ:-

**੧. ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ।**
**੨. ਰਵਿ ਸਸਿ ਜੋਤਿ ਉਦੋਤ ਲੰਘਿ ਪਰਮ ਜੋਤਿ ਪਰਮੇਸਰੁ ਪਿਆਰਾ।**
**੩. ਜਗਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ।**
**੪. ਨਮਸਕਾਰ ਸੰਸਾਰ ਵਿਚਿ ਆਦਿ ਪੁਰਖ ਆਦੇਸੁ ਉਧਾਰਾ।**
**੫. ਚਾਰਿ ਵਰਨ ਛਿਅ ਦਰਸ਼ਨਾ ਗੁਰਮੁਖਿ ਮਾਰਗਿ ਸਚੁ ਅਚਾਰਾ।**
**੬. ਨਾਮੁ ਦਾਨੁ ਇਸਨਾਨੁ ਦ੍ਰਿੜਿ ਗੁਰਮੁਖਿ ਭਾਇ ਭਗਤਿ ਨਿਸਤਾਰਾ।**
**੭. ਗੁਰੂ ਅਰਜੁਣੁ ਸਚੁ ਸਿਰਜਣਹਾਰਾ॥੧੮॥** (ਵਾਰ-੨੪)

ਸਤਿਗੁਰ ਜੀ ਦੇ ਪ੍ਰਸ਼ਨ ਦਾ ਆਪ ਨੇ ਇਹ ਉਤਰ ਦਿਤਾ ਕਿ ਬਚਿਆਂ ਵਿਚ ਸਿਦਕ ਤੇ ਭਾਣੇ ਦੇ ਵਿਕਾਸ ਨੇ ਮੇਰਾ ਸੀਸ ਝੁਕਾ ਲਿਆ ਸੀ। ਇਸ ਤਰ੍ਹਾਂ ਦਰਸ਼ਨ ਪਰਸਨ ਕਰ ਸੁਖੀ ਹੋ ਭਾਈ ਜੀ ਇਕ ਅੱਧ ਦਿਨ ਟਿਕ ਕੇ ਸਤਿਗੁਰੂ ਦੀ ਆਗਜਾ ਪਾਕੇ ਗੋਇੰਦਵਾਲ ਚਲੇ ਗਏ। ਉਥੋਂ ਦਾ ਵਿਹਾਰ ਸਾਧਕੇ ਕੁਛ ਦਿਨਾਂ ਮਗਰੋਂ ਫੇਰ ਰਾਮਦਾਸ ਪੁਰ ਆ ਗਏ। ਗੁਰੂ ਅਰਜਨ ਦੇਵ ਜੀ ਵਾਹਿਗੁਰੂ ਰਜ਼ਾ ਨਾਲ ਸਦਾ ਇਕ ਸੁਰ ਟਿਕੇ ਰਹਿਣ ਵਾਲੇ ਭਾਣੇ ਦੇ ਕਿਸੇ ਰੰਗ ਵਿਚੋਂ ਲੰਘ ਰਹੇ ਸੇ। ਵਡੇ ਭਿਰਾਉ ਪ੍ਰਿਥੀਏ ਨੇ ਧਨ ਧਾਮ ਬਜ਼ਾਰ ਸਭ ਸ਼ੈ ਤੇ ਕਬਜ਼ਾ ਕਰ ਲਿਆ ਸੀ ਤੇ ਸੰਗਤਾਂ ਵਿਚ ਅਨੇਕਾਂ ਮੇਵੜੇ ਭੇਜ ਦਿੱਤੇ ਸੇ ਕਿ ਗੱਦੀ ਪ੍ਰਿਥੀਏ ਪ੍ਰਤੀ ਮਿਲੀ ਹੈ ਤੇ ਰਾਮਦਾਸ ਪੁਰੇ ਦੇ ਆਲੇ ਦੁਆਲੇ ਆਈਆਂ ਸੰਗਤਾਂ ਨੂੰ ਬੀ ਉਸਦੇ ਛਡੇ ਹੋਏ ਪ੍ਰੇਰਕ ਪ੍ਰੇਰਕੇ ਉਸ ਦੇ ਡੇਰੇ ਲੈ ਜਾਂਦੇ ਸਨ। ਗੁਰੂ ਅਰਜਨ ਦੇਵ ਜੀ ਕੁਛ ਪਰਵਾਹ ਨਹੀਂ ਸੇ ਕਰਦੇ ਤੇ ਨਾਂ ਕੋਈ ਯਤਨ ਕਰਦੇ ਸਨ; ਨਾ ਕਿਸੇ ਸਿਖ ਸੇਵਕ ਪਾਸ ਕੋਈ ਗਿਲਾ ਕਰਦੇ, ਨਾ ਕਿਸੇ ਨੂੰ ਕਿਸੇ ਉਪ੍ਰਾਲੇ ਲਈ ਪ੍ਰੇਰਦੇ। ਪਰ ਪ੍ਰਿਥੀਆ ਜੋ ਛਾਪਾਮਾਰੀ ਕਰ ਰਿਹਾ ਸੀ ਉਸ ਨਾਲ ਪਦਾਰਥ ਦੀ ਐਸੀ ਤੰਗੀ ਹੋ ਜਾਂਦੀ ਸੀ ਕਿ ਬਾਜੇ ਵੇਲੇ ਤਾਂ ਕਣਕ ਦਾ ਲੰਗਰ ਪਕਦਾ ਸੀ ਪਰ ਬਾਜੇ ਵੇਲੇ ਮਿੱਸੇ ਪ੍ਰਸ਼ਾਦੇ ਹੀ ਮਸਾਂ ਪਕਦੇ ਸੇ। ਅਜ ਫੇਰ ਡਾਢੀ ਤੰਗੀ ਦਾ ਦਿਨ ਸੀ, ਮਾਤਾ ਜੀ ਨੇ ਮਿੱਸੇ ਪ੍ਰਸ਼ਾਦੇ ਤਯਾਰ ਕਰਵਾਏ ਸੇ, ਭਾਈ ਗੁਰਦਾਸ ਜੀ ਨੂੰ ਬੀ ਇਹੋ ਪ੍ਰਸ਼ਾਦੇ ਮਿਲੇ। ਆਪ ਨੇ ਗੁਰੂ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਲੰਗਰ ਮਾਤਾ ਜੀ ਦੇ ਹੱਥ ਹੈ, ਉਨ੍ਹਾਂ ਤੋਂ ਹਾਲ ਪੁਛ ਲਵੋ। ਭਾਈ ਜੀ ਨੇ ਜਾ ਅਪਣੀ ਭੈਣ ਬੀਬੀ ਭਾਨੀ ਜੀ ਨੂੰ ਮੱਥਾ ਟੇਕਿਆ ਤੇ ਸਾਰਾ ਹਾਲ ਪੁੱਛਿਆ। ਸਾਰਾ ਹਾਲ ਭੈਣ ਜੀ ਤੋਂ ਸਮਝ ਕੇ ਦੀਨ ਦੁਨੀ ਦੇ ਪਾਤਸ਼ਾਹ ਨੂੰ ਇਸ ਹਾਲਤ ਵਿਚ ਖੁਸ਼ ਦੇਖਕੇ ਆਪ ਦੇ ਅੰਦਰ ਸ਼ੁਕਰ ਆਉਂਦਾ ਸੀ ਕਿ ਗੁਰੂ ਦੀ ਜੋਤ ਧੰਨ ਜੋਤ ਹੈ, ਜਿਸ ਵਿਚ ਸਹਨਸ਼ੀਲਤਾ ਦਾ ਇਹ ਕਮਾਲ ਹੈ। ਪਰ ਹੁਣ ਭਾਈ ਜੀ ਨੂੰ ਆਪਣੇ ਤੇ ਸ਼ੋਕ ਆਇਆ ਕਿ ਸਿੱਖ ਕੀਹ

ਤੇ ਗੁਰੂ ਖੇਚਲ ਨੂੰ ਦੇਖਕੇ ਸਹਾਰਨਾ ਕੀਹ। ਉਧਰ ਸੰਗਤਾਂ ਨਾਲ ਧ੍ਰੋਹ ਹੁੰਦਾ ਦੇਖ ਸਕਣਾ ਬੀ ਸਿਖ ਦਾ ਧਰਮ ਨਹੀਂ। ਗੁਰੂ ਜਗਤ ਤੋਂ ਲੋਪ ਹੋ ਜਾਏ ਤੇਂ ਜੋ ਗੁਰੂ ਨਹੀਂ, ਉਹ ਗੁਰੂ ਹੋ ਜਾਏ ਇਹ ਬੀ 'ਜਗਤ ਅਨਜਾਯ' ਹੈ। ਇਸ ਤਰ੍ਹਾਂ ਦੀ ਉਤਮ ਵੀਚਾਰ ਕਰਕੇ ਆਪ ਨੇ ਭਾਈ ਬੁੱਢਾ ਜੀ ਨੂੰ ਸੱਦਿਆ ਤੇ ਹੋਰ ਵਡੇ ਵਡੇ ਸਿੱਖ ਬੁਲਵਾਏ। ਇਸ ਸਰਕਰਦਿਆਂ ਦੀ ਸੰਗਤ ਨੇ ਫ਼ੈਸਲਾ ਕੀਤਾ ਕਿ ਗੁਰੂ ਰਾਮਦਾਸ ਜੀ ਦੀ ਆਗਜਾ ਦੇ ਪਾਲਨ ਵਿਚ ਜਗਤ ਦਾ ਭਲਾ ਹੈ। ਸੋ ਪ੍ਰਬੰਧ ਕਰਕੇ ਸੰਗਤ ਵਲੋਂ ਸਾਰੇ ਦੇਸ਼ ਵਿਚ ਸੱਚ ਦਾ ਪੱਲੂ ਫੇਰ ਦਿਤਾ ਗਿਆ। ਸਿੱਖ ਸੰਗਤਾਂ ਨੂੰ ਪਤਾ ਲਗ ਗਿਆ ਤੇ ਸਾਰੀ ਦੁਨੀਆਂ ਗੁਰੂ ਅਰਜਨ ਦੇਵ ਜੀ ਦੇ ਦੁਆਰੇ ਆਉਣ ਲਗ ਪਈ। ਇਸ ਕੰਮ ਵਿਚ ਭਾਈ ਜੀ ਆਪ ਬੀ ਬਾਹਰ ਦੌਰੇ ਚੜ੍ਹੇ ਤੇ ਜਗ੍ਹਾ ਜਗ੍ਹਾ ਪਹੁੰਚ ਕੇ ਸੰਗਤਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦਾ ਹੁਕਮ ਸੁਣਾ ਦਿਤਾ। ਇਸਦਾ ਫਲ ਬਹੁਤ ਉਤਮ ਹੋਇਆ। ਭਾਈ ਗੁਰਦਾਸ ਜੀ ਦਾ ਇਹ ਉੱਦਮ ਨਾ ਨਿਰੀ ਸਿਆਣਪ ਦਾ ਉੱਦਮ ਸੀ, ਨਾ ਹੀ ਇਹ ਨਿਰਾ ਉਨ੍ਹਾਂ ਦੇ ਵਡੇ ਹੌਸਲੇ ਤੇ ਕਰਤ੍ਰੀ ਸ਼ਕਤੀ ਦਾ ਲਖਾਯਕ ਮਾਤ੍ਰ ਸੀ, ਸਗੋਂ ਇਹ ਇਕ ਭਾਰੀ ਉਪਕਾਰ ਤੇ ਸੰਗਤਾਂ ਦੇ ਲਾਭ ਦੀ ਉੱਚ ਸੇਵਾ ਸੀ, ਜੋ ਆਪ ਨੇ ਅਭੈ ਹੋਕੇ ਕੀਤੀ। ਸੱਚੇ 'ਗੁਰੂ ਸੂਰਜ' ਨੂੰ ਝੂਠ ਦੇ ਬੱਦਲਾਂ ਦੇ ਉਹਲੇ ਨਾ ਹੋਣ ਦੇਣਾ ਤੇ ਸੰਗਤਾਂ ਨੂੰ ਸੱਚ ਦੇ ਚਾਨਣੇ ਵਿਚ ਰੱਖਣਾ, ਇਹ ਸੀ ਉਨ੍ਹਾਂ ਦਾ ਸੱਚ ਨਾਲ ਪਿਆਰ ਤੇ ਉਸ ਪਜਾਰ ਨੂੰ ਸਿਰੇ ਚਾੜ੍ਹ ਦੇਣ ਦਾ ਪ੍ਰਾਕ੍ਰਮ।

ਸੋ ਭਾਈ ਜੀ ਦਾ ਉੱਦਮ ਸਫ਼ਲ ਹੋਇਆ, ਸੰਗਤਾਂ ਵਿਚ ਪਤਾ ਲਗ ਗਿਆ ਕਿ ਗੁਰ ਗਦੀ ਦੇ ਮਾਲਕ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਇਉਂ ਅਰਸ਼ੀ ਸੱਚ ਦੇ ਚਾਨਣ ਪ੍ਰਕਾਸ਼ ਨਾਲ ਪ੍ਰਿਥੀ ਚੰਦ ਜੀ ਦੀ ਟਿਮਟਿਮੀ ਦੀਪ-ਲਾਟ ਦਾ ਪ੍ਰਕਾਸ਼ ਮੱਧਮ ਪੈ ਗਿਆ। ਗੁਰੂ ਅਰਜਨ ਦੇਵ ਜੀ ਉਸਨੂੰ ਸਦਾ ਪਿਆਰ ਕਰਦੇ ਰਹੇ, ਪਰ ਉਹ ਖੁਸ਼ ਨਾ ਹੋਇਆ ਤੇਂ ਤਰ੍ਹਾਂ ਤਰ੍ਹਾਂ ਦੇ ਦ੍ਵੈਖ ਕਰਦਾ ਰਿਹਾ। ਉਸਦੀ ਦ੍ਵੈਖ ਮੇਟਣ ਲਈ ਗੁਰੂ ਕੀ ਆਗਜਾ ਵਿਚ ਭਾਈ

ਗੁਰਦਾਸ ਜੀ ਨੇ, ਗੁਰੂ ਕੇ ਬਜ਼ਾਰ ਦੇ ਕਿਰਾਏ ਦੀ ਆਮਦਨ ਤੇ ਬਜ਼ਾਰ ਦੀ ਜਗਾਤ ਦੀ ਆਮਦਨ ਪ੍ਰਿਥੀਏ ਨੂੰ ਦੇ ਦਿਤੀ ਤੇ ਚੌਕ ਪਾਸੀਆਂ ਦਾ ਸਾਰਾ ਬਜ਼ਾਰ ਮਹਾਂ ਦੇਵ ਨੂੰ ਦੇ ਦਿੱਤਾ ਜੋ ਸੁਖ ਪੂਰਬਕ ਗੁਜ਼ਰਾਨ ਕਰਨ[੧]।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗਦੀ ਨਸ਼ੀਨੀ (੧੬੩੮ ਬਿ:) ਤੋਂ ਲੈ ਕੇ ਲਗਪਗ ੨੦ ਬਰਸ ਦੇ ਭਾਈ ਸਾਹਿਬ ਦੇ ਹਾਲਾਤ ਵਿਸਥਾਰ ਨਾਲ ਨਹੀਂ ਮਿਲਦੇ, ਸਿਵਾ ਛੋਟੇ ਛੋਟੇ ਤਜ਼ਕਰਿਆਂ ਦੇ ਜੋ ਅਸੀਂ ਹੇਠਾਂ ਦੇਂਦੇ ਹਾਂ। ਇਸ ਅਰਸੇ ਵਿਚ ਇਹ ਪਤਾ ਚਲਦਾ ਹੈ ਕਿ ਆਪ ਸ੍ਰੀ ਗੁਰੂ ਜੀ ਦੇ ਪਾਸ ਰਹੇ। ਗੁਰੂ ਆਗਜਾ ਵਿਚ ਸੰਗਤਾਂ ਦੇ ਕਾਰਜ ਕਰਦੇ ਰਹੇ, ਲਿਖਾ ਪੜ੍ਹੀ ਦਾ ਕੰਮ ਸਾਰਾ ਆਪਦੇ ਸਪੁਰਦ ਸੀ ਤੇ ਬਾਹਰ ਦੌਰੇ ਬੀ ਕਰਦੇ ਰਹੇ। ਆਪਦਾ ਸਿੰਧ ਜਾਣਾ ਬੀ ਪ੍ਰਤੀਤ ਦੇਂਦਾ ਹੈ। ਇਸੀ ਤਰ੍ਹਾਂ ਆਪਦੇ ਪਿਸ਼ਾਵਰ ਜਾਣ ਦੀ ਤੇ ਕਾਬਲ ਜਾਣ ਦੀਆਂ ਸੁੰਧਕਾਂ ਬੀ ਰਵਾਯਤਨ ਕੰਨੀਂ ਪੈਂਦੀਆਂ ਹਨ[੨]।

ਇਸ ਸਮੇਂ ਦੇ ਹੋਰ ਸਮਾਚਾਰ ਇਸ ਪ੍ਰਕਾਰ ਹਨ-

ਹੁਣ ਜਦ ਗੁਰੂ ਅਰਜਨ ਦੇਵ ਜੀ ਸੰਗਤਾਂ ਦੀ ਸੰਭਾਲ ਵਲ ਲਗੇ ਤੇ ਗੁਰ ਸਿਖੀ ਦਾ ਪ੍ਰਚਾਰ ਫੈਲਿਆ ਤੇ ਮੰਡੀ ਦੇ ਰਾਜੇ ਤਕ ਦਰਸ਼ਨਾਂ ਲਈ ਆਏ ਤਾਂ ਆਈ ਮਾਇਆ ਨੂੰ ਸਫ਼ਲ ਕਰਨ ਲਈ ਪਿਤਾ ਗੁਰੂ ਜੀ ਦੇ

---

੧. ਤਬ ਗੁਰਦਾਸ ਆਦਿ ਹੈਂ ਜੇਈ। 'ਕਛੁ ਇਨ ਦਿਹੁ' ਸਮਝਾਵਹਿ ਤੇਈ।
ਦਇ ਦਿਸ ਮਹਿਂ ਫਿਰ ਕਰ ਬਹੁ ਬਾਰ। ਚਾਹਤ ਭਏ ਮਿਟਾਵਨ ਰਾਰ।੨੯।
ਕੁਛਕੁ ਦੁਕਾਨਨ ਕੋ ਤਹਿਂ ਭਾਰਾ। ਅਰੁ ਜਗਾਤ ਜੋ ਆਇ ਬਜਾਰਾ।
ਸੋ ਸਭ ਪ੍ਰਿਥੀਏ ਕੋ ਤਬ ਦੀਨ। ਚੌਂਕ ਪਾਸੀਆਂ ਕੌ ਜਹਿਂ ਚੀਨ।੩੦।
ਮਹਾਂ ਦੇਵ ਕੋ ਸੋ ਬਲ ਦਯੋ। ਧਨ ਜਗਾਤ ਕੋ ਤਿਸ ਨੇ ਲਯੋ।
ਇਮ ਦੋਨੋਂ ਕੇ ਹਿਤ ਗੁਜਰਾਨ। ਲੇਕਰਿ ਕਰਹਿਂ ਨਿਬਾਹਨ ਖਾਨ।੩੧।
(ਗੁ.ਪ੍ਰ.ਸੂ.ਰਾ. ੨ ਅੰਸੂ ੨੯)

੨. ਘੋੜਿਆਂ ਲਈ ਕਾਬਲ ਜਾਣਾ ਛੇਵੇਂ ਗੁਰਾਂ ਦੇ ਪ੍ਰਸੰਗ ਵਿਚ ਫੇਰ ਆਉਂਦਾ ਹੈ।

ਹੁਕਮ ਨੂੰ ਬਜਾ ਲਿਆਉਣ ਦਾ ਅਵਸਰ ਜਾਣਕੇ ਸ੍ਰੀ ਅੰਮ੍ਰਿਤ ਸਰੋਵਰ ਤੇ ਹਰਿਮੰਦਰ ਦੀ ਤਜਾਰੀ ਦਾ ਕੰਮ ਸ਼ੁਰੂ ਕਰਨੇ ਲਈ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਟਿਕਾਣਾ ਟੋਲਣੇ ਤੇ ਲਾਯਾ। ਟਿਕਾਣਾ ਲੱਭਣ, ਤਾਲ ਪੁੱਟਣ ਤੇ ਹਰਿਮੰਦਰ ਸਾਜਣ ਦੇ ਹਾਲਾਤ ਬੜੇ ਲੰਮੇ ਹਨ ਪਰ ਭਾਈ ਗੁਰਦਾਸ ਇਸ ਸੇਵਾ ਵਿਚ ਤਨੋਂ ਮਨੋਂ ਲਗੇ ਰਹੇ। ਯਥਾ- ਭਾਉ ਭਗਤ ਕੇ ਭੌਨ ਹੁਲਾਸ। ਕਰਿਹੈ ਕਾਰ ਭਾਈ ਗੁਰਦਾਸ। (ਗੁ.ਪ੍ਰ.ਸੂ.)। ਪਹਿਲਾਂ ਸਰੋਵਰ ਤਿਆਰ ਹੋਇਆ। 'ਤਵਾ:ਸ੍ਰੀ ਅੰਮ੍ਰਿਤਸਰ' ਮੁਤਾਬਕ ਤਾਲ ਦੇ ਵਿਚ ੧੬੪੦ ਬਿ: ਵਿਖੇ ਹਰੀ ਮੰਦਰ ਦੀ ਇਮਾਰਤ ਅਰੰਭ ਹੋਈ। ਬਾਜ਼ਿਆਂ ਦੇ ਲਿਖੇ ਮੂਜਬ ਇਹ ਕਾਰਜ ੧੬੪੫ ਵਿਚ ਸਮਾਪਤ ਹੋ ਗਿਆ ਸੀ। ਇਸ ਤਰ੍ਹਾਂ ਅਨੇਕਾਂ ਸ਼ੁਭ ਕਾਰਜ ਹੁੰਦਿਆਂ ਅਨੇਕਾਂ ਸਿਖਾਂ ਦੇ ਤਰਨ ਦੇ ਪਸੰਗ ਆਉਂਦੇ ਹਨ ਤੇ ਕੁਛ ਵਰਹੇ ਬੀਤ ਜਾਂਦੇ ਹਨ। ਫਿਰ ਸ੍ਰੀ ਗੁਰੂ ਜੀ ਵਡਾਲੀ ਪਿੰਡ, ਜੋ ਪੱਛੋਂ ਰੁਖ ਅੰਮ੍ਰਿਤਸਰ ਦੇ ਨੇੜੇ ਹੀ ਹੈ, ਜਾ ਰਹੇ। ਏਥੇ ਸ੍ਰੀ ਗੁਰੂ ਹਰ ਗੋਬਿੰਦ ਜੀ ਦਾ ਜਨਮ ਹੋਇਆ। ਭਾਈ ਬੁੱਢਾ ਜੀ ਬੀੜ ਤੋਂ ਤੇ ਭਾਈ ਗੁਰਦਾਸ ਜੀ ਰਾਮਦਾਸ ਪੁਰੇ ਤੋਂ ਦੋਵੇਂ ਵਧਾਈ ਦੇਣ ਆਏ ਤੇ ਕੁਛ ਦਿਨ ਇਥੇ ਹੀ ਰਹੇ। ਫੇਰ ਭਾਈ ਬੁੱਢਾ ਜੀ ਬੀੜ ਚਲੇ ਗਏ ਤੇ ਭਾ: ਗੁਰਦਾਸ ਜੀ ਰਾਮਦਾਸ ਪੁਰੇ। ਸ੍ਰੀ ਗੁਰੂ ਜੀ ਤ੍ਰੈ ਸਾਲ ਵਡਾਲੀ ਰਹੇ*। ਪਿੰਡ ਨੇੜੇ ਹੋਣ ਕਰਕੇ ਭਾਈ ਜੀ ਆਉਂਦੇ ਜਾਂਦੇ ਰਹੇ ਤੇ ਰਾਮਦਾਸ ਪੁਰੇ ਦਾ ਕੰਮ ਬੀ ਕਰਦੇ ਰਹੇ। ੧੬੫੫ ਦੇ ਲਗਪਗ ਸ੍ਰੀ ਗੁਰੂ ਜੀ ਫੇਰ ਅੰਮ੍ਰਿਤਸਰ ਆ ਗਏ। ਹੁਣ ਕਈ ਵਾਕਿਆਤ ਪ੍ਰਿਥੀਏ ਜੀ ਵਲੋਂ ਅਤਿ ਘ੍ਰਿਣਤ ਸਲੂਕਾਂ ਦੇ ਹੋਏ, ਜਿਨ੍ਹਾਂ ਦੇ ਨਾਲੋ ਨਾਲ ਜ਼ਾਹਰ ਹੁੰਦੇ ਜਾਣ ਕਰਕੇ ਉਨ੍ਹਾਂ ਨੂੰ ਸ਼ਰਮ ਨੇ ਸ਼ਹਿਰ ਛਡਣ ਤੇ ਮਜਬੂਰ ਕੀਤਾ ਤੇ ਓਹ ਲਾਹੌਰ ਦੇ ਲਾਗੇ

---

* ਵਡਾਲੀ ਪਿੰਡ ਛਿਹਰਟੇ ਗੁਰਦੁਆਰੇ ਤੋਂ ਮੀਲ ਤੋਂ ਘਟ ਫਾਸਲੇ ਤੇ ਹੈ, ਜਿੱਥੇ ਗੁਰੂ ਹਰਿਗੋਬਿੰਦ ਜੀ ਦਾ ਜਨਮ ਅਸਥਾਨ ਹੈ।


www.sikhbookclub.com

ਹੇਹਰ* ਪਿੰਡ, ਜੋ ਉਨ੍ਹਾਂ ਦਾ ਸਹੁਰਾ ਪਿੰਡ ਸੀ ਤੇ ਉਨ੍ਹਾਂ ਨੂੰ ਸੁਲਹੀ ਖਾਂ ਤੋਂ ਮਿਲ ਗਿਆ ਸੀ, ਜਾ ਰਹੇ। ਪਰ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਹੇਹਰੀਂ ਘੱਲਿਆ ਕਿ ਉਨ੍ਹਾਂ ਨੂੰ ਮਨਾਕੇ ਵਾਪਸ ਲੈ ਆਉਣ ਤੇ ਇਥੋਂ ਤਾਈਂ ਕਹਾ ਘੱਲਿਆ ਕਿ ਬਜ਼ਾਰ ਦੀ ਆਮਦਨ ਤੁਸਾਂ ਦੇ ਸਪੁਰਦ ਹੈ ਹੀ, ਸੰਗਤਾਂ ਦੀ ਆਮਦਨ ਖਰਚ ਲੰਗਰ ਆਦਿ ਸਾਰੇ ਹੀ ਕੰਮ ਆਪ ਸਾਂਭ ਲਵੋ। ਭਾਈ ਗੁਰਦਾਸ ਜੀ ਹੇਹਰੀਂ ਗਏ, ਜਾਕੇ ਬਹੁਤ ਪਜਾਰ ਨਾਲ, ਨਿੰਮ੍ਰਤਾ ਨਾਲ ਅਰਥ ਪਰਮਾਰਥ ਦੇ ਸਾਰੇ ਪਹਿਲੂ ਖੁਹਲ ਖੁਹਲਕੇ ਤੇ ਦੱਸ ਦੱਸਕੇ ਪ੍ਰੇਰਨਾ ਕੀਤੀ ਪਰ ਪ੍ਰਿਥੀਏ ਜੀ ਤੇ ਕੋਈ ਅਸਰ ਨਾ ਹੋਇਆ, ਸਗੋਂ ਵਧੀਕ ਕਰੜੇ ਹੋ ਗਏ ਤੇ ਅਤਿ ਬੇਅਦਬੀ ਤੇ ਡਰਾਵਿਆਂ ਦੇ ਵਾਕ ਕਹਿੰਦੇ ਰਹੇ। ਭਾਈ ਜੀ ਓੜਕ ਨੂੰ ਨਿਰਾਸ਼ ਹੋ ਮੁੜ ਆਏ। ਰਸਤੇ ਵਿਚ ਆਪ ਨੇ ਪ੍ਰਿਥੀਏ ਪਰਥਾਇ ਇਕ ਵਾਰ ਉਚਾਰੀ (ਵਾਰ ੩੬) ਜਿਸ ਵਿਚ ਪਦ 'ਮੀਣਾਂ' ਉਨ੍ਹਾਂ ਲਈ ਵਰਤਿਆ ਜੋ ਪਦ ਕਿ ਗੁਰੂ ਰਾਮਦਾਸ ਜੀ ਨੇ ਪ੍ਰਿਥੀਏ ਲਈ ਵਰਤਿਆ ਸੀ। ਇਸ ਵਾਰ ਦੀ ਅਖੀਰਲੀ ਪਉੜੀ ਅਤਿ ਨਿੰਮ੍ਰਤਾ ਦੀ ਹੈ। ਆਖਰ ਪ੍ਰਿਥੀਆ ਹੁਣ ਸੁਲਹੀ ਖਾਂ ਦੀ ਮਦੱਦ ਨਾਲ ਜਹਾਂਗੀਰ ਨੂੰ ਜਾ ਮਿਲਿਆ। ਪਾਤਸ਼ਾਹ ਨੇ ਗੱਦੀ ਦਾ ਹੱਕ ਉਸਦਾ ਨਾ ਸਮਝਕੇ ਗੁਰੂ ਰਾਮਦਾਸ ਜੀ ਦੀ ਕੀਤੀ ਵਿਚ ਦਖਲ ਨਾ ਦਿੱਤਾ ਤੇ ਉਸਨੂੰ ਮਾਲਵੇ ਵਿਚ ਇਕ ਪਿੰਡ ਦੇ ਦਿੱਤਾ ਜਿਸਨੂੰ ਹੁਣ ਕੋਠਾ ਕਹਿੰਦੇ ਹਨ, ਪ੍ਰਿਥੀਆ ਪਰਵਾਰ ਸਮੇਤ ਓਥੇ ਜਾ ਰਿਹਾ। ਇਉਂ ਅਸੀਂ ਸੰਮਤ ੧੬੫੬-੫੭ ਦੇ ਲਗਪਗ ਅੱਪੜ ਪਏ ਹਾਂ।

ਇਸਤੋਂ ਮਗਰੋਂ ਦੈਵੀ ਬਾਲਕ ਸ੍ਰੀ ਹਰਗੋਬਿੰਦ ਜੀ ਨੂੰ ਤਾਪ ਦਾ ਖੇਦ ਹੋਇਆ। ਪਹਿਲੋਂ ਇਕ ਵੇਰ ਸੀਤਲਾ ਦਾ ਖੇਦ ਹੋ ਚੁਕਾ ਸੀ। ਤਾਪ ਤੋਂ ਵਲ ਹੋਣ ਮਗਰੋਂ ਸ੍ਰੀ ਬਾਬਾ ਬੁੱਢਾ ਜੀ ਨੂੰ ਬੀੜੋਂ ਸਦਵਾਕੇ ਉਨ੍ਹਾਂ ਪਾਸ ਸ੍ਰੀ ਹਰਗੋਬਿੰਦ ਜੀ ਨੂੰ ਪੜ੍ਹਨੇ ਲਈ ਬਿਠਾਇਆ। ਇਨ੍ਹਾਂ ਦਿਨਾਂ ਵਿਚ ਕਾਸ਼ੀ

* ਜ਼ਿਲਾ ਲਾਹੌਰ ਵਿਚ ਕੋਟ ਲਖਪਤ ਤੋਂ ਸੱਤ ਅੱਠ ਮੀਲ ਤੇ ਹੈ।

ਤੋਂ ਇਕ ਪੰਡਿਤ ਆਯਾ ਜੋ ਗੁਰੂ ਕੇ ਦੁਆਰੇ ਕਥਾ ਕਰਦਾ ਰਿਹਾ। ਇਸਨੇ ਕਿਸੇ ਹੋਰ ਪੋਥੀ ਦੀ ਕਥਾ ਸੁਨਾਉਣ ਲਈ ਬਿਨੈ ਕੀਤੀ, ਪਰ ਨਾਲ ਹੀ ਦੱਸਿਆ ਕਿ ਪੋਥੀ ਕਾਸ਼ੀ ਮੇਰੇ ਘਰ ਹੈ। ਇਸ ਪਰ ਰਾਹ ਦਾ ਖਰਚ ਗੁਰੂ ਜੀ ਨੇ ਦਿਤਾ ਤੇ ਪੰਡਤ ਨੇ ਮਹੂਰਤ ਸੋਧਿਆ ਤੇ ਅਪਣੇ ਪੁਤ੍ਰ ਨੂੰ ਕਾਸ਼ੀ ਟੋਰਿਆ। ਪਰ ਉਸ ਪੁਤ੍ਰ ਦੇ ਘਰੋਂ ਨਿਕਲਦਿਆਂ ਸਾਰ ਖੋਤਾ ਹੀਂਗਿਆ ਤਾਂ ਉਹ ਅਪਸ਼ਗਨ ਸਮਝ ਕੇ ਮੁੜ ਆਇਆ। ਗੁਰੂ ਜੀ ਨੇ ਪੰਡਤ ਨੂੰ, ਜੋ ਆਪ ਨੂੰ ਅਨਿੰਨ ਭਗਤ ਮੰਨਦਾ ਸੀ, ਇਹ ਗੱਲ ਦੱਸਣ ਲਈ ਕਿ 'ਕਹਿਣੀ ਦੀ ਅਨਿੰਨਤਾਈ' 'ਕਰਨੀ ਦੀ ਅਨਿੰਨਤਾਈ' ਨਾਲ ਨਹੀਂ ਪੁਜਦੀ, ਭਾਈ ਪੈੜੇ ਨੂੰ ਕਿਹਾ ਕਿ ਤੂੰ ਸੰਗਲਾਦੀਪ ਜਾਹ ਤੇ ਰਾਜੇ ਪਾਸੋਂ ਪ੍ਰਾਣ ਸੰਗਲੀ ਦੀ ਪੋਥੀ, ਜੋ ਓਥੇ ਦੱਸੀਦੀ ਹੈ, ਲੈ ਆਉ। ਉਸ ਵੇਲੇ ਇਕ ਸਿਖ ਨੇ ਪੰਜ ਪੈਸੇ ਚੜ੍ਹਾਏ ਸਨ, ਏਹ ਪੈਸੇ ਚੁਕ ਕੇ ਆਪ ਨੇ ਪੈੜੇ ਨੂੰ ਰਾਹ ਦੇ ਖਰਚ ਵਾਸਤੇ ਦਿਤੇ। ਪੈੜਾ ਮਥਾ ਟੇਕਕੇ ਉਸੇ ਵੇਲੇ ਟੁਰ ਗਿਆ, ਨਾ ਉਸਨੇ ਮਹੂਰਤ ਕਢਾਯਾ, ਨਾ ਸ਼ਗਨ ਅਪਸ਼ਗਨ ਵੀਚਾਰਿਆ, ਨਾ ਹੀ ਸੋਚ ਕੀਤੀ ਕਿ ਪੰਜ ਪੈਸਿਆਂ ਨਾਲ ਸੰਗਲਾਦੀਪ ਕਿਵੇਂ ਪੁੱਜਸਾਂ, ਇਕ ਗੁਰੂ ਤੇ ਟੇਕ ਧਾਰਕੇ ਖਿੜੇ ਮੱਥੇ ਟੁਰ ਗਿਆ। ਤਦ ਗੁਰੂ ਜੀ ਨੇ ਆਖਿਆ, ਹੇ ਪੰਡਿਤ! ਅਨਿੰਨ ਸਿਖੀ ਇਹ ਹੈ। ਫਿਰ ਭਾਈ ਗੁਰਦਾਸ ਪ੍ਰਤੀ ਸਤਿਗੁਰ ਨੇ ਆਗਿਆ ਕੀਤੀ ਜੋ ਐਉਂ ਲਿਖੀ ਹੈ-

ਪ੍ਰਭੁ ਗੁਰਦਾਸ ਭਾਈ ਪ੍ਰਤਿ ਗਾਇ-
ਯਹ ਪ੍ਰਸੰਗ ਕੇ ਕਬਿਤ ਬਨਾਇ॥

ਤਦ ਭਾਈ ਜੀ ਨੇ ਉਸ ਵੇਲੇ ਏਹ ਕਬਿਤ ਬਣਾਕੇ ਪੰਡਿਤ ਨੂੰ ਤੇ ਸੰਗਤ ਨੂੰ ਦੀਵਾਨ ਵਿਚ ਸੁਣਾਏ।

**ਬੈਸਨੋ ਅਨਿੰਨ ਬ੍ਰਹਮੰਨ ਸਾਲਗ੍ਰਾਮ ਸੇਵਾ ਗੀਤਾ ਭਾਗਵਤ ਸ੍ਰੋਤਾ ਏਕਾ ਕੀ ਕਹਾਵਈ। ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛ ਕਰਤ ਗਵਨ ਸੋ ਮਹੂਰਤ ਸੁਧਾਵਈ। ਬਾਹਰ ਨਿਕਸ**

ਗਰਧਬ ਸ੍ਵਾਨ ਸਗਨਿ ਕੈ ਸੰਕਾ ਉਪਰਾਜਿ ਬਹੁਰ ਘਰਿ ਆਵਈ। ਪਤਿਬ੍ਰਤ ਗਹਿ ਰਹਿ ਸਕਤ ਨ ਏਕਾ ਟੇਕ ਦੁਬਿਧਾ ਅਛਤ ਨ ਪਰਮਪਦ ਪਾਵਈ॥੪੪੭॥

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ। ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕਛੂ ਗ੍ਰਿਹ ਅਉ ਨਿਛਤ੍ਰ ਕੀ ਨ ਸੰਕਾ ਉਰਧਾਰੀ ਹੈ। ਜਾਨਤ ਨ ਸਗਨ ਲਗਨ ਆਨ ਦੇਵ ਸੇਵ੍ ਸਬਦ ਸੁਰਤ ਲਿਵ ਨੇਹੁ ਨਰੰਕਾਰੀ ਹੈ। ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ*॥੪੪੮॥

ਇਸ ਪ੍ਰਕਾਰ ਅਨੇਕ ਕੌਤਕ ਗੁਰੂ ਦੁਆਰੇ ਵਰਤਦੇ ਰਹੇ। ਹੁਣ ਸ੍ਰੀ ਗੁਰੂ ਜੀ ਦੇ ਦੇਖਣ ਵਿਚ ਆਯਾ ਕਿ ਗੁਰੂ ਨਾਨਕ ਦੇਵ ਜੀ ਦਾ ਨਾਉਂ ਵਿਚ ਪਾ ਪਾਕੇ ਲੋਕ ਆਪ ਬਾਣੀ ਰਚਣ ਲਗ ਪਏ ਹਨ। ਤਦ ਆਪ ਜੀ ਦੇ ਪਵਿਤ੍ਰ ਹ੍ਰਿਦੇ ਨੇ ਗੁਰਬਾਣੀ ਦੀ ਸੰਕਲਨਾ ਦਾ ਸੰਕਲਪ ਧਾਰਿਆ ਤਾਕੇ ਗੁਰਬਾਣੀ ਦੀ ਨਿਰੋਲਤਾ ਕਾਇਮ ਰਹੇ ਤੇ ਗੁਰੂ ਕਾ ਰੂਪ ਬਾਣੀ ਜੋ ਪੱਕੀ ਬਾਣੀ ਹੈ ਇਕ ਸੰਪੂਰਨ ਰੂਪ ਧਾਰਨ ਕਰ ਲਵੇ, ਜਿਸ ਵਿਚ ਕਿ ਕੋਈ ਕਿਸੇ ਤਰ੍ਹਾਂ ਦਾ ਰਲਾ ਨਾ ਪਾ ਸਕੇ। ਸੋ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਤ ਕਰਨ ਦਾ ਕੰਮ ਅਰੰਭ ਹੋਇਆ। ਲਿਖਾਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਮੁਕਰਰ ਹੋਏ। ਇਹ ਮਹਾਨ ਪਵਿਤ੍ਰ ਕੰਮ ੧੬੬੧ ਬਿ: ਵਿਚ ਸਮਾਪਤ ਹੋਇਆ। ਭਾਈ ਗੁਰਦਾਸ ਜੀ ਦੇ ਸਦਾ ਥਿਰ ਰਹਿਣ ਵਾਲੇ ਦੋ ਸੇਵਾ ਦੇ ਕੰਮ ਹਨ। ਇਕ ਇਹ ਸ੍ਰੀ ਗੁਰੂ ਜੀ ਨਾਲ ਬੈਠਕੇ ਗੁਰਬਾਣੀ ਦੇ ਇਕੱਤ੍ਰ ਤੇ ਸੰਕਲਿਤ ਕਰਨ ਵਿਚ ਸੇਵਾ ਕਰਨੀ ਤੇ ਸਾਰੀ ਬਾਣੀ ਅਪਣੀ ਹੱਥੀਂ ਲਿਖਣੀ। ਦੂਸਰਾ ਕੰਮ ਉਨ੍ਹਾਂ ਦੀ ਅਪਣੀ ਬਾਣੀ ਹੈ, ਜੋ ਗੁਰਸਿੱਖੀ

---

* ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੩੨।

ਦੇ ਅਸੂਲਾਂ ਤੇ ਗੁਰਬਾਣੀ ਦੇ ਭਾਵਾਂ ਨੂੰ ਸਮਝਣੇ ਲਈ ਸਚਮੁਚ ਕੁੰਜੀ ਦਾ ਕੰਮ ਦੇਂਦੀ ਹੈ[1]।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੰਮ ਐਉਂ ਅਰੰਭ ਹੋਇਆ ਸੀ-

ਸ੍ਰੀ ਗੁਰੂ ਅਮਰ ਦੇਵ ਜੀ ਦੀਆਂ ਸੰਕਲਿਤ ਕੀਤੀਆਂ ਗੁਰਬਾਣੀ ਦੀਆਂ ਦੋ ਪੁਸਤਕਾਂ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਸਨ[2]। ਭਾਈ ਗੁਰਦਾਸ ਜੀ ਨੂੰ ਇਨ੍ਹਾਂ ਦੇ ਲੈਣ ਲਈ ਘੱਲਿਆ ਗਿਆ ਪਰ ਬਾਬੇ ਨੇ ਨਾ ਦਿਤੀਆਂ। ਇਸੇ ਤਰ੍ਹਾਂ ਭਾਈ ਬੁੱਢਾ ਜੀ ਬੀ ਜਾਕੇ ਖਾਲੀ ਮੁੜੇ ਤਾਂ ਸ੍ਰੀ ਗੁਰੂ ਜੀ ਆਪ ਜਾ ਕੇ ਲਿਆਏ।

ਇਸ ਕੰਮ ਲਈ ਅੰਮ੍ਰਿਤਸਰ ਤੋਂ ਦੱਖਣ ਦਿਸ਼ਾ ਦਾ ਬਨ ਚੁਣਿਆ ਗਿਆ, ਜਿੱਥੇ ਹੁਣ ਰਾਮਸਰ ਦਾ ਗੁਰਦੁਆਰਾ ਕਾਯਮ ਹੈ। ਭਾਈ ਗੁਰਦਾਸ ਜੀ ਇਸ ਕੰਮ ਵਿਚ ਲਿਖਣ ਤੇ ਹੋਰ ਸੇਵਾ ਲਈ ਓਥੇ ਰਖੇ ਗਏ। ਤੰਬੂ ਕਨਾਤਾਂ ਲਾਕੇ ਜੰਗਲ ਵਿਚ ਮੰਗਲ ਰਚ ਲਿਆ ਗਿਆ। ਭਾਈ ਬੁੱਢਾ ਜੀ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਪਰ ਰਹੇ ਤੇ ਰਾਮਸਰ ਆਉਣੇ ਦੀ ਸਭ ਨੂੰ ਮਨਾਹੀ ਕੀਤੀ ਗਈ। ਭਗਤਾਂ ਦੀ ਬਾਣੀ ਗੁਰੂ ਅਮਰ ਦੇਵ ਜੀ ਨੇ ਉਸ ਪੋਥੀ ਵਿਚੋਂ ਲਿਖਵਾਈ ਸੀ ਜੋ ਹੁਣ ਗੁਰੂ ਜੀ ਮੋਹਨ ਜੀ ਪਾਸੋਂ ਲਿਆਏ ਸਨ। ਭਾਈ ਗੁਰਦਾਸ ਜੀ ਨੂੰ, ਲਿਖਿਆ ਹੈ ਕਿ, ਨਿਰਸੰਸੇ ਕਰਨ ਲਈ, ਸ੍ਰੀ ਗੁਰੂ ਜੀ ਨੇ ਭਗਤਾਂ ਦੇ ਦਰਸ਼ਨ ਬੀ ਕਰਵਾਏ ਸਨ ਜੋ ਅਪਣੀ ਬਾਣੀ ਦੀ, ਜੋ ਪਵਿਤ੍ਰ ਬੀੜ ਵਿਚ ਚੜ੍ਹੀ, ਆਪ ਤਸਦੀਕ ਕਰਦੇ ਸਨ।

---

੧. ਭਾਈ ਗੁਰਦਾਸ ਜੀ ਦੀ ਬਾਣੀ ਬਾਬਤ ਗੁਰੂ ਅਰਜਨ ਦੇਵ ਜੀ ਦੇ ਏਹ ਵਾਕ ਲਿਖੇ ਗਏ- ਜੋ ਬਾਣੀ ਗੁਰਦਾਸ ਕੀ ਗੁਰ ਮਹਿਮਾ ਭਾਰੀ।
ਸਿੱਖੀ ਪ੍ਰਾਪਤ ਪਠੇ ਤੇ ਇਮ ਲੇਹੁ ਬਿਚਾਰੀ॥
(ਸੂ:ਪ੍ਰ: ਰਾਸ ੩, ਅੰਸੂ ੩੩, ਅੰਕ ੧੪)
ਪੁਨਾ- ਅਤਿ ਪ੍ਰਸੰਨ ਹੁਇ ਵਰ ਗੁਰ ਦੀਨੇ ਤੁਵ ਬਾਣੀ ਫਲ ਹੋਇ ਬਿਲੰਦ।
ਪਢਤ ਸੁਨਤ ਗੁਰ ਸਿੱਖੀ ਪ੍ਰਾਪਤ ਸ਼ਰਧਾ ਸਤਿਗੁਰ ਵਧਹਿ ਮੁਕੰਦ'॥
(ਰਾਸ ੩ ਅੰਸੂ ੪੭ ਅੰਕ ੩੪)

੨. ਇਕ ਪੋਥੀ ਹੁਣ ਤਕ ਓਥੇ ਹੈ ਤੇ ਦੂਜੀ ਯਾਹਜਾ ਪੁਰ ਚਲੀ ਗਈ ਦੱਸੀਦੀ ਹੈ।

ਲਿਖਿਆ ਹੈ ਕਿ ਬਾਵਨ ਅਖਰੀ ਤੇ ਸੁਖਮਨੀ ਸਾਹਿਬ ਇਨ੍ਹਾਂ ਦਿਨਾਂ ਵਿਚ ਇਥੇ ਹੀ ਰਚੀਆਂ ਗਈਆਂ। ਸੁਖਮਨੀ ਜਿਸ ਟਿਕਾਣੇ ਰਚੀ ਉਹ ਥਾਂ ਹੁਣ ਤਕ ਅੰਕਿਤ ਹੈ। ਜਿਸ ਬੇਰੀ ਹੇਠ ਬੈਠਕੇ ਰਚੀ ਸੀ ਉਹ ਬੀ ਹੁਣ ਤਕ ਹਰੀ ਭਰੀ ਹੈ। ਇਸਤੋਂ ਮਗਰੋਂ ਸਤਾ ਬਲਵੰਡ ਦੀ ਵਾਰ ਬੀੜ ਵਿਚ ਦਰਜ ਕਰਨੀ, ਲਾਹੌਰੀ ਭਗਤਾਂ ਕਾਨੇ ਆਦਿ ਦੀ ਬਾਣੀ ਨੂੰ ਅਪ੍ਰਵਾਣ ਕਰਨਾ ਆਦਿ ਕਈ ਵਾਕਿਆਤ ਹੋਏ।

ਇਕ ਇਹ ਕਥਾ ਚਲੀ ਆਉਂਦੀ ਹੈ ਕਿ ਭਾਈ ਗੁਰਦਾਸ ਜੀ ਨੂੰ ਗੁਰੂ ਜੀ ਨੇ ਕਿਹਾ ਕਿ ਤੁਸੀਂ ਜੋ ਕਦੇ ਕਦੇ ਬਾਣੀ* ਰਚਦੇ ਹੋ ਲੈ ਆਓ, ਤਾਂ ਜੋ ਉਹ ਬੀ ਬੀੜ ਵਿਚ ਹੋਰ ਭਗਤਾਂ ਦੀ ਬਾਣੀ ਨਾਲ ਸ਼ਾਮਲ ਕਰੀਏ। ਤਦ ਭਾਈ ਜੀ ਨੇ ਬਿਨੈ ਕੀਤੀ ਕਿ ਮੈਂ ਆਪ ਦਾ ਤੇ ਆਪ ਦੇ ਪਿਆਰੇ ਭਗਤਾਂ ਦਾ ਦਾਸ ਹਾਂ, ਦਾਸ ਦੀ ਬਾਣੀ ਸਾਹਿਬ ਦੀ ਬਰੱਬਰੀ ਵਿਚ ਨਹੀਂ ਬੈਠ ਸਕਦੀ। ਸ੍ਰੀ ਗੁਰੂ ਜੀ ਪ੍ਰਸੰਨ ਹੋਏ ਤੇ ਵਰ ਦਿੱਤਾ- 'ਤੇਰੀ ਬਾਣੀ ਗੁਰਬਾਣੀ ਕੀ ਕੁੰਜੀ ਹੋਵੇਗੀ'।

ਇਸ ਪ੍ਰਕਾਰ ਕਈ ਪ੍ਰਸੰਗ ਵਰਤੇ। ਭਾਈ ਜੀ ਬਾਣੀ ਲਿਖਦੇ ਗਏ ਤੇ ਦਾਤਾ ਜੀ ਲਿਖਵਾਂਦੇ ਗਏ, ਅੰਤ ਕਾਰਜ ਸਮਾਪਤ ਹੋ ਗਿਆ। ਸੰਗਤਾਂ ਵਿਚ ਬੜੇ ਉਤਸ਼ਾਹ ਹੋਏ। ਹੁਣ ਸੰਗਤਾਂ ਨੂੰ ਰਾਮਸਰ ਆਕੇ ਦਰਸ਼ਨ ਕਰਨ ਦੀ ਆਗਿਆ ਹੋ ਗਈ, ਹੁੰਮ ਹੁੰਮਾਕੇ ਗੁਰ ਸਿਖ ਆਏ ਤੇ ਦਰਸ਼ਨ ਕਰਕੇ ਨਿਹਾਲ ਹੋਏ। ਇਸ ਮਹਾਨ ਕਾਰਜ ਦੇ ਸਿਰੇ ਚੜ੍ਹਨ ਦਾ ਸੰਮਤ ਹੈ ੧੬੬੧ ਬਿ: ਭਾਦੋਂ ਸੁਦੀ ਏਕਮ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਦੇਹੀ

---

* ਇਸ ਵੇਲੇ ਭਾਈ ਗੁਰਦਾਸ ਦੀ ਬਾਣੀ ਹੈਸੀ, ਪਰ ਉਹ ਬੁਹੜੀ ਸੀ ਤੇ ਖੁੱਲ੍ਹੀ ਸੀ। ਵਾਰਾਂ ਤੇ ਕਬਿਤ ਸਵੱਯੇ ਹੁਣ ਵਾਲੇ ਸੰਕਲਿਤ ਰੂਪ ਵਿਚ ਨਹੀਂ ਸੇ। ਛੇਵੇਂ ਸਤਿਗੁਰੂ ਜੀ ਅਜੇ ਗੱਦੀ ਤੇ ਬਿਰਾਜੇ ਨਹੀਂ ਸੇ, 'ਜੇ ਗੁਰ ਸਾਂਗ ਵਰਤਦਾ' ਵਾਲੀ ਸਾਖੀ ਅਜੇ ਵਰਤੀ ਨਹੀਂ ਸੀ, ਬਨਾਰਸ ਵਾਲੀ ਘਟਨਾ ਬੀ ਅਜੇ ਹੋਈ ਨਹੀਂ ਸੀ ਤੇ ਕਬਿੱਤ ਸਵੱਯੇ ਬਨਾਰਸ ਵਾਲੇ ਅਜੇ ਰਚੇ ਨਹੀਂ ਸੇ ਗਏ। ਏਹ ਸਾਰੇ ਮਾਮਲੇ ੧੬੬੧ ਬਿ: ਤੋਂ ਮਗਰੋਂ ਦੇ ਹਨ ਜਦੋਂ ਕਿ ਪਵਿਤ੍ਰ ਬੀੜ ਤਿਆਰ ਹੋਈ ਸੀ।

 www.sikhbookclub.com

ਸ੍ਰੀ ਹਰਿਮੰਦਰ ਵਿਚ ਸਥਾਪਨ ਕੀਤੀ ਗਈ ਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਥਾਪੇ ਗਏ। ਇਸ ਉਤਸ਼ਾਹ ਵਾਲੇ ਸਮੇਂ ਜਾਪਦਾ ਹੈ ਗੁਰਬਾਣੀ ਦੀ ਮਹਿਮਾ ਵਿਚ ਭਾਈ ਗੁਰਦਾਸ ਨੇ ਇਹ ਛੰਦ ਰਚਿਆ-

**ਸਿੰਮ੍ਰਿਤ ਪੁਰਾਨ ਕੋਟਾਨਿ ਬਖਾਨ ਬਹੁ ਭਾਗਵਤ ਬੇਦ ਬਜਾਕਰਨ ਗੀਤਾ॥ ਸੇਸ ਮਰਜੇਸ ਅਖਲੇਸ ਸੁਰ ਮਹੇਸ ਮੁਨਿ ਜਗਤਿ ਅਰ ਭਗਤਿ ਸੁਰ ਨਰ ਅਤੀਤਾ॥ ਗਜਾਨ ਅਰੁ ਧਜਾਨ ਉਨਮਾਨ ਉਨਮਨ ਉਕਤਿ ਰਾਗ ਨਾਦ ਦਿਜ ਸੁਰ ਮਤਿ ਨੀਤਾ॥ ਅਰਧ ਲਗ ਮਾਤ੍ਰ ਗੁਰ ਸਬਦ ਅਖਰਮੇਕ ਅਗਮ ਅਤਿ ਅਗਮ ਅਗਾਧਿ ਮੀਤਾ॥੫੪੦॥**

ਪਵਿਤ੍ਰ ਬੀੜ ਦੇ ੧੬੬੧ ਵਿਚ ਮੁਕੰਮਲ ਹੋ ਜਾਣ ਤੋਂ ਬਾਦ, ਤਵਾ: ਖਾਲਿਸਾ, ਜੀਵਨ ਬਾਬਾ ਬੁੱਢਾ ਆਦਿ ਕਈਆਂ ਇਤਿਹਾਸਾਂ ਵਿਚ ਇਕ ਵਾਕਿਆ ਲਿਖਿਆ ਹੈ ਕਿ ੧੬੬੨ ਬਿ: ਵਿਚ ਅਕਬਰ* ਵਟਾਲੇ ਆਇਆ ਤੇ ਉਸ ਪਾਸ ਸ਼ਿਕਾਯਤ ਹੋਈ ਕਿ ਗੁਰੂ ਅਰਜਨ ਦੇਵ ਜੀ ਨੇ ਇਕ ਪੁਸਤਕ ਬਣਾਈ ਹੈ ਤੇ ਉਸ ਵਿਚ ਹਿੰਦੂ ਮੁਸਲਮਾਨਾਂ ਵਿਰੁੱਧ ਬਾਣੀ ਲਿਖੀ ਹੈ। ਅਕਬਰ ਨੇ ਸੱਦਾ ਘਲਿਆ ਤਾਂ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਟਾਲੇ ਘੱਲਿਆ। ਪਾਤਸ਼ਾਹ ਨੇ ਦਰਸ਼ਨ ਕੀਤੇ ਤੇ ਕਿਹਾ ਕੋਈ ਵਾਕ ਸੁਣਾਓ ਤਾਂ ਪਹਿਲਾ ਸ਼ਬਦ ਇਹ ਆਯਾ- '**ਖਾਕ ਨੂਰ ਕਰਦੰ ਆਲਮ ਦੁਨੀਆਇ॥**' (ਤਿਲੰ: ਮ:੫/੭੨੩) ਇਹ ਸੁਣਕੇ ਅਕਬਰ, ਜੋ ਪਹਿਲੋਂ ਗੁਰੂ ਅਮਰ ਦੇਵ ਜੀ ਨੂੰ ਮਿਲ ਚੁਕਾ ਸੀ, ਖੁਸ਼ ਹੋਇਆ, ਪਰ ਚੁਗਲਾਂ ਨੇ ਕਿਹਾ ਕਿ

---

* ਜੀਵਨ ਬਾਬਾ ਬੁੱਢਾ ਦੇ ਕਰਤਾ ਨੇ ਇਹ ਵਾਕਯਾ ੧੬੬੩ ਦਾ ਜਹਾਂਗੀਰ ਨਾਲ ਹੋਯਾ ਲਿਖਿਆ ਹੈ ਪਰ ਇਹ ਠੀਕ ਨਹੀਂ ਕਿਉਂਕਿ ਜਹਾਂਗੀਰ (੨੪ ਅਕ:੧੬੦੫ ਈ:) ੧੬੬੨ ਬਿ: ਵਿਚ ਗਦੀ ਬੈਠਾ ਹੈ ਤੇ ੧੬੬੩ ਦੇ ਵਿਸਾਖ ਜੇਠ ਵਿਚ ਖੁਸਰੋ ਦੇ ਮਗਰ ਪੰਜਾਬ ਆਯਾ ਹੈ, ਜਦੋਂ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਗਿਆ ਹੈ, ਇਸਤੋਂ ਪਹਿਲੇ ਉਹ ੪-੫ ਮਹੀਨੇ ਵਿਚ ਪੰਜਾਬ ਨਹੀਂ ਆਯਾ।

ਇਹ ਸ਼ਬਦ ਜਾਣਕੇ ਕੱਢਿਆ ਗਿਆ ਹੈ, ਤਦ ਅਕਬਰ ਨੇ ਆਪ ਪਵਿਤ੍ਰ ਬੀੜ ਦੇ ਪਤ੍ਰੇ ਉਲਟਾਕੇ ਕਿਹਾ ਐਥੋਂ ਪੜ੍ਹੋ ਤਾਂ ਸ਼ਬਦ ਆਯਾ-

**'ਅਲਹ ਅਗਮ ਖੁਦਾਈ ਬੰਦੇ॥ ਛੋਡਿ ਖਿਆਲ ਦੁਨੀਆ ਕੇ ਧੰਧੇ॥'**

(ਮਾਰੂ: ਮ:੫-੧੦੮੩)

ਇਸ ਸ਼ਬਦ ਦਾ ਅਸਰ ਬੀ ਬਹੁਤ ਸੁਹਣਾ ਪਿਆ। ਤਦ ਇਕ ਹੋਰ ਥਾਂ ਤੋਂ ਪੜ੍ਹਨ ਲਈ ਕਿਹਾ ਗਿਆ, ਤਦ ਇਹ ਸ਼ਬਦ ਆਯਾ- **'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ'**। (ਰਾਮ: ਮ: ੫-੮੮੫) ਇਹ ਸੁਣਕੇ ਅਕਬਰ ਨੇ ਕਿਹਾ ਇਹ ਪੁਸਤਕ ਨਿਰਵੈਰ ਹੈ ਤੇ ਇਕ ਖ਼ੁਦਾ ਦੀ ਮਹਿੰਮਾ ਗਾਉਣ ਵਾਲੀ ਪਰਮ ਪਵਿਤ੍ਰ ਹੈ। ੫੧ ਮੁਹਰਾਂ ਭੇਟ ਕੀਤੀਆਂ। ਭਾਈ ਗੁਰਦਾਸ ਤੇ ਨਾਲ ਦੇ ਸਿਖਾਂ ਨੂੰ ਦੁਸ਼ਾਲੇ ਦਿਤੇ ਤੇ ਗੁਰੂ ਜੀ ਲਈ ਸਿਰੋਪਾਉ ਘੱਲਿਆ।

ਇਸ ਵਾਕਿਆ ਪਰ ਵੀਚਾਰ ਇਹ ਹੈ-

ਫ਼ਾਰਸੀ ਇਤਿਹਾਸ 'ਖੁਲਾਸਹਤੁੱਤਵਾਰੀਖ' ਦਾ ਕਰਤਾ ਲਿਖਦਾ ਹੈ ਕਿ ਅਕਬਰ ਸਰਹਦ ਦੀ ਮੁਹਿੰਮ ਤੋਂ ਵਾਪਸ ਆਉਂਦਾ ਵਟਾਲੇ ਰਹਿਆ। ਇਥੇ ਜੋਗੀਆਂ ਦਾ ਤੇ ਮੁਸਲਮਾਨਾਂ ਦਾ ਝਗੜਾ ਅਚਲ ਵਟਾਲੇ ਦੇ ਮੰਦਰ ਢਾਹੁਣ ਬਾਬਤ ਮੇਟਕੇ ਦਰਯਾ ਬਜਾਸ ਪਾਰ ਹੋਕੇ ਗੁਰੂ ਅਰਜਨ ਦੇਵ ਜੀ ਦੇ ਟਿਕਾਣੇ ਪਹੁੰਚਾ ਜਿਥੇ ਮੁਲਾਕਾਤ ਹੋਈ। ਤਦੋਂ ਆਪ ਨੇ ਗੁਰਬਾਣੀ ਦੇ ਸ਼ਬਦ ਬੀ ਸੁਣੇ ਤੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਨੇ ਪਰਉਪਕਾਰ ਦਾ ਸਮਾ ਵੇਖਕੇ ਪਾਤਸ਼ਾਹ ਨੂੰ ਕਿਹਾ ਕਿ ਮੁਹਿੰਮ ਕਰਕੇ ਦੇਸ਼ ਵਿਚ ਮਹਿੰਗ ਹੋ ਗਿਆ ਹੈ ਤੇ ਪ੍ਰਜਾ ਦੁਖੀ ਹੈ, ਮਾਮਲਾ ਮਾਫ਼ ਕਰ ਦਿਓ ਤਦ ਅਕਬਰ ਨੇ ਗੁਰੂ ਜੀ ਦਾ ਕਿਹਾ ਮੰਨਕੇ ਪਰਜਾ ਦੇ ਮਾਮਲੇ ਦਾ ੧੦/੧੨ ਹਿੱਸਾ ਮਾਫ਼ ਕਰ ਦਿੱਤਾ। ਇਸ ਇਤਿਹਾਸਕਾਰ ਨੇ ਇਸ ਵਾਕਿਆ ਦਾ ਸੰਮਤ ਨਹੀਂ ਦਿੱਤਾ, ਪਰ ਹੋਰ ਇਤਿਹਾਸਾਂ ਤੋਂ ਅਕਬਰ ਦੇ ਇਸ ਫੇਰੇ ਦਾ ਸੰਮਤ ਟੋਲੀਏ ਤਾਂ ਇਹ ਸਮਾਂ ੧੬੫੫-੫੬ ਬਿ: ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਮੁਕੰਮਲਤਾਈ ਦਾ ਸੰਮਤ ਭਾਦੋਂ ੧੬੬੧ ਬਿ: ਹੈ। ਸੋ ਸਾਰੇ ਹਾਲਾਤ ਨੂੰ ਜਾਚਣ ਤੋਂ ਪਤਾ ਚਲਦਾ ਹੈ ਕਿ ੧੬੫੫-੫੬ ਦੇ ਲਗਪਗ

 www.sikhbookclub.com

ਜਦੋਂ ਅਕਬਰ ਬਜਾਸਾ ਪਾਰ ਹੋ ਗੁਰੂ ਜੀ ਨੂੰ ਮਿਲਨ ਗਿਆ ਹੈ ਇਹ ਵਾਕਿਆ ਤਦੋਂ ਦਾ ਹੀ ਹੈ। ਬਜਾਸ ਪਾਰ ਹੋ ਜਿੱਥੇ ਮਿਲਿਆ ਉਹ ਜਗਾ ਕਰਤਾਰਪੁਰ ਹੋ ਸਕਦੀ ਹੈ। ਇਸਤੋਂ ਪਤਾ ਲਗਾ ਕਿ ਭਾਈ ਗੁਰਦਾਸ ਜੀ ਗੁਰੂ ਗ੍ਰੰਥ ਸਾਹਿਬ ਜੀ ਲੈ ਕੇ ਵਟਾਲੇ ਨਹੀਂ ਗਏ ਸਗੋਂ ਅਕਬਰ ਆਪ (ਕਰਤਾਰਪੁਰ) ਗੁਰੂ ਜੀ ਨੂੰ ਮਿਲਿਆ ਹੈ। ਖੁਲਾ: ਤਵਾ: ਵਾਲੇ ਨੇ ਇਹ ਗਲ ਲਿਖੀ ਹੈ ਕਿ ਉਸਨੇ ਗੁਰੂ ਕੀ ਬਾਣੀ ਸੁਣੀ ਤੇ ਖੁਸ਼ ਹੋਇਆ ਤੇ ਗੁਰੂ ਜੀ ਦੇ ਕਹਿਣ ਤੇ ਮਾਮਲੇ ਦਾ ੧੦/੧੨ਵਾਂ ਹਿੱਸਾ ਪ੍ਰਜਾ ਨੂੰ ਮਾਫ਼ ਕਰ ਗਿਆ। ਸੋ ਇਸ ਵੇਲੇ ਦੀ ਮੁਲਾਕਾਤ ਨੂੰ ਇਤਿਹਾਸਕਾਰਾਂ ਨੇ ਕਿਸੇ ਉਕਾਈ ਨਾਲ ੧੬੬੨ ਬਿ: ਵਿਚ ਹੋਈ ਲਿਖ ਦਿੱਤਾ ਹੈ। ਪਵਿਤ੍ਰ ਬੀੜ ਦੇ ਮੁਕੰਮਲ ਹੋਣ ਦੇ ਬਾਦ ੧੬੬੧ ਵਿਚ ਕਿ ੧੬੬੨ ਵਿਚ ਅਕਬਰ ਪੰਜਾਬ ਵਿਚ ਆਯਾ ਹੀ ਨਹੀਂ*। ਪਰੰਤੂ ੧੫੫੬-੫੭ ਵਿਚ ਗੁਰੂ ਜੀ ਦੀ ਆਪਣੀ ਬਾਣੀ ਉਚਾਰੀ ਹੋਈ ਤੇ ਲਿਖੀ ਹੋਈ ਬਹਤੁ ਸਾਰੀ ਮੌਜੂਦ ਸੀ ਤੇ ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਬੀ ਕੁਝ ਇਕਤ੍ਰ ਹੋਈ ਹੋਈ ਸੀ। ਉਸ ਵਿਚੋਂ ਆਗਿਆ ਅਨੁਸਾਰ ਭਾਈ ਗੁਰਦਾਸ ਜੀ ਨੇ ਬਾਣੀ ਸੁਣਾਈ। ਇਹ ਗਲ ਇਤਿਹਾਸਕਾਰਾਂ ਦੀ ਸਹੀ ਹੈ, ਜੈਸਾ ਕਿ ਖੁਲਾਸਹਤੁੱਤਵਾਰੀਖ ਵਿਚ ਲਿਖਿਆ ਹੈ ਕਿ ਅਕਬਰ ਨੇ ਬਾਣੀ ਸੁਣੀ ਤੇ ਖੁਸ਼ ਹੋਇਆ, ਭੇਟਾ ਪੂਜਾ ਬੀ ਕੀਤੀ ਹੋਣੀ ਜ਼ਰੂਰੀ ਬਾਤ ਹੈ, ਕਿਉਂਕਿ ਉਹ ਗੁਰੂ ਜੀ ਦਾ ਅਤਿ ਸਨਮਾਨ ਕਰਦਾ ਸੀ ਤਦੇ ਹੀ ਤਾਂ ਉਨ੍ਹਾਂ ਦੀ ਸਿਫ਼ਾਰਸ਼ ਤੇ ਉਸ ਨੇ ਮਾਮਲੇ ਵਿਚ ਮਾਫ਼ੀ ਕੀਤੀ। ਅਕਬਰ ਤੀਸਰੇ ਸਤਿਗੁਰਾਂ ਨੂੰ ਮਿਲ ਚੁਕਾ ਸੀ ਤੇ ਚੌਥੇ ਸਾਹਿਬਾਂ ਨੂੰ ੧੨ ਪਿੰਡ ਬੀ ਅਰਪਨ ਕਰ ਚੁਕਾ ਹੋਯਾ ਸੀ।

---

* ਅਕਬਰ ੧੫੯੯ ਈ: (੧੬੫੬ ਬਿ: ਤੋਂ ਦੱਖਣ ਵਿਚ ਸੀ ਤੇ ਓਥੋਂ ੧੬੦੧ਈ: (੧੬੫੮ ਬਿ:) ਵਿਚ ਦਿੱਲੀ ਆਯਾ ਤੇ ਅਪਣੇ ਸ਼ਹਿਜ਼ਾਦੇ -ਜੋ ਮਗਰੋਂ ਜਹਾਂਗੀਰ ਕਹਿਲਾਯਾ-ਝਗੜਿਆਂ ਝੰਬੇਲਿਆਂ ਵਿਚ ਤੇ ਹੋਰ ਮਾਮਲਿਆਂ ਵਿਚ ਬਹੁਤ ਰੁੱਝਾ ਰਿਹਾ ਤੇ ਬੀਮਾਰ ਹੋਕੇ (ਅਕਤੂਬਰ ੧੬੦੫) ੧੬੬੨ ਬਿ: ਵਿਚ ਚੜ੍ਹ ਗਿਆ।

 www.sikhbookclub.com

ਪਵਿਤ੍ਰ ਬੀੜ ਦੀ ਰਚਨਾ ਮਗਰੋਂ ਸ੍ਰੀ ਹਰਿਮੰਦਰ ਦੀ ਰੌਣਕ ਬੜੀ ਵਧੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ, ਕੀਰਤਨ ਹੋਣੇ, ਗੁਰੂ ਜੀ ਨੇ ਵਿਚ ਬੈਠਕੇ ਉਪਦੇਸ਼ ਦੇਣਾ, ਧਰਤੀ ਤੇ ਸਚਖੰਡ ਦਾ ਨਕਸ਼ਾ ਬੱਝ ਗਿਆ। ਪਰ ਭਾਣੇ ਦੇ ਖੇਲ ਅਚਰਜ ਹਨ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਚਖੰਡ ਪਜਾਨੇ ਦਾ ਸਮਾਂ ਆ ਗਿਆ। ਭਾਈ ਗੁਰਦਾਸ ਜੀ ਜਿਤਨੇ ਵਡੇ ਰਜ਼ਾ ਤੇ ਟੁਰਨ ਵਾਲੇ ਸਨ ਪ੍ਰੀਖਜਾਂ ਬੀ ਉਸ ਤੋਂ ਵਡੇਰੀਆਂ ਆਈਆਂ। ਦੋ ਗੁਰੂ ਸਾਹਿਬਾਂ ਦੇ ਵਿਛੋੜੇ ਆਪ ਝੱਲ ਚੁਕੇ ਸੇ ਹੁਣ ਤੀਸਰੀ ਜੋਤ ਦੇ ਭਾਣੇ ਵਰਤਾਉਣ ਤੇ ਅਸਹਿ ਕਸ਼ਟ ਸਹਾਰਕੇ ਭਾਣੇ ਵਰਤਾਉਣ ਦੀ ਹੋਣੀ ਤੇ ਨਾ ਸਹੇ ਜਾ ਸਕਣ ਵਾਲੀ ਹੋਣੀ ਆਪ ਦੇ ਰਸੱਗਾਜ ਮਨ ਲਈ ਹੋਰ ਆ ਗਈ। ਇਸਲਾਮੀ ਤਅੱਸਬ ਜਹਾਂਗੀਰ ਪਾਤਸ਼ਾਹ ਦੇ ਦਿਲ ਵਿਚ, ਉਸਦੇ ਅਪਣੇ ਲਿਖੇ ਅਨੁਸਾਰ, ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਕੰਮ ਕਰ ਰਿਹਾ ਸੀ। ਅਕਬਰ ਦੀ ਪੁਤ੍ਰ ਨਾਲ ਵਿਗੜ ਗਈ, ਉਹ ਮੌਕਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਦੇ ਹਥ ਆ ਗਿਆ। ਪਾਤਸ਼ਾਹ ਨੂੰ ਭੜਕਾ ਦਿਤਾ ਗਿਆ ਕਿ ਖੁਸਰੋ ਤੇਰੇ ਪੁਤ੍ਰ ਨੂੰ ਗੁਰੂ ਜੀ ਤੋਂ ਤੇਰੇ ਵਿਰੁੱਧ ਸਹਾਯਤਾ ਮਿਲੀ ਹੈ ਤੇ ਉਸਦੇ ਪਹਿਲੋਂ ਹੀ ਤਅੱਸਬ ਵਾਲੇ ਹੋ ਰਹੇ ਮਨ ਨੇ, ਜੈਸਾ ਕਿ ਉਸਨੇ ਆਪ ਅਪਣੀ ਤੁਜ਼ਕ ਵਿਚ ਲਿਖਿਆ ਹੈ, ਆਪ ਜੀ ਦੇ ਸਰੀਰ ਨੂੰ ਖੇਦ ਤੇ ਸਮਾਪਤੀ ਦਾ ਹੁਕਮ ਦੇ ਦਿੱਤਾ*।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕੋਮਲ ਉਨਰਾਂ ਦਾ ਰਸੀਆ ਮਨ, ਉਨ੍ਹਾਂ ਦਾ ਆਤਮ ਰਸਗਾਜਤਾ ਵਾਲਾ ਹ੍ਰਿਦਾ ਤੇ ਉਸਨੂੰ ਵਾਸ ਦੇਣ ਵਾਲਾ ਸੁਹਣਾ ਸੁਹਲ ਸਰੀਰ ਭਾਰੇ ਕਸ਼ਟਾਂ ਤੇ ਅਸਹਿ ਖ਼ੇਦਾਂ ਦੇ ਮੂੰਹ ਆ ਗਿਆ, ਕਿੰਤੂ ਉਸ ਬ੍ਰਹਮ ਗਿਆਨੀ ਪੈਦਾ ਕਰਨ ਵਾਲੇ ਦੇ ਬ੍ਰਹਮ ਗਿਆਨੀ ਮਨ ਨੇ ਸਭ ਕਸ਼ਟ ਸਹਾਰੇ ਪਰ ਅਪਣੀਂ 'ਮਰਜ਼ੀ' ਦੀ ਸੁਰ 'ਸਾਈਂ ਰਜ਼ਾ' ਦੀ

---

* ਵਿਸ਼ੇਸ਼ ਹਾਲਾਤ ਤੇ ਉਨ੍ਹਾਂ ਦੀ ਖੋਜ ਪੜਤਾਲ ਲਈ ਦੇਖੋ ਸੰਪਾਦਿਤ ਗੁਰ ਪ੍ਰਤਾਪ ਸੂਰਜ ਰਾਸ ੪ ਅੰਸੂ ੩੭ ਪੰਨਾ ੨੩੭੭ ਦੀ ਹੇਠਲੀ ਟੂਕ।

 www.sikhbookclub.com

ਸੁਰ ਨਾਲ ਬੇਸੁਰ ਨਾ ਹੋਣ ਦਿਤੀ, ਪਰ ਨਾ ਹੋਣ ਦਿੱਤੀ। ਇਹ ਪਰਮ ਪ੍ਰੀਤਮ ਦਾ ਕਸ਼ਟ ਤੇ ਵਿਛੋੜਾ ਭਾਈ ਗੁਰਦਾਸ ਦੇ ਪ੍ਰੇਮ ਪ੍ਰਵੇਧੇ ਕਵੀ ਮਨ ਨੇ ਕੀਕੂੰ ਝੱਲਿਆ ਹੋਊ ਇਹ ਸੋਚਿਆ ਹੀ ਜਾ ਸਕਦਾ ਹੈ, ਵਰਣਨ ਨਹੀਂ ਹੋ ਸਕਦਾ। ਪਰ ਭਾਈ ਜੀ ਗਜਾਨ ਆਰੂੜ੍ਹ ਬੀ ਸੇ, ਭਾਣੇ ਨੂੰ ਝੱਲ ਗਏ। ਆਪ ਨੇ ਅਪਣੀ ਨਿਜ ਵਾਕਫ਼ੀ ਦੇ ਆਧਾਰ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਖੇਦਾਂ ਨੂੰ ਕੰਬਦੇ ਹੱਥੀਂ, ਲਰਜ਼ਾਏ ਦਿਲ ਤੇ ਥਰਥਰਾਉਂਦੇ ਵਲਵਲਿਆਂ ਦੇ ਵੇਗ ਵਿਚ ਇਕ ਗਜਾਨਵਾਨ ਵਾਕੂੰ ਐਉਂ ਵਰਣਨ ਕੀਤਾ:-

**੧. ਰਹਿਦੇ ਗੁਰੁ ਦਰੀਆਉ ਵਿਚ[੧] ਮੀਨ ਕੁਲੀਨ ਹੇਤੁ ਨਿਰਬਾਣੀ[੨]।**
**੨. ਦਰਸਨੁ ਦੇਖਿ ਪਤੰਗ ਜਿਉ[੩] ਜੋਤੀ ਅੰਦਰਿ ਜੋਤਿ ਸਮਾਣੀ[੪]।**
**੩. ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।**
**੪. ਚਰਣ ਕਵਲ ਮਿਲਿ ਭਵਰ ਜਿਉਂ ਸੁਖਸੰਪਟ[੫] ਵਿਚਿ ਰੈਣਿ ਵਿਹਾਣੀ।**
**੫. ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ[੬]।**
**੬. ਗੁਰਮੁਖਿ[੭] ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧਸੰਗਿ ਜਾਣੀ।**
**੭. ਗੁਰ ਅਰਜਨ ਵਿਟਹੁ[੮] ਕੁਰਬਾਣੀ॥੨੩॥** (ਵਾਰ-੨੪)

ਇਹ ਪੌੜੀ ਅਪਣੀ ਹੋਰ ਕੀਮਤ ਕੂਤ ਤੋਂ ਵਖਰੀ ਇਕ ਨਿਜ ਵਾਕਫ਼ੀ ਵਾਲੇ ਵਿਦਵਾਨ ਤੇ ਸਤਜਵਕਤਾ ਗੁਰਮੁਖ ਦੀ ਉਗਾਹੀ ਹੈ ਜਿਸਦੀ ਇਤਿਹਾਸਿਕ ਕੀਮਤ ਬੜੀ ਭਾਰੀ ਹੈ, ਜਿਸਤੋਂ ਪਤਾ ਲਗ ਗਿਆ ਕਿ ਸੁਖਮਨੀ ਰਚਕੇ ਬ੍ਰਹਮਗਜਾਨੀ ਦੇ ਲਛਣ ਵਰਣਨ ਕਰਨ ਵਾਲਾ ਦਾਤਾ ਆਪ ਪੂਰਨ ਬ੍ਰਹਮ ਗਜਾਨ ਦਾ ਮਾਲਕ ਸੀ ਜਿਸਨੇ ਇਤਨੀ ਸਖ਼ਤ ਕਸ਼ਟਣੀ ਵਿਚ ਅਪਣੀ ਰੂਹਾਨੀ ਤੁਲਨਾ ਅਡੋਲ ਰਖੀ ਤੇ ਲਿਵ ਨਾ ਭੰਗ ਹੋਣ ਦਿੱਤੀ।

---

੧. ਗੁਰੂ ਰੂਪੀ ਸਮੁੰਦਰ ਵਿਚ। ੨. ਸੁਤੰਤਰ ਰਹਿੰਦੇ ਹਨ। ੩. ਭੰਭਟ ਵਾਂਗ।
੪. ਜਜੋਤੀ ਸਰੂਪ (ਪਰਮਾਤਮਾ ਵਿਚ) ਉਨ੍ਹਾਂ ਦੀ ਜੋਤ ਸਮਾ ਗਈ।
੫. ਸੁਖ ਦੇ ਡਬੇ ਵਿਚ ੬. ਬੰਬੀਹੇ ਵਾਂਙ ਪੁਕਾਰਕੇ (ਸ਼ਬਦ ਦਾ) ਵਖਜਾਨ ਕਰਦੇ ਰਹੇ।
੭. ਭਾਵ ਸਤਿਗੁਰੂ ਅਰਜਨ ਦੇਵ ਜੀ। ੮. ਤੋਂ, ਉਪਰੋਂ।

## ੫. ਸ੍ਰੀ ਗੁਰੂ ਹਰਿਗੋਵਿੰਦ ਜੀ ਦਾ ਸਮਾਂ।

(੧੬੬੩ ਬਿ: ਤੋਂ ੧੭੦੧ ਬਿ:)

**ਲਿਖਿਆ** ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਭਾਈ ਬੁੱਢਾ ਜੀ ਨੇ ਪਾਇਆ ਤੇ ਅਰਦਾਸਾ ਭਾਈ ਗੁਰਦਾਸ ਜੀ ਨੇ ਸੋਧਿਆ। ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗਾਦੀ ਪਰ ਵਿਰਾਜਣ ਵੇਲੇ (੧੬੬੩ ਬਿ: ਨੂੰ) ਬੀ ਆਪ ਮੌਜੂਦ ਸੇ, ਜਦੋਂ ਕਿ ਗੁਰੂ ਜੀ ਨੇ ਸੇਲੀ ਟੋਪੀ ਤੋਸ਼ੇਖਾਨੇ ਵਿਚ ਰਖਵਾ ਦਿਤੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ- ਸ੍ਰੀ ਗੰਗਾ ਜੀ- ਪਤਿ ਪ੍ਰੇਮ ਤੇ ਭਗਤੀ ਵਿਚ ਜਿਨੇਕੁ ਅਨਿੰਨ ਸੇ ਤੇ ਜਿੰਨੇਕੁ ਵੱਧ ਨਾਮ ਦੇ ਰਸੀਏ ਸੇ ਉਤਨੇ ਹੀ ਵਿਚਾਰਸ਼ੀਲ ਬੀ ਸੇ। ਗੁਰਸਿੱਖੀ ਦੇ ਪ੍ਰਬੰਧ ਵਿਚਾਰ ਵਿਚ ਆਪ ਹਿੱਸਾ ਲੈਂਦੇ ਸੇ, ਪਰ ਅਮਲੀ ਪ੍ਰਬੰਧ ਸਾਰਾ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੇ ਹੱਥਾਂ ਵਿਚ ਦੇ ਰੱਖਿਆ ਸੀ। ਸੰ: ੧੬੬੫ ਬਿ: ਵਿਚ ਸ੍ਰੀ ਅਕਾਲ ਬੁੰਗਾ ਸਾਹਿਬ ਰਚਿਆ ਗਿਆ ਤੇ ਗੁਰੂ ਜੀ ਇਸ ਤਖਤ ਤੇ ਬਿਰਾਜੇ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤਾਂ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਸੱਜੇ ਖੱਬੇ ਬੈਠੇ ਲਿਖੇ ਹਨ। ਗੁਰਬਿਲਾਸ ਵਿਚ ਲਿਖਿਤ ਹੈ ਕਿ ਅਕਾਲ ਤਖਤ ਦੇ ਪਹਿਲੇ ਸੇਵਾਦਾਰ ਭਾਈ ਗੁਰਦਾਸ ਜੀ ਸਥਾਪਨ ਕੀਤੇ ਗਏ*।

ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਿੱਲੀ ਜਾਣ ਦਾ ਸੱਦਾ ਆਇਆ ਹੈ ਤਾਂ ਭੀ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਹੀ ਸਲਾਹ ਮਸ਼ਵਰੇ ਵਿਚ ਸ਼ਾਮਲ ਸਨ ਤੇ ਇਨ੍ਹਾਂ ਦੀ ਸਲਾਹ ਨਾਲ ਹੀ ਸ੍ਰੀ ਪਾਵਨ ਮਾਤਾ ਜੀ ਨੇ ਗੁਰੂ ਜੀ ਨੂੰ ਜਾਣੇ ਦੀ ਆਗਜ਼ਾ ਦਿਤੀ ਸੀ ਅਤੇ ਸ੍ਰੀ ਗੁਰੂ ਜੀ

---

* ਤਖਤ ਪੂਜ ਕਰਿਬੇ ਨਮਿਤ ਗੁਰਦਾਸ ਭਾਈ ਠਹਿਰਾਇ। (ਗੁ: ਬਿ: ਪਾ: ੬ ਪੰਨਾ ੧੪੦)

ਨੇ ਟੁਰਨ ਵੇਲੇ ਮਾਤਾ ਜੀ ਦੀ ਤਾਬਿਆ ਦੋਹਾਂ ਬਜ਼ੁਰਗਾਂ ਨੂੰ ਪ੍ਰਬੰਧ ਤੇ ਥਾਪਿਆ ਸੀ, ਯਥਾ ਗੁਰੂ ਵਾਕ:-

**ਪਾਛੇ ਬ੍ਰਿਧ, ਭਾਈ ਗੁਰਦਾਸ। ਸਕਲ ਕਾਰ ਕਰਿਹੈਂ ਤੁਮ ਪਾਸ।੨।**
**ਸਭ ਬਿਧਿ ਮਹਿਂ ਦੋਨੋ ਬਹੁ ਸਜਾਨੇ। ਹਰਿਮੰਦਰ ਕੀ ਸੇਵ ਮਹਾਲੇ।**

(ਗੁ:ਪ੍ਰ:ਸੂ: ਰਾਸ ੪ ਅੰਸੂ ੫੧)

ਜਦੋਂ ਸ੍ਰੀ ਗੁਰੂ ਜੀ ਟੁਰ ਪਏ ਤੇ ਦੋ ਕੋਹਾਂ ਤੇ ਜਾਕੇ ਪਹਿਲਾ ਡੇਰਾ ਕੀਤਾ ਤਾਂ ਭਾਈ ਬੁੱਢਾ ਤੇ ਭਾਈ ਗੁਰਦਾਸ ਸੰਗਤ ਸਮੇਤ ਓਥੇ ਗਏ ਤਦ ਗੁਰੂ ਜੀ ਨੇ ਏਹ ਵਾਕ ਉਚਾਰੇ:-

**ਬ੍ਰਿਧ ਸਾਹਿਬ! ਭਾਈ ਗੁਰਦਾਸ! ਤੁਮ ਸਜਾਨੇ ਕਰ ਬਾਸ ਅਵਾਸ।੩। ਹਰਿਮੰਦਰ ਕੀ ਕਰੀਏ ਸੇਵਾ। ਪੂਜਨ ਕਰਹੁ ਸਦਾ ਗੁਰਦੇਵਾ। ਸਿਖ ਸੰਗਤ ਆਵਤ ਜਿਮ ਆਗੇ। ਸਰਬ ਰੀਤਿ ਕਰਿ ਜਿਮ ਬਡਭਾਗੇ।੪। ਕਾਰ ਦੇਗ ਕੀ ਤਥਾ ਚਲਾਵਹੁ। ਅਪਰ ਸਰਬ ਕਾਰਜ ਸੁਧਾਰਾਵਹੁ। ਕਿਤਿਕ ਸੁਭਟ ਰਹਿਂ ਸੰਗ ਤੁਮਾਰੇ। ਦਾਸ ਬ੍ਰਿੰਦ ਹੋਵਹਿਂ ਅਨੁਸਾਰੇ।੫। ਸਦਾ ਪ੍ਰਸੰਨ ਮਾਤ ਕੋ ਰਾਖਹੁ। ਹਮਰੀ ਦਿਸ਼ ਤੇ ਆਛੇ ਭਾਖਹੁ। ਸੰਮਤ ਹੋਇ ਕਾਰ ਕੋ ਕਰੀਅਹਿ। ਸਭ ਦਿਸ਼ ਸਾਵਧਾਨਤਾ ਧਰੀਅਹਿ।੬।** (ਗੁ:ਪ੍ਰ:ਸੂ:ਰਾਸ ੪ ਅੰਸੂ ੫੨)

ਸ੍ਰੀ ਗੁਰੂ ਜੀ ਦਿੱਲੀ ਗਏ। ਓਥੇ ਗੁਰ ਦ੍ਰੋਹੀਆਂ ਦੇ ਕਈ ਹੀਲਿਆਂ ਨਾਲ ਜਹਾਂਗੀਰ ਨੇ ਆਪਨੂੰ ਗਵਾਲੀਅਰ ਘੱਲ ਦਿੱਤਾ ਤੇ ਕਿਲ੍ਹੇ ਵਿਚ ਡੱਕ ਦਿੱਤਾ, ਜਿਥੇ ਅਗੇ ਅਨੇਕਾਂ ਰਾਜੇ ਤੇ ਰਾਜਕੁਮਾਰ ਡਕੇ ਹੋਏ ਸਨ। ਇਹ ਖ਼ਬਰ ਜਦ ਰਾਮਦਾਸਪੁਰੇ ਪੁੱਜੀ ਤਾਂ ਬਹੁਤ ਚਿੰਤਾ ਹੋਈ। ਫਿਰ ਮਾਤਾ ਜੀ ਤੇ ਸਿਆਣਿਆਂ ਨੇ ਕੁਛ ਸਿਖ ਤੇ ਭਾਈ ਗੁਰਦਾਸ ਜੀ ਨੂੰ ਗਵਾਲੀਅਰ ਘੱਲਿਆ। ਗੁਰਦੁਆਰੇ ਤੇ ਸੰਗਤਾਂ ਦੇ ਪ੍ਰਬੰਧ ਤੇ ਭਾਈ ਬੁੱਢਾ ਜੀ ਰਹੇ। ਭਾਈ ਜੀ ਓਸ ਪਾਸੇ ਦੇ ਜਾਣੂ ਸੇ, ਆਪ ਪਹਿਲਾਂ ਦਿੱਲੀ ਗਏ, ਸਾਰੇ ਹਾਲ ਪਤਾ ਕਰਕੇ

ਗਵਾਲੀਅਰ ਗਏ। ਕਿਲ੍ਹੇਦਾਰ 'ਹਰਦਾਸ' ਪਹਿਲਾਂ ਹੀ ਸਤਿਗੁਰ ਜੀ ਦਾ ਸਿਖ ਸੀ, ਭਾਈ ਜੀ ਉਸਨੂੰ ਮਿਲੇ ਤੇ ਫੇਰ ਸਤਿਗੁਰਾਂ ਦੇ ਦਰਸ਼ਨ ਕੀਤੇ। ਸਾਰੇ ਹਾਲ ਸਮਝਕੇ ਤੇ ਸਲਾਹ ਮਸ਼ਵਰੇ ਕਰਕੇ ਆਪ ਵਾਪਸ ਆ ਗਏ। ਆਪ ਦੇ ਆਉਣ ਤੇ ਜੋ ਪ੍ਰਬੰਧ ਜੋਗ ਸੇ ਕੀਤੇ ਗਏ। ਇਸਤੋਂ ਮਗਰੋਂ ਭਾਈ ਗੁਰਦਾਸ ਜੀ ਰਾਮਦਾਸਪੁਰੇ ਹੀ ਰਹੇ ਤੇ ਫੇਰ ਭਾਈ ਬੁੱਢਾ ਜੀ ਗਵਾਲੀਅਰ ਗਏ। ਫੇਰ ਕਈ ਵੇਰ ਹੋਰ ਗੁਰੂ ਕੇ ਸਿਖ ਤੇ ਸਿਖਾਂ ਦੇ ਜਥੇ ਜਾਂਦੇ ਰਹੇ। ਅਖੀਰ ਕਿਤਨੇ ਚਿਰ ਬਾਦ ਪਾਤਸ਼ਾਹ ਨੂੰ ਅਪਣੀ ਗ਼ਲਤੀ ਦੀ ਸੋਝੀ ਪਈ ਤੇ ਸਤਿਗੁਰੂ ਜੀ ਦਿਲੀ ਸੱਦੇ ਗਏ। ਆਪ ਅਪਣੇ ਨਾਲ ੫੨ ਹੋਰ ਨਜ਼ਰਬੰਦਾਂ ਨੂੰ ਗਵਾਲੀਅਰ ਕਿਲ੍ਹੇ ਦੀ ਨਜ਼ਰ ਬੰਦੀ ਤੋਂ ਛੁਡਾਕੇ ਲਿਆਏ ਤਦ ਤੋਂ ਆਪ ਦਾ ਨਾਮ ਬੰਦੀ ਛੋੜ ਪਿਆ*। ਕੁਛ ਚਿਰ ਆਪ ਦਿਲੀ ਰਹੇ ਤੇ ਪਾਤਸ਼ਾਹ ਨੂੰ ਚੰਦੂ ਦਾ ਹਾਲ ਪਤਾ ਲਗ ਗਿਆ। ਇਸ ਪਰ ਉਸਨੇ ਚੰਦੂ ਗੁਰੂ ਜੀ ਦੇ ਹਵਾਲੇ ਕਰ ਦਿੱਤਾ।

ਜਦੋਂ ਗੁਰੂ ਜੀ ਗਵਾਲੀਅਰ ਤੋਂ ਵਾਪਸ ਆਏ ਤਾਂ ਪਹਿਲਾਂ ਅਕਾਲ ਤਖਤ ਆਏ, ਏਥੇ ਅਰਦਾਸ ਭਾਈ ਗੁਰਦਾਸ ਜੀ ਨੇ ਕੀਤੀ, ਫਿਰ ਸ੍ਰੀ ਹਰਿਮੰਦਰ ਗਏ ਤਾਂ ਅਰਦਾਸ ਭਾਈ ਬੁੱਢਾ ਜੀ ਨੇ ਕੀਤੀ।

ਸ੍ਰੀ ਗੁਰੂ ਜੀ ਦਿੱਲੀ ਤੋਂ ਜਹਾਂਗੀਰ ਦੇ ਨਾਲ ਆਏ ਸਨ ਗੁਰਦ੍ਰੋਹੀ ਚੰਦੂ ਨੂੰ ਪਕੜਕੇ ਨਾਲ ਲਿਆਏ ਸਨ। ਨਾਲ ਹੀ ਪਾਤਸ਼ਾਹ ਬੀ ਕਸ਼ਮੀਰ ਜਾਣੇ ਲਈ ਪੰਜਾਬ ਵਲ ਆਯਾ ਸੀ। ਗੁਰੂ ਜੀ ਨੂੰ ਬੀ ਅਪਣੇ ਨਾਲ ਲੈ ਆਯਾ ਸੀ ਤੇ ਚੰਦੂ ਬੀ ਗੁਰੂ ਜੀ ਦੇ ਸਿੱਖਾਂ ਦੀ ਹਿਰਾਸਤ ਵਿਚ ਨਾਲ ਲਿਆਂਦਾ ਗਿਆ ਸੀ। ਪਹਿਲਾਂ ਜਹਾਂਗੀਰ ਰਾਮਦਾਸਪੁਰੇ ਰਿਹਾ ਤੇ ਹਰਿਮੰਦਰ ਦੀ ਯਾਤ੍ਰਾ ਕੀਤੀ, ਪਰ ਇਕ ਦੋ ਦਿਨ ਇੱਥੇ ਠਹਿਰਕੇ ਲਾਹੌਰ ਚਲਾ ਗਿਆ ਤੇ ਸ੍ਰੀ ਗੁਰੂ ਜੀ ਬੀ ਚਾਰ ਪੰਜ ਦਿਨ ਠਹਿਰਕੇ ਲਾਹੌਰ ਚਲੇ

* ਆਪ ਦੀ ਯਾਦ ਦਾ ਥੜਾ ਕਿਲ੍ਹੇ ਵਿਚ ਹੈ ਤੇ 'ਬੰਦੀ ਛੋੜ ਦਾ ਟਿਕਾਣਾ' ਕਹੀਦਾ ਹੈ ਪਰ ਪੰਥ ਦੀ ਗ਼ਫ਼ਲਤ ਕਰਕੇ ਹੱਥੋਂ ਜਾ ਰਿਹਾ ਹੈ।

ਗਏ ਤੇ ਚੰਦੂ ਨੂੰ ਬੀ ਨਾਲ ਲੈ ਗਏ, ਜਿੱਥੇ ਕਿ ਲੋਕਾਂ ਉਸਦੀ ਦੁਰਗਤ ਕੀਤੀ ਤੇ ਇਕ ਭੜਭੂੰਜੇ ਦੇ ਹਥੋਂ ਉਸਦੇ ਪ੍ਰਾਣਾਂਤ ਹੋ ਗਏ। ਗੁਰੂ ਸਾਹਿਬ ਕੁਛ ਚਿਰ ਲਾਹੌਰ ਰਹੇ। ਜਿਥੇ ਹੁਣ ਮੁਜੰਗ ਗੁਰਦੁਆਰਾ ਹੈ ਏਥੇ ਆਪ ਦਾ ਡੇਰਾ ਸੀ, ਪ੍ਰਿਥਿਆ ਜੀ ਚੜ੍ਹ ਚੁਕੇ ਸਨ ਤੇ ਉਨ੍ਹਾਂ ਦਾ ਪੁਤ੍ਰ ਮੇਹਰਬਾਨ ਇਨ੍ਹਾਂ ਦਿਨਾਂ ਵਿਚ ਲਾਹੌਰ ਸੀ, ਸ੍ਰੀ ਗੁਰੂ ਜੀ ਨੇ ਚਾਹਿਆ ਕਿ ਮੇਹਰਬਾਨ ਦੀ ਦ੍ਵੈਖ ਨੂੰ ਦੂਰ ਕੀਤਾ ਜਾਵੇ, ਇਸ ਲਈ ਆਪ ਜੀ ਨੇ ਭਾਈ ਗੁਰਦਾਸ ਜੀ ਦੇ ਨਾਲ ਦੋ ਇਕ ਹੋਰ ਸਿੱਖ ਦੇਕੇ ਉਸਨੂੰ ਸਮਝਾਉਣ ਲਈ ਘਲਿਆ*। ਭਾਈ ਜੀ ਦੁਵੱਲੀ ਸਾਕੇਦਾਰ ਬੀ ਸਨ, ਇਸ ਕਰਕੇ ਓਹ ਵਧੇਰੇ ਮਾਣ ਨਾਲ ਸਮਝਾ ਸਕਦੇ ਸੇ। ਪਰ ਮੇਹਰਬਾਨ ਨੇ ਉਨ੍ਹਾਂ ਦੇ ਪਜਾਰ ਦੀ ਕਦਰ ਨਾ ਕੀਤੀ। ਜਿਤਨਾ ਵਧੀਕ ਹਿਤ ਉਨ੍ਹਾਂ ਨੇ ਕੀਤਾ ਉਹ ਭੂਏ ਹੋਇਆ, ਜਿੰਨੀ ਵਧੀਕ ਆਪ ਨੇ ਨਿੰਮ੍ਰਤਾ ਕੀਤੀ ਉਹ ਸਿਰ ਨੂੰ ਆਇਆ ਅਤੇ ਗੁਰੂ ਸਾਹਿਬਾਨ ਜੀ ਦੀ ਸ਼ਾਨ ਵਿਚ ਬੀ ਕੁਵਾਕ ਰਹੇ। ਧਰਮ ਦੇ ਧਾਰਣੀ, ਵਿਦਜਾ ਦੀ ਨਿਧੀ ਤੇ ਕਾਵਜ ਦੇ ਗੁਣਾਂ ਨਾਲ ਭੂਸ਼ਿਤ ਭਾਈ ਸਾਹਿਬ ਦੇ ਸ਼ਾਂਤ ਸਤੋਗੁਣੀ ਹ੍ਰਿਦੇ ਨੇ ਖੋਭ ਨਾ ਖਾਧਾ ਤੇ ਅਪਣੇ ਪਜਾਰ ਵਿਚ ਲਗੇ ਰਹੇ, ਪਰ ਬਿਧੀਚੰਦ ਆਦਿ ਸਾਥੀਆਂ ਨੂੰ ਗੁਰੂ ਕੀ ਬੇਅਦਬੀ ਸੁਣਕੇ ਗੁੱਸਾ ਆਇਆ, ਉਨ੍ਹਾਂ ਨੂੰ ਬੀ ਭਾਈ ਜੀ ਨੇ ਰੋਕ ਲਿਆ। ਅੰਤ ਆਪ ਵਾਪਸ ਆ ਗਏ ਤੇ ਸਾਰਾ ਹਾਲ ਆ ਦਸਿਆ। ਫਿਰ ਧਰਣੀ ਦੇ ਧੀਰਜ ਧਾਰਨ ਵਾਲੇ ਗੁਰੂ ਜੀ ਆਪ ਗਏ। ਪਰ ਉਹ ਸਗੋਂ ਵਧੇਰੇ ਗੁੱਸੇ ਵਿਚ ਗਿਆ ਤੇ ਹਦੋਂ ਵਧਕੇ ਪ੍ਰਜ੍ਵਲਤ ਹੋਈ ਅਗਨੀ ਉਤੇ ਪਾਣੀ ਪੈਣ ਵਾਂਙ ਸਤਿਗੁਰ ਜੀ ਦੀ ਸ਼ਾਂਤੀ ਧੀਰਜ ਨਿੰਮ੍ਰਤਾ ਤੇ ਪਜਾਰ ਵਰਤਾਉ

---

* ਗੁਰਬਿਲਾਸ (ਪਾ: ੬) ਸੂ:ਪ੍ਰ: ਵਿਚ ਸਮਝਾਉਣ ਗਏ ਭਾਈ ਪੈੜਾ ਤੇ ਪਿਰਾਣਾ ਦਾ ਜ਼ਿਕਰ ਹੈ ਤੇ ਤਵਾ: ਖਾ: ਵਿਚ ਭਾਈ ਗੁਰਦਾਸ ਤੇ ਭਾਈ ਬਿਧੀਚੰਦ ਜੀ ਦਾ ਜ਼ਿਕਰ ਹੈ। ਭਾਈ ਗੁਰਦਾਸ ਜੀ ਦਾ ਸਾਕਾਦਾਰੀ ਵਿਚ ਵਡੇ ਸਨਬੰਧੀ ਹੋਣ ਕਰਕੇ ਘੱਲਿਆ ਜਾਣਾ ਵਧੀਕ ਸੰਭਾਵਿਤ ਜਾਪਦਾ ਹੈ।

ਨਾਲ ਹੋਰ ਗੁੱਸੇ ਵਿਚ ਭੜਕਿਆ, ਤੇ ਸਮਸਿਆ ਦੀ ਗੱਲ ਵਿਚੇ ਰਹਿ ਗਈ।

ਇਸ ਤੋਂ ਬਾਦ ਇਕ ਸਮੇਂ ਗੁਰੂ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅਸਥਾਨ ਨਾਨਕ ਮਤੇ ਦੀ ਹੋਈ ਬੇਅਦਬੀ ਨੂੰ ਰੋਕਣ ਤੇ ਪ੍ਰਬੰਧ ਕਰਨ ਲਈ ਗਏ, ਮਾਤਾ ਜੀ ਤੇ ਪਰਿਵਾਰ ਡਰੋਲੀ ਗਏ, ਪਿੱਛੇ ਸ੍ਰੀ ਹਰਿਮੰਦਰ ਦਾ ਪ੍ਰਬੰਧ ਤੇ ਆਈਆਂ ਸੰਗਤਾਂ ਦਾ ਸਵਾਗਤ ਆਦਿ ਭਾਈ ਬੁੱਢਾ ਤੇ ਭਾਈ ਗੁਰਦਾਸ ਜੀ ਹੀ ਕਰਦੇ ਰਹੇ। ਡਰੋਲੀ ਹੀ ਬਾਬਾ ਗੁਰਦਿਤਾ ਜੀ ਦਾ ਜਨਮ ਹੋਇਆ ਜੋ ੧੬੭੦ ਬਿ: ਵਿਚ ਹੋਇਆ ਲਿਖਿਆ ਹੈ। ਜਦੋਂ ਗੁਰੂ ਜੀ ਦੇ ਡਰੋਲੀ ਟਿਕਾਉ ਵਿਚ ਦੇਰ ਲਗ ਗਈ ਤਾਂ ਭਾਈ ਗੁਰਦਾਸ ਆਦਿ ਹੋਰ ਸਿੱਖਾਂ ਦੇ ਪ੍ਰੇਰਨ ਤੇ ਭਾਈ ਬੁੱਢੇ ਨੇ ਸਤਿਗੁਰੂ ਜੀ ਨੂੰ ਚਿੱਠੀ ਲਿਖੀ ਤੇ ਭਾਈ ਬੁੱਢਾ ਜੀ ਨੇ ਰਹੁਰਾਸ ਦੇ ਮਗਰੋਂ ਚਾਰ ਘੜੀ ਰਾਤ ਗਈ ਤਕ ਸ੍ਰੀ ਹਰਿਮੰਦਰ ਵਿਚ ਚੌਕੀ ਸਾਹਿਬ ਦੀ ਰਸਮ ਤੋਰੀ, ਇਸ ਵਿਚ ਬੀ ਭਾਈ ਗੁਰਦਾਸ ਜੀ ਸ਼ਾਮਲ ਜਾਪਦੇ ਹਨ। ਜਦੋਂ ਗੁਰੂ ਜੀ ਵਾਪਸ ਆਏ ਤਾਂ ਸ਼ਹਿਰ ਦੀ ਸੰਗਤ ਅੱਗੋਂ ਲੈਣ ਵਾਸਤੇ ਆਈ ਜਿਨ੍ਹਾਂ ਵਿਚ ਮੁਹਰੀ ਭਾਈ ਗੁਰਦਾਸ ਜੀ ਸਨ। ਸ੍ਰੀ ਹਰਿਮੰਦਰ ਪਹੁੰਚ ਜਦ ਗੁਰੂ ਜੀ ਨੇ ਚੌਕੀ ਸਾਹਿਬ ਦੀ ਮ੍ਰਿਯਾਦਾ ਆਪ ਨਾਲ ਹੋਕੇ ਵੇਖੀ ਤੇ ਹਰਿਮੰਦਰ ਦੇ ਪੁਲ ਤੋਂ ਅਗੇ ਛੋਟੀ ਪ੍ਰਕਰਮਾ ਕਰਕੇ ਪਹੁੰਚਕੇ ਭੋਗ ਪਿਆ ਤਾਂ ਸ੍ਰੀ ਗੁਰੂ ਜੀ ਨੇ ਪ੍ਰਸੰਨ ਹੋ ਕੇ ਫੁਰਮਾਇਆ:-

**'ਧੰਨ ਬ੍ਰਿੱਧ ਭਾਈ ਸ਼ੁਭ ਰੀਤਿ। ਕਰੀ ਸੁਧਾਸਰ ਪਰ ਧਰਿ ਪ੍ਰੀਤਿ'।**
**ਕਰੇ ਸਰਾਹਨ ਪੁਨ ਗੁਰਦਾਸ। 'ਅਹੋ ਧੰਨ, ਬਡ ਪ੍ਰੇਮ ਪ੍ਰਕਾਸ਼'।**

(ਰਾਸ ੫ ਅੰਸੂ ੪੦ ਅੰਕ ੩੨-੩੩)

ਇਸ ਤੋਂ ਮਗਰੋਂ ਗੁਰੂ ਜੀ ਕਸ਼ਮੀਰ ਗਏ। ਭਾਈ ਜੀ ਪਿਛੇ ਪ੍ਰਬੰਧ ਲਈ ਰਹੇ। ਵਾਪਸ ਆਕੇ ਅਨੇਕਾਂ ਸਿੱਖ ਤਾਰੇ ਤੇ ਕਈ ਕੌਤਕ ਵਰਤੇ। ਫਿਰ ਕਿੰਨਾ ਚਿਰ ਭਾਈ ਸਾਹਿਬ ਜੀ ਦਾ ਜ਼ਿਕਰ ਨਹੀਂ ਮਿਲਦਾ।

ਬਾਬਾ ਗੁਰਦਿੱਤਾ[੧] ਜੀ ਦੇ ਵਿਆਹ ਸਮੇਂ ਭਾਈ ਗੁਰਦਾਸ ਜੀ ਦੇ ਅਰਦਾਸਾ ਕਰਨ ਦਾ ਜ਼ਿਕਰ ਹੈ। ਪਤਿਬ੍ਰਤਾ ਅਵਤਾਰ ਸ੍ਰੀ ਮਾਤਾ ਗੰਗਾ ਜੀ ਦਾ ਸੱਚ ਖੰਡ ਗਵਨ ਬਕਾਲੇ ਵਿਚ ਹੋਇਆ[੨]। ਰਾਮਦਾਸ ਪੁਰੇ ਆਕੇ ਸ੍ਰੀ ਗੁਰੂ ਜੀ ਨੇ ਮਾਤਾ ਜੀ ਦੀ ਪਵਿਤ੍ਰ ਯਾਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਵਾਇਆ। ਪਾਠ ਰੱਖਣ ਵੇਲੇ ਸ੍ਰੀ ਗੁਰੂ ਜੀ ਨੇ ਫ਼ੁਰਮਾਯਾ:-

**ਬੋਲੇ ਸਤਿਗੁਰ: 'ਸੁਣ ਗੁਰਦਾਸ! ਪਠੋ ਗ੍ਰੰਥ ਸਾਹਿਬ ਸੁਖਰਾਸ। ਬਿਦਤੇ ਸਿਖਨ ਮੈਂ ਅਸ ਰੀਤਿ। ਮ੍ਰਿਤਕ ਭਏ ਜੇ ਪੜਹਿਂ ਸਪ੍ਰੀਤ। ਸਭਿ ਬਿਧਿ ਕੇ ਸੁਖ ਪਾਵਹਿ ਪ੍ਰਾਨੀ। ਜਿਸ ਹਿਤ ਪਢਨ ਕਰੈ ਗੁਰਬਾਨੀ। ਇਸ ਫਲ ਸਮ ਜਗ ਅਪਰ ਨ ਕੋਈ। ਬਡੇ ਭਾਗ ਤੇ ਪ੍ਰਾਪਤ ਹੋਈ'।** (ਰਾਸ ੫ ਅੰਸੂ ੬੩ ਅੰਕ ੪੫)

ਇਹ ਪਾਠ ਭਾਈ ਗੁਰਦਾਸ ਜੀ ਨੇ ਆਪ ਕੀਤਾ ਤੇ ਭੋਗ ਬੀ ਆਪ ਪਾਇਆ ਤੇ ਅਰਦਾਸਾ ਬੀ ਕੀਤਾ।

ਭਾਈ ਬੁੱਢਾ ਜੀ ਬਹੁਤ ਬਿ੍ਧ ਹੋ ਚੁਕੇ ਸੇ, ਓਹ ਹੁਣ ਬੀੜ ਵਿਚ ਸਾਈਂ ਰੰਗ ਲੀਨ ਸਮਾਂ ਬਿਤਾਉਂਦੇ ਸੇ। ਗੁਰੂ ਕੇ ਡੇਰੇ ਵਿਚ ਹੁਣ ਸਭ ਤੋਂ ਅਗ੍ਰਣੀਵ ਸਿਖ ਭਾਈ ਗੁਰਦਾਸ ਜੀ ਸੇ। ਇੰਨੇ ਨੂੰ ਗੁਰੂ ਸਾਹਿਬ ਜੀ ਦੀ ਸਪੁਤ੍ਰੀ ਬੀਬੀ ਵੀਰੋ ਜੀ ਦਾ ਵਿਆਹ ਕਾਰਜ ਨੇੜੇ ਆ ਜਾਂਦਾ ਹੈ ਤੇ ਤਿਆਰੀਆਂ ਆਰੰਭ ਹੋ ਜਾਂਦੀਆਂ ਹਨ। ਇਨ੍ਹਾਂ ਤਿਆਰੀਆਂ ਦੇ ਦਿਨਾਂ ਵਿਚ ਗੁਰੂ ਸਾਹਿਬ ਦੇ ਬੀਰ ਰਸੀ ਠਾਠ ਪਰ ਸੰਗਤਾਂ ਵਿਚ ਕੁਛ ਵਿਚਾਰਾਂ ਟੁਰ ਪਈਆਂ ਤੇ ਅਣਜਾਣਾਂ ਵਿਚ ਨਿੰਦਾ ਟੁਰੀ। ਇਹ ਨਿੰਦਾ ਨਾ ਝੱਲਕੇ ਕੁਛ ਪ੍ਰੇਮੀ ਸਿਖਾਂ ਨੇ ਭਾਈ ਗੁਰਦਾਸ ਜੀ ਪਾਸ ਬੇਨਤੀ ਕੀਤੀ ਕਿ ਕੁਛ ਉਪਰਾਲਾ ਕਰੋ ਜੋ ਗੁਰੂ ਕੀ ਨਿੰਦਾ ਨਾ ਹੋਵੇ। ਭਾਈ ਗੁਰਦਾਸ ਜੀ ਨੇ ਉਸ ਵੇਲੇ ਦੇ ਲੋਕਾਂ

---

੧. ਬਾਬਾ ਗੁਰਦਿੱਤਾ ਜੀ ਦਾ ਚਲਾਣਾ ੧੬੯੫ ਵਿਚ ਹੋਇਆ ਲਿਖਿਆ ਹੈ।
੨. ਸ੍ਰੀ ਮਾਤਾ ਗੰਗਾ ਜੀ ਦਾ ਦੇਹੁਰਾ ਬਾਬੇ ਬਕਾਲੇ ਪਿੰਡ ਦੇ ਬਾਹਰਵਾਰ ਵਿਦਮਾਨ ਹੈ।


www.sikhbookclub.com

ਦੇ ਇਤਰਾਜ਼ ਤੇ ਅਪਣੇ ਉਤਰ ਨੂੰ ਵਾਰਾਂ ਵਿਚ ਦਿੱਤਾ ਹੈ ਜੋ ਇਸ ਪ੍ਰਕਾਰ ਹੈ:-

੧. ਧਰਮਸਾਲ ਕਰਿ ਬਹੀਦਾ, ਇਕਤ ਥਾਂ ਨ ਟਿਕੈ ਟਿਕਾਇਆ।
੨. ਪਾਤਸਾਹ ਘਰਿ ਆਵਦੇ, ਗੜਿ ਚੜਿਆ ਪਾਤਸਾਹਿ ਚੜਾਇਆ।
੩. ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
੪. ਮੰਜੀ ਬਹਿ ਸੰਤੋਖਦਾ ਕੁੱਤੇ ਰਖਿ ਸਿਕਾਰੁ ਖਿਲਾਇਆ।
੫. ਬਾਣੀ ਕਰਿ ਸੁਣਿ ਗਾਵਦਾ, ਕਥੈ ਨ ਸੁਣੈ ਨ ਗਾਂਵਿ ਸੁਣਾਇਆ।
੬. ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
੭. ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
੮. ਅਜਰੁ ਜਰੈ ਨ ਆਪੁ ਜਣਾਇਆ॥੨੪॥ (ਵਾਰ ੨੬)

ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਲੋਕਾਂ ਦੇ ਇਤਰਾਜ਼ ਦਿੱਤੇ ਹਨ ਅਤੇ ਅਖੀਰਲੀਆਂ ਤੁਕਾਂ ਵਿਚ ਤੇ ਅਗਲੀ ਪਉੜੀ ਵਿਚ ਉਨ੍ਹਾਂ ਦਾ ਆਪਣਾ ਆਸ਼ਾ ਪ੍ਰਗਟ ਹੋ ਰਿਹਾ ਹੈ। ਪਹਿਲੇ ਤਾਂ ਮੂਰਖਾਂ ਨਿੰਦਕਾਂ ਦੀਆਂ ਸ਼ੰਕਾਂ ਕਹੀਆਂ ਹਨ, ਅੰਤ ਵਿਚ ਕਿਹਾ ਹੈ ਕਿ ਇਨ੍ਹਾਂ ਗਲਾਂ ਨਾਲ ਸੱਚ ਨਹੀਂ ਲੁਕ ਸਕਦਾ। ਸਿੱਖ ਲੋਕ ਚਰਨ ਕਵਲਾਂ ਦੇ ਭੌਰੇ ਵਾਂਙੂ ਪ੍ਰੇਮੀ ਹਨ, ਓਹ ਸਿੱਖ ਜੋ ਅਜਰ ਨੂੰ ਜਰ ਲੈਣ ਤੇ ਆਪਾ ਫੇਰ ਨਾ ਜਨਾਉਣ ਦੇ ਦਰਜੇ ਦੇ ਪੂਰਨ ਪੁਰਖ ਹਨ। ਅਗਲੀ ਪਉੜੀ ਵਿਚ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਬੀਰ ਰਸੀ ਜੀਵਨ ਗੁਰੂ ਹਰਿਗੋਬਿੰਦ ਜੀ ਨੇ ਸੰਗਤ ਦੀ ਰੱਖਜਾ ਲਈ ਟੋਰਿਆ ਹੈ ਜਿਵੇਂ ਖੇਤੀ ਲਈ ਵਾੜ ਲਾਈਦੀ ਹੈ।

ਭਾਈ ਗੁਰਦਾਸ ਜੀ ਦੀ ਅਪਣੀ ਸਪਸ਼ਟ ਰਾਇ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਬਤ ਇਹ ਹੈ:-

੧. ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।
੨. ਰਸ ਕਸ ਰੂਪ ਨ ਰੇਖਿ ਵਿਚ ਰਾਗ ਰੰਗ ਨਿਰਲੇਪੁ ਰਹੰਦਾ।
੩. ਗੋਸ਼ਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।

੪. ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ।
੫. ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।
੬. ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ।
੭. ਗੁਰ ਸਿਖਿ ਲੈ ਗੁਰ ਸਿੱਖ ਚਲੰਦਾ॥੨੧॥

ਪੁਨਾ:-੧. ਪਾਰਬ੍ਰਹਮ ਪੂਰਨ ਬ੍ਰਹਮਿ ਸਤਿਗੁਰ ਆਪੇ ਆਪ ਉਪਾਇਆ।
੨. ਗੁਰੁ ਗੋਵਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਂਵ ਧਰਾਇਆ।
੩. ਪੁਤੁ ਪਿਅਹੁ ਪਿਉ ਪੁੱਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
੪. ਬਿਰਖਹੁ ਫਲੁ ਫਲ ਤੇ ਬਿਰਖੁ ਆਚਰਜਹੁ ਆਚਰਜੁ ਸੁਹਾਇਆ।
੫. ਨਦੀ ਕਿਨਾਰੇ ਆਖੀਅਨਿ ਪੁਛੇ ਪਾਰਾਵਾਰ ਨ ਪਾਇਆ।
੬. ਹੋਰਨਿ ਅਲਖੁ ਨ ਲਖੀਐ ਗੁਰੁ ਚੇਲੇ ਮਿਲਿ ਅਲਖੁ ਲਖਾਇਆ।
੭. ਹਰਿਗੋਵਿੰਦ ਗੁਰੂ ਗੁਰੁ ਭਾਇਆ॥੨੪॥ (ਵਾਰ ੨੪)

ਇਸ ਤੋਂ ਬਾਦ ਭਾਈ ਗੁਰਦਾਸ ਜੀ ਨੇ ਬੀੜ ਤੋਂ ਬਾਬਾ ਬੁੱਢਾ ਜੀ ਨੂੰ ਸਦਵਾਇਆ ਤੇ ਗੁਰੂ ਸਾਹਿਬ ਜੀ ਨਾਲ ਵੀਚਾਰ ਕਰਕੇ ਸੰਗਤਾਂ ਨੂੰ ਸੰਭਾਲਣ ਦਾ ਯਥਾਯੋਗ ਪ੍ਰਬੰਧ ਕੀਤਾ।

ਇਸ ਤੋਂ ਮਗਰੋਂ ਬੀਬੀ ਵੀਰੋ ਦੇ ਵਿਆਹ ਰਚੇ ਵਿਚ ਰਾਤ ਸਮੇਂ ਮੁਖ਼ਲਸ ਖਾਂ ਦਾ ਰਾਮਦਾਸ ਪੁਰੇ ਤੇ ਹਮਲਾ ਹੋ ਗਿਆ। ਉਸ ਕਾਹਲੀ ਵਿਚ ਬੀਬੀ ਤੇ ਪਰਿਵਾਰ ਨੂੰ ਝਬਾਲ ਪੁਚਾਇਆ ਤੇ ਦਿਨ ਚੜ੍ਹੇ ਮੁਖ਼ਲਸ ਖਾਂ ਨਾਲ ਟਾਕਰਾ ਪਿਆ। ਖਾਲਸਾ ਕਾਲਜ ਜਿੱਥੇਕੁ ਹੈ ਇਨ੍ਹਾਂ ਜੂਹਾਂ ਵਿਚ ਜੁੱਧ ਹੋਇਆ। ਮੁਖ਼ਲਸ ਖਾਂ ਨੂੰ ਹਾਰ ਹੋਈ ਤੇ ਉਹ ਭੱਜ ਗਿਆ। ਗੁਰੂ ਜੀ ਅਪਣੇ ਸ਼ਹੀਦ ਹੋਏ ਸਿਖਾਂ ਦਾ ਸਸਕਾਰ ਕਰ ਕਰਾਕੇ ਤੇ ਜ਼ਖਮੀਆਂ ਨੂੰ ਸੰਭਾਲਕੇ ਝਬਾਲ ਪਹੁੰਚੇ ਤੇ ਬੀਬੀ ਦਾ ਵਿਆਹ ਕੀਤਾ। ਇਥੋਂ ਫੇਰ ਗੋਇੰਦਵਾਲ, ਓਥੋਂ ਕਰਤਾਰਪੁਰ ਚਲੇ ਗਏ ਤੇ ਕੁਝ ਸਮਾਂ ਓਧਰੇ ਰਹੇ।

ਭਾਈ ਗੁਰਦਾਸ ਜੀ ਪਿਛੇ ਸ੍ਰੀ ਹਰਿਮੰਦਰ ਦੀ ਸੇਵਾ ਤੇ ਸੰਗਤਾਂ ਦੀ ਸੰਭਾਲ ਵਾਸਤੇ ਰਹੇ। ਉਧਮ ਗੁਰੂ ਜੀ ਕਰਤਾਰ ਪੁਰ ਤੋਂ ਪੂਰਬ

ਟੁਰਕੇ ਬਿਆਸਾ ਦੇ ਕਿਨਾਰੇ ਪਹੁੰਚੇ। ਜਿਥੇ ਸੰਮਤ ੧੬੪੪ ਵਿਚ ਗੁਰੂ ਅਰਜਨ ਦੇਵ ਜੀ ਨੇ ਨਗਰ ਵਸਾਇਆ ਤੇ ਨਾਮ ਸ੍ਰੀ ਗੋਬਿੰਦ ਪੁਰ ਦਿੱਤਾ ਸੀ[1]। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੈਵੀ ਸ਼ਹਾਦਤ ਹੋਈ ਤਦੋਂ ਇਹ ਟਿਕਾਣਾ ਭਗਵਾਨ ਦਾਸ ਘੇਰੜ ਨੇ ਕਿਸੇ ਤਰ੍ਹਾਂ ਸਾਂਭ ਲਿਆ ਸੀ ਤੇ ਇਹ ਬਹੁਤ ਬੇ-ਆਬਾਦ ਹੋ ਗਿਆ ਸੀ। ਹੁਣ ਜਦ ਛੇਵੇਂ ਗੁਰੂ ਜੀ ਏਥੇ ਆਏ ਤਾਂ ਘੇਰੜ ਨੇ ਨਗਰ ਤੇ ਭੋਆਂ ਦੇ ਅਸਲੀ ਤੇ ਜਾਯਜ਼ ਮਾਲਕ ਆਏ ਸਮਝ ਕੇ ਉਨ੍ਹਾਂ ਨਾਲ ਸ਼ਰਾਰਤ ਕੀਤੀ, ਕਿ ਕਿਵੇਂ ਮੇਰੀ ਨਾਜਾਯਜ਼ ਮਾਲਕੀ ਟੁਟ ਨਾ ਜਾਵੈ ਤੇ ਆਪ ਕਿਵੇਂ ਇਥੋਂ ਚਲੇ ਜਾਣ। ਉਸਦੇ ਇਸ ਪ੍ਰਕਾਰ ਦੇ ਸਲੂਕ ਪਰ ਜੰਗ ਛਿੜ ਗਿਆ ਤੇ ਫ਼ਤੇ ਗੁਰੂ ਕਿਆਂ ਦੀ ਹੋਈ। ਅਗਲੀ ਆਬਾਦੀ ਥੋੜ੍ਹੀ ਸੀ, ਹੋਰ ਵਸੋਂ ਵਧਾਈ ਗਈ ਤੇ ਸਤਿਗੁਰੂ ਜੀ ਨੇ ਨਗਰ ਨੂੰ ਮਾਨੋ ਨਵੇਂ ਸਿਰੇ ਮੁੜ ਵਸਾਇਆ[2]। ਜਿਸ ਵੇਲੇ ਨਵੇਂ ਨਗਰ ਵਸੇ ਦਾ ਉਤਸਵ ਹੋ ਰਿਹਾ ਸੀ ਉਸ ਵੇਲੇ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦਰਸ਼ਨਾਂ ਲਈ ਪਹੁੰਚ ਪਏ। ਲਗਪਗ ਡੇਢ ਸਾਲ ਸਤਿਗੁਰਾਂ ਨੂੰ ਅੰਮ੍ਰਿਤਸਰੋਂ ਆਇਆਂ ਹੋ ਗਿਆ ਸੀ ਤੇ ਦੋਵੇਂ ਪ੍ਰੇਮੀ ਦਰਸ਼ਨਾਂ ਲਈ ਅਕੁਲਾ ਗਏ ਸਨ।

---

੧. ਇਸ ਬਾਬਤ ਗੁਰਦਾਸਪੁਰ ਦੇ ੧੮੮੪ ਈ: ਦੇ ਗੈਜ਼ੇਟੀਅਰ ਵਿਚ ਇੰਞ ਲਿਖਿਆ ਹੈ –

**Sri Gobindpur Town**- Situated on the banks of the river Bias. a place of great sanctity amongst the Sikhs, having been founded by Guru Arjan, who bought the site and built a town, which he called after his son and successor Hargobind. (page 100)

ਅਰਥਾਤ – ਸ੍ਰੀ ਗੋਬਿੰਦ ਪੁਰ ਨੱਗਰ- ਬਜਾਸ ਦੇ ਕੰਢੇ ਤੇ ਹੈ, ਸਿਖਾਂ ਵਿਚ ਬੜੀ ਪਵਿਤ੍ਰਤਾ ਦਾ ਟਿਕਾਣਾ ਹੈ, ਇਹ ਗੁਰੂ ਅਰਜਨ ਦੇਵ ਜੀ ਨੇ ਜ਼ਿਮੀਂ ਖਰੀਦਕੇ ਵਸਾਯਾ ਸੀ ਜਿਸਦਾ ਨਾਉਂ ਉਨ੍ਹਾਂ ਨੇ ਅਪਨੇ ਜਾਨਸ਼ੀਨ ਤੇ ਪੁਤ੍ਰ ਦੇ ਨਾਉਂ ਤੇ ਧਰਿਆ ਸੀ।

੨. ਹੁਣ ਇਸ 'ਸ੍ਰੀ ਗੋਬਿੰਦ ਪੁਰ' ਨੂੰ 'ਸ੍ਰੀ ਹਰਿਗੋਵਿੰਦ ਪੁਰ' ਆਖਦੇ ਹਨ। ਦੂਜੀ ਵੇਰ ਆਬਾਦ ਕਰਨ ਤੋਂ ਬਾਦ ਇਹ ਨਾਮ ਪਿਆ ਹੈ। ਸੂ:ਪ: ਵਿਚ ਲਿਖਿਆ ਹੈ ਕਿ ਇਹ ਨਾਮ ਇਸ ਵੇਲੇ ਭਾਈ ਬੁਢਾ ਜੀ ਨੇ ਧਰਿਆ ਸੀ।

 www.sikhbookclub.com

ਸਤਿਗੁਰਾਂ ਨੇ ਬਹੁਤ ਸਨਮਾਨ ਦਿੱਤਾ, ਸਾਰੇ ਸਫ਼ਰ ਦਾ ਤੇ ਜੰਗ ਦਾ ਹਾਲ ਸੁਣਾਇਆ ਤੇ ਆਪ ਸਤਿਗੁਰੂ ਜੀ ਨੇ ਨਾਲ ਫਿਰਕੇ ਨਵੀਂ ਆਬਾਦੀ ਦਿਖਾਈ। ਗੁਰੂ ਅਰਜਨ ਦੇਵ ਜੀ ਦੇ ਵਸਾਏ ਅਪਣੇ ਹੱਕ ਹਕੂਕ ਵਾਲੇ ਟਿਕਾਣੇ ਨੂੰ ਨਾਜਾਇਜ਼ ਮਾਲਕ ਬਣ ਬੈਠੇ ਤੋਂ ਵਾਪਸ ਲੈਣ ਪਰ ਦੋਵੇਂ ਗੁਰਮੁਖ ਪ੍ਰਸੰਨ ਹੋਏ। ਇਥੇ ਕਈ ਦਿਨ ਸਤਿਸੰਗ ਰਿਹਾ ਤੇ ਗੁਰੂ ਜੀ ਦੇ ਫੁਰਮਾਨ ਤੇ ਭਾਈ ਬੁੱਢਾ ਜੀ ਨੇ ਅਪਣੀ ਅਖੀਂ ਦੇਖੇ ਸਮਾਚਾਰ ਆਦਿ ਗੁਰੂ ਸਾਹਿਬਾਂ ਦੇ ਆਪ ਜੀ ਨੂੰ ਸੰਗਤ ਸਮੇਤ ਸੁਣਾਏ। ਫਿਰ ਬਾਬਾ ਜੀ ਅਪਣੇ ਪਿੰਡ ਰਮਦਾਸ ਨੂੰ ਵਿਦਾ ਹੋ ਗਏ ਤੇ ਬਿਨੈ ਕਰ ਗਏ ਕਿ ਮੇਰਾ ਸਰੀਰ ਹੁਣ ਬ੍ਰਿੱਧ ਹੋ ਰਿਹਾ ਹੈ, ਜਦੋਂ ਮੇਰਾ ਅੰਤ ਸਮਾ ਆਵੇ ਮੈਨੂੰ ਦਰਸ਼ਨ ਦੇਣੇ। ਭਾਈ ਗੁਰਦਾਸ ਜੀ ਫੇਰ ਗੁਰੂ ਜੀ ਦੇ ਪਾਸ ਇੱਥੇ ਹੀ ਰਹੇ। ਇਥੇ ਕੀਰਤਨ, ਕਥਾ, ਸਤਿਸੰਗ, ਗੁਰ ਉਪਦੇਸ਼ ਆਦਿ ਆਤਮ ਰੰਗ ਦੇ ਰੰਗ ਬੱਝਦੇ ਰਹੇ।

ਇਨ੍ਹੀਂ ਦਿਨੀਂ ਨਿਤਜਾਨੰਦ ਨਾਮੇ ਇਕ ਮਹਾਂ ਵਿਦ੍ਵਾਨ ਪੰਡਤ, ਜੋ ਵਟਾਲੇ ਦਾ ਸੀ, ਗੁਰੂ ਕਾ ਸੱਦਿਆ ਸ੍ਰੀ ਗੋਬਿੰਦਪੁਰੇ ਆਇਆ। ਇਕ ਦਿਨ ਇਸ ਦੀ ਕਥਾ ਹੋਈ, ਜਿਸ ਵਿਚ ਇਸਨੇ ਦੱਸਿਆ ਕਿ ਮਰਿਆ ਪ੍ਰਾਣੀ ਇਕ ਬਰਸ ਮਗਰੋਂ ਜਮਪੁਰੀ ਵਿਚ ਪਹੁੰਚਦਾ ਹੈ। ਇਸ ਪਰ ਇਕ ਸਿਖ 'ਸੁੰਦਰ' ਨਾਮ ਨੇ ਕਿਹਾ, 'ਇਹ ਕਿਆ ਬਾਤ ਹੈ, ਗੁਰੂ ਕ੍ਰਿਪਾ ਨਾਲ ਮੈਂ ਇਤਨਾ ਪੈਂਡਾ ਚਾਰ ਪਹਿਰ ਵਿਚ ਲੰਘ ਜਾਵਾਂ'। ਦੂਸਰਾ ਸਿੱਖ 'ਲਾਲਾ' ਨਾਮੇ ਬੋਲਿਆ, 'ਮੈਂ ਗੁਰ ਦਇਆ ਨਾਲ ਦੋ ਪਹਿਰ ਵਿਚ ਇਤਨਾ ਪੰਧ ਮੁਕਾ ਲਵਾਂ'। ਇਸ ਪਰ ਤੀਸਰਾ ਸਿੱਖ 'ਮੱਯਾ' ਨਾਮੇ ਬੋਲਿਆ, 'ਗੁਰੂ ਦੀ ਮਿਹਰ ਨਾਲ ਮੈਂ ਇਕ ਪਹਿਰ ਵਿਚ ਇਤਨਾ ਪੰਧ ਮੁਕਾ ਲਵਾਂ'। ਇਸ ਪਰ ਚੌਥਾ ਸਿੱਖ 'ਨਿਹਾਲਾ' ਨਾਮੇ ਬੋਲਿਆ, 'ਗੁਰੂ ਕਰੁਣਾ ਨਾਲ ਮੈਂ ਅੱਖ ਝਮੱਕੇ ਵਿਚ ਇਤਨਾ ਪੰਥ ਮੁਕਾ ਲਵਾਂ'। ਪੰਡਤ ਕਰਮ ਕਾਂਡੀ ਤੇ ਪੌਰਾਣਕ ਵਿਦਜਾ ਦਾ ਵਿਦ੍ਵਾਨ ਸੀ। ਹੈਰਾਨ ਰਹਿ ਗਿਆ ਕਿ ਇਹ ਕੀਕੂੰ ਹੋ ਸਕਦਾ ਹੈ? ਸਿੱਖ ਐਵੇਂ ਹੀ ਕਹਿ ਰਹੇ ਹਨ। ਫਿਰ ਪੁਛਣ ਲਗਾ, 'ਹੇ ਗੁਰੂ ਜੀ!

ਪੌਰਾਣਾਂ ਵਿਚ ਝੂਠ ਲਿਖਿਆ ਹੈ ਕਿ ਇਹ ਸਿੱਖ ਝੂਠ ਬੋਲ ਰਹੇ ਹਨ?' ਤਦ ਗੁਰੂ ਜੀ ਨੇ ਭਾਈ ਗੁਰਦਾਸ ਜੀ ਵਲ ਤੱਕਿਆ ਤੇ ਫੁਰਮਾਇਆ, 'ਭਾਈ ਜੀਓ ਜੀ! ਪੰਡਤ ਦੇ ਹ੍ਰਿਦੇ ਨੂੰ ਠੰਢ ਪਾਓ'। ਤਦ ਭਾਈ ਸਾਹਿਬ ਜੀ ਬੋਲੇ: 'ਪੰਡਤ ਜੀ! ਤੁਸਾਂ ਨੇ ਕਰਮ ਕਾਂਡ ਦੀ ਰਹੁਰੀਤ ਕਹੀ ਹੈ, ਇਹ ਮਾਰਗ ਚੀਟੀ ਮਾਰਗ ਹੈ। ਜੋ ਗਲ ਸਿਖਾਂ ਨੇ ਕਹੀ ਹੈ ਉਹ ਬਿਹੰਗਮ ਮਾਰਗ ਦੀ ਗਲ ਹੈ'। ਪੰਡਤ ਨੇ ਕਿਹਾ 'ਵੇਰਵੇ ਨਾਲ ਦੱਸੋ?' ਤਾਂ ਭਾਈ ਜੀ ਨੇ ਸਮਝਾਇਆ: 'ਭਾਈ! ਕਰਮ ਮਾਰਗ ਵਿਚ ਤੇ ਹੋਰ ਸਾਧਨਾਂ ਦੇ ਮਾਰਗ ਵਿਚ ਮਨ ਇਕ ਵਿੱਥ ਵਿਚ ਟਿਕਿਆ ਰਹਿੰਦਾ ਹੈ। ਭਗਤੀ ਮਾਰਗ, ਸਾਈਂ ਤੇ ਅਪਣੇ ਵਿਚ ਦੀ ਵਿੱਥ ਨੂੰ ਮੇਟਣ ਦੇ ਆਦਰਸ਼ ਤੇ ਟੁਰਦਾ ਹੈ। ਉਸ ਸਾਈਂ ਨੂੰ ਰਸਨਾਂ ਨਾਲ ਜਪਦਾ ਤੇ ਹਿਰਦੇ ਵਿਚ ਸਿਮਰਦਾ ਤੇ ਪਿਆਰ ਕਰਦਾ ਹੈ, ਐਉਂ ਵਿੱਥ ਮਿਟ ਜਾਂਦੀ ਹੈ ਤੇ ਸਾਈਂ ਨਾਲ ਜੀਵ ਦਾ ਮਨ ਮਿਲ ਜਾਂਦਾ ਹੈ। ਫੇਰ ਚਾਰ ਪਹਿਰ ਵਿਚ ਕਿ ਇਕ ਖਿਨ ਵਿਚ ਪਹੁੰਚਣਾਂ ਤਾਂ ਕੀ ਫੇਰ ਤਾਂ ਜਮ ਦੇ ਰਸਤੇ ਵਿਚ ਜਾਣਾ ਹੀ ਨਹੀਂ ਪੈਂਦਾ:

**"ਜਿਹ ਪੈਡੈ ਲੂਟੀ ਪਨਿਹਾਰੀ॥ ਸੋ ਮਾਰਗੁ ਸੰਤਨ ਦੂਰਾਰੀ॥੧॥**
**........ਦੂਰਿ ਰਹੀ ਉਹ ਜਨ ਤੇ ਬਾਟ॥੨॥** (ਆਸਾ ਮ:੫/੩੯੩)

ਇਸ ਪ੍ਰੇਮ ਦੇ ਮਾਰਗ ਪਰ ਭਾਈ ਜੀ ਨੇ ਕਥਨ ਕੀਤਾ ਹੈ-

ਪ੍ਰੇਮ ਰੰਗ ਸਮਸਰਿ ਪੁਜਸਿ ਨ ਕੋਊ ਰੰਗ,
ਪ੍ਰੇਮ ਰਸ ਪੁਜਸਿ ਨ ਅਨਰਸ ਸਮਾਨ ਕੈ॥
ਪ੍ਰੇਮ ਗੰਧ ਪੁਜਸਿ ਨ ਆਨ ਕੋਊਐ ਸੁਗੰਧ
ਪ੍ਰੇਮ ਪ੍ਰਭੁਤਾ ਨ ਪੁਜਸਿ ਪ੍ਰਭੁਤਾ ਨ ਆਨ ਕੈ॥
ਪ੍ਰੇਮ ਤੋਲ ਤੁਲਿ ਨ ਪੁਜਸਿ ਤੋਲ ਤੁਲਾਧਾਰ
ਮੋਲ ਪ੍ਰੇਮ ਪੁਜਸਿ ਨ ਸਰਬ ਨਿਧਾਨ ਕੈ॥
ਏਕ ਬੋਲ ਪ੍ਰੇਮ ਕੈ ਪੁਜਸਿ ਨਹੀਂ ਬੋਲ ਕੋਊ
ਗਜਾਨ ਉਨਮਾਨ ਅਸ ਥਕਤ ਕੋਟਾਨ ਕੈ॥੧੭੦॥

ਇਸ ਪ੍ਰਕਾਰ ਭਾਈ ਗੁਰਦਾਸ ਜੀ ਦੇ ਉਪਦੇਸ਼ ਨਾਲ ਪੰਡਤ ਦਾ ਵਿਦਜਾ ਦਾ ਮਾਨ ਉਤਰ ਗਿਆ ਤੇ ਉਸਨੂੰ ਗੁਰੂ ਦੀ ਸ਼ਰਨ ਲੈਕੇ ਸਿੱਧਾ ਵਾਹਿਗੁਰੂ ਚਰਨਾਂ ਨਾਲ ਪ੍ਰੇਮ ਜੋੜਨ ਨਾਲ ਜੁੜ ਜਾਣ ਦਾ ਮਾਰਗ ਵਿਸ਼ੇਸ਼ ਦਿੱਸ ਪਿਆ। ਨਿਰਮਾਨ ਹੋਕੇ ਸਤਿਗੁਰ ਦੇ ਚਰਨਾਂ ਤੇ ਢੈ ਪਿਆ ਤੇ ਨਾਮ ਦਾਨ ਲੈਕੇ ਗੁਰਸਿਖ ਹੋ ਗਿਆ। ਇਹ ਪੰਡਤ ਇਤਨਾ ਪ੍ਰੇਮੀ ਹੋ ਗਿਆ ਕਿ ਗੁਰੂ ਦੁਆਰੇ ਨਿਤ ਕਥਾ ਕਰੇ ਤੇ ਜੋ ਧਨ ਭੇਗ ਪਿਆਂ ਤੇ ਆਵੇ ਸੋ ਘਰ ਦਿਆਂ ਨੂੰ ਖਰਚ ਲਈ ਘੱਲ ਦਿੱਤਾ ਕਰੇ, ਇਉਂ ਉਹ ਆਪ ਗੁਰੂ ਮੂਰਤੀ ਦਾ ਦਰਸ਼ਨ ਕਰਦਾ ਚਰਨਾਂ ਕਮਲਾਂ ਵਿਚ ਸਦਾ ਲਈ ਰਹਿ ਪਿਆ।

ਲਿਖਿਆ ਹੈ ਕਿ ਕੁਛ ਚਿਰ ਪਾਕੇ ਭਾਈ ਬੁੱਢੇ ਦਾ ਸੰਦੇਸ਼ਾ ਰਮਦਾਸ ਤੋਂ ਆਇਆ ਤਾਂ ਗੁਰੂ ਜੀ ਓਧਰ ਨੂੰ ਪਧਾਰੇ ਤੇ ਭਾਈ ਗੁਰਦਾਸ, ਬਿਧੀ ਚੰਦ ਆਦਿ ਸਿੱਖ ਨਾਲ ਟੁਰੇ। ਜ਼ਦ ਰਮਦਾਸ ਪਹੁੰਚੇ ਤਦ ਬਾਬਾ ਜੀ ਸਮਾਧੀ ਵਿਚ ਟਿਕੇ ਹੋਏ ਸਨ, ਦੇਖਕੇ ਗੁਰੂ ਜੀ ਦੇ ਹ੍ਰਿਦੇ ਪ੍ਰੇਮ ਨੇ ਠਾਠਾਂ ਮਾਰੀਆਂ ਤੇ ਨੈਨ ਸਜਲ ਹੋ ਗਏ। ਭਾਈ ਗੁਰਦਾਸ ਜੀ ਤੇ ਬਿਧੀਏ ਨੇ ਬ੍ਰਿਧ ਜੀ ਨੂੰ ਮੱਥਾ ਟੇਕਿਆ ਤਦ ਚਰਨ ਹਿੱਲਣ ਨਾਲ ਬਾਬਾ ਜੀ ਦੇ ਨੈਣ ਖੁੱਲ੍ਹ ਗਏ ਤੇ ਬਾਬਾ ਬੁੱਢਾ ਜੀ ਸਤਿਗੁਰਾਂ ਦੇ ਚਰਨਾਂ ਨੂੰ ਲਿਪਟ ਗਏ। ਫੇਰ ਬੈਠਕੇ ਸਤਿਗੁਰ ਦਾ ਬਹੁਤ ਧੰਨਯ਼ਵਾਦ ਕੀਤਾ ਤੇ ਪ੍ਰੇਮ ਭਾਵਨਾ ਪ੍ਰਗਟਾਈ, ਫਿਰ ਉੱਠਕੇ ਆਰਾਮ ਦੇ ਟਿਕਾਣੇ ਗਏ। ਪ੍ਰਸ਼ਾਦਿ ਆਦਿ ਤੋਂ ਮਗਰੋਂ ਬਾਬਾ ਜੀ ਨੇ ਅਪਣੇ ਪੁੱਤ੍ਰ ਭਾਨੇ ਦੀ ਬਾਂਹ ਸਤਿਗੁਰਾਂ ਨੂੰ ਫੜਾਈ ਤੇ ਕਿਹਾ ਕਿ ਸਦਾ ਮੇਰੇ ਵਾਂਙ ਸੇਵਾ ਕਰੇਗਾ। ਫੇਰ ਗੁਰ ਨਾਨਕ ਦੇਵ ਜੀ ਦੇ ਗੁਣ ਗਾਇਨ ਹੁੰਦੇ ਰਹੇ। ਇਉਂ ਤਿੰਨ ਪਹਿਰ ਬੀਤ ਗਏ, ਫੇਰ ਸ਼ਨਾਨ ਕਰਕੇ ਬਾਬਾ ਜੀ ਨੇ ਜਪੁਜੀ ਦਾ ਪਾਠ ਕੀਤਾ ਤੇ ਸਤਿਗੁਰੂ ਦੇ ਚਰਨਾਂ ਕਮਲਾਂ ਵਿਚ ਲੇਟੇ ਵਾਹਿੁੰਗਰੂ ਦੇ ਦੇਸ਼ ਚਲੇ ਗਏ।

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ-

ਤਨ ਕੋ ਤਜਾਗ ਪ੍ਰਾਨ ਜਬ ਗਇਓ। ਗੁਰੂ ਬਿਖੇ ਲੈ ਹੋਵਤ ਭਇਓ।
ਤਜੀ ਰਹੀ ਤਹਿ ਕਾਯਾਂ ਖਾਲੀ। ਜਨ ਗਜ ਫੂਲ ਮਾਲ ਕਉ ਡਾਲੀ।
ਸੁਗਮ ਦੇਹ ਤੇ ਹੋਇਓ ਭਿੰਨ। ਜੋ ਗੁਰ ਸੋਂ ਨਿਤ ਰਹਜੋ ਅਭਿੰਨ।
ਧੰਨ ਜਨਮ ਨਿਤ ਪਰਉਪਕਾਰੀ। ਜਿਨ ਸਿੱਖੀ ਕੀ ਨੀਵ ਉਸਾਰੀ।

(ਗੁ:ਪ੍ਰ:ਸੂ: ਰਾਸ ੬ ਅੰਸੂ ਪ੩ ਅੰਕ ਪ੨)

ਆਪ ਦੇ ਨਮਿਤ ਦਾ ਪਾਠ ਭਾਈ ਗੁਰਦਾਸ ਜੀ ਨੇ ਕੀਤਾ।

ਸਤਿਗੁਰੂ ਜੀ ਕੁਛ ਸਮਾ ਏਥੇ ਟਿਕੇ ਰਹੇ। ਇਕ ਦਿਨ ਭਾਈ ਗੁਰਦਾਸ ਬਾਹਰ ਨਿਕਲੇ ਤਾਂ ਦੇਸਾਂ ਨਾਮੇ ਪੱਟੀ ਦੀ ਇਕ ਮਾਈ ਉਦਾਸ ਬੈਠੀ ਵੇਖੀ। ਆਪ ਨੇ ਮਿਹਰ ਦੇ ਘਰ ਆਕੇ ਕਾਰਨ ਪੁੱਛਿਆ। ਦੇਸਾਂ ਨੇ ਕਿਹਾ ਮੇਰੇ ਔਲਾਦ ਨਹੀਂ ਹੈ, ਸਤਿਗੁਰ ਦੀ ਸ਼ਰਨੀ ਆਈ ਸਾਂ, ਆਪ ਨੇ ਫੁਰਮਾਯਾ ਹੈ ਕਿ ਤੇਰੇ ਭਾਗਾਂ ਵਿਚ ਪੁਤ੍ਰ ਲਿਖਿਆ ਨਹੀਂ। ਭਾਈ ਜੀ ਕਹਿਣ ਲਗੇ ਤੂੰ ਕਲਮ਼ ਦੁਆਤ ਲੈਕੇ ਸਤਿਗੁਰਾਂ ਨੂੰ ਮਿਲ ਪਉ ਤੇ ਫੇਰ ਬੇਨਤੀ ਕਰ। ਜੇ ਓਹੋ ਉਤਰ ਮਿਲੇ ਤਾਂ ਕਲਮ ਦੁਆਤ ਅਗੇ ਕਰਕੇ ਅਰਜ਼ ਕਰੀਂ, ਪਾਤਸ਼ਾਹ! ਏਥੇ ਓਥੇ ਲਿਖਨਹਾਰ ਆਪ ਹੋ, ਜੇ ਤਦ ਨਹੀਂ ਸੀ ਲਿਖਿਆ ਤਾਂ ਹੁਣ ਲਿਖ ਦਿਓ। ਮਾਈ ਨੇ ਸ਼ੁਕਰ ਵਿਚ ਆਕੇ ਸੀਸ ਨਿਵਾਯਾ ਤੇ ਅਗਲੇ ਦਿਨ ਇਸੇ ਤਰ੍ਹਾਂ ਗੁਰੂ ਜੀ ਨੂੰ ਜਦੋਂ ਆਪ ਸ੍ਵਾਰ ਹੋ ਪਿੰਡੋਂ ਬਾਹਰ ਨਿਕਲੇ ਤਾਂ ਮਿਲ ਪਈ। ਉਸੇ ਤਰ੍ਹਾਂ ਅਰਜ਼ ਕੀਤੀ, ਉਤਰ ਉਹੋ ਮਿਲਿਆ ਤਦ ਕਲਮ ਦੁਆਤ ਅਗੇ ਕਰਕੇ ਉਸਨੇ ਭਾਈ ਜੀ ਵਾਲੀ ਗਲ ਆਖੀ। ਸਤਿਗੁਰੂ ਹੱਸੇ ਤੇ ਕਿਹਾ ਅਛਾ ਪੁੱਤ੍ਰ ਹੋ ਜਾਏਗਾ। ਦੇਸਾਂ ਨੇ ਕਿਹਾ ਸੱਚੇ ਗੁਰੂ ਜੀ! ਮੇਰੇ ਮਸਤਕ ਤੇ ਲਿਖ ਦਿਓ। ਗੁਰੂ ਜੀ ਹੱਸੇ ਤੇ ਮੱਥੇ ਤੇ ਏਕਾਂਗ ਲਿਖਿਆ ਪਰ ਆਪ ਘੋੜੇ ਤੇ ਸਵਾਰ ਸਨ। ਲਿਖਨ ਵੇਲੇ ਘੋੜਾ ਹਿੱਲ ਪਿਆ ਤੇ ਏਕੇ ਦਾ ਸਾਤਾ ਬਣ ਗਿਆ, ਆਪ ਫੇਰ ਹੱਸੇ ਤੇ ਕਹਿਣ ਲਗੇ ਜਾਹ


www.sikhbookclub.com

ਮਾਈ ਸਤ ਪੁਤੀ ਹੋਸੇਂ, ਸੋ ਐਸਾ ਹੀ ਹੋਇਆ[੧]।

ਇਥੋਂ ਹੀ ਗੁਰੂ ਜੀ ਸਭਨਾਂ ਸਮੇਤ ਗੁਰੂ ਨਾਨਕ ਦੇਵ ਜੀ ਦੇ ਦੇਹੁਰੇ ਕਰਤਾਰਪੁਰ ਦਰਸ਼ਨਾਂ ਲਈ ਗਏ ਤੇ ਦਰਸ਼ਨ ਕਰਕੇ ਮੁੜ ਰਮਦਾਸ[੨] ਆ ਗਏ। ਕੁਝ ਦਿਨ ਆਪ ਰਮਦਾਸ ਟਿਕੇ ਰਹੇ। ਦੀਪਮਾਲਾ ਨੇੜੇ ਆਈ ਜਾਣਕੇ ਭਾਈ ਗੁਰਦਾਸ ਤੇ ਬਿਧੀ ਚੰਦ ਨੇ ਸ੍ਰੀ ਅੰਮ੍ਰਤ ਸਰੋਵਰ ਚਲਣੇ ਲਈ ਬਿਨੈ ਕੀਤੀ। ਸ੍ਰੀ ਗੁਰੂ ਜੀ ਸਭਨਾਂ ਸਮੇਤ ਆ ਗਏ ਤੇ ਦੀਪਮਾਲਾ ਦਾ ਸਮਾਗਮ ਬੜੇ ਆਨੰਦ ਨਾਲ ਹੋਇਆ। ਗੁਰਪ੍ਰਤਾਪ ਸੂਰਜ ਵਿਚ ਜ਼ਿਕਰ ਹੈ ਕਿ ਇਸ ਤੋਂ ਮਗਰੋਂ ਸ੍ਰੀ ਅਟਲ ਰਾਇ ਜੀ ਦਾ ਪ੍ਰਲੋਕ ਪਯਾਨਾ ਅਸੂ ਵਦੀ ੧੦ ਸੰ: ੧੬੮੫ ਬਿ: ਨੂੰ ਹੋਇਆ[੩]। ਇਸ ਸਮੇਂ ਭਾਈ ਗੁਰਦਾਸ ਜੀ ਮਾਈਆਂ ਦੇ ਸਮਾਗਮ ਵਿਚ ਕਥਾ ਵਾਰਤਾ ਕਰਦੇ ਧੀਰਜ ਬਨ੍ਹਾਉਣ ਦੇ ਉਪਦੇਸ਼ ਦੇਂਦੇ ਰਹੇ। ਇਸ ਪ੍ਰਕਾਰ ਸ੍ਰੀ ਰਾਮਦਾਸਪੁਰੇ (ਅਰਥਾਤ ਸ੍ਰੀ ਅੰਮ੍ਰਿਤਸਰ) ਵਿਚ ਭਾਈ ਗੁਰਦਾਸ ਜੀ, ਗੁਰੂ ਸਾਹਿਬ ਜੀ ਤੇ ਹੋਰ ਮੁਖੀ ਸਿੱਖ ਟਿਕੇ ਰਹੇ ਤੇ ਅਨੇਕਾਂ ਪਰਉਪਕਾਰ ਤੇ ਜਗਤ ਉਧਾਰ ਦੇ ਕਾਰਜ ਹੁੰਦੇ ਰਹੇ।

ਇਕ ਦਿਨ ਭਾਈ ਬਹਿਲੋ, ਭਾਈ ਭਗਤੂ, ਭਾਈ ਬਿਧੀਆ, ਭਾਈ ਜੇਠਾ, ਭਾਈ ਗੁਰਦਾਸ ਤੇ ਹੋਰ ਅਨੇਕਾਂ ਵਡੇ ਵਡੇ ਸਿਖ ਬਿਰਾਜਮਾਨ ਸਨ। ਸਿਖਾਂ ਦੀ ਆਪੋ ਵਿਚ ਵਾਰਤਾਲਾਪ ਛਿੜ ਪਈ। ਇਕ ਨੇ ਕਿਹਾ ਮਾਯਾ ਬੜੀ ਪ੍ਰਬਲ ਹੈ, ਅਪਣੇ ਵਿਚ ਭਰਮਾ ਲੈਂਦੀ ਹੈ, ਪਰ ਸਿਖ ਲਈ ਸਭ ਤੋਂ ਵਡਾ ਮਾਯਾ ਦਾ ਬਲ 'ਗੁਰੂ ਤੋਂ ਸਿਦਕ ਡੁਲਾ ਦੇਣ ਦਾ' ਹੁੰਦਾ ਹੈ। ਇਸ ਛਲ ਤੋਂ ਗੁਰੂ ਰਖਯਾ ਕਰੇ। ਭਾਈ ਜੀ ਅਹਿੱਲ ਤੇ ਅਡੋਲ ਸਿਦਕ ਵਾਲੇ ਸੇ ਬੋਲੇ,

---

੧. ਇਸ ਪ੍ਰਸੰਗ ਤੋਂ ਛੁਟ ਗੁਰ ਪ੍ਰਤਾਪ ਸੂਰਜ ਵਿਚ ਇਕ ਐਸਾ ਹੋਰ ਪ੍ਰਸੰਗ ਚੰਬੇ ਦੀ ਮਾਈ ਸੁਲੱਖਣੀ ਦਾ ਦਸਮ ਸਤਿਗੁਰਾਂ ਦੇ ਵੇਲੇ ਮਾਲਵੇ ਵਿਚ ਹੋਇਆ ਬੀ ਲਿਖਿਆ ਹੈ।

੨. ਇਹ ਟਿਕਾਣਾ ਅਜਨਾਲੇ ਦੀ ਤਹਿਸੀਲ ਵਿਚ ਹੈ।

੩. ਜੀਵਨ ਭਾਈ ਬੁੱਢਾ ਵਿਚ ਬਾਬਾ ਜੀ ਦਾ ਚਲਾਣਾ ੧੬੮੮ ਬਿ: ਵਿਚ ਲਿਖਿਆ ਹੈ, ਇਸ ਹਿਸਾਬ ਇਹ ਸਾਰੇ ਵਾਕੇ ਪਹਿਲੋਂ ਹੋ ਚੁਕੇ ਹੋਏ ਹਨ।

ਸਚ ਹੈ, ਪਰ 'ਸਿਖੀ' ਨਾਮ 'ਗੁਰੂ ਵਿਚ ਸਿਦਕ' ਦਾ ਹੈ। ਜੇ ਕਦੇ ਗੁਰੂ ਸਾਂਗ ਵਰਤਾਵੇ ਤਾਂ ਚਾਹੀਦਾ ਹੈ ਕਿ ਸਿਖ ਨਿਸਚਾ ਦ੍ਰਿੜ੍ਹ ਰਖੇ, ਡੋਲੇ ਨਾ। ਤਦ ਸਿੱਖਾਂ ਨੇ ਕਿਹਾ ਸੱਚ ਹੈ ਪਰ ਪ੍ਰਭੂ ਦੀ ਮਾਯਾ ਡਾਢੀ ਹੈ, ਗੁਰੂ ਦੀ ਸਹਾਯਤਾ ਇਸਤੋਂ ਰੱਖ ਸਕਦੀ ਹੈ ਤੇ ਗੁਰੂ ਦੀ ਮਾਯਾ ਤੋਂ ਗੁਰੂ ਆਪ ਹੀ ਰੱਖ ਸਕਦਾ ਹੈ, ਸਿੱਖ ਦੀ ਨਿਰੀ ਅਪਣੀ ਤਾਕਤ ਕਾਫ਼ੀ ਨਹੀਂ। ਭਾਈ ਜੀ ਨੇ ਫੇਰ ਕਿਹਾ ਸੱਚ ਹੈ, ਪਰ ਸਿੱਖ ਦਾ ਨਿਸਚਾ ਅਡੋਲ ਲੋੜੀਏ। ਗੁਰੂ ਸਾਂਗ ਵਰਤੇ ਤਾਂ ਸਿੱਖ ਸਿਦਕ ਵਿਚ ਪੱਕਾ ਰਹੇ[1]। ਇਸ ਪ੍ਰਕਾਰ ਵੀਚਾਰ ਚਲਦੀ ਰਹੀ। ਇਸ ਵਾਰਤਾ ਪਰ ਸ੍ਰੀ ਸਤਿਗੁਰੂ ਜੀ ਨੇ ਵੀਚਾਰਿਆ ਕਿ ਭਾਈ ਗੁਰਦਾਸ ਠੀਕ ਹੈ, ਇਸ ਦਾ ਅਮਲ ਬੀ ਇਹੀ ਹੈ, ਪਰ ਇਸਦੀ ਨੀਂਹ ਵਿਚ ਹੇਠਾਂ ਬੀਜ ਮਾਤ੍ਰ ਅਹੰ ਹੈ। ਇਹ ਦੂਰ ਕਰਨਾ ਸਾਡਾ ਧਰਮ ਹੈ। ਯਥਾ-

**ਯਾਤੇ ਬੀਜ ਮਾਤ੍ਰ ਅਹੰਕਾਰ। ਹੈ ਇਸ ਬਿਖੈ ਸੁ ਬੁਰੋ ਵਿਕਾਰ।**
**ਰਹਿਬੋ ਸਦਾ ਸਮੀਪ ਹਮਾਰੇ। ਚਹੀਏ ਉਰ ਤੇ ਮੂਲ ਉਖਾਰੇ।**
**ਇਮ ਹੰਕਾਰ ਬਿਨਾਸਜੋ ਜੇ ਨ। ਤਉ ਹਮ ਕੋ ਚਹੀਏ ਹਤਿ ਦੇਨ।**
**ਦੇਹਿਂ ਕਸੌਟੀ ਸਹੈ ਕਿ ਨਾਂਹੀ ? ਕਰੈਂ ਕ੍ਰਿਤੀ ਕੁਛ ਪਰਖਨ ਮਾਂਹੀ।**

(ਗੁ: ਪ੍ਰ: ਸੂ: ਰਾਸ ੭ ਅੰਸੂ ੨ ਅੰਕ ੧੬)

ਕੁਛ ਦਿਨ ਪਾਕੇ ਘੋੜਿਆਂ ਦੀ ਲੋੜ ਪਈ। ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਘੋੜੇ ਖਰੀਦਨ ਕਾਬਲ ਟੋਰਿਆ[2] ਹੋਰ ਸਿੱਖ ਨਾਲ ਦਿੱਤੇ ਤੇ ਮਾਯਾ ਬੀ ਨਾਲ ਦਿੱਤੀ। ਭਾਈ ਜੀ ਨੇ ਘੋੜੇਂ ਪਸੰਦ ਕਰਕੇ ਸਤਿਗੁਰਾਂ

---

੧. 'ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨਾ ਹਾਰੇ' ਭਾਈ ਗੁਰਦਾਸ ਜੀ ਦੀ ਰਚਨਾ ਹੈ, ਦੇਖੋ ਵਾਰ ੩੫ ਪਉੜੀ ੨੦

੨. ਸੂ:ਪ੍ਰ: ਤੇ ਖਾ: ਤਵਾ: ਵਿਚ ਭਾਈ ਗੁਰਦਾਸ ਜੀ ਦਾ ਕਾਬਲ ਘੋੜੇ ਖਰੀਦਣ ਜਾਣਾ ਲਿਖਿਆ ਹੈ, ਪਰ ਮਹਿਮਾ ਪ੍ਰਕਾਸ਼ ਵਾਰਤਕ (੧੭੯੮ ਬਿ:) ਅਤੇ ਮਹਿਮਾ ਪ੍ਰਕਾਸ਼ ਵਡਾ (੧੮੩੦ ਬਿ:) ਦੋਹਾਂ ਵਿਚ ਘੋੜੇ ਖਰੀਦਣ ਦਾ ਪ੍ਰਸੰਗ ਅੰਮ੍ਰਿਤਸਰ (ਰਾਮਦਾਸ ਪੁਰ) ਵਰਤਿਆ ਹੀ ਦੱਸਿਆ ਹੈ।

ਪਾਸ ਘੱਲੇ ਕਿ ਜੇ ਪਸੰਦ ਹੋਣ ਤਾਂ ਘੋੜੇ ਰੱਖ ਲਏ ਜਾਣ ਤੇ ਮਾਯਾ ਏਥੇ ਤਾਰ ਦਿੱਤੀ ਜਾਵੇ ਤੇ ਜੇ ਨਾ ਪਸੰਦ ਹੋਣ ਤਾਂ ਘੋੜੇ ਮੋੜ ਘੱਲੇ ਜਾਣ। ਘੋੜੇ ਸਤਿਗੁਰਾਂ ਦੇ ਪਸੰਦ ਆ ਗਏ ਤੇ ਮਾਯਾ ਤਾਰਨੇ ਦਾ ਹੁਕਮ ਚਲਾ ਗਿਆ। ਜਦ ਹੁਕਮ ਪਹੁੰਚਾ ਤਾਂ ਵਪਾਰੀ ਮਾਯਾ ਲੈਣ ਲਈ ਸੱਦੇ ਗਏ। ਉਨ੍ਹਾਂ ਨੂੰ ਬਾਹਰ ਬਿਠਾਕੇ ਭਾਈ ਜੀ ਅੰਦਰ ਰੁਪੱਯੇ ਕੱਢਣ ਗਏ ਪਰ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਸੰਦੂਕ ਖੁਹਲੇ ਤਾਂ ਵਿਚ ਮਾਯਾ ਦੀ ਥਾਂ ਠੀਕਰੀਆਂ ਨਜ਼ਰ ਪਈਆਂ। ਚੰਗੀ ਤਰ੍ਹਾਂ ਪਰਤਾ ਸਰਤਾ ਕੇ ਇਕ, ਦੋ, ਚਾਰ, ਦਸ ਵੇਰੀ ਡਿੱਠਾ ਠੀਕਰੀਆਂ ਹੀ ਠੀਕਰੀਆਂ ਦਿੱਸੀਆਂ, ਤਦ ਸ਼ਰਮ ਆਈ ਕਿ ਵਪਾਰੀਆਂ ਨੂੰ ਕੀਹ ਮੂੰਹ ਦਿਆਂ। ਹੋਯਾ ਕੀਹ? ਕਿੰਵ ਭਾਣਾ ਵਰਤਿਆ? ਜਦ ਮਨ ਦੀ ਵਿਚਾਰ ਦੀ ਪੇਸ਼ ਨਾ ਗਈ ਤਾਂ ਤੰਬੂ ਪਾੜਕੇ ਪਿਛਲੇ ਰਸਤਿਓਂ ਨਿਕਲ ਗਏ ਤੇ ਅਨੇਕ ਮੁਸ਼ਕਲਾਂ ਝਾਗਦੇ ਬਨਾਰਸ ਪਹੁੰਚ ਗਏ। ਬਾਕੀ ਦੇ ਸਿੱਖਾਂ ਨੇ ਜਦ ਦੇਰ ਤਕ ਉਡੀਕ ਕੀਤੀ ਤਾਂ ਘਬਰਾਕੇ ਅੰਦਰ ਗਏ, ਭਾਈ ਗੁਰਦਾਸ ਜੀ ਸਨ ਨਹੀਂ, ਪਰ ਸੰਦੂਕ ਤੇ ਜੰਦਰੇ ਖੁੱਲ੍ਹੇ ਪਏ ਸਨ। ਉਨ੍ਹਾਂ ਨੇ ਰੁਪੱਯੇ ਕੱਢੇ, ਗਿਣੇ ਤੇ ਵਪਾਰੀਆਂ ਨੂੰ ਦੇਕੇ ਰਸੀਦਾਂ ਲੈ ਲਈਆਂ। ਫਿਰ ਲਗੀ ਭਾਈ ਗੁਰਦਾਸ ਦੀ ਢੂੰਡ ਹੋਣ। ਕਈ ਦਿਨ ਕੋਈ ਥਹੁ, ਕੋਈ ਸੂੰਹ ਨਾ ਮਿਲਨ ਕਰਕੇ ਓਹ ਵਾਪਸ ਆ ਗਏ ਤੇ ਸਾਰੀ ਵਿਥਯਾ ਆ ਸੁਣਾਈ। ਸਤਿਗੁਰੂ ਜੀ ਸੁਣਕੇ ਮੁਸਕ੍ਰਾਏ ਤੇ ਵਰਤੇ ਕੌਤਕ ਤੇ ਭਾਈ ਜੀ ਡੋਲੇ ਸਮਝਕੇ ਚੁਪ ਕਰ ਰਹੇ।

ਭਾਈ ਸਾਹਿਬ ਕਾਸ਼ੀ* ਪਹੁੰਚਕੇ ਇਕ ਟਿਕਾਣੇ ਜਾ ਉਤਰੇ, ਗੁਰ ਸਿਖਾਂ ਦੇ ਘਰ ਚੋਖੇ ਸਨ, ਭਾਈ ਜੀ ਪਛਾਣੇ ਗਏ ਤੇ ਆਦਰ ਭਾਉ ਬਹੁਤ ਹੋਇਆ। ਜਦ ਨਗਰ ਦੇ ਰਾਜੇ ਨੂੰ ਖ਼ਬਰ ਪਹੁੰਚੀ ਤਾਂ ਉਸਨੇ ਇਕ ਅਛੇ ਟਿਕਾਣੇ ਉਤਾਰਾ ਕਰਵਾਯਾ ਤੇ ਡੇਰੇ ਬੁਲਾਕੇ ਸਨਮਾਨ ਨਾਲ ਮਿਲਿਆ।

---

* ਮਹਿਮਾ ਪ੍ਰਕਾਸ਼ ਵਿਚ ਇਹ ਟਿਕਾਣਾ ਉਤਰਾਖੰਡ ਦੱਸਿਆ ਹੈ।


www.sikhbookclub.com

ਆਪ ਆਏ ਤਾਂ ਏਥੇ ਘਬੰਰਾਕੇ ਸਨ, ਸਿਦਕ ਦੇ ਡੁਲਾਉ ਵਿਚ ਸਨ, ਪਰ ਸਿਦਕ ਦਾ ਡੁਲਾਉ ਸਿਦਕ ਦੀ ਵਿਦੈਗੀ ਨਹੀਂ ਸੀ। ਜੀਕੂੰ ਦੋ ਥੰਮ੍ਹਿਆਂ ਵਿਚ ਬੱਧੀ ਤਾਰ ਰਤਾ ਢਿੱਲੀ ਹੋ ਜਾਏ ਤਾਂ ਹਿਲਾਇਆਂ ਤੇ ਥਰਕਦੀ ਹੈ, ਪਰ ਥੰਮਿਆਂ ਨਾਲ ਗੱਡੀ ਜਿਉਂ ਕੀ ਤਿਉਂ ਟਿਕਾਣੇ ਰਹਿੰਦੀ ਹੈ। ਉਸਦੀ ਥਰਕਣ ਉਸਦੀ ਕੰਬਣੀ ਤਾਂ ਹੈ ਪਰ ਟਿਕਾਣਿਓਂ ਗਿਰਾਉ ਕਿ ਵਿਦੈਗੀ ਨਹੀਂ ਹੈ। ਹੁਣ ਥਰਕਣ ਹਟ ਗਈ ਤੇ ਮਨ ਅਡੋਲ ਹੋ ਗਿਆ। ਸਮਝ ਪੈ ਗਈ ਕਿ ਇਹ ਮੇਰਾ ਪਰਤਾਵਾ ਸੀ ਤੇ ਮੇਰੇ ਅੰਦਰ ਅਹੰਕਾਰ ਦੀ ਲੇਸ਼ ਸੀ ਜਿਸਦਾ ਗੁਰੂ ਨੇ ਦਾਰੂ ਕੀਤਾ ਹੈ, ਸੋ ਮੈਂ ਗੁਰੂ ਕੀ ਸੇਵਾ ਵਿਚ ਲਗਾ ਰਹਾਂ। ਦਯਾਨਿਧ ਜੀ ਆਪੇ ਦਯਾਲੂ ਹੋਣਗੇ ਤੇ ਆਪੇ ਹੀ ਚਰਨੀ ਲਾ ਲੈਣਗੇ। ਸ਼ਭ ਤੋਂ ਵਡੀ ਗੁਰੂ ਕੀ ਸੇਵਾ ਇਹ ਹੈ ਕਿ ਗੁਰੂ ਕੀ ਸੰਗਤ ਨੂੰ ਸਾਈਂ ਵਿਚ ਲਾਇਆ ਜਾਵੇ। ਸੋ ਭਾਈ ਜੀ ਨੇ ਓਥੇ ਗੁਰਬਾਣੀ ਦੀ ਕਥਾ ਆਰੰਭ ਦਿੱਤੀ। ਕਥਾ ਨਾਲ ਕੀਰਤਨ ਹੋਵੇ, ਸੰਗਤ ਜੁੜੇ। ਲਗੇ ਸੁੱਤਿਆਂ ਵਿਚੋਂ ਨਵੇਂ ਸਿਖ ਬਣਨ। ਰਾਜਾ ਬੀ ਨਾਮ ਦਾਨ ਲੈਕੇ ਸਿਖ ਹੋ ਗਿਆ। ਹੁਣ ਮਹਿਮਾ ਹੋਰ ਵਧੀ, ਪਰ ਨਾਲ ਹੀ ਸ਼ਹਿਰ ਦੇ ਪੰਡਤਾਂ ਵਿਚ ਮਹਿਮਾ ਦੀ ਛਾਯਾ-ਈਰਖਾ-ਜੋ ਇਸਦੇ ਨਾਲੋ ਨਾਲ ਪਰਛਾਵੇਂ ਵਾਂਙੂ ਰਹਿੰਦੀ ਹੈ, ਬੀ ਆ ਗਈ। ਪੰਡਤ ਦੁਖੀ ਹੋਣ ਕਿ ਇਹ ਕੌਣ ਹੈ ਬਿਦੇਸ਼ੀ ਜੋ ਰਾਜਾ ਤਕ ਨੂੰ ਅਪਣਾ ਸਿੱਖ ਬਣਾ ਬੈਠਾ ਹੈ, ਸੋ ਲਗੇ ਆਉਣ ਤੇ ਬਹਿਸਾਂ ਕਰਨ। ਰਾਜਾ ਦੇ ਸਿਖ ਹੋ ਜਾਣ ਕਰਕੇ ਪੰਡਤ ਲੋਕ ਬੇਅਦਬੀ ਤਾਂ ਨਾਂ ਕਰ ਸਕਣ ਪਰ ਚਰਚਾਵਾਦ ਚੰਗੇ ਜ਼ੋਰਾਂ ਨਾਲ ਕਰਨ ਜਿਨ੍ਹਾਂ ਵਿਚ ਭਾਈ ਜੀ ਆਪ ਨੂੰ ਨਿਰੁੱਤਰ ਕਰ ਦੇਣ। ਆਪ ਨੇ ਇਨ੍ਹਾਂ ਦਿਨਾਂ ਵਿਚ ਕਈ ਇਕ ਖ਼ਯਾਲ ਜੋ ਬਹਸਾਂ ਵਿਚ ਨਿਤਰ ਪੈਣ ਕਬਿੱਤਾਂ ਸਵੈਯਾਂ ਵਿਚ ਹਿੰਦੀ ਬੋਲੀ ਵਿਚ ਰਚੇ। ਇਹ ਗਲ ਜਦ ਫੈਲੀ ਕਿ ਰਾਜਾ ਦੇ ਪੂਜਜ ਦਾਤਾ ਜੀ ਕਵੀ ਬੀ ਹਨ ਤਾਂ ਕਵੀ ਬੀ ਆਉਣ ਲਗ ਪਏ।

ਭਾਈ ਜੀ ਇਹ ਐਸ਼੍ਵਰਜ ਪਾਕੇ ਸੰਤੁਸ਼ਟ ਨਹੀਂ ਹੋ ਗਏ। ਏਹ ਸਾਰਾ ਪ੍ਰਚਾਰ ਗੁਰੂ ਕੀ ਸੇਵਾ ਹੀ ਜਾਣਕੇ ਕਰ ਰਹੇ ਸਨ। ਮਨ ਸਤਿਗੁਰਾਂ ਦੇ ਵਿਛੋੜੇ ਵਿਚ ਬਿਹਬਲ ਸੀ ਤੇ ਅਤਿ ਬਿਹਬਲ ਸੀ। ਉਹ ਬਿਹਬਲਤਾ ਆਪਣੇ ਛੰਦਾਂ ਵਿਚ ਰਚਣੀ ਤੇ ਕਵੀਆਂ ਦੇ ਆਯਾਂ ਜੋ ਕਾਵ੍ਯ ਦਾ ਰੰਗ ਜੰਮਣਾ ਉਸ ਵਿਚ ਸੁਨਾਉਣੀ। ਜ਼ਾਹਰਾ ਤਾਂ ਐਸਾ ਜਾਪਣਾ ਕਿ ਆਪ ਬਿਰਹਨੀ ਨਾਯਕਾ ਦੇ ਭੇਦ ਪਰਿਭੇਦ ਪਰ ਰਚਨਾ ਰਚ ਰਹੇ ਹਨ, ਪਰ ਉਸ ਰਚਨਾਂ ਵਿਚ ਅੰਕਤ ਹੋਣਾ ਆਪਣੇ ਭਗਤੀ ਵਿਚ ਰੱਤੇ ਮਨ ਦੇ ਗੁਰੂ ਵਿਛੋੜੇ ਦਾ ਹਾਲ। ਪਰ ਦੇਖੋ ਆਪਦੀ ਪ੍ਰਬੀਨਤਾ ਕਿ ਇਨ੍ਹਾਂ ਛੰਦਾਂ ਵਿਚ ਆਪ ਐਸੇ ਪਦ ਪਦਾਰਥ ਧਰ ਦੇਂਦੇ ਹਨ ਕਿ ਜਿਨ੍ਹਾਂ ਤੋਂ ਵੀਚਾਰਸ਼ੀਲ ਨੂੰ ਪਤਾ ਲਗ ਜਾਂਦਾ ਹੈ ਕਿ ਇਹ ਬਿਰਹੇ ਇਕ ਵਿਛੁੜੇ ਸਿਖ ਦੇ ਗੁਰੂ ਚਰਨਾਂ ਵਲ ਹਨ ਤੇ ਪਰਮਾਰਥ ਦੇ ਰਸਤੇ ਤੇ ਚਾਨਣਾ ਪਾਉਂਦੇ ਹਨ। ਫਿਰ ਆਪ ਦੀ ਸ੍ਰੇਸ਼ਟਾਚਾਰ ਵਾਲੀ ਖ਼ੂਬੀ ਇਹ ਹੈ ਕਿ ਨਾਯਕਾ ਦੇ ਰੂਪਕ ਜੋ ਬੰਨ੍ਹਦੇ ਹਨ ਉਹ ਗ਼ੌਰ ਨਾਲ ਦੇਖੋ ਤਾਂ 'ਸ੍ਵਕੀਯਾ[੧]' ਦੇ ਬੰਨ੍ਹਦੇ ਹਨ ਤੇ ਥਾਂ ਪਰ ਥਾਂ ਪਤਿਬ੍ਰਤਾ ਪਦ ਵਰਤਕੇ ਅਪਣੇ ਭਾਵ ਨੂੰ ਉੱਚ ਆਚਰਣੀ ਲੀਹਾਂ ਤੋਂ ਬਾਹਰ ਨਹੀਂ ਪੈਣ ਦੇਂਦੇ।

ਲਿਖਿਆ ਹੈ ਕਿ ਇਕ ਦਿਨ ਬੜੇ ਬੜੇ ਸਨਯਾਸੀਆਂ ਪੰਡਿਤਾਂ ਨੇ ਆਪ ਨੂੰ ਬੜੀ ਚਤੁਰਤਾ ਨਾਲ 'ਅਪਨੇ ਇਸ਼ਟ ਪਰ ਸ਼ਰਧਾ ਦੇ ਭਾਵ' ਨੂੰ ਬੰਧਨ ਰੂਪ ਦੱਸਿਆ। ਪਰ ਭਾਈ ਸਾਹਿਬ ਅਪਣੇ ਆਸ਼ਯ ਪਰ ਦ੍ਰਿੜ੍ਹ ਰਹੇ ਤੇ ਇਕ ਕਬਿਤ ਉਚਾਰਿਆ–

**ਜੈਸੇ ਬਛੁਰਾ ਬਿਛਰ ਪਰੈ ਆਨ[੨] ਗਾਇ ਥਨ**
**ਦੁਗਧ[੩] ਨ ਪਾਨ ਕਰੈ ਮਾਰਤ ਹੈ ਲਾਤਕੀ।**
**ਜੈਸੇ ਮਾਨਸਰ ਤਜਾਗ ਹੰਸ ਆਨ[੨] ਸਰ[੪] ਜਾਤ**
**ਖਾਤ ਨ ਮੁਕਤ[੫] ਫਲ ਭੁਗਤ ਜੁ ਗਾਤ ਕੀ[੬]**

---

੧. ਆਪਣੀ ਵਿਵਾਹਤਾ ਇਸਤ੍ਰੀ। ੨. ਹੋਰ, ਦੂਸਰੀ, ੩. ਦੁੱਧ।
੪. ਸਰੋਵਰ। ੫. ਮੋਤੀ। ੬. ਸਰੀਰ ਦਾ ਭੋਜਨ।

 www.sikhbookclub.com

ਜੈਸੇ ਰਾਜ ਦ੍ਵਾਰ ਤਜਿ ਆਨ ਦ੍ਵਾਰ ਜਾਤ ਜਨ[੧]
ਹੋਤ ਮਾਨ ਭੰਗ ਮਹਿਮਾ ਨ ਕਾਹੂ ਬਾਤ ਕੀ।
ਤੈਸੇ ਗੁਰ ਸਿੱਖ ਆਨ ਦੇਵ ਕੀ ਸਰੰਨ ਜਾਤਿ
ਰਹਿਓ ਨ ਪਰਤ ਰਾਖਿ ਸਕਤ ਨ ਪਾਤਕੀ[੨]।੪੪੧।

## ਵਾਹਿਗੁਰੂ ਸ੍ਤੋਤ੍ਰ[੩]॥

**ਕਵੀ** ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਯ ਵਿਚ ਭਾਈ ਜੀ ਦੇ ਸੰਸਕ੍ਰਿਤ ਸਲੋਕ ਬੀ ਦਿਤੇ ਹਨ ਜਿਨ੍ਹਾਂ ਦੀ ਕਥਾ ਗੁ:ਪ੍ਰ:ਸੂ: ਵਿਚ ਇਉਂ ਹੈ ਕਿ ਪੰਡਿਤਾਂ ਨੇ ਪੁੱਛਿਆ ਕਿ ਗੁਰੂ ਜੀ ਨੇ ਪਰਮਸ਼ੁਰ ਦੇ ਪੁਰਾਤਨ ਨਾਮ ਛੱਡਕੇ 'ਵਾਹਿਗੁਰੂ' ਨਾਮ ਕਿਉਂ ਰਚਿਆ, ਇਸ ਵਿਚ ਕੀਹ ਵਿਸ਼ੇਸ਼ਤਾ ਹੈ। ਭਾਈ ਜੀ ਨੇ ਹੇਠ ਲਿਖੇ ਸ਼ਲੋਕਾਂ ਵਿਚ ਉਤਰ ਦਿੱਤਾ-

*ਅਨੁਸ਼੍ਰਪ ਛੰਦ-* ਵਿਸ਼੍ਰੇਸ਼ੰ ਵਿਸ਼੍ਰ ਮਿਤਜੁਕੰ, ਸੰਪੁਟੇ ਵਿਸ਼੍ਰ ਭੂਖ਼ਣੰ।
ਵਿਸ਼੍ਰ ਬੋਧੰ, ਸ੍ਰਯੰ ਬਹਮ, ਤੰ[੪] ਪ੍ਰਣਵਾਦੀ ਨਮਾਮਿਹੰ[੫]।੧।

[ਵਿਸ਼੍ਰੇਸ਼ੰ=ਜੋ ਵਿਸ਼੍ਰ (=ਸੰਸਾਰ) ਦਾ ਈਸ਼੍ਵਰ ਹੈ। ਵਿਸ਼੍ਰ ਮਿਤਜੁਕੰ=ਵਿਸ਼੍ਰ+ਇਤਿ+ਉਕੰ=ਜੋ ਸੰਸਾਰ(ਦਾ ਰੂਪ ਹੀ) ਕਿਹਾ ਜਾਂਦਾ ਹੈ। ਸੰਪੁਟੇ ਵਿਸ਼੍ਰ ਭੂਖ਼ਣੰ=ਜੋ ਸੰਸਾਰ ਰੂਪੀ ਡੱਬੇ ਵਿਖੇ ਭੂਖਣ ਹੈ। ਜੀਕਰ (ਜਿਸਤਰਾਂ) ਗਹਿਣਾ ਡੱਬੇ ਵਿਚ ਹੁੰਦਾ ਹੈ ਤੇ ਉਸਦੀ ਸ਼ੋਭਾ ਹੈ ਤਿਵੇਂ ਵਚਿੱਤ੍ਰ ਜਗਤ]

---

੧. ਸੇਵਕ, ਦਾਸ। ੨. ਪਾਪੀ ਨੂੰ (ਉਹ ਆਨ ਦੇਵ) ਰੱਖ ਨਹੀਂ ਸਕਦਾ।

੩. ਗੁਰਮੁਖੀ ਲਿਖਾਰੀਆਂ ਨੇ ਏਹ ਛੰਦ ਉਤਾਰੇ ਕਰਦਿਆਂ ਕਰਦਿਆਂ ਅਸ਼ੁੱਧ ਕਰ ਦਿਤੇ ਹਨ। ਏਹ ਹੇਠ ਲਿਖੇ ਪਾਠ ਗੁ:ਪ੍ਰ:ਸੂਰਯ ਦੇ ਕਈ ਨੁਸਖ਼ਿਆਂ ਦੇ ਟਾਕਰੇ ਤੋਂ ਲਏ ਹਨ। ਪਰ ਅਜੇ ਬੀ ਅਸ਼ੁੱਧੀਆਂ ਹਨ ਜੋ ਹੇਠਾਂ ਅਸੀਂ ਕੁਛ ਕੁਛ ਟੂਕਾਂ ਵਿਚ ਦੱਸੀਆਂ ਹਨ, ਪਰ ਪੂਰੀ ਦਰੁਸਤੀ ਤਾਂ ਹੀ ਹੋ ਸਕਦੀ ਹੈ ਜੇ ਗੁ:ਪ੍ਰ:ਸੂ: ਦਾ ਅਸਲੀ ਨੁਸਖ਼ਾ ਮਿਲ ਪਵੇ।

੪. ਅਨੁਸ਼ਪ੍ਰ ਛੰਦ ਦੀ ਚਾਲ ਮੂਜਬ 'ਤੰ' ਪਦ ਇਥੇ ਨਹੀਂ ਚਾਹੀਦਾ, ਤੇ ਸ਼ੁਧ ਪਾਠ ਬਣੇਗਾ 'ਪ੍ਰਣਵਾਦੀ ਨਮਾਮਿ ਤੰ', ਕਿਉਂਕਿ ਇਸ ਤਰ੍ਹਾਂ ਪੰਜਵਾਂ ਲਘੁ ਤੇ ਛੀਵਾਂ ਗੁਰੂ ਹੋਵੇਗਾ ਤੇ ਚੌਥਾ ਪਾਦ ਹੋਣ ਕਰਕੇ ਸੱਤਵਾਂ ਬੀ ਲਘੂ ਰਹੇਗਾ ਅਤੇ ਅਰਥ ਕਰਨ ਵਿਚ ਬੀ ਕੁਝ ਫ਼ਰਕ ਨਹੀਂ ਪਵੇਗਾ।

੫. ਇਸਦਾ ਸੰਸਕ੍ਰਿਤ ਪਾਠ ਐਉਂ ਲਿਖਿਆ ਜਾਣਾ ਠੀਕ ਹੈ: ਨਮਾਮਜਹਮ੍।

[ਵਿਚ ਪਰਮੇਸ਼ੁਰ ਗਹਿਣੇ ਵਤ ਹੈ, ਭਾਵ ਸ਼ੋਭਾਇਮਾਨ ਤੇ ਵਯਾਪਕ ਹੈ। ਵਿਸ਼੍ਵ ਬੋਧੰ=ਸੰਸਾਰ ਦਾ ਜਿਸਨੂੰ ਗਿਆਨ ਹੈ। ਸ੍ਵਯੰ ਬ੍ਰਹਮ=ਜੋ ਅਪਣੇ ਆਪ ਤੋਂ ਆਪ ਹੈ। ਉਹ ਪ੍ਰਮਾਤਮਾ ਜਿਸਦਾ ਕਾਰਣ ਕੋਈ ਨਹੀਂ। ਤੰ=ਤਿਸਨੂੰ, ਉਸਨੂੰ। ਪ੍ਰਣਵਾਦੀ=ਓਅੰਕਾਰ ਦਾ ਬੀ ਜੋ ਆਦਿ ਹੈ (ਸੋ ਵਾਹਿਗੁਰੂ)। ਨਮਾਮਿਹੰ=ਨ੍ਰਮਾਮਜਹਮ੍=ਮੈਂ ਨਮਸਕਾਰ ਕਰਦਾ ਹਾਂ, ਮੇਰੀ ਨਮਸਕਾਰ ਹੈ।]

ਅਰਥ— (ਵਾਹਿਗੁਰੂ ਮੰਤ੍ਰ ਜਿਸਦਾ ਲਖਾਯਕ ਹੈ ਸੋ) ਸੰਸਾਰ ਦਾ ਈਸ਼ਰ ਹੈ, ਉਹ ਸੰਸਾਰ ਦਾ ਰੂਪ ਹੀ ਕਿਹਾ ਜਾਂਦਾ ਹੈ ਤੇ ਸੰਸਾਰ ਰੂਪੀ ਡੱਬੇ ਦਾ (ਉਹ) ਭੂਸ਼ਣ ਰੂਪ ਹੈ, (ਫਿਰ ਜਿਸਨੂੰ) ਸੰਸਾਰ ਦਾ (ਸਾਰਾ) ਗਿਆਨ ਹੈ ਤੇ (ਉਹ) ਆਪਣੇ ਆਪ ਤੋਂ ਆਪ ਹੀ ਹੈ (ਹਾਂ) ਉਸਨੂੰ (ਜੋ ਪ੍ਰਣਵ=) ਓਅੰਕਾਰ ਦਾ ਵੀ ਆਦਿ ਹੈ, ਮੇਰੀ ਨਮਸਕਾਰ ਹੈ।

**ਵਰ੍ਣਾਵਰ੍ਣ ਵਿਹੀਨਾਯ[੧] ਵੇਦ ਸਾਰ ਪ੍ਰਵਰ੍ਤੁਕ:**
**ਵਿਸ਼੍ਵ ਵਰ੍ਗ[੨] ਮਹੀਧੀਸ਼ੰ[੩] ਵਕਾਰੰ[੪] ਤੰ ਨਮਾਮਿਹੰ॥੨॥**

[ਵਰ੍ਣਾਵਰ੍ਣ ਵਿਹੀਨਾਯ=ਵਰਣਾਂ ਅਵਰਣਾਂ ਤੋਂ ਬਿਨਾਂ। [ਵੰਰ੍ਣ=ਬ੍ਰਹਮਣ, ਖੱਤ੍ਰੀ, ਵੈਸ਼ ਤੇ ਸ਼ੂਦ੍ਰ। ਅਵਰ੍ਣ=ਨੀਵੀਆਂ ਜਾਤੀਆਂ ਜੋ ਵਰਣਾਂ ਵਿਚ ਨਾ ਹੋਣ। ਵਿਹੀਨਾਯ=ਬਿਨਾ] (ਅ) ਕਿਸੇ ਰੰਗ ਬੇਰੰਗ ਤੋਂ ਰਹਿਤ। (ਵਰਣ=ਰੰਗ)। (ੲ) ਕਥਨ ਤੇ ਅਕਥਨ ਤੋਂ ਪਰੇ।]

---

੧. ਵਿਹੀਨਾਯ ਦੀ ਜਗਾ ਦਰੁਸਤ ਪਾਠ ਚਾਹੀਦਾ ਹੈ- 'ਵਿਹੀਨਾਖ਼ਜੰ', ਵਯਾਕਰਣ ਅਨੁਸਾਰ 'ਵਿਹੀਨਾਯ' ਦੀ ਵਿਭਕਤੀ ਠੀਕ ਨਹੀਂ ਬੈਠਦੀ। 'ਵਿਹੀਨਾਖ਼ਜੰ' ਦਾ ਅਰਥ ਹੋਊ=(ਵਰਣ ਅਵਰਣ ਤੋਂ) ਵਿਹੀਨ ਜਿਸਨੂੰ ਆਖੀਦਾ ਹੈ।

੨. ਪਾਠਾਂਤ੍ਰ=ਵਿਸ਼੍ਵੰਭਰ=ਸੰਸਾਰ ਨੂੰ ਭਰਣ ਵਾਲਾ।

੩. ਮਹੀਧੀਸ਼ੰ ਦੀ ਸੰਧਿ ਅਸ਼ੁਧ ਹੈ, ਇਸ ਲਈ ਸ਼ੁੱਧ ਪਾਠ ਹੋਵੇਗਾ- (ਮਹਾ+ਅਧੀਸ਼ੰ) ਮਹਾਧੀਸ਼ੰ, ਫਿਰ 'ਵਿਸ਼੍ਵਰ੍ਗ ਮਹਾਧੀਸ਼ੰ' ਦਾ ਅਰਥ ਐਉਂ ਲੱਗੇਗਾ=ਸਮੂਹ ਸੰਸਾਰ ਦਾ ਮਹਾਨ ਮਾਲਿਕ।

੪. ਵਾਸੁਦੇਵ ਦਾ ਅਰਥ 'ਬ੍ਰਹਮ ਯਾ ਪ੍ਰਮਾਤਮਾ' ਮੰਨਕੇ ਉਸਦੇ ਪਹਿਲੇ ਅੱਖਰ ਨੂੰ ਉਸ ਦਾ ਬੀਜ ਰੂਪ ਕਹਿ ਆਏ ਹਨ ਤਾਂਤੇ 'ਵਵੇ' ਦੇ ਅਰਥ ਬੀ 'ਬ੍ਰਹਮ' ਮੰਨਕੇ ਨਮਸਕਾਰ ਕਰ ਰਹੇ ਹਨ, ਇਸੇ ਤਰ੍ਹਾਂ ਅਗਲੇ ਸ਼ਲੋਕਾਂ ਵਿਚ ਹ. ਗ. ਰ. ਅੱਖਰਾਂ ਨੂੰ ਬੀ ਬ੍ਰਹਮ ਲਖਾਯਕ ਦੱਸਕੇ ਨਮਸਕਾਰਾਂ ਕਰਨਗੇ।

[ਵੇਦ ਸਾਰ ਪ੍ਰਵਰਤੁਕ:=ਵੇਦਾਂ ਦੇ ਸਾਰ (ਤੱਤ੍ਵ ਗਿਆਨ) ਦੀ ਪ੍ਰਵਿਰਤੀ ਕਰਨ ਵਾਲਾ। ਵਿਸ੍ਵਵਰ੍ਗ ਮਹੀਧੀਸ਼ੰ=ਸਮੂਹ ਸੰਸਾਰ ਤੇ ਪ੍ਰਿਥਵੀ ਦਾ ਪਤੀ। (ਅ) ਸੰਸਾਰ ਨੂੰ ਚਾਰੇ (ਪਦਾਰਥਾਂ ਦਾ ਦਾਤਾ ਤੇ ਪ੍ਰਿਥਵੀ ਦਾ ਪਤੀ)। (ੲ) ਵਰਗ ਦਾ ਅਰਥ ਮੁਕਤੀਆਂ ਬੀ ਕਰ ਲੈਂਦੇ ਹਨ। ਵਕਾਰੰ ਤੰ=ਤਿਸ 'ਵੱਵੇ' ਅੱਖਰ ਨੂੰ।]

ਅਰਥ— ਵਰਣ ਅਵਰਣ ਤੋਂ ਰਹਿਤ ਤੇ ਵੇਦ ਸਾਰ ਦਾ ਪ੍ਰੀਵਰਤਕ ਹੈ (ਜੋ, ਫਿਰ ਉਹ) ਸੰਸਾਰ ਨੂੰ (ਚਾਰੇ) ਪਦਾਰਥ (ਬਖਸ਼ਣ ਵਾਲਾ) ਪ੍ਰਿਥਵੀ ਪਤਿ ਹੈ, ਤਿਸ (ਦੇ ਲਖਾਯਕ) 'ਵੱਵੇ' ਅੱਖਰ ਨੂੰ ਮੇਰੀ ਨਮਸਕਾਰ ਹੈ।

**ਹਰੀ ਹਰਾਦਿ ਸ੍ਵਯੰ ਬ੍ਰਹਮ੍ ਹੰਸ ਬੋਧ ਪ੍ਰਕਾਸ਼ਿਤੰ[1]॥**
**ਹਸਖ਼ਮਲ[2] ਵਰਯ ਵੀਜੰ ਹਕਾਰੰ ਤੰ ਨਮਾਮਿਹੰ॥੩॥**

[ਹਰੀ=ਵਿਸ਼ਨੂੰ। ਹਰ=ਸ਼ਿਵ, ਆਦਿ=ਮੁੱਢ, ਮੂਲ। ਜੋ ਵਿਸ਼ਨੂੰ ਤੇ ਸ਼ਿਵ, ਦਾ ਬੀ ਮੂਲ ਹੈ। (ਅ) ਹਰਾਦਿ=ਹਰ+ਆਦਿ=ਸ਼ਿਵ ਆਦਿਕ, ਭਾਵ ਸ਼ਿਵ ਤੇ ਬ੍ਰਹਮਾ। ਸ੍ਵਯੰ ਬ੍ਰਹਮ੍= ਉਹ ਜੋ ਅਪਣੇ ਆਪ ਤੋਂ ਹੈ ਸੋ ਬ੍ਰਹਮ। ਕਾਰਣ ਰਹਿਤ ਬ੍ਰਹਮ। ਹੰਸ=ਬ੍ਰਹਮਾ। (ਅ) ਉਜੱਲ। ਬੋਧ ਪ੍ਰਕਾਸ਼ਿਤੰ= ਜੋ ਗਿਆਨ ਪ੍ਰਕਾਸ਼ ਕਰਦਾ ਹੈ।[1] ਹੰਸ ਬੋਧ ਪ੍ਰਕਾਸ਼ਿਤੰ=ਬ੍ਰਹਮਾ ਨੂੰ ਗਜਾਨ ਪ੍ਰਕਾਸ਼ਣ ਵਾਲਾ। 'ਸੋਹੰ ਹੰਸਾ' ਮੰਤ੍ਰ ਵਿਚੋਂ 'ਹੰ+ਸਾ' ਦਾ ਭਾਵ ਬੀ ਪਦ 'ਹੰਸ' ਵਿਚੋਂ ਲੈ ਲੈਂਦੇ ਹਨ। ਹਸਖ਼ਮਲ =[ਹ=ਪ੍ਰਗਟ ਹੀ। ਸ=ਸਤੇ। ਖ਼=ਅਕਾਸ਼ ਵਤ ਪੂਰਣ। ਮ=ਮਾਯਾ। ਲ=ਲਯਤਾ] ਜੋ ਸੁਤੇ ਅਕਾਸ਼ ਵਤ ਪੂਰਣ ਹੈ ਤੇ ਮਾਯਾ ਜਿਸ ਵਿਚ ਲਯ ਹੈ। (ਅ) ਜਾਪਦਾ ਹੈ ਕਿ ਅਸਲ ਪਾਠ ਹਸ੍ਤਾਮਲਕਵਦ ਸੀ, ਉਸਦੇ ਅਰਥ ਹਨ- ਹੱਥ ਤੇ ਧਰੇ ਆਉਲੇ ਵਾਂਙੂ, ਸਾਫ਼ ਦਿੱਸਦਾ, ਭਾਵ ਪ੍ਰਤੱਖ। ਵਰਯ=ਸ੍ਰੇਸ਼੍ਟ। ਵੀਜੰ ਮੂਲ ਨੂੰ, ਕਾਰਣ (ਰੂਪ) ਨੂੰ। ਬੀਜ ਨੂੰ। ਹਕਾਰੰ='ਹਾਹਾ' ਅੱਖਰ ਨੂੰ।]

---

੧. ਪ੍ਰਕਾਸ਼ਕੰ' ਸ਼ੁੱਧ ਪਾਠ ਹੈ, ਅਰਥ ਹੈ-ਪ੍ਰਕਾਸ਼ ਕਰਨ ਵਾਲਾ।

੨. 'ਹਸਖ਼ਮਲ ਵਰਯ' ਦੀ ਥਾਵੇਂ ਸ਼ੁੱਧ ਪਾਠ ਚਾਹੀਦਾ ਹੈ- 'ਹਸ੍ਤਾਮਲਕ ਵਦ'=ਹੱਥ ਉਤੇ ਧਰੇ ਆਉਲੇ ਵਾਂਗ, ਫਿਰ 'ਹਸ੍ਤਾਮਲਕ ਵਦ ਵੀਜੰ ਹਕਾਰੰ ਤੰ ਨਮਾਮਜਹਮ' ਦਾ ਅਰਥ ਬਣੂ-ਜੋ ਹੱਥ ਤੇ ਧਰੇ ਆਉਲੇ ਵਾਂਙੂ (ਪ੍ਰਤੱਖ ਬੀਜਰੂਪ ਹੈ ਉਸ ਦੇ ਲਖਾਯਕ) ਹਾਹੇ ਨੂੰ ਨਮਸਕਾਰ ਹੈ।


www.sikhbookclub.com

ਅਰਥ— ਮੈਂ ਉਸ ਸ੍ਰੇਸ਼ਟ ਕਾਰਣ (ਰੂਪ ਦੇ ਲਖਾਯਕ) 'ਹਾਹੇ' ਅੱਖਰ ਨੂੰ ਨਮਸਕਾਰ ਕਰਦਾ ਹਾਂ (ਜੋ) ਸ੍ਵਯੰ ਬ੍ਰਹਮ ਹੈ ਤੇ ਵਿਸ਼ਨੂੰ, ਸ਼ਿਵ, ਬ੍ਰਹਮਾ ਨੂੰ ਉੱਜਲ ਗਜਾਨ ਪ੍ਰਕਾਸ਼ ਕਰਨੇ ਵਾਲਾ ਹੈ, ਤੇ ਸੁਤੇ ਅਕਾਸ਼ ਵਤ ਪੂਰਣ ਪ੍ਰਗਟ ਹੈ (ਤੇ ਫਿਰ) ਮਾਯਾ ਜਿਸ ਵਿਚ ਲਯ ਹੈ।

ਹੋਰ ਅਰਥ— (ਹਰੀ=) ਵਿਸ਼ਨੂੰ (ਤੇ ਹਰ=) ਸ਼ਿਵ ਦੀ (ਬੀ ਜੋ) ਆਦਿ ਹੈ, (ਤੇ) ਅਕਾਰਣ ਬ੍ਰਹਮ ਹੈ, ਬ੍ਰਹਮਾਂ ਨੂੰ ਬੀ ਜੋ ਗਜਾਨ ਪ੍ਰਕਾਸ਼ਣ ਵਾਲਾ ਹੈ, (ਜਿਸਦਾ) ਪ੍ਰਤੱਖ[1] ਵੀਜ ਰੂਪ (ਹਾਹਾ[2] ਅੱਖਰ ਹੈ) ਉਸ ਹਾਹੇ ਨੂੰ ਮੇਰੀ ਨਮਸਕਾਰ ਹੈ।

**ਗਜਾਨਾਰ੍ਕੰ ਗਿਰਾਧੀਸ਼ੰ ਗੋਤੀਤੰ[3] ਸ੍ਵੱਛ ਸਾਕਿਸ਼ਣੰ।**
**ਗਮਨਾਗਮਜ[4] ਵਿਹੀਨਾਯ[5] ਤੰ ਗਕਾਰੰ ਨਮਾਮਿਹੰ॥੪॥**

[ਗਜਾਨਾਰ੍ਕੰ=ਜੋ ਗਜਾਨ ਦਾ ਸੂਰਜ ਹੈ (ਗਜਾਨ+ਅਰ੍ਕ=ਸੂਰਜ)। ਗਿਰਾਧੀਸ਼ੰ=ਬਾਣੀ ਦਾ ਪਤੀ। (ਅ) ਸੁਰਸ੍ਵਤੀ ਦਾ ਪਤੀ। ਗੋਤੀਤੰ=ਬਾਣੀ ਤੋਂ ਅਤੀਤ, ਅਕੱਥਨੀਯ। (ਸੰਸ:, ਗੋ=ਬਾਣੀ। ਅਤੀਤ=ਰਹਤ)। (ਅ) ਇੰਦ੍ਰੀਆਂ ਤੋਂ ਅਤੀਤ (ਗੋ=ਇੰਦ੍ਰੀਆਂ)। ਸ੍ਵੱਛ=ਪਵਿੱਤ੍ਰ। ਸਾਕਿਸ਼ਣੰ=ਸਾਖੀ ਰੂਪ, ਸਾਰੇ ਜਗਤ ਦਾ ਜਾਣਨਹਾਰਾ। ਸਭ ਦਾ ਦੇਖਣਹਾਰਾ ਪਰ ਅਸੰਗ। ਗਮਨਾਗਮਜ ਵਿਹੀਨਾਯ=(ਗਮਨ+ਆਗਮਨ+ਵਿਹੀਨਾਯ)। ਆਉਣ ਜਾਣ (=ਜੰਮਣ ਮਰਣ) ਤੋਂ ਰਹਿਤ। ਗਕਾਰੰ='ਗੱਗੇ' ਅੱਖਰ ਨੂੰ]

ਅਰਥ— (ਜੋ) ਗਜਾਨ ਦਾ ਸੂਰਜ, ਬਾਣੀ ਦਾ ਪਤੀ, ਇੰਦ੍ਰੀਆਂ ਤੋਂ ਅਤੀਤ, ਪਵਿੱਤ੍ਰ ਸਾਖੀ ਰੂਪ ਤੇ ਜੰਮਣ ਮਰਣ ਤੋਂ ਰਹਿਤ ਹੈ, ਉਸ

---

੧. ਇਹ ਅਰਥ ਮੂਲ ਪਾਠ ਨੂੰ 'ਹਸਤਾਮਲਕ ਵਦ' ਮੰਨਕੇ ਲਗਦਾ ਹੈ। ਤ੍ਰਾਂਤ੍ਰਿਕਾਂ ਦੇ ਬੀਜ ਮੰਤ੍ਰ ਹ੍ਰੀ, ਸ੍ਰੀ, ਲ੍ਰੀ ਆਦਿ ਹਨ। ਹੋ ਸਕਦਾ ਹੈ ਕਿ ਉਧਰ ਇਸ਼ਾਰਾ ਮਤੇ ਹੋਵੇ ਕਿ 'ਹ' ਸਾਰੇ ਬੀਜਮੰਤ੍ਰਾਂ ਤੋਂ ਵਰ ਹੈ। ਪਰ ਤਾਂਤ੍ਰਿਕ ਮਤ ਨੂੰ ਕਵੀ ਜੀ ਮੰਨਦੇ ਨਹੀਂ। ੨. 'ਹ' ਅੱਖਰ ਦਾ ਕੋਸ਼ ਅਰਥ 'ਪਾਰਬ੍ਰਹਮ' ਬੀ ਹੈ।

੩. ਸ਼ੁੱਧ ਪਾਠ ਚਾਹੀਏ 'ਗੋऽਤੀਤੰ'। ੪. 'ਗਮਜਾਗਮਜ' ਸ਼ੁੱਧ ਪਾਠ ਹੋਵੇਗਾ, ਛੰਦ ਦੀ ਚਾਲ ਮੂਜਬ। ਲਿਖਤੀ ਨੁਸਖ਼ਿਆਂ ਵਿਚ ਕਿਤੇ ਪਾਠਾਂਤ੍ਰ 'ਗਗਨਾਗਮਜ' ਬੀ ਹੈ ਜੋ ਬੀ ਠੀਕ ਨਹੀਂ। ੫. 'ਵਿਹੀਨਾਖਜੰ' ਸ਼ੁਧ ਪਾਠ ਹੈ, 'ਵਿਹੀਨਾਯ' ਦੀ ਵਿਭਕਤੀ ਠੀਕ ਨਹੀਂ ਬੈਠਦੀ।


www.sikhbookclub.com

(ਦੇ ਲਖਾਯਕ) 'ਗੱਗੇ' ਅੱਖਰ ਨੂੰ ਮੈਂ ਨਮਸਕਾਰ ਕਰਦਾ ਹਾਂ।

**ਰਾਮ ਵੀਜ[1] ਸੁਰੇਸ੍ਵਰੰ, ਦੇਵ ਦੈਤਜਾਭਿਬੰਦਿਤੰ।**
**ਸਰ੍ਵ੍ਵਾਸ੍ਰਯੰ, ਸਰ੍ਵ੍ਵ ਮਿਤੀ[2] ਸ਼ਕ੍ਤੀ, ਤੰ ਰਕਾਰੰ ਨਮਾਮਿਹੰ।੫।**

[ਰਾਮ=ਰਮਿਆ ਹੋਇਆ, ਕ੍ਰੀੜਾ ਕਰਨ ਵਾਲਾ। ਵਾਹਿਗੁਰੂ। ਵੀਜੰ= ਕਾਰਣ ਨੂੰ। ਮੂਲ ਨੂੰ। ਸੁਰੇਸ੍ਵਰੰ=ਸੁਰ+ਈਸ਼ਰੰ। ਦੇਵਤਿਆਂ ਦੇ ਬੀ ਈਸ਼ਰ ਨੂੰ, ਪਰਮਾਤਮਾ ਨੂੰ। ਦੇਵ ਦੈਤਜਾਭਿਬੰਦਿਤੰ=ਦੇਵਤੇ ਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ। ਸਰ੍ਵ੍ਵਾਸ੍ਰਯੰ=ਸਰਬ ਦਾ ਜੋ ਆਸਰਾ ਹੈ। ਸਰ੍ਵ੍ਵ ਮਿਤ੍ਰੀ ਸ਼ਕ੍ਤੀ=ਜੋ ਸਰਬ ਮਿਰਯਾਦਾ ਤੇ ਸ਼ਕਤੀ ਸੰਪੰਨ ਹੈ। (ਅ) ਜੇ ਪਾਠ ਕੇਵਲ 'ਸਰ੍ਵ੍ਵ ਸ਼ਕ੍ਤੀ' ਹੋਵੇ ਤਾਂ ਅਰਥ ਲਗੇਗਾ-ਜਿਸ ਵਿਚ ਸਭ ਸ਼ਕਤੀਆਂ ਹਨ। (ੲ) 'ਸਰ੍ਵ੍ਵਮਿਤੀ' ਦਾ ਪਦ ਛੇਦ 'ਸਰਵੰ ਇਤਿ' ਕਰੀਏ ਤਾਂ 'ਸਰਬ ਦੀ ਸਮਾਪਤੀ ਦਾ ਅਸਥਾਨ' ਅਰਥ ਹੋਸੀ। ਯਾ, ਇਤੀ-ਇਸ ਪ੍ਰਕਾਰ ਦੀ। ਤੰ ਰਕਾਰੰ=ਉਸ 'ਰਾਰੇ' ਅੱਖਰ ਨੂੰ।]

ਅਰਥ— (ਜੋ ਸਰਬ ਵਿਖੇ) ਰਮਿਆ ਹੋਇਆ (ਸਰਵ ਦਾ) ਕਾਰਣ ਹੈ, ਦੇਵਤਿਆਂ ਦਾ ਬੀ ਈਸ਼ਰ ਹੈ, ਦੇਵਤੇ ਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ (ਤੇ ਜੋ) ਸਰਬ ਦਾ ਆਸਰਾ ਹੈ, ਸਭ ਮਿਰਯਾਦਾ ਤੇ ਸ਼ਕਤੀ ਸੰਪੰਨ ਹੈ ਉਸ (ਦੇ ਲਖਾਯਕ) 'ਰਾਰੇ' ਅੱਖਰ ਨੂੰ ਮੇਰੀ ਨਮਸਕਾਰ ਹੈ।

**ਇਤ੍ਤੇਵ ਮਹਾਂ ਵਰ੍ਣੰ, ਭਾਵਨਾਯ ਮੁਹੂਰ੍ਮੁਹੂ:।**
**ਚਤੁਰ੍ ਵਰ੍ਗ ਫਲੰ ਦਾਸ਼ਜ[3] ਸਿੱਧੀ ਏਵ[4] ਨ ਸੰਸ਼ਯ:।੬।**

{ਇਤ੍ਤੇਵ=ਐਸੇ, ਇਸ ਤਰ੍ਹਾਂ ਦੇ। (ਅ) ਇਓਂ ਨਿਸਚੇ ਕਰਕੇ। ਮਹਾਂ ਵਰ੍ਣੰ=ਮਹਾਨ ਅੱਖਰ। ਭਾਵਨਾਯ=ਸ਼ਰਧਾ ਧਾਰਕੇ, ਭਾਵਨਾਂ ਨਾਲ। ਮੁਹੂਰ੍ਮੁਹੂ= ਬਾਰ ਬਾਰ। ਚਤੁਰ੍ ਵਰ੍ਗ=ਚਾਰੇ}

---

੧. ਸ਼ੁਧ 'ਵੀਜੰ' ਪਾਠ ਹੈ। 'ਰਾਮ ਵੀਜੰ' ਦਾ ਐਉਂ ਬੀ ਅਰਥ ਕਰਦੇ ਹਨ- ਪਦ 'ਰਾਮ' ਦਾ ਜੋ 'ਵੀਜ' ਰੂਪ ਹੈ, ਭਾਂਵ 'ਰਾਰਾ' ਅੱਖਰ।

੨. 'ਮਿਤੀ' ਪਾਠ ਏਥੇ ਨਹੀਂ ਚਾਹੀਦਾ, ਇਸ ਨਾਲ ਛੰਦ ਦੀ ਗੇਣਤੀ ਦੇ ਦੋ ਅੱਖਰ ਵਧ ਜਾਂਦੇ ਹਨ।

੩. 'ਸਤਜ' ਪਾਠ ਹੋਵੇ ਤਾਂ ਵਧੇਰੇ ਸ੍ਰੇਸ਼ਟ ਹੈ। ਦਾਸ਼ਜ ਦਾ ਅਰਥ ਦਾਤਾ ਬੀ ਹੋ ਸਕਦਾ ਹੈ।

੪. ਸ਼ੁੱਧ ਪਾਠ ਚਾਹੀਏ 'ਸਿਦ੍ਧਿ ਰੇਵ'। ਫਿਰ ਇਸ ਦੂਜੀ ਤੁਕ ਦਾ ਅਰਥ ਬਣੇਗਾ ਉਸਨੂੰ ਚਾਰੇ ਪਦਾਰਥਾਂ ਦੀ ਸਿੱਧੀ ਹੁੰਦੀ ਹੈ (ਪ੍ਰਾਪਤ), ਇਸ ਵਿਚ ਸੰਸਾ ਨਹੀਂ ਹੈ।

 www.sikhbookclub.com

{ਪਦਾਰਥ-ਧਰਮ, ਅਰਥ, ਕਾਮ, ਮੋਖ। (ਅ) ਚਾਰੇ ਮੁਕਤੀਆਂ-ਸਾਲੋਕ, ਸਾਰੂਪ, ਸਾਮੀਪ, ਸਾਯੁਜ...। ਫਲੰ=ਫਲ ਦਾਤਾ। ਦਾਸ਼ਜ=ਦਾਸਾਂ, ਸੇਵਕਾਂ ਨੂੰ। (ਅ) ਦਾਤਾ। ਏਵ ਨ ਸੰਸ਼ਯ=ਇਸ ਵਿਚ (ਕੋਈ) ਸੰਸਾ ਨਹੀਂ। ਭਾਵ ਜ਼ਰੂਰ ਹੀ।}

ਅਰਥ— (ਏਹ ਚਾਰੇ ਅੱਖਰ) ਐਸੇ ਮਹਾਂ ਵਰਣ ਹਨ (ਕਿ ਜੇਹੜੇ) ਦਾਸ ਸ਼ਰਧਾ ਧਾਰਕੇ (ਇਨ੍ਹਾਂ ਨੂੰ) ਬਾਰ ਬਾਰ (ਜਪਦੇ ਹਨ ਉਨ੍ਹਾਂ ਨੂੰ) ਚਾਰੇ ਪਦਾਰਥ ਤੇ ਸਿੱਧੀ[1] ਦੇ ਫਲ ਦਾਤਾਂ ਹਨ, ਏਸ ਵਿਚ ਕੋਈ ਸੰਸਾ ਨਹੀਂ। ਇਸ ਪ੍ਰਕਾਰ ਲੰਮੀ ਵੀਚਾਰ ਮਗਰੋਂ ਸਾਰੇ ਧੰਨ ਧੰਨ ਕਰ ਉਠੇ ਤੇ ਬੋਲੇ

**'ਜੈ ਗੁਰਦਾਸ ਵਿਮਲ ਮਤਿ ਗਜਾਨੀ!**
**ਅਬ ਹਮਰੇ ਮਨ ਨਿਸ਼ਚੈ ਠਾਨੀ।**
**ਤੁਮ ਤੇ ਸੰਸ਼ਯ ਗਯੋ ਹਮਾਰਾ।**
**ਬਿਬਿਧ ਬੇਦ ਬਿਧਿ ਕੀਓ ਉਚਾਰਾ।'**

(ਗੁ;ਪ੍ਰ:ਸੂ: ਰਾਸ ੭ ਅੰਸ ੪ ਅੰਕ ੫੧)

— o —

## [ਚਰਨ ਸ਼ਰਨ]

**ਇਸ** ਪ੍ਰਕਾਰ ਦੇ ਕਈ ਪ੍ਰਸੰਗ ਵਰਤਦੇ ਰਹੇ, ਅੰਤ ਜਦੋਂ ਆਪ ਦੀ ਬ੍ਰਿਤੀ ਗੁਰੂ ਕੇ ਬਿਰਹੇ ਦੀ ਖੈਂਚ ਨਾਲ ਪ੍ਰੇਮਾਤੁਰ ਹੋ ਗਈ ਤੇ ਹੋਰ ਵਿਯੋਗ ਸਹਿ ਸਕਣਾ ਅਸੰਭਵ ਹੋ ਗਿਆ ਤਾਂ ਗੁਰੂ ਜੀ ਦੇ ਹ੍ਰਿਦੇ ਨੂੰ ਪ੍ਰਬਲ ਖਿੱਚ ਹੋਈ। ਸੋ ਆਪ ਜੀ ਨੇ ਕਾਂਸ਼ੀ ਦੇ ਰਾਜੇ ਪਾਸੇ ਇਕ ਮੇਵੜੇ ਨੂੰ ਘੱਲਿਆ ਕਿ ਸਾਡਾ ਇਕ ਖੁਨਾਮੀਆਂ ਗੁਰਦਾਸ ਨਾਮੇ ਆਪ ਪਾਸ ਹੈ ਉਸ ਨੂੰ ਪਕੜਕੇ ਘੱਲ ਦਿਓ।[2]

---

੧. ਚਾਰ ਪਦਾਰਥਾਂ ਦੇ ਨਾਲ ਸਿਧੀ ਦੀ ਮੁਰਾਦ 'ਮੁਕਤੀ' ਦੀ ਹੈ।

੨. ਗੁ:ਬਿ: ਵਿਚ ਲਿਖਿਆ ਹੈ ਕਿ ਭਾਈ ਜੀ ਵਲੋਂ ਮਾਫ਼ੀ ਦੀ ਚਿਠੀ ਲਿਖਣ ਤੇ ਗੁਰੂ ਜੀ ਨੇ ਉਨ੍ਹਾਂ ਨੂੰ ਸਦਵਾਇਆ। ਫਿਰ ਆਪ ਹੀ ਲਿਖਦੇ ਹਨ ਕਿ ਗੁਰੂ ਜੀ ਨੇ ਕਾਂਸ਼ੀ ਰਾਜਾ ਨੂੰ ਲਿਖਜਾ ਕਿ ਸਾਡਾ ਚੋਰ ਤੁਹਾਡੇ ਪਾਸ ਹੈ ਉਹ ਬੰਨ੍ਹਕੇ ਘੱਲੋ। ਚਿਠੀ ਬਿਨੈ ਦੀ ਪਹੁੰਚ ਜਾਣ ਦੇ ਬਾਦ ਗੁਰੂ ਜੀ ਜੋ ਪੂਰਨ ਮ੍ਰਿਯਾਦਾ ਪੁਰਸ਼ੋਤਮ ਸੇ ਐਸਾ ਕਦੇ ਨਹੀਂ ਸੇ ਕਰ ਸਕਦੇ। ਸੋ: ਸੂ: ਪ੍ਰਕਾਸ਼ ਦੀ ਲਿਖਤ ਠੀਕ ਹੈ।


www.sikhbookclub.com

ਰਾਜਾ ਪੜ੍ਹਕੇ ਘਬਰਾਇਆ, ਪਰ ਹੁਕਮ ਗੁਰੂ ਕਾਂ ਸੀ, ਸੋ ਭਾਈ ਗੁਰਦਾਸ ਜੀ ਨੂੰ ਸੁਣਾਇਆ, ਤਦ ਆਪ ਸ਼ੁਕਰ ਵਿਚ ਆਕੇ ਨੈਣ ਭਰ ਲਿਆਏ ਤੇ ਕਹਿਣ ਲਗੇ ਕਿ ਮੈਂ ਹੀ ਖੁਨਾਮੀਆਂ ਹਾਂ। ਸ਼ੁਕਰ ਹੈ ਮੇਰੇ ਪਜਾਰੇ ਨੇ ਮੈਨੂੰ ਯਾਦ ਕੀਤਾ ਹੈ। ਮੈਨੂੰ, ਜਿਵੇਂ ਗੁਰੂ ਕਾ ਹੁਕਮ ਹੈ, ਬੰਨ੍ਹਕੇ ਘੱਲ ਦਿਓ।

ਸੋ ਗੁਰੂ ਹੁਕਮ ਵਿਚ ਜਦੋਂ ਆਪ ਕਾਸ਼ੀ ਤੋਂ ਟੁਰੇ ਤਾਂ ਸਾਰੀ ਸੰਗਤ ਨਾਲ ਟੁਰਨਾ ਚਾਹੇ, ਆਪ ਨੇ ਬਹੁਤ ਰੋਕਿਆ ਤਦ ਬੀ ਸੱਤ ਸੌ ਸਿੱਖ ਗੁਰੂ ਦਰਸ਼ਨਾਂ ਲਈ ਨਾਲ ਟੁਰਿਆ, ਸ਼ਹਿਰ ਦੇ ਵਡੇ ਵਡੇ ਪੰਡਤ ਵਿਦਾ ਕਰਨ ਆਏ ਤੇ ਰਾਜੇ ਨੇ ਦਿਲੀ ਸਤਿਕਾਰ ਨਾਲ ਟੋਰਿਆ।

ਜਦੋਂ ਸ੍ਰੀ ਅੰਮ੍ਰਿਤਸਰ ਜੀ ਅੱਪੜੇ ਤਾਂ ਸ੍ਰੀ ਗੁਰੂ ਜੀ ਦਾ ਦਰਬਾਰ ਅਕਾਲ ਬੁੰਗੇ ਸਾਹਿਬ ਲਗ ਰਿਹਾ ਸੀ੧। ਆਪ ਦੀ ਇੱਛਾ ਅਨੁਸਾਰ ਭਾਈ ਸਾਹਿਬ ਜੀ ਇਕ ਅਪ੍ਰਾਧੀ ਦੇ ਰੂਪ ਵਿਚ ਹਾਜ਼ਰ ਕੀਤੇ ਗਏ। ਭਾਈ ਸਾਹਿਬ ਇਸ ਵੇਲੇ ਬਿਰਹੇ ਸੱਲ ਦੀ ਘਾਉ ਭਰੀਂਦੀ ਅੱਲੀ ਦਸ਼ਾ ਵਿਚ ਤੇ ਦਰਸ਼ਨ ਪ੍ਰਾਪਤੀ ਦੇ ਉਮਾਹੂ ਉਛਾਲ ਵਿਚ ਅਜੀਬ ਹਾਲਤ ਵਿਚ ਸਨ। ਪਰ ਦੁਹਾਂ

---

੧. ਸੂ: ਪ੍ਰਕਾਸ਼ ਆਦਿ ਸਾਰਿਆਂ ਨੇ ਭਾਈ ਗੁਰਦਾਸ ਜੀ ਦਾ ਘੋੜੇ ਖਰੀਦਣਾ, ਨੱਸ ਜਾਣਾ ਤੇ ਵਾਪਸ ਸੱਦੇ ਜਾਣ- ਦੁਇ ਪ੍ਰਸੰਗ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੇ ਹਨ। ਪਰ ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਘੋੜਿਆਂ ਵਾਲਾ ਤੇ ਨੱਸ ਜਾਣ ਵਾਲਾ ਪ੍ਰਸੰਗ ਪੰਜਵੇਂ ਸਤਿਗੁਰਾਂ ਵਲੋਂ ਹੋਇਆ ਤੇ ਵਾਪਸ ਛੇਵੇਂ ਸਤਿਗੁਰਾਂ ਨੇ ਸੱਦਿਆ। ਇਹ ਗਲ ਠੀਕ ਸਹੀ ਨਹੀਂ ਹੁੰਦੀ। ਕਿਉਂਕਿ ਇਤਿਹਾਸਕਾਰਾਂ ਨੇ ਗੁਰੂ ਅਰਜਨ ਦੇਵ ਜੀ ਦੇ ਚਲਾਣੇ ਤੇ ਛੇਵੇਂ ਸਤਿਗੁਰਾਂ ਦੀ ਗਦੀ ਵੇਲੇ ਭਾਈ ਗੁਰਦਾਸ ਜੀ ਅੰਮ੍ਰਿਤਸਰ ਦੱਸੇ ਹਨ ਤੇ ਇਹ ਸੰਭਵ ਨਹੀਂ ਕਿ ਗੁਰੂ ਅਰਜਨ ਦੇਵ ਜੀ ਦਾ ਹਿਰਦੇ ਵਧਕੇ ਸਾਕਾ ਵਰਤ ਜਾਏ ਤੇ ਪਰਮ ਪ੍ਰੇਮੀ ਭਾਈ ਗੁਰਦਾਸ ਜੀ ਲੁਕੇ ਬੈਠੇ ਰਹਿਣ ਤੇ ਅੰਮ੍ਰਿਤਸਰ ਆਪੇ ਨਾ ਆ ਜਾਣ, ਨਾਲ ਹੀ ਜਦ ਕਿ ਉਨ੍ਹਾਂ ਦੀ ਇੰਨੀ ਨੇੜੇ ਦੀ ਸਾਕਾਦਾਰੀ ਸੀ ਕਿ ਆਪ ਪੰਚਮ ਪਾਤਸ਼ਾਹ ਦੇ ਮਾਮਾ ਜੀ ਲਗਦੇ ਸਨ। ਫੇਰ ਉਨ੍ਹਾਂ ਦੀ ਰਚੀ ਪੌੜੀ 'ਗੁਰ ਅਰਜਨ ਵਿਟਹੁ ਕੁਰਬਾਣੀ' ਤੋਂ ਐਉਂ ਜਾਪਦਾ ਹੈ ਕਿ ਓਸ ਸਾਕੇ ਸਮੇਂ ਓਹ ਅੰਮ੍ਰਿਤਸਰ ਸਨ। ਨਾ ਹੀਂ ਪੰਜਵੇਂ ਪਾਤਸ਼ਾਹ ਵੇਲੇ ਰਾਜਸੀ ਠਾਠ ਬੱਝਾ ਸੀ ਨਾ ਹੀ ਸਿਖ ਡੋਲੇ ਸਨ, ਗੁਰੂ ਦੇ ਸਾਂਗ ਵਰਤਾਉਣ ਵਾਲੀ ਗਲ ਹੀ ਨਹੀਂ ਸੀ ਹੋਈ ਤਾਂ ਕਸਵਟੀ ਕਿਸ ਗਲ ਦੀ ਲਾਉਣੀ ਸੀ।

ਭਾਵਾਂ ਨੂੰ ਅਪਣੀ ਉਕਾਈ 'ਸਿਦਕ ਦੀ ਕਸਰ' ਦੀ ਯਾਦ ਨੱਪ ਰਹੀ ਸੀ। ਚਿਹਰੇ ਤੇ ਸ਼ਰਮਸਾਰੀ ਦੇ ਚਿੰਨ੍ਹ ਸਨ ਪਰ ਗੁਰੂ ਮਇਆ ਦੀ ਟੇਕ ਨਾਲ ਟਿਕਾਉ ਤੇ ਸ਼ਾਂਤੀ ਦੀ ਆਭਾ ਭੀ ਉਸੇ ਚਿਹਰੇ ਤੇ ਦਿਪਤ ਸੀ। ਸਤਿਗੁਰਾਂ ਦੇ ਅੰਦਰ ਬੀ ਪਜਾਰ ਉਛਲ ਰਿਹਾ ਸੀ, ਉਸਦੇ ਸਾਰੇ ਜੀਵਨ ਦੀ ਪਵਿਤ੍ਰਤਾ, ਸਿਦਕ ਤੇ ਕੁਰਬਾਨੀ ਦਾ ਭਾਵ ਯਾਦ ਸੀ, ਬਨਾਰਸ ਵਿਚ ਰਹਿਕੇ ਗੁਰੂ ਘਰ ਨਾਲ ਪਿਆਰ ਤੇ ਗੁਰ ਸਿੱਖੀ ਦੇ ਪ੍ਰਚਾਰ ਦੀ ਸੇਵਾ ਨੈਣਾਂ ਦੇ ਸਾਹਮਣੇ ਸੀ। ਸਭ ਤੋਂ ਵਧੀਕ ਭਾਈ ਗੁਰਦਾਸ ਦੇ ਅਤਿ ਦੇ ਪਿਆਰ ਦੀ ਖਿੱਚ ਕਲੇਜੇ ਵਿਚ ਧੂੜ ਰਹੀ ਸੀ ਤੇ ਅਪਣਾ ਸੂਛੰਦ ਪਿਆਰ, ਜੋ ਬਚਪਨ ਤੋਂ ਉਨ੍ਹਾਂ ਨਾਲ ਸੀ, ਉਛਾਲੇ ਲੈ ਰਿਹਾ ਸੀ, ਪਰ ਫੇਰ ਗੰਭੀਰਤਾ ਦੇ ਸ੍ਵਾਮੀ ਸਚਮੁਚ ਸ੍ਵਾਂਗ ਵਰਤਾਉਣ ਵਾਂਗੂੰ ਜ਼ਰਾ ਭਰਵੀਂ ਸੁਰ ਵਿਚ ਬੋਲੇ:- 'ਆਓ ਭਾਈ ਸਿਦਕਾਂ ਦੇ ਸਾਈਂ ਜੀ! ਗੁਰੂ ਘਰ ਦੀ ਖੂਬ ਸੇਵਾ ਕੀਤੀ ਨੇ? ਚੰਗੇ ਘੋੜੇ ਖ਼ਰੀਦ ਕੇ ਵਾਪਸ ਪਹੁੰਚੇ ਹੋ।' ਭਾਈ ਜੀ ਦੇ ਨੈਣ ਭਰ ਆਏ, ਨੈਣਾਂ ਵਿਚ ਝਿਲਮਿਲ ਕਰਦੇ ਮੋਤੀਆਂ ਵਿਚੋਂ ਨਿਕਲਦੀ ਨਜ਼ਰ ਚਰਨਾਂ ਤੇ ਜਾ ਟਿਕੀ, ਹਥ ਜੁੜ ਗਏ ਤੇ ਇਹ ਉਚਾਰ ਹੋਇਆ-

### ਸਵੈਯਾ

**ਜਉ ਗਰਬੈ ਬਹੁ ਬੂੰਦ ਚਿਤੰਤਰ[੧] ਸਨਮੁਖ ਸਿੰਧ[੨] ਸ਼ੋਭ ਨਹੀਂ ਪਾਵੈ।**
**ਜਉ ਬਹੁ ਉਡੈ ਖਗ[੩] ਧਾਰ ਮਹਾਂ ਬਲ ਪੇਖ ਅਕਾਸ਼ ਰਿਦੈ ਸੁਕਚਾਵੈ[੪]।**
**ਜਿਉਂ ਬ੍ਰਹਮੰਡ ਪ੍ਰਚੰਡ ਬਿਲੋਕਤ ਗੂਲਰ ਜੰਤ[੫] ਉਡੰਤ ਲਜਾਵੈ।**
**ਤੂੰ ਕਰਤਾ ਹਮ ਕੀਏ ਤਿਹਾਰੇ ਜੀ ਤੋ ਪਹਿ ਬੋਲਨ ਕਿਉਂ ਬਨਿਆਵੈ[੬]।**

ਗੁਰੂ ਜੀ ਬੋਲੇ: ਭਾਈ ਜੀ! ਜਿਥੇ ਹੈ 'ਮੈਂ ਹਾਂ', ਉਥੇ ਅਜੇ ਹੈ 'ਹਉਂ'। ਹਉਂ ਡੋਲਨੇ ਵਾਲੀ ਸ਼ੈ ਹੈ, ਜਦ ਡੋਲਦੀ ਹੈ ਤਾਂ ਆਪਣੇ ਆਸਰੇ ਲਏ ਸਿਦਕ ਨੂੰ ਬੀ ਡੁਲਾਉਂਦੀ ਹੈ। ਇਹ ਘਟਦੀ ਘਟਦੀ ਘਟ ਤਾਂ ਜਾਂਦੀ ਹੈ, ਨਰਮੂਲ ਨਹੀਂ ਹੁੰਦੀ ਜਿਵੇਂ ਢਠੇ ਬਿੱਛ ਦੀ ਇਕ ਜੜ੍ਹ ਬੀ ਜ਼ਿਮੀਂ ਵਿਚ ਰਹਿ ਜਾਏ

---

੧. ਚਿੱਤ ਵਿਚ। ੨. ਸਮੁੰਦਰ ਦੇ ਸਾਹਮਣੇ। ੩. ਪੰਛੀ।
੪. ਭਾਵ ਸ਼ਰਮਿੰਦਾ ਹੁੰਦਾ ਹੈ। ੫. ਗੁਲਰ ਬ੍ਰਿਛ ਦੇ ਫਲ ਵਿਚ ਦਾ ਕੀੜਾ।
੬. ਅੰਕ ੫੨੭।

ਤਾਂ ਬ੍ਰਿਛ ਵਿਚ ਪੱਤੇ ਨਿਕਲੇ ਰਹਿੰਦੇ ਹਨ। ਜਿਵੇਂ ਰੋਗ ਹਟ ਜਾਏ ਪਰ ਜੜ੍ਹ ਜੇ ਅੰਦਰ ਰਹਿ ਜਾਏ ਤਾਂ ਅਰੋਗਤਾ ਪੂਰੀ ਨਹੀਂ ਕਹੀਦੀ, ਰੋਗ ਦੀ ਜੜ੍ਹ ਹਟ ਜਾਏ ਤਾਂ ਹੀ ਅਰੋਗਤਾ ਕਹੀਦੀ ਹੈ। ਹਉਮੈ ਇਕ ਸਥੂਲ ਸ਼ੈ ਹੈ ਜੋ ਅਹੰਕਾਰ, ਅਭਿਮਾਨ, ਹੈਂਕੜ ਤੇ ਜ਼ੋਰ ਹੋਕੇ ਦਿਖਾਈ ਦੇਂਦੀ ਹੈ, ਪਰ ਇਸਦੀ ਅੰਦਰ ਇਕ ਅਤਿ ਸੂਖਮ ਸੂਰਤ ਬੀ ਹੈ। ਇਹ ਸੂਖਮ ਹੋਈ ਭੰਬੀਰੀ ਦੇ ਖੰਭਾਂ ਵਾਂਙੂ ਪਾਰਦਰਸ਼ਕ ਹੋ ਜਾਂਦੀ ਹੈ, ਪਰ ਭੰਬੀਰੀ ਦੇ ਪੰਖ ਵਾਂਙੂ ਬ੍ਰੀਕ ਹੋਕੇ ਬੀ ਪਾਰ ਦੁਸਾਰ ਦਿਖਾਕੇ ਬੀ ਲੇਸ਼ ਮਾਤ੍ਰ ਰਹੀ ਹੋਈ ਪਰਦਾ ਹੀ ਹੁੰਦੀ ਹੈ, ਭਾਈ ਜੀਓ ਜੀ! ਹਾਂ, '**ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥ ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ**'॥[੧] (ਸੋ:ਮ:੫/੬੨੪)

ਭਾਈ ਜੀ ਦੇ ਭਰ ਰਹੇ ਨੈਣ ਡੁੱਲ੍ਹ ਪਏ, ਇਕ ਚਮਤਕਾਰ ਹ੍ਰਿਦੇ ਵਿਚੋਂ ਲੰਘਿਆ, 'ਲੇਸ਼ਾਵਿਦਜਾ', 'ਲੇਸ਼ਾਵਿਦਜਾ', ਲੇਸ਼ ਮਾਤ੍ਰ ਅਹੰਕਾਰ! ਠੀਕ ਹੈ, ਰੋਗ ਦਾ ਲੇਸ਼ ਬੀ ਲੇਸ਼ ਹੈ। ਸਿਦਕ ਮੇਰਾ! ਹੈਂ ਮੇਰਾ! ਮੈਂ ਕਿਸਦਾ? ਸਾਰਾ ਤਾਂ ਅਰਪਨ ਹੋ ਚੁਕਾ, ਫੇਰ ਮੇਰਾ ਕੀਹ ਹੋਇਆ? ਸਿਦਕ ਮੇਰਾ? ਇਹ ਬੀ ਤਾਂ ਮੈਂ ਮੇਰੀ ਦੇ ਨਾਲ ਹੀ ਅਰਪਨ ਹੋ ਚੁਕਾ ਸੀ। ਜਦ ਸਭ ਕੁਛ ਅਰਪਨ ਤਾਂ ਜੰਤੀ ਦੇ ਵੱਸ ਜੰਤ, ਜੋ ਕਰਾਏ ਕਰਨਾ।...ਠੀਕ ਹੈ। '**ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ।**' (ਸੂਹੀ: ਮ: ੪-੭੩੯) ਫੇਰ ਠੰਢਾ ਲੰਮਾ ਸਹੂਲਤ ਵਾਲਾ ਸਾਹ ਆਇਆ, ਨੈਣ ਫੇਰ ਡੁੱਲ੍ਹੇ ਤੇ ਆਪ ਅਪਣੇ ਸੁਰੀਲੇ ਗਲੇ ਤੋਂ ਬੋਲੇ:-

**ਤੋਸੋ ਨ ਨਾਥ, ਅਨਾਥ ਨ ਮੋ ਸਰਿ, ਤੋਸੋ ਨ ਦਾਨੀ, ਨ ਮੋਸੋ ਭਿਖਾਰੀ।**
**ਮੋਸੋ ਨ ਦੀਨੁ, ਦਯਾਲੁ ਨ ਤੋ ਸਰਿ, ਮੋਸੋ ਅਗਿਆਨੁ, ਨ ਤੋਸੋ ਬਿਚਾਰੀ।**
**ਮੋਸੋ ਨ ਪਤਤਿ, ਨ ਪਾਵਨਿ ਤੋ ਸਰਿ, ਮੋਸੋ ਬਿਕਾਰੀ, ਨ ਤੋਸੋ ਉਪਕਾਰੀ।**
**ਮੋਰੇ ਹੈਂ ਅਵਗੁਨ, ਤੂ ਗੁਨ ਸਾਗਰ, ਜਾਤ ਰਸਾਤਲ ਓਟ ਤਿਹਾਰੀ॥੫੨੮॥**

---

੧. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਉ ਨਵਿਰਰਤੀ ਦਾ ਇਹ ਰੂਪ ਕਿਹਾ ਹੈ- ਹੋਂਦਾ ਫੜੀਅਗ ਨਾਨਕ ਜਾਣ। ਨਾ ਹਉ ਨਾ ਮੈ ਜੂਨੀ ਪਾਣੁ (ਵਾਰ ਮਲਾਰ ਮ:੧)

ਇਹ ਉਚਾਰਦੇ ਅਗੇ ਵਧੇ ਤੇ ਚਰਨਾਂਬੁਜ ਨੂੰ ਲਿਪਟ ਗਏ, ਮਸਤਕ ਨੂੰ ਚਰਨਾਂ ਦੀ ਛੁਹ, ਜਿਸ ਨੂੰ ਤੜਪ ਰਹੇ ਸਨ, ਮਿਲੀ। ਲੂੰ ਲੂੰ ਠੰਢ ਵਰਤੀ। ਕਬਿਤਾਂ ਸ੍ਵਯਾਂ ਵਿਚ ਅੰਕਤ ਬਿਰਹ-ਅਗਨੀ ਨੂੰ ਠੰਢ ਪਈ। ਇਕ ਆਪਾ ਤਾਂ ਇਸ ਵਿਸਮਾਦ ਵਿਚ ਗੁੰਮ ਗਿਆ ਤੇ ਦੂਜਾ 'ਆਪਾ' ਗੁਰੂ ਚਰਨਾਂ ਦੇ ਰਾਹੀਂ 'ਪਰਮ ਆਪੇ' ਵਿਚ ਲੀਨ ਹੋ ਗਿਆ। ਸਤਿਗੁਰ ਦੇ ਅੰਦਰ ਬੀ ਉਹ ਅਵਸਥਾ ਹੈ ਜੋ ਵਿਛੁੜੇ ਵੱਛੇ ਦੇ ਗਾਂ ਨੂੰ ਧਾਕੇ ਮਿਲਣ ਵੇਲੇ ਹੁੰਦੀ ਹੈ। ਦੁਵੱਲੀ ਲੀਨਤਾ ਏਕਤਾ ਵਿਚ ਸਮਾ ਰਹੀ ਹੈ।

ਕੁਛ ਚਿਰ ਮਗਰੋਂ ਸਤਿਗੁਰ ਦੇਵ ਦੇ ਗੁਲਾਬ ਪੰਖੜੀਆਂ ਵਰਗੇ ਬੁੱਲ੍ਹ ਖੁੱਲ੍ਹੇ ਤੇ ਉਚਾਰ ਹੋਇਆ-

**ਧੰਨ ਤੋਹਿ ਗੁਰ ਸਿਦਕ ਕਮਾਯੋ। ...ਤੂੰ ਮਮ ਪਜਾਰੇ ਅਤਿ ਅਨੁਰਾਗੀ।**
**ਕਹਜੋ-ਸਿੱਖ ਹੁਇ ਸਿਦਕ ਨ ਹਾਰੇ-। ਇਸ ਤੁਕ ਪਰ ਭਾ ਲੇਹੁ ਵਿਚਾਰੇ।**
**ਕਸੇ ਕਸੌਟੀ ਮੈਂ ਇਸ ਵਾਰੀ। ਸਿੱਖ ਨ ਆਨ ਸਮਾਨ ਤੁਮਾਰੀ। ੪੩।**

(ਗੁ:ਪ੍ਰ:ਸੂ: ਰਾਸ ੭ ਅੰਸੂ ੫)

ਇਸ ਤਰ੍ਹਾਂ ਦੇ ਪ੍ਰੇਮ ਵਾਕ ਕਹਿਕੇ ਸਤਿਗੁਰਾਂ ਨੇ ਬੜੇ ਪਿਆਰ ਤੇ ਸਨਮਾਨ ਨਾਲ ਅਪਣੇ ਪਾਸ ਬਹਾਲ ਲਿਆ। ਇਸ ਪ੍ਰੇਮ ਸੰਗਮ ਤੋਂ ਬਾਦ ਭਾਈ ਜੀ ਫੇਰ ਗੁਰੂ ਜੀ ਦੇ ਪਾਸ ਹੀ ਰਹੇ।


www.sikhbookclub.com

# [ਸੇਵਕ ਕੀ ਓੜਕਿ ਨਿਬਹੀ ਪ੍ਰੀਤਿ]

**ਜਾਪਦਾ ਹੈ** ਕਿ ਭਾਈ ਸਾਹਿਬ ਨੇ ਹੁਣ ਪੰਜਾਬੀ ਰਚਨਾਂ ਨੂੰ ਵਾਰਾਂ ਦੇ ਰੂਪ ਵਿਚ ਸੰਕਲਤ ਕੀਤਾ ਤੇ ਹਿੰਦੀ ਕਵਿਤਾਵਾਂ ਨੂੰ ਜਿਵੇਂ ਸੰਕਲਤ ਕੀਤਾ ਓਹ ਕਬਿਤ ਸ੍ਵੈਯਾਂ ਦੇ ਰੂਪ ਵਿਚ ਲਿਖੇ ਗਏ, ਇਸ ਦਾ ਥਿਤ ਵਾਰ ਸੰਮਤ ਦਾ ਪਤਾ ਨਹੀਂ ਪਰ ਵਿਚਲੀ ਖੋਜ ਦੱਸਦੀ ਹੈ ਕਿ ਓਹ ਇਸ ਘਟਨਾ ਦੇ ਬਾਦ ਹੋਈ[੧]।

ਇਸ ਤੋਂ ਮਗਰੋਂ ਗੁਰੂ ਜੀ ਦੇ ਸਾਹਿਬਜ਼ਾਦੇ ਸੂਰਜ ਮਲ ਦਾ ਵਿਆਹ ਹੋ ਗਿਆ। ਇਸ ਵਿਆਹ ਵਿਚ ਜ਼ਿਕਰ ਹੈ ਕਿ ਭਾਈ ਗੁਰਦਾਸ ਜੀ ਨਾਲ ਗਏ ਸਨ[੨]।

ਹੁਣ ਆਪ ਅੰਮ੍ਰਿਤਸਰ ਟਿਕੇ ਰਹੇ ਤੇ ਅਪਣੇ ਸਾਹਿਤਜਕ ਤੇ ਧਰਮ ਪ੍ਰਚਾਰ ਦੇ ਕੰਮਾਂ ਵਿਚ ਲਗੇ ਰਹੇ। ਇਕ ਵੇਰ ਬਰਖਾ ਰੁਤ ਦੇ ਸ਼ੁਰੂ ਦਿਨਾਂ ਵਿਚ ਗੁਰੂ ਜੀ ਬਾਸਰਕੇ ਵਲ ਸ਼ਿਕਾਰ ਚੜ੍ਹੇ, ਨਾਲ ਸਨ ਭਾਈ ਸਾਧੂ, ਭਾਈ ਭਾਨਾ, ਭਾਈ ਗੁਰਦਾਸ ਆਦਿ ਪ੍ਰੇਮੀ ਤੇ ਸਿਦਕੀ ਸਿਖ। ਓਥੇ ਸੰਨ੍ਹ ਸਾਹਿਬ ਦੇ ਦਰਸ਼ਨ ਕੀਤੇ ਤੇ ਸਿੱਖਾਂ ਦੇ ਪੁੱਛਣੇ ਤੇ ਸਤਿਗੁਰਾਂ ਨੇ ਪ੍ਰਸੰਗ ਸੁਣਾਯਾ। ਫੇਰ ਬੀੜ ਬਾਬਾ ਬੁੱਢਾ ਸਾਹਿਬ ਵਿਚ ਪਹੁੰਚੇ। ਭਾਈ ਗੁਰਦਾਸ ਜੀ ਤੋਂ ਬਾਬਾ ਬੁੱਢਾ ਜੀ ਦੇ ਨਿਵਾਸ

---

੧. ਅਪਣੇ ਬੀਜ ਮਾਤ੍ਰ ਅਹੰਕਾਰ ਯਾ ਲੇਸ਼ ਮਾਤ੍ਰ ਅਹੰਕਾਰ ਦੇ ਦੂਰ ਹੋਇਆਂ ਜੋ ਰਚਨਾਂ ਰਚਕੇ ਆਪ ਨੇ ਗੁਰ ਸਿਖਾਂ ਨੂੰ ਸੁਣਾਈ ਉਹ ਇਹ ਸੀ-
ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ। ਝਖੜਿ ਆਏ ਤਰੁਵਰਾ ਸਰਬੱਤ ਹਲੰਦੇ। ਡਵਿ ਲੱਗੇ ਉੱਜਾੜਿ ਵਿਚਿ ਸਭ ਘਾਹ ਜਲੰਦ। ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ। ਅੰਬਰਿ ਪਾਟੇ ਥਿੱਗਲੀ ਕੂੜਿਆਰ ਕਰੰਦੇ। ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ।੨੧। ਜੇ ਮਾਉ ਪੂਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ। ਜੇ ਘਰੁ ਭੰਨੈ ਪਾਹਰੂ ਕਉਣੁ ਰੱਖਣਹਾਰਾ। ਬੇੜੀ ਡੋਬੇ ਪਾਤਣੀ ਕਿਉ ਪਾਰਿ ਉਤਾਰਾ। ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ। ਜੇਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ। ਜੇ ਗੁਰ ਭਰਮਾਏ ਸਾਂਗੁ ਕਰ ਕਿਆ ਸਿਖੁ ਵਿਚਾਰਾ।੨੨। ਜਲ ਵਿਚਿ ਕਾਗਦ ਲੂਣ ਜਿਉਂ ਘਿਅ ਚੋਪੜਿ ਪਾਏ। ਦੀਵੇ ਵਟੀ ਤੇਲ ਦੇ ਸਭ ਰਾਤਿ ਜਲਾਏ। ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ। ਮੂਹ ਵਿਚਿ ਗਰੜ ਦੁਗਾਰੁ ਪਾਇ ਜਿਉ ਸੱਪੁ ਲੜਾਏ। ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ। ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ॥੨੩॥(ਵਾਰ ੩੫)

੨. ਇਸ ਵਿਵਾਹ ਦਾ ਸੰਮਤ ਗੁਰ ਬਿਲਾਸ ਵਿਚ ਵਿਸਾਖ ੧੬੮੬ ਦਿੱਤਾ ਹੈ।

ਸਥਾਨ ਦਾ ਪਤਾ ਕੀਤਾ ਤੇ ਸ੍ਰੀ ਗੁਰੂ ਜੀ ਨੇ ਆਗਜਾ ਕੀਤੀ ਕਿ ਬਿੱਧ ਜੀ ਦੀ ਯਾਦਗਾਰ ਵਿਚ ਏਥੇ ਪੱਕੀ ਮੰਜੀ ਬਣਾਈ ਜਾਵੇ। ਇਸ ਪ੍ਰਕਾਰ ਸੈਰ ਕਰਦੇ ਫੇਰ ਸ੍ਰੀ ਅੰਮ੍ਰਿਤਸਰ ਜੀ ਆ ਗਏ।

ਸ੍ਰੀ ਤਰਨ ਤਾਰਨ ਸਾਹਿਬ ਵਿਚ ਹਰ ਮਸਜਾ ਤੇ ਮੇਲਾ ਹੁੰਦਾ ਹੈ ਪਰ ਭਾਦ੍ਰੋਂ ਦੀ ਮਸਜਾ ਤੇ ਚੇਤ੍ਰ ਚੌਦੇਂ ਨੂੰ ਬਹੁਤ ਵਡੇ ਮੇਲੇ ਲਗਦੇ ਹਨ। ਭਾਦ੍ਰੋਂ ਦੀ ਮਸਜਾ ਦਾ ਹਾਲ ਇੰਵ ਹੈ: ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਗਜਾ ਕੀਤੀ ਕਿ ਭਾਦ੍ਰੋਂ ਦੀ ਮਸਜਾ ਤਰਨ ਤਾਰਨ ਕੀਤੀ ਜਾਵੇ, ਸੋ ਹੁਕਮ ਨਾਮੇ ਜਾਰੀ ਹੋ ਗਏ ਕਿ ਮਸਜਾ ਨੂੰ ਦਰਸ਼ਨ ਮੇਲੇ ਤਰਨ ਤਾਰਨ ਸਾਹਿਬ ਹੋਣਗੇ। ਤਦ ਇਹ ਖਬਰ ਸੰਗਤਾਂ ਵਿਚ ਧੁੰਮ ਗਈ। ਆਪ ਸ੍ਰੀ ਗੁਰੂ ਜੀ ਤੇ ਮੁਖੀਏ ਸਿੱਖ ਕੁਛ ਦਿਨ ਪਹਿਲਾਂ ਰਾਮਦਾਸ ਪੁਰੇ ਤੋਂ ਤਰਨ ਤਾਰਨ ਨੂੰ ਘੋੜਿਆਂ ਪਰ ਸਵਾਰ ਹੋਕੇ ਟੁਰੇ। ਭਾਈ ਗੁਰਦਾਸ ਜੀ ਹੁਣ ਬਿੱਧ ਹੋ ਰਹੇ ਸੇ ਉਨ੍ਹਾਂ ਨੂੰ ਸੁਹਣੇ ਰਥ ਤੇ ਸੁਵਾਰ ਕਰਾਇਆ ਗਿਆ। ਤਰਨ ਤਾਰਨ ਪਹੁੰਚਕੇ ਪੂਰਬਲੀ ਬਾਹੀ ਵਲ ਡੇਰੇ ਲਾਏ ਗਏ। ਮੇਲਾ ਭਰਕੇ ਹੋਇਆ। ਆਈਆਂ ਸੰਗਤਾਂ ਵਿਚ ਵਾਹਿਗੁਰੂ ਪ੍ਰੇਮ ਦਾ ਬਹੁਤ ਪ੍ਰਚਾਰ ਹੋਇਆ। ਸਮਾਗਮ ਸਮਾਪਤ ਹੋ ਜਾਣੇ ਪਰ ਭਾਈ ਗੁਰਦਾਸ ਜੀ ਨੇ ਬਿਨੈ ਕੀਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚੋਲ੍ਹੇ ਸਾਹਿਬ ਦੇ ਦਰਸ਼ਨਾਂ ਨੂੰ ਚੱਲੋ। ਗੁਰੂ ਜੀ ਨੇ ਆਗਜਾ ਦਿਤੀ ਤੇ ਤਜਾਰੇ ਕਰਕੇ ਸਾਰੇ ਡੇਰੇ ਸਮੇਤ ੧੨ ਕੋਹ ਤੇ ਇਸ ਪਿੰਡ ਜਾ ਡੇਰੇ ਲਾਏ। ਸੰਗਤਾਂ ਸੁਣਕੇ ਪ੍ਰੇਮ ਭਾਵਨਾ ਨਾਲ ਆ ਜੁੜੀਆਂ। ਸ਼ਬਦ ਕੀਰਤਨ ਮਨੋਹਰ ਹੋਇਆ, ਭੋਗ ਪਏ ਤੇ ਭਾਨੇ ਨੇ ਪੁੱਛਿਆ ਕਿ ਗੁਰੂ ਅਰਜਨ ਦੇਵ ਜੀ ਏਥੇ ਕਿੰਵ ਆਏ ਸਨ? ਤਦ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ 'ਭਾਈ ਸਾਹਿਬ ਆਪ ਤਦੋਂ ਨਾਲ ਸੇ ਸੋ ਤੁਸੀਂ ਹਾਲ ਸੁਣਾਓ'। ਭਾਈ ਜੀ ਨੇ ਤਦ ਕਥਾ ਸੁਣਾਈ:-

ਇਕ ਵੇਰ ਸ੍ਰੀ ਗੁਰੂ ਅਰਜਨ ਦੇਵ ਜੀ ਅਪਣੀ ਨਗਰੀ ਤੋਂ ਸਰਹਾਲੀ ਆ ਰਹੇ ਸੇ। ਏਥੇ ਇਕ ਤਪੇ ਨੇ ਖੁਣਸ ਕੀਤੀ ਤਾਂ ਆਪ ਇਸ ਚੋਲ੍ਹੇ ਪਿੰਡ ਆ ਟਿਕੇ। ਇਸ ਦਾ ਨਾਮ ਤਦੋਂ ਭੈਣੀ ਸੀ। ਪਿੰਡ ਦੀ ਸੰਗਤ ਤੇ ਪੈਂਚ ਬੜੇ

ਭਾਵ ਨਾਲ ਆਏ, ਇਕ ਸੁਥਰੇ ਥਾਂ ਉਤਾਰਾ ਦਿਤਾ ਤੇ ਬਹੁਤ ਆਦਰ ਕੀਤਾ। ਪ੍ਰਸ਼ਾਦ ਤਿਆਰ ਹੋਣ ਲਗਾ, ਪਰ ਦਿਨ ਬਹੁਤ ਚੜ੍ਹ ਚੁਕਾ ਸੀ, ਪੈਂਚ ਦੀ ਵਹੁਟੀ ਨੇ ਡਿੱਠਾ ਕਿ ਲੰਗਰ ਨੂੰ ਡੇਰ ਲਗੇਗੀ ਤੇ ਗੁਰੂ ਜੀ ਨੂੰ ਭੁੱਖ ਲੱਗੀ ਹੋਏਗੀ ਸੋ ਉਸ ਨੇ ਛੇਤੀ ਨਾਲ ਚੂਰੀ ਬਣਾਕੇ ਅਗੇ ਲਿਆ ਰੱਖੀ। ਨਾਮ-ਰਸ ਦੇ ਪਰਮ ਰਸੀਏ ਸ੍ਰੀ ਗੁਰੂ ਜੀ ਸਚ ਮੁਚ ਉਸ ਵੇਲੇ ਖੁਧਜਾ ਵਿਚ ਸੇ। ਉਹ ਚੋਲ੍ਹਾ ਛਕਿਆ ਤੇ ਅਸ਼ੀਰਵਾਦ ਦਿੱਤੀ ਤੇ ਆਖਿਆ ਇਸ ਪਿੰਡ ਦਾ ਨਾਉਂ ਚੋਲ੍ਹਾ ਸਦੀਵੇਗਾ[1]। ਉਸ ਵੇਲੇ ਆਪ ਕਰਤਾਰ ਦੇ ਪਿਆਰ-ਰੰਗ ਵਿਚ ਐਸੇ ਲੀਨ ਹੋ ਗਏ ਕਿ ਜਦ ਨੈਣ ਖੁਹਲੇ ਤਾਂ ਇਹ ਸ਼ਬਦ ਉਚਾਰਿਆ:-

ਧਨਾਸਰੀ ਮਹਲਾ ੫

"ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ॥
ਮਹਾ ਉਦਿਆਲ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ॥੧॥
ਹਮਰੇ ਪ੍ਰਾਨ ਗੁਪਾਲ ਗੋਬਿੰਦ॥ ਈਹਾ ਊਹਾ ਸਰਬ ਥੋਕ ਕੀ ਜਿਸਹਿ
ਹਮਾਰੀ ਚਿੰਦ॥੧॥ਰਹਾਉ॥ ਜਾਕੈ ਸਿਮਰਨਿ ਸਰਬ ਨਿਧਾਨਾ ਮਾਨੁ
ਮਹਤੁ ਪਤਿ ਪੂਰੀ॥ ਨਾਮੁ ਲੈਤ ਕੋਟਿ ਅਘ ਨਾਸੇ ਭਗਤ ਬਾਛਹਿ
ਸਭਿ ਧੂਰੀ॥੨॥ ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ॥
ਪਾਰ ਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ॥੩॥
ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤ ਸੰਗਿ ਰਹਿਓ ਓਲ੍ਹਾ॥
ਹਰਿ ਧਨੁ ਸੰਚਨੁ ਹਰਿਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ॥੪॥੮॥"

ਪੈਂਚ ਦੀ ਵਹੁਟੀ ਨੇ ਸ੍ਰੀ ਮਾਤਾ ਗੰਗਾ ਜੀ ਦਾ ਬੜਾ ਆਦਰ ਕੀਤਾ ਤੇ ਸਾਰੇ ਪਰਿਵਾਰ ਦੀ ਸੇਵਾ ਕੀਤੀ[2], ਕਿਤਨਾ ਕਾਲ ਏਥੇ ਗੁਜ਼ਾਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਆ ਗਏ।

---

੧. ਤਦ ਤੋਂ ਇਹੋ ਨਾਮ ਪ੍ਰਸਿੱਧ ਹੈ।
੨. ਇਸ ਪਿੰਡ ਗੁਰਦ੍ਵਾਰਾ ਹੈ। ਪਿੰਡ ਦੇ ਅੰਦਰ ਮਾਤਾ ਜੀ ਦੇ ਨਿਵਾਸ ਦਾ ਸਥਾਨ ਹੈ।

 www.sikhbookclub.com

ਇਹ ਕਥਾ ਸੁਣਕੇ ਸਾਰੇ ਪ੍ਰਸੰਨ ਹੋਏ। ਤ੍ਰੈ ਦਿਨ ਛੇਵੇਂ ਗੁਰੂ ਜੀ ਏਥੇ ਰਹੇ, ਫੇਰ ਏਥੋਂ ਕੂਚ ਕਰਕੇ ਤ੍ਰੈ ਕੁ ਕੋਹਾਂ ਤੇ ਪਹੁੰਚੇ ਜਿਥੇਂ ਦੋ ਘੜੀਆਂ ਲਈ ਠਹਿਰ ਗਏ, ਗੁਰੂ ਜੀ ਨੇ ਦੱਸਿਆ ਕਿ ਏਥੇ ਗੁਰੂ ਨਾਨਕ ਦੇਵ ਜੀ ਆਏ ਸੇ[1] ਤੇ ਪਿੰਡ ਵਾਸੀਆਂ ਨੇ ਜੋ ਬੇਦੀ ਆਦਿਕ ਸੇ ਆਪ ਦਾ ਅਨਾਦਰ ਕੀਤਾ ਸੀ। ਏਹ ਪਿੰਡ ਫੇਰ ਥੇਹ ਹੋ ਗਿਆ[2]।

ਇਥੋਂ ਟੁਰਕੇ ਛੇਵੇਂ ਸਤਿਗੁਰੂ ਜੀ ਨੇ ਦੋ ਕੋਹ ਅਗੇ ਡੇਰੇ ਜਾ ਲਾਏ। ਇਸਦੇ ਬੀ ਨੇੜੇ ਇਕ ਥੇਹ ਸੀ। ਭਾਈ ਬਿਧੀਏ ਨੇ ਕਥਾ ਸੁਣਾਈ ਕਿ ਇਕ ਵੇਰੀ ਸ੍ਰੀ ਗੁਰੂ ਅਰਜਨ ਦੇਵ ਜੀ ਸਿਆਲ ਦੀ ਰੁੱਤੇ ਇਧਰ ਆਏ ਸਨ, ਪੰਜ ਸਿੱਖ ਅਸੀਂ ਨਾਲ ਸਾਂ। ਗੁਰੂ ਜੀ ਨੇ ਪਿੰਡੋਂ ਬਾਹਰ ਡੇਰੇ ਲਾਏ, ਇਸ ਪਿੰਡ[3] ਦੇ ਖੋਲੇ ਔਹ ਦਿੱਸ ਰਹੇ ਹਨ। ਰੁਤ ਸਰਦੀ ਦੀ ਸੀ ਤੇ ਠੰਢੀ ਵਾਯੂ ਵਗ ਰਹੀ ਸੀ, ਅਸਾਂ ਕਿਹਾ ਪਿੰਡ ਵਿਚ ਚੱਲੋ। ਗੁਰੂ ਜੀ ਨੇ ਕਿਹਾ ਲੋਕੀ ਉਪਕਾਰ ਵਾਲੇ ਨਹੀਂ। ਇੰਨੇ ਨੂੰ ਕਣੀਆਂ ਲਹਿ ਪਈਆਂ, ਤਾਂ ਅਸੀਂ ਆਗਯਾ ਲੈਕੇ ਪਿੰਡ ਵਿਚ ਓਟ ਤਕਾਣ ਗਏ ਪਰ ਅਗੋਂ ਆਦਰ ਦੀ ਥਾਂ ਤ੍ਰਿਸਕਾਰ ਮਿਲਿਆ। ਜਦ ਮੁੜੇ ਤਾਂ ਗੁਰੂ ਜੀ ਪਿੰਡੋਂ ਬਾਹਰ ਇਕ ਛੱਪਰੀ ਵਿਚ ਸਾਨੂੰ ਲੈ ਗਏ ਜਿਥੇ ਹੇਮਾਂ ਨਾਮੇ ਸਿੱਖ ਰਹਿੰਦਾ ਸੀ। ਇਹ ਅਤਿ ਗਰੀਬ ਸੀ, ਛਪਰੀ ਟੁੱਟੀ ਸੀ ਪਰ ਬੜਾ ਪਰਉਪਕਾਰੀ ਤੇ ਪੂਰਨ ਨਾਮੀ ਪੁਰਖ ਸੀ। ਇਸ ਨੇ ਗੁਰੂ ਜੀ ਦਾ ਤੇ ਸਾਡਾ ਬੜਾ ਆਦਰ ਕੀਤਾ। ਇਸ ਦੀ ਆਤਮ ਆਰੂੜ੍ਹ ਅਵਸਥਾ ਪਰ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਤੇ ਸ਼ਬਦ ਬੀੜ ਵਿਚ ਚਾੜ੍ਹਿਆ:-

---

੧. ਤਦੋਂ ਇਸ ਦਾ ਨਾਂ ਪਠੇਵਿੰਡ ਸੀ।

੨. ਇਹ ਥੇਹ ਪਿੰਡ 'ਲੁਹਾਰ' ਦੀ ਜੂਹ ਵਿਚ ਹੈ, ਏਥੇ ਗੁਰਦੁਆਰਾ ਹੈ, ਨਾਮ ਡੇਹਰਾ ਸਾਹਿਬ ਹੈ। ਥੇਹ ਹੋਏ ਪਿੰਡ ਦਾ ਨਾਉਂ ਪਠੇਵਿੰਡ ਸੀ ਤੇ ਕਥਾ ਹੈ ਕਿ ਬਾਬਾ ਕਾਲੂ ਜੀ ਇਥੋਂ ਦੇ ਸੇ, ਤਲਵੰਡੀ ਮਗਰੋਂ ਜਾ ਕੇ ਰਹੇ ਸੇ।

੩. ਇਸ ਪਿੰਡ ਦਾ ਨਾਂ ਖਾਨਪੁਰ ਸੀ।


www.sikhbookclub.com

ਰਾਗੁ ਸੂਹੀ ਮਹਲਾ ੫ ਘਰ ੪

ੴ ਸਤਿਗੁਰ ਪ੍ਰਸਾਦਿ॥

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥੧॥ਰਹਾਉ॥
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ॥੩॥
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥੪॥੧॥੪੧॥

ਗੁਰੂ ਅਰਜਨ ਦੇਵ ਜੀ ਏਥੇ ਕੁਛ ਸਮਾਂ ਹੇਮੇ ਦੇ ਪਾਸ ਰਹੇ, ਇਨ੍ਹਾਂ ਦਿਨਾਂ ਵਿਚ ਹੀ ਉਸ ਗੁਰਮੁਖ ਦਾ ਪ੍ਰਾਣਾਂਤ ਹੋ ਗਿਆ ਤੇ ਸ੍ਰੀ ਗੁਰੂ ਜੀ ਨੇ ਉਸਦਾ ਸਸਕਾਰ ਆਪ ਕੀਤਾ।

ਇਸ ਕਥਾ ਦੇ ਮਗਰੋਂ ਪ੍ਰਸ਼ਾਦ ਆਇਆ, ਛਕਕੇ ਗੁਰੂ ਹਰਿ ਗੋਬਿੰਦ ਜੀ ਤੇ ਸੰਗਤ ਨੇ ਦੁਪਹਿਰੇ ਆਰਾਮ ਕੀਤਾ, ਲੌਢੇ ਪਹਿਰ ਗੋਇੰਦਵਾਲ ਨੂੰ ਟੁਰੇ ਤੇ ਚਾਰ ਘੜੀ ਦਿਨ ਰਹੇ ਪਹੁੰਚ ਗਏ। ਬਾਵਲੀ ਸਾਹਿਬ ਦੇ ਪਾਸ ਡੇਰਾ ਲੁਆ ਦਿਤਾ, ਇਸ਼ਨਾਨ ਕਰਕੇ ਚੁਬਾਰੇ ਗਏ, ਫੇਰ ਡੇਰੇ ਆ ਗਏ। ਸੁੰਦਰ ਜੀ ਤੇ ਪਰਮਾਨੰਦ ਜੀ ਗੁਰੂਵੰਸ਼ ਦੇ ਪ੍ਰੇਮੀ ਦਰਸ਼ਨਾਂ ਨੂੰ ਆਏ। ਕੀਰਤਨ ਮਗਰੋਂ ਪ੍ਰਸ਼ਾਦ ਛਕਿਆ ਤੇ ਫੇਰ ਸੌਂ ਗਏ। ਡੇਢ ਪਹਿਰ ਰਾਤ ਰਹਿੰਦੀ ਭਾਈ ਗੁਰਦਾਸ ਜੀ ਉਠੇ ਤੇ ਸ੍ਰੀ ਗੁਰੂ ਜੀ, ਜੋ ਤ੍ਰਿਪਹਿਰੇ ਦੇ ਦੀਵਾਨ

ਦੀ ਤਿਆਰੀ ਕਰ ਰਹੇ ਸੇ, ਦੇ ਪਾਸ ਬਿਨੈ ਕੀਤੀ:* ਹੇ ਦੀਨ ਦਇਆਲ 'ਮੇਰਾ ਅੰਤ ਦਾ ਸਮਾਂ ਆ ਗਿਆ ਹੈ।' ਗੁਰੂ ਜੀ ਮੁਸਕ੍ਰਾਏ, ਫੇਰ ਗੰਭੀਰ ਰੰਗ ਵਿਚ ਵਾਰ ਦੇ ਦੀਵਾਨ ਵਿਚ ਜਾ ਬੈਠੇ। ਕੁਛ ਚਿਰ ਬਾਦ ਭਾਈ ਜੀ ਨੇ ਬਿਨੈ ਕੀਤੀ 'ਹੇ ਨਾਥ! ਮੇਰੇ ਪਰਲੋਕ ਪਿਆਨੇ ਵਿਚ ਹੁਣ ਦੇਰ ਘਟ ਹੈ'।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪਾਵਨ ਪਿਤਾ ਜੀ ਤੋਂ ਲੈਕੇ ਸਨਬੰਧੀਆਂ, ਪਿਆਰੇ ਗੁਰਸਿਖਾਂ ਤੇ ਪ੍ਰੇਮੀਆਂ ਦੇ ਵਿਛੋੜੇ ਜਿਤਨੇ ਦੇਖੇ ਓਹ ਇਤਨੇ ਹਨ ਕਿ ਵਿਚਾਰਕੇ ਇਕ ਵੇਰ ਥਰਰਾਟ ਆ ਜਾਂਦੀ ਹੈ। ਪਰ ਉਸ ਪ੍ਰੇਮ ਰਸ ਦੇ ਪੂਰਨ ਰਸੀਏ, ਅਤਯੰਤ ਪ੍ਰੇਮ ਕਰਨ ਵਾਲੇ ਤੇ ਅਤਿ ਦੇ ਪ੍ਰੇਮ ਨਾਲ ਪਜਾਰੇ ਜਾਣ ਵਾਲੇ ਹ੍ਰਿਦਯ ਵਿਚ ਗਿਆਨ ਦਾ ਨਿਵਾਸ ਬੀ ਇਸ ਕਮਾਲ ਦਾ ਹੈ ਸੀ ਕਿ ਸਾਰੇ ਵ੍ਰਿਯੋਗ ਖਿੜੇ ਮੱਥੇ ਸਹਾਰੇ। ਇਨਸਾਨੀ ਕਮਾਲ ਪ੍ਰੇਮ ਦਾ, ਦੈਵੀ ਕਮਾਲ ਰੂਹਾਨੀ ਪ੍ਰੇਮ ਦਾ ਤੇ ਆਤਮ ਤਤ ਦਰਸਤਾ ਵਾਲੇ ਗਿਆਨ ਦਾ ਕਮਾਲ ਕੁਛ ਐਸੇ ਗੁੰਦ ਢੁਕਾ ਕੇ ਅੰਦਰ ਰਖੇ ਹੋਏ ਸੇ ਕਿ ਉਨ੍ਹਾਂ ਦੀ ਸ਼ਖਸੀਅਤ ਨੂੰ ਸਮਝਣ ਵੇਲੇ ਇਨਸਾਨ ਅਸਚਰਜ ਵਿਚ ਚਲਾ ਜਾਂਦਾ ਹੈ। ਇਸ ਵੇਲੇ ਦੇਖੋ ਸਾਰੀ ਉਮਰਾ ਦੇ ਪਰਮ ਪ੍ਰੇਮੀ ਤੇ ਸਿਦਕੀ ਸਿਖ, ਵਿਦਜਾ ਵਿਚ ਮਹਾਂਪ੍ਰਬੀਨ, ਕਹਿਣੀ, ਰਹਿਣੀ, ਬਹਿਣੀ ਦੇ ਆਦਰਸ਼ਕ ਇਨਸਾਨ, ਗੁਰਸਿਖੀ ਵਿਚ ਸ਼੍ਰੋਮਣੀ ਗੁਰਮੁਖ ਅਚਾਨਕ ਅਪਣੇ ਪਿਆਨੇ ਦੀ ਸੋ ਸੁਣਾ ਰਹੇ ਹਨ ਤੇ ਆਪ ਸਮੁੰਦਰ ਦੇ ਕਿਨਾਰੇ ਬੈਠੇ ਮਾਨੋ ਜਲ ਤੋਂ ਬੁਦਬੁਦਿਆਂ ਦਾ ਉਪਜਣਾ ਬਿਨਸਣਾ ਤੱਕ ਰਹੇ ਹਨ। ਬਿਰਹ ਦੀ ਇਕ ਸੰਗੀਤਕ ਲਹਿਰ ਅੰਦਰ ਲਹਿਰਾਉਂਦੀ ਹੈ, ਪਰ ਉਹ ਵਾਹਿਗੁਰੂ ਜੀ

---

* ਗੁਰ ਬਿਲਾਸ ਵਿਚ ਲਿਖਿਆ ਹੈ ਕਿ ਇਸ ਵੇਲੇ ਭਾਈ ਗੁਰਦਾਸ ਜੀ ਨੂੰ ਪੰਜ ਗੁਰੂ ਸਾਹਿਬਾਂ ਦੇ ਤੇ ਭਾਈ ਬੁਢੇ ਦੇ ਦੰਰਸ਼ਨ ਹੋਏ ਤੇ ਸਚ ਖੰਡ ਚਲਣ ਦਾ ਸੁਨੇਹਾ ਮਿਲਿਆ ਜੋ ਉਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦੱਸਿਆ। ਤਦ ਗੁਰੂ ਜੀ ਨੇ ਫ਼ੁਰਮਾਯਾ- ਦਇਆ ਸਿੰਧ ਸ੍ਰੀ ਮੁਖ ਕਹਾ ਜਾਹੁ ਗੁਰੂ ਕੇ ਧਾਮ। ਤਬ ਲਗੁ ਜਸ ਤੁਮਰੋ ਰਹੈ ਜਬ ਲੋ ਨਭ ਭੂ ਮਾਨ॥

 www.sikhbookclub.com

ਦੀ 'ਸਦਾ ਹੈ' ਸੰਗੀਤ ਧੁਨੀ ਵਿਚ ਲੀਨ ਹੁੰਦੀ ਜਾਂਦੀ ਹੈ, ਜਿਵੇਂ ਤਰਬ ਦੀ ਸੁਰ ਬਾਜ਼ ਦੀ ਸੁਰ ਵਿਚ ਘੁਲਦੀ ਮਿਲਦੀ ਜਾਂਦੀ ਹੈ।

ਹੁਣ ਭਾਈ ਗੁਰਦਾਸ ਜੀ ਨੇ ਹੌਲੇ ਹੌਲੇ ਜਪੁਜੀ ਦਾ ਪਾਠ ਕਰ ਲਿਆ ਸੀ ਤੇ ਸੁਖਮਨੀ ਦਾ ਭੋਗ ਬੀ ਪਾ ਲਿਆ ਸੀ। ਆਪ ਜੀ ਨੇ ਗੁਰੂ ਚਰਨਾਂ ਵਿਚ ਮੱਥਾ ਟੇਕਿਆ, ਅਪਣੇ ਸਦਾ ਲਈ ਅਹਿੱਲ ਹੋ ਜਾਣ ਵਾਲੇ ਹੱਥਾਂ ਨਾਲ ਚਰਨਾਂ ਨੂੰ ਪ੍ਰੇਮ ਨਾਲ ਘੁੱਟ ਲਿਆ, ਸਦਾ ਸਮਾਧਿ ਸਥਿਤ ਹੋ ਜਾਣ ਵਾਲੇ ਮੱਥੇ ਨੂੰ ਚਰਨ ਕਵਲ ਛੁਹਾਏ ਤੇ ਸਦਾ ਲਈ ਬੰਦ ਹੋ ਜਾਣ ਵਾਲੀ ਸਰੀਰਕ ਰਸਨਾਂ ਨਾਲ ਆਖਰੀ ਵਾਕ ਕਹੇ: 'ਹੇ ਦਾਤਾ! ਮੇਰੇ ਲਈ ਸਮਾਧ ਨਹੀਂ ਬਨਾਉਣੀ, ਇਸ ਸਰੀਰ ਦੀ ਭਸਮ ਬਿਆਸਾ ਵਿਚ ਪ੍ਰਵਾਹ ਕਰ ਦੇਣੀ। ਆਪਦੇ ਨੈਣਾਂ ਹੇਠ ਰੋੜ੍ਹੀ ਗਈ ਇਹ ਸੁਆਹ ਬੀ ਪਾਵਨ ਹੁੰਦੀ ਸਫਲ ਹੋ ਜਾਏਗੀ।' ਸਤਿਗੁਰ ਜੀ ਸੁਣਕੇ ਦ੍ਰਵੇ ਤੇ ਭਾਈ ਗੁਰਦਾਸ ਜੀ ਦੇ ਸਦਾ ਲਈ ਬੰਦ ਹੋ ਚਲੇ ਸ੍ਰਵਣਾਂ ਨੇ ਹੁਣ ਅੰਤ ਦੀ ਵਾਰੀ ਇਹ ਗੁਰਵਾਕ ਸੁਣੇ:-

**'ਧੰਨ ਜਨਮ ਤੁਮਰੋ ਜਗ ਆਯੋ।'**
**ਮਹਿ ਮੰਡਲ ਮਹਿਂ ਜਸੁ ਵਿਸਥਾਰਾ। ਪਾਇ ਪਰਮਗਤਿ ਪੰਥ ਪਧਾਰਾ।**
**ਚਿਰੰਕਾਲ ਤੇਰੋ ਰਹਿ ਨਾਮੂ। ਜਾਨਹਿ ਗੁਰੂ ਪੰਥ ਅਭਿਰਾਮੂ।**

(ਗੁ:ਪ੍ਰ:ਸੂ: ਰਾਸ ੭ ਅੰਸੂ ੧੪ ਅੰਕ ੪੦)

ਇਹ ਅਨਹਦ ਨਾਦ, ਇਹ ਗੁਰੂ ਮੁਖ ਦਾ ਬਚਨ ਨਾਦ - '**ਬਚਨ ਨਾਦ ਮੇਰੇ ਸ੍ਰਵਨਹੁ ਪੂਰੇ** (ਸਾਰੰ: ਮ: ੫/੧੨੧੦)'- ਸੁਣਕੇ ਆਪ ਲੇਟ ਗਏ ਤੇ ਚਾਦਰਾ ਤਾਣ ਲਿਆ, ਇਉਂ ਸ੍ਰੀ ਗੁਰੂ ਜੀ ਦੀਆਂ ਤਾਰਨਹਾਰ ਨਜ਼ਰਾਂ ਦੇ ਹੇਠਾਂ ਆਪ ਦੇਹੀ ਨਗਰੀ ਤੋਂ ਵਿਦਾ ਹੋ ਗਏ। ਹਾਂ, ਜੀ-

**'ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ'।**
**ਅਹੋ ਵਡਭਾਗੇ ਭਾਈ ਗੁਰਦਾਸ!**
**ਸ੍ਰੀ ਹਰਿਗੋਬਿੰਦ ਦੇਖਤਿ ਆਗੇ। ਅਹੈ ਧੰਨਜ ਜਿਨ ਪ੍ਰਾਨ ਤਿਆਗੇ॥**

(ਗੁ:ਪ੍ਰ:ਸੂ:ਰਾਸ ੭ ਅੰਸੂ ੧੪ ਅੰਕ ੪੨)

ਉਧਰ ਆਸਾ ਦੀ ਵਾਰ ਦਾ ਭੋਗ ਪੈ ਗਿਆ, ਇਧਰ ਕਬਿਤਾਂ ਸ੍ਵਯਾਂ ਤੇ ਵਾਰਾਂ ਦਾ ਨਾਦ ਗਾਯਨ ਕਰਨ ਵਾਲੇ ਦੀ ਸੰਗੀਤਕ ਆਤਮਾ ਸੰਗੀਤ ਸਾਗਰ ਵਿਚ ਪ੍ਰਾਪਤ ਹੋ ਗਈ[੧]।

ਸ੍ਰੀ ਗੁਰੂ ਜੀ ਨੇ ਅਪਣੇ ਪਿਆਰੇ ਦਾ ਸਸਕਾਰ ਅਪਣੀ ਹਥੀਂ ਕੀਤਾ। ਚੌਥੇ ਦਿਨ ਅਪਣੇ ਪ੍ਰੇਮੀ ਪਿਆਰੇ ਦੀ ਵਿਭੂਤੀ ਬਿਆਸਾ ਦੇ ਸਪੁਰਦ ਕੀਤੀ।

ਫੇਰ ਸ੍ਰੀ ਗੁਰੂ ਜੀ ਸਾਰੇ ਸਿਖਾਂ ਤੇ ਪਿਆਰਿਆਂ ਸਣੇ ਸ੍ਰੀ ਅੰਮ੍ਰਿਤਸਰ ਜੀ ਆ ਗਏ। ਸ੍ਰੀ ਅਕਾਲ ਤਖਤ ਤੇ ਦੀਵਾਨ ਸਜਿਆ, ਆਪਦੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਾਇਆ ਗਿਆ, ਜੋ ਭਾਈ ਬਿਧੀ ਚੰਦ ਨੇ ਕੀਤਾ। ਚੌਧਵੇਂ ਦਿਨ ਭੋਗ ਪਾਇਆ ਗਿਆ ਤੇ ਬੜੇ ਭਾਰੇ ਸਮਾਗਮ ਵਿਚ ਆਪਦੇ ਨਮਿੱਤ ਸ੍ਰੀ ਗੁਰੂ ਜੀ ਦੀ ਛਤ੍ਰ ਛਾਯਾ ਹੇਠ ਇਕਤ੍ਰ ਹੋਈ ਸਾਧ ਸੰਗਤ ਵਿਚ ਅਰਦਾਸਾ ਸੋਧਿਆ ਗਿਆ। ਐਉਂ ਅੰਤ ਹੋ ਗਿਆ ਨਾ ਅੰਤ ਹੋਣ ਵਾਲੀ ਆਤਮਾ ਦੇ ਵਸੇਬੇ ਦਾ ਜਿਸਨੇ ਗੁਰ ਸਿਖੀ ਵਿਚ ਕਦੇ ਨਾ ਮਰਨੇ ਵਾਲੀ ਬਾਣੀ ਦੀ ਦੀਪ-ਸਿਖਾ ਜਗਾ ਦਿਤੀ ਸੀ।

---

੧. ਗੁਰ ਬਿਲਾਸ ਵਿਚ ਭਾਈ ਸਾਹਿਬ ਜੀ ਦੇ ਚਲਾਣੇ ਦਾ ਸੰਮਤ ੧੬੮੬ ਬਿ: ਭਾਦ੍ਰੋਂ ਸੁਦੀ ਪੰਚਮੀ ਵੀਰਵਾਰ ਦਿਤਾ ਹੈ, ਤਵਾ: ਖਾਲਸਾ ਨੇ ੧੧ ਅੱਸੂ ੧੬੮੬ ਬਿ: ਦਿਤਾ ਹੈ, ਪਰ ਇਹ ਸੰਮਤ ਠੀਕ ਨਹੀਂ ਜਾਪਦੇ। ਗੁ:ਪ੍ਰ:ਸੂ: ਨੇ ਸੰਮਤ ਨਹੀਂ ਦਿੱਤਾ ਪਰ ਵਾਕਜਾਤ ਦੇ ਵੀਚਾਰ ਤੋਂ ਇਹ ੧੬੮੬ ਤੋਂ ਕੁਛ ਮਗਰੋਂ ਦਾ ਜਾਪਦਾ ਹੈ। ਏਹ ਸੰਮਤ ਇਸ ਲਈ ਸੰਦਿਗਧ ਹਨ ਕਿ ੧੬੮੭ ਬਿ: ਵਿਚ ਤਾਂ ਸ੍ਰੀ ਹਰਿ ਗੋਬਿੰਦ ਪੁਰੇ ਦਾ ਜੁੱਧ ਤੇ ਉਸਦਾ ਨਵੇਂ ਸਿਰੇ ਵਸਾਉਣਾ ਲਿਖਿਆ ਹੈ। ਓਥੇ ਭਾਈ ਗੁਰਦਾਸ ਤੇ ਭਾਈ ਬੁੱਢਾ ਦੋਵੇਂ ਜਾਕੇ ਮਿਲੇ ਲਿਖੇ ਹਨ। ਜੀਵਨ ਬਾਬਾ ਬੁੱਢਾ ਵਿਚ ਬਾਬੇ ਬੁੱਢੇ ਦਾ ਚਲਾਣਾ ੧੬੮੮ ਬਿ: ਵਿਚ ਲਿਖਿਆ ਹੈ। ਇਸ ਗਲ ਤੇ ਸਾਰੇ ਲੇਖਕ ਸਹਿਮਤ ਹਨ ਕਿ ਭਾਈ ਗੁਰਦਾਸ ਜੀ ਭਾਈ ਬੁੱਢਾ ਜੀ ਤੋਂ ਮਗਰੋਂ ਗੁਰ ਚਰਨਾਂ ਵਿਚ ਸਮਾਏ ਹਨ, ਸੋ ਇਉਂ ਭਾਈ ਗੁਰਦਾਸ ਜੀ ੧੬੮੮ ਵਿਚ ਜੀਉਂਦੇ ਸਨ। ਇਸ ਪੋਥੀ-ਜੀਵਨ ਭਾਈ ਬੁੱਢਾ ਜੀ ਵਿਚ- ਭਾਈ ਗੁਰਦਾਸ ਜੀ ਦੇ ਚਲਾਣੇ ਦਾ ਸੰਮਤ ੧੬੯੪ ਬਿ: ਦਿੱਤਾ ਹੈ।

 www.sikhbookclub.com

# [ਸ੍ਰੀ ਭਾਈ ਗੁਰਦਾਸ ਜੀ ਦੀ ਯਾਦਗਾਰ]

**ਕਾਵਜ** ਰਸ ਰਸਿਕ ਭਾਈ ਗੁਰਦਾਸ ਨੇ ਅਪਣੇ ਸਰੀਰੀ ਨਾਟ ਦੀ ਸਮਾਪਤੀ ਵੇਲੇ ਸਤਿਗੁਰੂ ਜੀ ਨੂੰ ਕਿਹਾ ਸੀ ਕਿ ਮੇਰੀ ਬਿਭੂਤੀ ਬਜਾਸਾ ਦੇ ਜਲਾਂ ਵਿਚ ਪਰਵਾਹ ਦੇਣੀ, ਸੋਚ ਢੂੰਡਦੀ ਹੈ ਕਿ ਇਸ ਵਿਚ ਕੀਹ ਅਸ਼ਯ ਸੀ ? ਸ਼ਾਯਦ ਉਨ੍ਹਾਂ ਦਾ ਮਨੋਰਥ ਇਹ ਸੀ ਕਿ ਮੇਰੇ ਭਾਵ ਤ੍ਰੰਗੀ ਆਪੇ ਦੇ ਸਦਾ ਗਮਕਦੇ ਵਸੇਬੇ ਦੀ ਵਿਭੂਤੀ ਕਿਸੇ ਪੱਥਰ, ਸ਼ਿਲਾ, ਯਾ ਚੂਨੇ ਦੇ ਭਾਰ ਹੇਠਾਂ ਨੱਪਕੇ ਹਿਲਣੋਂ ਜੁਲਣੋਂ ਰਹਿ ਚੁਕੀ ਹਾਲਤ ਵਿਚ ਨਾ ਪੈ ਜਾਵੇ, ਸਗੋਂ ਬਿਆਸਾ ਦੇ ਸੰਗੀਤ ਤਰੰਗਾਂ ਦੇ ਪੰਘੂੜੇ ਚੜ੍ਹ ਜਾਏ ਤਾਂ ਜੋ ਉਹ ਇਸ ਨੂੰ ਜੀਵਨ ਦੀ ਰੋ ਵਾਂਙੂ ਹੁਲਾਰਿਆਂ ਨਾਲ ਲਈ ਲਈ ਜਾਂਦਿਆਂ ਸਾਗਰ ਦੀ ਅਨੰਤਤਾ ਵਿਚ ਪੁਚਾ ਦੇਵੇ ਜਿਵੇਂ ਕਿ ਮੇਰੇ ਆਪੇ ਨੇ ਪਿਰਮ ਰਸਾਂ ਦੀ ਸਪੁਰਦੀ ਵਿਚ ਸੰਗੀਤ ਤ੍ਰਾਨਿਆਂ ਦੇ ਹੁਲਾਰੇ ਲੈਂਦਿਆਂ ਆਤਮਾਂ ਦੀ ਅਨੰਤਤਾਈ ਵਿਚ ਜਾ ਅੱਪੜਨਾ ਹੈ।

ਹਾਂ, ਸ਼ਾਯਦ ਉਨ੍ਹਾਂ ਦਾ ਇਹ ਭਾਵ ਹੋਵੇ ਕਿ ਮੇਰੀ ਯਾਦ ਲਈ ਕਿਸੇ ਯਾਦਗਾਰ ਦੀ ਲੋੜ ਨਹੀਂ। ਮੇਰੀ ਯਾਦਗਾਰ ਨਾਂ ਦਰਯਾ ਰੋੜ੍ਹ ਸਕਦਾ ਹੈ, ਨਾਂ ਭੁਚਾਲ ਡੇਗ ਸਕਦਾ ਹੈ, ਨਾ ਅਗਨੀ ਜਲਾ ਸਕਦੀ ਹੈ, ਨਾ ਬਿਜਲੀ ਵਿਨਾਹ ਸਕਦੀ ਹੈ, ਨਾ ਸਮੇਂ ਦਾ ਅਣ ਦਿਸਵਾਂ ਪਰ ਨਿਰਦਈ ਹੱਥ ਭੁਰ ਭਰਾ ਕਰ ਸਕਦਾ ਹੈ। ਗੁਰੂ ਮਿਹਰ ਨਾਲ ਮੇਰੇ ਜੀਉ ਚੁਕੇ ਦਿਲ ਦੀਆਂ ਜੀਵਨ ਕਣੀਆਂ ਕਾਵਜ ਵਿਦਜੁਤ ਦੇ ਕੁੱਛੜ ਚੜ੍ਹੀਆਂ ਰਸਿਕ ਦਿਲਾਂ ਵਿਚ ਦਿਲੋ ਦਿਲ ਤ੍ਰਪਦੀਆਂ ਸਮੇਂ ਦੀ ਅਮੁਕ ਲੰਮਾਣ ਵਿਚ ਸਦਾ ਅਪਣਾ ਰਸ ਤੇ ਰਹੱਸਜ ਦਾਨ ਕਰਦੀਆਂ ਜੀਉਂਦੀਆਂ ਟੁਰੀਆਂ ਰਹਿਣਗੀਆਂ। ਹਾਂ, ਮੇਰੀ ਯਾਦਗਾਰ ਇਹ ਬੱਸ ਹੈ।

ਹਾਂ, ਅੱਜ ਭਾਈ ਗੁਰਦਾਸ ਦੀ ਯਾਦ ਤ੍ਰੈ ਸੌ ਬਰਸ* ਗੁਜ਼ਰ ਜਾਣ ਤੇ ਬੀ ਰਸੀਏ ਦਿਲਾਂ ਵਿਚ ਤਾਜ਼ੇ ਰੰਗਾਂ ਤੇ ਨਕਸ਼ਾਂ ਵਿਚ ਮੂਰਤੀਮਾਨ ਹੈ

---

* ਇਹ ਪੁਸਤਕ ਪਹਿਲੀ ਵਾਰ ੧੯੪੦ ਈ. (੧੯੯੭ ਬਿ) ਵਿਚ ਲਿਖੀ ਗਈ ਸੀ।


www.sikhbookclub.com

ਜਿਸ ਤਰ੍ਹਾਂ ਕਿ ਜ਼ਿੰਦਗੀ ਵਿਚ ਜੀਉਂਦਿਆਂ ਹੈਸੀ। ਕਵੀ ਹੈ ਤਾਂ ਆਪ ਮਾਨੁੱਖ ਹੀ, ਮਨੁੱਖਾਂ ਵਾਂਙ ਜੰਮਦਾ ਹੈ, ਜੀਉਂਦਾ ਹੈ ਤੇ ਟੁਰ ਜਾਂਦਾ ਹੈ, ਪਰ ਉਸ ਦੇ ਮਨੁੱਖ ਨਾਟ ਮੁਕਾ ਚੁੱਕਣ ਦੇ ਮਗਰੋਂ ਬੀ ਉਹ ਅਪਣੇ ਕਾਵ੍ਯ ਦੇ ਅਮਰ ਜੀਵਨ ਵਿਚ ਜੀਉਂਦਾ ਹੈ। ਇਥੇ ਤਾਂ ਕਵੀ ਜੀ ਹਨ-ਦੈਵੀ ਕਵੀ, ਸਾਈਂ ਰੰਗ ਰਤੜੇ ਕਵੀ, ਚਿਤ੍ਰਕਾਰ ਤੇ ਸੰਗੀਤਕ।

ਮੁਬਾਰਕ ਹਨ ਓਹ ਹ੍ਰਿਦੇ ਜੋ ਅਪਣੇ ਆਪ ਨੂੰ ਇਨ੍ਹਾਂ ਦੇ ਦਿਤੇ ਚਾਨਣੇ ਨਾਲ ਰੌਸ਼ਨ ਕਰਕੇ ਉਨ੍ਹਾਂ ਦੀ ਵਿਦਾਯ ਯਾਦਗਾਰ ਬਣਾਉਂਦੇ ਹਨ।

## 4. ਸੰਕੇਤ

"ਪਰਵਿਰਤ ਸੰਚਯ" ਕਬਿਤ ਸ੍ਵਯੇ ਭਾਈ ਗੁਰਦਾਸ ਜੀ ਦਾ ਜੋ ਛਪਿਆ ਹੋਇਆ ਮਿਲਦਾ ਹੈ, ਜਿਸਦੇ ਅੰਕ ੫੫੬ ਹੈਨ, ਉਸਨੂੰ ਹੁਣ ਦੇ ਮਿਲੇ ਸੰਚਯ ਨਾਲ ਫਰਕ ਕਰਨ ਲਈ ਅਸਾਂ ਸੰਕੇਤ ਕੀਤਾ ਹੈ ਕਿ ਪਹਿਲੇ ਸੰਚਯ ਨੂੰ, ਜੋ ਅੰਕ ੧ ਤੋਂ ੫੫੬ ਤਕ ਹੈ ਹਾਲੇ 'ਪ੍ਰਥਮ ਸਕੰਧ' ਕਿਹਾ ਜਾਵੇ ਤੇ ਹੁਣ ਦੇ ਮਿਲੇ ਸੰਚਯ ਨੂੰ ਜੋ ਅੰਕ ੫੫੭ ਤੋਂ ਸ਼ੁਰੂ ਹੋਕੇ ੬੭੫ ਤੇ ਮੁੱਕਦਾ ਹੈ 'ਦੂਜਾ ਸਕੰਧ' ਕਿਹਾ ਜਾਵੇ। ਇਹ ਦੁਹਾਂ ਭਾਗਾਂ ਨੂੰ ਵਿਤ੍ਰੇਕ ਕਰਕੇ ਸਮਝਣ ਲਈ ਕੇਵਲ ਸੰਕੇਤ ਮਾਤ੍ਰ ਹੈ।

---

## 5. ਪਦ ਜੋੜ

ਇਸ ਪੋਥੀ ਦੇ ਪਦ-ਜੋੜ (ਹਿਜੇ) ਪ੍ਰਾਪਤ ਹੋਏ ਨੁਸਖ਼ੇ ਦੇ ਹਨ, ਪਰ ਇਸ ਵਿਚ ਸਿਆਰੀਆਂ ਔਂਕੁੜ ਆਦਿ ਮਾਤ੍ਰਾ ਦੀ ਅਕਾਂਖਜਾ ਕਈ ਥਾਂ ਦਿੱਸ ਪੈਂਦੀ ਹੈ। ਏਹ ਅਸਾਂ ਆਪ ਨਹੀਂ ਲਗਾਏ। ਇਹ ਗਲ ਇਸ ਆਸ ਪਰ ਛੋੜੀ ਹੈ ਕਿ ਇਸ ਪੋਥੀ ਦੇ ਨਿਕਲਨੇ ਪਰ ਹੋ ਸਕਦਾ ਹੈ ਕੋਈ ਹੋਰ ਪੁਰਾਤਨ ਨੁਸਖ਼ਾ ਮਿਲ ਪਵੇ, ਤੇ ਉਸ ਵੇਲੇ ਉਸ ਤੋਂ ਇਹ ਲਾਭ ਲੈ ਲਿਆ ਜਾਵੇ।

---


www.sikhbookclub.com

ੴ ਸਤਿਗੁਰ ਪ੍ਰਸਾਦਿ॥

# ੬. ਕਬਿੱਤ ਭਾਈ ਗੁਰਦਾਸ (ਦੂਸਰਾ ਸਕੰਧ)

## [ਭਾਗ-੨]

੧. ਕਬਿੱਤ॥ਜੈਸੇ ਤੌ ਕੰਚਨੈ ਪਾਰੋ ਪਰਸਤ ਸੋਖ ਲੇਤ,
ਅਗਨਿ ਮੈ ਡਾਰੇ ਪੁਨ ਪਾਰੋ ਉਡ ਜਾਤ ਹੈ॥

੨. ਜੈਸੇ ਮਲ ਮੂਤ੍ਰ ਲਗ ਅੰਬਰ ਮਲੀਨ ਹੋਤ,
ਸਾਬਨ ਸਲਿਲ ਮਿਲਿ ਨਿਰਮਲ ਗਾਤ ਹੈ॥

੩. ਜੈਸੇ ਅਹਿ ਗ੍ਰਸੇ ਬਿਖ ਬਜਾਪਤ ਸਰਲ ਅੰਗ,
ਮੰਤ੍ਰ ਕੈ ਬਿਖੈ ਬਿਕਾਰ ਸਭ ਸੁ ਬਿਲਾਤ ਹੈ॥

੪. ਤੈਸੇ ਮਾਯਾ ਮੋਹ ਕੈ ਬਿਮੋਹਤ ਮਗਨ ਮਨ,
ਗੁਰ ਉਪਦੇਸ ਮਾਯਾ ਮੂਲ ਮੁਰੰਝਾਤ ਹੈ॥੫੫੭॥

ਪਦਾਰਥ- ਕੰਚਨ=ਸੋਨਾ। ਪਰਸਤ=ਛੂੰਹਦਿਆਂ। ਸੋਖ ਲੇਤ=ਸੁਕਾ ਲੈਂਦਾ, ਬੇਰੰਗ ਕਰ ਦੇਂਦਾ। ਅੰਬਰ ਮਲੀਨ=ਮੈਲਾ ਕਪੜਾ। ਸਲਿਲ=ਪਾਣੀ, ਜਲ। ਗਾਤ=ਹੋ ਜਾਂਦਾ ਹੈ। ਅਹਿ=ਸੱਪ। ਬਿਖੈ ਬਿਕਾਰ=ਵਿਹੁ ਦਾ ਵਿਗਾੜ। ਮਗਨ=ਡੁੱਬਾ ਹੋਇਆ। ਮਾਯਾ ਮੂਲ=ਮਾਇਆ ਦਾ ਮੁੱਢ।

ਅਰਥ-੧. ਜਿਵੇਂ ਪਾਰਾ ਸੋਨੇ ਨੂੰ ਛੂੰਹਦਿਆਂ ਹੀ ਬੇਰੰਗ ਕਰ ਲੈਂਦਾ ਹੈ (ਪਰ) ਫਿਰ ਅੱਗ ਵਿਚ ਪਾਇਆਂ ਪਾਰਾ ਉਡ ਜਾਂਦਾ ਹੈ। ੨. ਜਿਵੇਂ ਮਲ ਮੂਤ੍ਰ ਲੱਗਕੇ ਕੱਪੜਾ ਗੰਦਾ ਹੋ ਜਾਂਦਾ ਹੈ (ਪਰ) ਸਾਬਣ ਤੇ ਪਾਣੀ ਨਾਲ ਮਿਲਾਕੇ (ਧੋਤਾ ਹੋਯਾ) ਨਿਰਮਲ ਹੋ ਜਾਂਦਾ ਹੈ। ੩. ਜਿਵੇਂ ਸੱਪ ਦੇ ਡੰਗਿਆਂ (ਸਰੀਰ ਦੇ) ਸਾਰੇ ਅੰਗਾਂ ਵਿਚ ਵਿਹੁ ਫੈਲ ਜਾਂਦੀ ਹੈ (ਪਰ ਗਾਰੜੂ) ਮੰਤ੍ਰ ਦੇ ਕੀਤਿਆਂ ਵਿਹੁ ਦਾ ਵਿਗਾੜ ਸਾਰਾ ਦੂਰ ਹੋ ਜਾਂਦਾ ਹੈ। ੪. ਤਿਵੇਂ ਮਾਯਾ ਦੇ ਮੋਹ ਵਿਚ ਮੂਰਛਿਤ ਹੋ ਕੇ ਡੁੱਬੇ ਮਨ (ਪਰ) ਗੁਰ ਉਪਦੇਸ਼ (ਪੈ ਕੇ) ਮਾਯਾ ਦੀਆਂ ਜੜ੍ਹਾਂ ਨੂੰ ਸੁਕਾ ਦਿੰਦਾ ਹੈ।

੧. ਜੈਸੇ ਪਾਟ ਚਾਕੀ ਕੇ ਨ ਮੂੰਡ ਕੇ ਉਠਾਏ ਜਾਤ,
ਕਲਾ ਕੀਏ ਲੀਏ ਜਾਤ ਅੰਚਤ ਅਚਿੰਤ ਹੀ॥
੨. ਜੈਸੇ ਗਜ ਕੇਹਰ ਨ ਬਲ ਕੀਏ ਬਸ ਹੋਤ,
ਜਤਨ ਕੈ ਆਨੀਅਤ ਸਮਤ ਸਮਤ ਹੀ॥
੩. ਜੈਸੇ ਸਰਿਤਾ ਪ੍ਰਬਲ ਦੇਖਤ ਭਯਾਨ ਰੂਪ,
ਕਰਦਮ ਚੜ੍ਹ ਪਾਰ ਉਤਰੈ ਤੁਰਤ ਹੀ॥
੪. ਤੈਸੇ ਦੂਖ ਸੁਖ ਬਹੁ ਬਿਖਮ ਸੰਸਾਰ ਬਿਖੈ,
ਗੁਰ ਉਪਦੇਸ਼ ਜਲ ਜਲ ਜਾਇ ਕਤ ਹੀ॥੫੫੮॥

**ਪਦਾਰਥ**– ਪਾਟ ਚਾਕੀ ਕੇ=ਚੱਕੀ ਦੇ ਪੁੜ। ਮੂੰਡ=ਸਿਰ। ਕਲਾ ਕੀਏ=ਯੰਤ੍ਰ ਨਾਲ, ਕਲਾ ਨਾਲ। ਅਚਿੰਤ=ਸੌਖੇ ਹੀ। ਆਨੀਅਤ=ਲੈ ਆਈਦੇ ਹਨ। ਸਮਤ=ਬੁੱਧੀ ਨਾਲ। ਸਮਤ ਹੀ=ਸਮਤਾ ਨਾਲ, ਸਹਜ ਮਤੇ, ਸੌਖੇ ਹੀ। ਸਰਿਤਾ=ਨਦੀ। ਕਰਦਮ=ਬੇੜੀ (ਫ਼ਾ: ਕਿਰੱਵ=ਛੋਟੀਬੇੜੀ)[੧]। ਬਿਖਮ=ਕਰੜੇ। ਜਲ ਜਾਇ ਕਤ ਹੀ=ਜਲਕੇ ਕਿਤੇ ਚਲੇ ਜਾਂਦੇ ਹਨ।ਭਾਵ ਦੂਰ ਹੋ ਜਾਂਦੇ ਹਨ[੨]।

ਅਰਥ–੧. ਜਿਵੇਂ ਚੱਕੀ (ਖਰਾਸ) ਦੇ ਪੁੜ ਸਿਰ ਤੇ ਚੁੱਕਕੇ ਨਹੀਂ (ਕਿਤੇ) ਲਿਜਾਏ ਜਾ ਸਕੀਦੇ, (ਪਰ) ਕਿਸੇ ਯੰਤ੍ਰ ਨਾਲ ਸੌਖੇ ਹੀ ਖਿੱਚਕੇ ਲਿਜਾਏ ਜਾ ਸਕਦੇ ਹਨ। ੨. ਜਿਵੇਂ ਸ਼ੇਰ ਤੇ ਹਾਥੀ ਬਲ ਕੀਤਿਆਂ ਵੱਸ ਨਹੀਂ ਹੁੰਦੇ, ਪਰ ਬੁੱਧੀ ਨਾਲ ਜਤਨ ਕੀਤਿਆਂ ਸੌਖੇ ਹੀ (ਫੜਕੇ) ਲੈ ਆ ਸਕੀਦੇ ਹਨ। ੩. ਜਿਵੇਂ ਪ੍ਰਬਲ ਨਦੀ ਦਾ ਰੂਪ ਭਜਾਨਕ (ਰੋੜ੍ਹੂ) ਦਿੱਸਦਾ ਹੈ (ਭਾਵ ਪਾਰ ਨਹੀਂ ਕੀਤਾ ਜਾ ਸਕਦਾ, ਪਰ) ਬੇੜੀ ਉੱਤੇ ਚੜ੍ਹਕੇ (ਸੁਖੈਨ ਹੀ) ਝਟ ਪਾਰ ਉਤਰ ਸਕੀਦਾ ਹੈ। ੪. ਤਿਵੇਂ ਸੰਸਾਰ ਵਿਖੇ ਦੁੱਖ ਸੁੱਖ ਬੜੇ ਵਿਖਮ ਹਨ, (ਪਰ) ਗੁਰੂ ਉਪਦੇਸ਼ ਰੂਪ ਜਲ ਨਾਲ ਓਹ ਸੜਕੇ ਦੂਰ ਹੋ ਜਾਂਦੇ ਹਨ।

---

੧. ਸ਼ੁਧ ਪਾਠ 'ਕਿਰਵ ਮੇਂ' ਹੋਣਾ ਹੈ। 'ਕਰਦਮ' ਲਿਖਾਰੀ ਦੀ ਕਲਮ ਉਕਾਈ ਜਾਪਦੀ ਹੈ।

੨. ਜਿਵੇਂ ਜਵਾਸਾ ਪਾਣੀ ਨਾਲ ਸੜ ਜਾਂਦਾ ਹੈ।

੧. ਜੈਸੇ ਤੌ ਮਰਾਲ ਮਾਲ ਬੈਠਤ ਹੈ ਮਾਨਸਰ,
ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈਂ॥

੨. ਜੈਸੇ ਤੇ ਸੁਜਨ ਮਿਲ ਬੈਠਤ ਹੈਂ ਪਾਕਸਾਲ,
ਅਨਿਕ ਪ੍ਰਕਾਰ ਬਿੰਜਨਾਦਿ ਰਸ ਖਾਤ ਹੈ॥

੩. ਜੈਸੇ ਦ੍ਰੁਮ ਛਾਯਾ ਮਿਲ ਬੈਠਤ ਅਨੇਕ ਪੰਛੀ,
ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈਂ॥

੪. ਤੈਸੇ ਗੁਰ ਸਿੱਖ ਮਿਲ ਬੈਠਤ ਧਰਮਸਾਲ,
ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈਂ॥੫੫੯॥

**ਪਦਾਰਥ**- ਮਰਾਲ ਮਾਲ=ਹੰਸਾਂ ਦੀ ਪੰਕਤਿ। ਬਿਗਸਾਤ=ਖਿੜਦੀ ਹੈ। ਪਾਕਸਾਲ=ਰਸੋਈ ਵਿਚ। ਬਿੰਜਨਾਦਿ=ਭੋਜਨ ਆਦਿਕ। ਦ੍ਰੁਮ=ਬ੍ਰਿਛ। ਅਘਾਤ ਹੈਂ=ਤ੍ਰਿਪਤ ਹੁੰਦੇ ਹਨ, ਰਜਦੇ ਹਨ।

ਅਰਥ- ੧. ਜਿਵੇਂ ਹੰਸਾਂ ਦੀ ਪੰਕਤੀ ਮਾਨਸਰੋਵਰ ਤੇ ਬੈਠਦੀ, ਅਮੋਲਕ ਮੋਤੀਆਂ ਨੂੰ ਖਾ ਖਾਕੇ ਖਿੜਦੀ (ਅਨੰਦ ਮਾਣਦੀ) ਹੈ।

੨. ਜਿਵੇਂ ਸ੍ਰੇਸ਼ਟ ਜਨ ਰਸੋਈ ਵਿਚ ਮਿਲਕੇ ਬੈਠਦੇ ਹਨ ਤੇ ਅਨੇਕ ਪ੍ਰਕਾਰ ਦੇ ਰਸਦਾਇਕ ਭੋਜਨ ਆਦਿਕ ਛਕਦੇ ਹਨ।

੩. ਜਿਵੇਂ ਬ੍ਰਿੱਛ ਦੀ ਛਾਯਾ (ਵਿੱਚ) ਮਿਲ ਬੈਠਦੇ ਹਨ ਅਨੇਕ ਪੰਛੀ ਤੇ ਮਿੱਠੇ ਫਲ ਖਾਂਦੇ ਤੇ ਮਿੱਠੇ ਬਚਨ ਬੋਲਦੇ ਸੁਹਣੇ ਲਗਦੇ ਹਨ।

੪. ਤਿਵੇਂ ਗੁਰੂ ਕੇ ਸਿੱਖ (ਜਦ) ਧਰਮਸਾਲ ਵਿਖੇ ਮਿਲ ਬੈਠਦੇ ਹਨ (ਤਾਂ ਸੁਹਣੇ ਲਗਦੇ ਹਨ) ਤੇ (ਗੁਰੂ ਬਾਣੀ) ਦੇ ਸ਼ਬਦਾਂ ਦੇ ਅੰਮ੍ਰਿਤ ਰਸ ਨਾਲ ਸਹਿਜੇ ਹੀ ਤ੍ਰਿਪਤ ਹੁੰਦੇ ਹਨ; (ਅਥਵਾ ਗਜਾਨ ਤੇ ਸ਼ਬਦ ਦੇ ਰਸ ਨਾਲ ਅੰਮ੍ਰਿਤ ਪੀਕੇ ਤ੍ਰਿਪਤ ਹੁੰਦੇ ਹਨ)।

੧. ਜੈਸੇ ਬਨਤਾ ਬਚਿਤ੍ਰ ਅਭਰਨ ਸਿੰਗਾਰ ਸਜਿ,
ਭੇਟਤ ਭਤਾਰ ਚਿਤ ਬਿਮਲ ਅਨੰਦ ਹੈ॥
੨. ਜੈਸੇ ਸਰੁਵਰ ਪਰਿਫੁਲਤ ਕਮਲ ਦਲ,
ਮਧੁਕਰ ਮੁਦਤ ਮਗਨ ਮਕਰੰਦ ਹੈ॥
੩. ਜੈਸੇ ਚਿਤ ਚਾਹਤ ਚਕੋਰ ਦੇਖ ਧਯਾਨ ਧਰੈ,
ਅੰਮ੍ਰਿਤ ਕਿਰਨ ਅਚਵਤ ਹਿਤ ਚੰਦ ਹੈ॥
੪. ਤੈਸੇ ਗਾਯਬੋ ਸੁਨਾਯਬੋ ਸੁ ਸਬਦ ਸੰਗਤ ਮੈਂ
ਮਾਨੋ ਦਾਨ ਕੁਰਖੇਤ੍ਰ ਪਾਪ ਮੂਲ ਕੰਦ ਹੈ॥੫੯੦॥

ਪਦਾਰਥ- ਬਨਤਾ=ਇਸਤ੍ਰੀ। ਅਭਰਨ=ਗਹਿਣੇ। ਭੇਟਤ=ਮਿਲਦੀ ਹੈ। ਬਿਮਲ=ਨਿਰਮਲ, ਨਿਰੋਲ। ਮਧੁਕਰ=ਭੌਰਾ। ਅਚਵਤ=ਪੀਂਦਾ ਹੈ। ਪਾਪ ਮੂਲ ਕੰਦ ਹੈ=ਪਾਪਾਂ ਦੇ ਮੁੱਢ ਨੂੰ ਕਟਣਹਾਰਾ ਹੁੰਦਾ ਹੈ।

ਅਰਥ-੧. ਜਿਵੇਂ ਇਸਤ੍ਰੀ ਸੁਹਣੇ ਗਹਿਣੇ ਤੇ ਸ਼ਿੰਗਾਰਾਂ ਨਾਲ ਸਜਕੇ ਪਤੀ ਨੂੰ ਨਿਰਮਲ ਚਿਤ ਨਾਲ (ਭਾਵ ਕੇਵਲ ਉਸੇ ਦੇ ਨਿਰੋਲ ਪਯਾਰ ਨਾਲ) ਮਿਲਦੀ ਹੈ (ਤਾਂ) ਅਨੰਦ (ਪ੍ਰਾਪਤ ਹੁੰਦਾ) ਹੈ। ੨. ਜਿਵੇਂ ਸਰੋਵਰ ਵਿਚ ਕਮਲ ਫੁਲ ਜਦ ਪ੍ਰਫੁੱਲਤ ਹੁੰਦੇ ਹਨ ਤੇ ਮਕਰੰਦ (ਰਸ ਭਰਦਾ ਹੈ ਤਾਂ) ਭੌਰਾ ਉਸ ਵਿਚ ਪ੍ਰਸੰਨਤਾ (ਨਾਲ ਜਾਂਦਾ ਤੇ ਰਸ ਪੀ ਪੀ) ਮਗਨ ਹੋ ਜਾਂਦਾ ਹੈ। ੩. ਜੈਸੇ (ਜਦੋਂ ਗਗਨਾਂ ਤੇ) ਚੰਦ (ਚੜ੍ਹਦਾ ਹੈ ਤਾਂ) ਚਕੋਰ ਚਿਤ ਦੇ ਚਾਹੇ (=ਪਯਾਰੇ ਚੰਦ) ਨੂੰ ਧਯਾਨ ਲਾਕੇ ਦੇਖਦਾ ਹੈ ਤਾਂ ਅੰਮ੍ਰਿਤ ਵਾਲੀਆਂ ਕਿਰਨਾਂ ਨੂੰ ਹਿਤ ਨਾਲ ਪੀਂਦਾ ਹੈ। ੪. ਤਿਵੇਂ ਸਤਿਸੰਗਤ ਵਿਚ (ਬੈਠਕੇ ਗੁਰਬਾਣੀ ਦੇ) ਸੁਹਣੇ ਸ਼ਬਦਾਂ ਦਾ ਗਾਉਣਾ ਤੇ ਸੁਨਾਉਣਾ ਪਾਪਾਂ ਦੇ ਮੁੱਢ ਨੂੰ ਕੱਟਣਹਾਰ ਹੁੰਦਾ ਹੈ (ਜਿਵੇਂ ਆਖਦੇ ਹਨ ਕਿ) ਕੁਰਖੇਤ੍ਰ ਵਿਚ ਦਿੱਤਾ ਦਾਨ (ਪਾਪਾਂ ਦੇ ਮੂਲ ਕੱਟਦਾ) ਹੈ।

ਭਾਵ- ਸੰਗਤ ਦਾ ਸਮਾਗਮ ਚੰਦ੍ਰਮਾ ਤੁੱਲ ਹੈ, ਉਸਦੇ ਦਰਸ਼ਨ ਵਿਚ ਸ਼ਬਦ ਕੀਰਤਨ ਕਰਨਾ ਪਾਪਾਂ ਦੇ ਮੂਲ ਕੱਟਣਹਾਰ ਹੈ। ਪਾਪ ਜਦ ਕੱਟੇ ਜਾਂਦੇ ਹਨ ਤਾਂ ਫਲ ਆਨੰਦ ਹੁੰਦਾ ਹੈ।

੧. ਜੈਸੇ ਕਿਰਤਾਸ ਗਰ ਜਾਤ ਜਲ ਬੂੰਦ ਪਰੀ,
ਘ੍ਰਿਤ ਸਨਬੰਧ ਜਲ ਮਧ ਸਾਵਧਾਨ ਹੈ॥
੨. ਜੈਸੇ ਕੋਟ ਭਾਰ ਤੂਲ ਤਨਕ ਚਿਨਗ ਜਰੈ,
ਤੇਲ ਮੇਲ ਦੀਪਕ ਮੈਂ ਬਾਤੀ ਬਿਦਮਾਨ ਹੈ॥
੩. ਜੈਸੇ ਲੋਹੋ ਬੂਡ ਜਾਤ ਸਲਲ ਮੈਂ ਡਾਰਤ ਹੀ,
ਕਾਸਟ ਪ੍ਰਸੰਗ ਗੰਗ ਸਾਗਰ ਨ ਮਾਨ ਹੈ॥
੪. ਤੈਸੇ ਜਮ ਕਾਲ ਬਜਾਲ ਸਗਲ ਸੰਸਾਰ ਗ੍ਰਾਸੈ,
ਸਤਿਗੁਰ ਭੇਟਤ ਹੀ ਦਾਸਨ ਦਸਾਨ ਹੈ॥੫੬੧॥

**ਪਦਾਰਥ**- ਕਿਰਤਾਸ=ਕਾਗਜ਼। ਕੋਟ ਭਾਰ=ਕ੍ਰੋੜਾਂ ਪੰਡਾਂ। ਬਿਦਮਾਨ=ਮੌਜੂਦ। ਸਲਲ=ਪਾਣੀ। ਗੰਗਾ ਸਾਗਰ=ਗੰਗਾ ਅਰ ਸਮੁੰਦਰ (ਅ) ਗੰਗਾ ਤੇ ਸਮੁੰਦਰ ਦੇ ਮਿਲਣ ਦਾ ਟਿਕਾਣਾ। ਬਜਾਲ=ਸੱਪ, ਅਜ਼ਦਹਾ।

ਅਰਥ-੧. ਜਿਵੇਂ ਕਾਗਜ਼ ਪਾਣੀ ਦੀ ਛਿੱਟ ਪੈਂਦਿਆਂ ਗਲ ਜਾਂਦਾ ਹੈ (ਪਰ ਜੇ ਕਾਗਜ਼ ਨੂੰ) ਥਿੰਧਾ ਕਰ ਦਿੱਤਾ ਜਾਵੇ ਤਾਂ ਪਾਣੀ ਵਿੱਚ ਸਾਵਧਾਨ ਰਹਿੰਦਾ ਹੈ (ਭਾਵ ਗਲਦਾ ਨਹੀਂ)। ੨. ਜਿਵੇਂ ਕ੍ਰੋੜਾਂ ਰੂੰਢਾਂ ਰੂੰ ਦੀਆਂ ਥੋੜੀ ਜਿਹੀ ਚਿਣੰਗ ਨਾਲ (ਝੱਟ) ਸੜ ਜਾਂਦੀਆਂ ਹਨ (ਪਰ ਜੇ) ਬੱਤੀ ਬਣਾਕੇ ਤੇਲ ਨਾਲ ਮਿਲਾਕੇ ਦੀਵੇ ਵਿੱਚ (ਪਾ ਦੇਈਏ ਤਾਂ ਉਹ ਦੇਰ ਤਕ) ਮੌਜੂਦ ਰਹਿੰਦੀ ਹੈ। ੩. ਜਿਵੇਂ ਪਾਣੀ ਵਿਚ ਪਾਉਂਦਿਆਂ ਹੀ ਲੋਹਾ ਡੁੱਬ ਜਾਂਦਾ ਹੈ, ਪਰ ਕਾਠ ਦੀ ਸੰਗਤ ਨਾਲ (ਲੋਹਾ) ਗੰਗਾ ਤੇ ਸਾਗਰ ਨੂੰ (ਡੋਬਣ ਹਾਰ) ਨਹੀਂ ਮੰਨਦਾ (ਭਾਵ, ਤਰ ਜਾਂਦਾ ਹੈ)। ੪. ਤਿਵੇਂ ਜਮ ਕਾਲ ਰੂਪੀ ਅਜ਼ਦਹਾ ਸਾਰੇ ਸੰਸਾਰ ਨੂੰ ਗ੍ਰਸਦਾ ਹੈ, ਪਰ ਸਤਿਗੁਰੂ ਨੂੰ ਮਿਲਦਿਆਂ ਹੀ (ਓਹੋ ਜਮ ਕਾਲ) ਦਾਸਾਂ ਦਾ ਦਾਸ ਹੋ ਜਾਂਦਾ ਹੈ।

**ਭਾਵ**- ਬਦੀ ਵੱਲ ਲੈ ਜਾਣ ਵਾਲਾ ਰੁਖ਼ ਜੋ ਜੀਵਾਂ ਨੂੰ ਵਿਨਾਸ਼ ਅੰਤ ਤੇ ਲੈ ਜਾਂਦਾ ਹੈ, ਸਤਿਸੰਗ ਦੇ ਮਿਲਾਪ ਨਾਲ ਉਬਾਰਨਹਾਰ ਹੋ ਜਾਂਦਾ ਹੈ।

੧. ਜੈਸੇ ਖਾਂਡ ਚੂਨ ਘ੍ਰਿਤ ਹੋਤ ਘਰ ਬਿਖੈ, ਪੈ
ਪਾਹੁਨਾ ਕੇ ਆਏ ਪੂਰੀ ਕੈ ਖੁਵਾਇ ਖਾਈਐ॥

੨. ਜੈਸੇ ਚੀਰ, ਹਾਰ ਮੁਕਤਾ, ਕਨਕ ਆਭਰਨ, ਪੈ
ਬਜਾਹੁ ਕਾਜ ਸਾਜਿ ਤਨੁ ਸੁਜਨ ਦਿਖਾਈਐ॥

੩. ਜੈਸੇ ਹੀਰਾ ਮਾਨਿਕ ਅਮੋਲ ਹੋਤ ਹਾਟ ਹੀ ਮੈਂ,
ਗਾਹਕ ਦਿਖਾਇ ਬਿੜਤਾ ਬਿਸੇਖ ਪਾਈਐ॥

੪. ਤੈਸੇ ਗੁਰਬਾਨੀ ਲਿਖ ਪੋਥੀ ਬਾਂਧਿ ਰਾਖੀਅਤ,
ਮਿਲ ਗੁਰ ਸਿੱਖ ਪੜਿ ਸੁਨਿ ਲਿਵ ਲਾਈਐ॥੫੬੨॥

ਪਦਾਰਥ- ਚੂਨ=ਆਟਾ। ਚੀਰ=ਕਪੜੇ। ਕਨਕ ਆਭਰਨ=ਸੋਨੇ ਦੇ ਗਹਿਣੇ। ਸੁਜਨ=ਸੱਜਣ, ਮਿੱਤ੍ਰ। ਬਿੜਤਾ=ਵਟਾਂਦਰਾ, ਨਫ਼ਾ। (ਸ੍ਵੈਯਾ ਨੰ: ੫੧੧ ਵਿਚ ਭਾਈ ਸਾਹਿਬ ਜੀ ਨੇ ਇਹ ਪਦ ਨਫ਼ੇ ਦੇ ਅਰਥਾਂ ਵਿਚ ਵਰਤਿਆ ਹੈ।) ਬਿਸੇਖ=ਬਹੁਤਾ।

ਅਰਥ-੧. ਜਿਵੇਂ ਖੰਡ, ਆਟਾ, ਘਿਉ ਘਰ ਵਿੱਚ ਹੁੰਦੇ (ਤਾਂ) ਹਨ, ਪਰ ਪ੍ਰਾਹੁਣੇ ਦੇ ਆਇਆਂ (ਉਨ੍ਹਾਂ ਤੋਂ) ਪੂਰੀ (ਕੜਾਹ) ਬਣਾਕੇ ਖੁਆਈ ਤੇ ਖਾਈਦੀ ਹੈ।

੨. ਜਿਵੇਂ (ਸੁੰਦਰ) ਬਸਤ੍ਰ, ਮੋਤੀਆਂ ਦੇ ਹਾਰ, ਸੋਨੇ ਦੇ ਗਹਿਣੇ (ਪਾਸ ਤਾਂ ਹੁੰਦੇ) ਹਨ, ਪਰ ਵਜਾਹ ਕਾਜ (ਆਦਿ ਸਮੇਂ ਉਹ) ਤਨ ਨਾਲ ਸਜਾਕੇ ਮਿਤ੍ਰਾਂ ਨੂੰ ਦਿਖਾਈਦੇ ਹਨ।

੩. ਜਿਵੇਂ ਹੀਰੇ ਤੇ ਅਮੋਲਕ ਲਾਲ ਪਟ ਵਿੱਚ ਹੁੰਦੇ ਹੀ ਹਨ, ਪਰ ਗਾਹਕਾਂ ਨੂੰ ਦਿਖਾਕੇ ਬਹੁਤਾ ਲਾਭ ਪਾਈਦਾ ਹੈ।

੪. ਤਿਵੇਂ ਗੁਰਬਾਣੀ ਦੀਆਂ ਪੋਥੀਆਂ (ਉਂਵ) ਲਿਖਕੇ ਬੰਨ੍ਹ (ਕੇ ਘਰ ਸਾਂਭਕੇ) ਰਖੀਦੀਆਂ ਹਨ, (ਪਰ) ਗੁਰ ਸਿਖਾਂ ਦੇ ਮਿਲਨ ਤੇ (ਉਨ੍ਹਾਂ ਨੂੰ) ਪੜ੍ਹੀ ਸੁਣੀਂਦਾ ਹੈ (ਤਾਂ ਪ੍ਰਮਾਤਮਾ ਨਾਲ) ਲਿਵ ਲਾ ਲਈਦੀ ਹੈ।

੧. ਜੈਸੇ ਨਰਪਤਿ ਬਨਿਤਾ ਅਨੇਕ ਬਜਾਹਤ ਹੈ,
ਜਾ ਕੇ ਸੁਤ ਜਨਮ ਹ੍ਵੈ ਤਾਂਹੀ ਗ੍ਰਿਹ ਰਾਜ ਹੈ॥

੨. ਜੈਸੇ ਦਧ ਬੋਹਥ ਬਹਾਇ ਦੇਤ ਚਹੂੰ ਓਰ,
ਜੋਈ ਪਾਰ ਪਹੁੰਚੈ ਪੂਰਨ ਸਭ ਕਾਜ ਹੈ॥

੩. ਜੈਸੇ ਖਾਨ ਖਨਤ ਅਨੰਤ ਖਨਵਾਰੋ ਖੋਜੈ,
ਹੀਰਾ ਹਾਥ ਆਵੈ ਜਾਂਕੇ ਬਾਜੁ ਬਾਜ ਹੈ॥

੪. ਤੈਸੇ ਗੁਰ ਸਿਖ ਨਵਤਨ ਅਉ ਪੁਰਾਤਨ ਪੈ
ਜਾਂ ਪਰ ਕ੍ਰਿਪਾ ਕਟਾਛ ਤਾਂਕੈ ਛਬਿ ਛਾਜ ਹੈ॥੫੬੩॥

**ਪਦਾਰਥ-** ਨਰਪਤ=ਰਾਜਾ। ਬਨਿਤਾ=ਇਸਤ੍ਰੀਆਂ। ਦਧ=ਉਦਧਿ=ਸਮੁੰਦਰ। ਬੋਹਥ=ਜਹਾਜ਼। ਬਾਜੁ ਬਾਜ ਹੈ=ਵਾਜਾ ਵਜਦਾ ਹੈ। ਕ੍ਰਿਪਾ ਕਟਾਛ=ਮਿਹਰ ਦੀ ਨਜ਼ਰ। ਛਬਿ ਛਾਜ ਹੈ=ਸ਼ੋਭਾ ਫਬਦੀ ਹੈ।

ਅਰਥ-੧. ਜਿਵੇਂ ਰਾਜਾ ਅਨੇਕ ਇਸਤ੍ਰੀਆਂ ਵਿਆਹੁੰਦਾ ਹੈ, ਪਰ ਜਿਸ ਦੇ ਘਰ ਪੁਤ੍ਰ ਜੰਮ ਪਵੇ, ਉਸੇ ਦੇ ਘਰ ਰਾਜ (ਸਮਝੀਦਾ) ਹੈ।

੨. ਜਿਵੇਂ ਸਮੁੰਦ੍ਰ ਚਾਰੋਂ ਪਾਸੀਂ (ਅਨੇਕਾਂ) ਜਹਾਜ਼ ਤਰਾਈ ਫਿਰਦਾ ਹੈ, ਪਰ ਜਿਹੜਾ (ਜਹਾਜ਼) ਪਾਰ ਪਹੁੰਚ ਜਾਂਦਾ ਹੈ ਕਾਰਜ ਸਾਰੇ (ਉਸੇ ਦੇ ਹੀ) ਪੂਰਨ ਹੁੰਦੇ ਹਨ।

੩. ਜਿਵੇਂ ਅਨੇਕਾਂ ਖਾਣ ਪੁੱਟਣ ਵਾਲੇ ਹੀਰਾ ਲੱਭਦੇ ਖਾਣ ਪੁੱਟਦੇ ਹਨ, ਪਰ ਜਿਸ ਦੇ (ਹੀਰਾ) ਹੱਥ ਆਵੇ ਵਾਜਾ ਉਸੇ ਦੇ ਘਰ ਹੀ ਵਜਦਾ ਹੈ।

੪. ਤਿਵੇਂ ਗੁਰਸਿਖਾਂ ਵਿਚ ਭਾਵੇਂ ਕੋਈ ਨਵਾਂ ਹੈ ਯਾ ਪੁਰਾਣਾ, ਜਿਸ ਪੁਰ ਮਿਹਰ ਦੀ ਨਜ਼ਰ ਹੋਵੇ, ਓਸੇ ਦੀ ਸ਼ੋਭਾ ਫ਼ਬਦੀ ਹੈ।

ਭਾਵ- ਭਗਤੀ ਦੀ ਕਾਮਯਾਬੀ ਮੇਹਰ ਪ੍ਰਾਪਤੀ ਦੀ ਅਵਸਥਾ ਤੇ ਪੁੱਜਣਾ ਹੈ।

੧. ਜੈਸੇ ਬੀਰਾਰਾਧੀ ਮਿਸਟਾਨ ਪਾਨ ਆਨ ਕਹੁ,
ਖੁਵਾਵਤ ਮੰਗਾਇ ਮਾਂਗੈ ਆਪ ਨਾਹੀ ਖਾਤ ਹੈ॥
੨. ਜੈਸੇ ਦ੍ਰੁਮ ਸਫਲ ਫਲਤ ਫਲ ਖਾਤ ਨਾਂਹਿ,
ਪਥਕ ਪਖੇਰੂ ਤੋਰ ਤੋਰ ਲੇ ਜਾਤ ਹੈਂ॥
੩. ਜੈਸੇ ਤੌ ਸਮੁੰਦ੍ਰ ਨਿਧਿ ਪੂਰਨ ਸਕਲ ਬਿਧ,
ਹੰਸ ਮਰਜੀਵਾ ਹੇਰ ਕਾਢਤ ਸੁਗਾਤ ਹੈ॥
੪. ਤੈਸੇ ਨਿਹਕਾਮ ਸਾਧ ਸੋਭਤ ਸੰਸਾਰ ਬਿਖੈ,
ਪਰਉਪਕਾਰ ਹੇਤ ਸੁੰਦਰ ਸੁ ਗਾਤ ਹੈ॥੫੬੪॥

**ਪਦਾਰਥ-** ਬੀਰਾਰਾਧੀ=ਬੀਰਾਂ ਨੂੰ ਆਰਾਧਨ ਕਰਨ ਵਾਲੇ। ਪ੨ ਬੀਰਾਂ ਨੂੰ ਆਰਾਧਕੇ ਉਨ੍ਹਾਂ ਤੋਂ ਕੰਮ ਲੈਣ ਵਾਲੇ। ਮਿਸਟਾਨ=ਮਿਠਾਈ। ਪਥਕ=ਰਾਹੀ। ਪਖੇਰੂ=ਪੰਛੀ। ਨਿਧਿ=ਨੌ ਨਿਧੀਆਂ, ਭਾਵ ਹੈ ਰਤਨਾਂ ਤੋਂ। (ਨਿਧੀਆਂ ਇਹ ਹਨ- ਪਦਮ, ਮਹਾਂ ਪਦਮ, ਸੰਖ, ਮਕਰ, ਕੱਛਪ, ਮੁਕੁੰਦ, ਕੁੰਦ, ਨੀਲ ਅਤੇ ਵਰਚ।) ਮਰ ਜੀਵਾ=ਮਰਜੀਊੜਾ, ਜੋ ਚੁੱਭੀ ਮਾਰਕੇ ਮੋਤੀ ਕਢਦਾ ਹੈ। ਹੇਰ=ਲੱਭਕੇ। ਗਾਤ=ਸਰੀਰ।

ਅਰਥ-੧. ਜਿਵੇਂ ਬੀਰ ਆਰਾਧਨਾ ਕਰਨ ਵਾਲਾ ਮਿਠਾਈ ਪਾਨ (ਆਦਿ) ਮੰਗਕੇ ਮੰਗਵਾਉਂਦਾ ਹੈ (ਤੇ ਹੋਰਾਂ ਨੂੰ) ਖੁਵਾਲਦਾ ਹੈ, (ਪਰ) ਆਪ ਨਹੀਂ ਖਾਂਦਾ। ੨. ਜਿਵੇਂ ਫਲਾਂ ਸਹਤ ਫਲ ਦਾ ਬ੍ਰਿੱਛ (ਆਪੂੰ) ਫਲ ਨਹੀਂ ਖਾਂਦਾ (ਪਰ) ਰਾਹੀ ਤੇ ਪੰਛੀ ਤੋੜ ਤੋੜਕੇ ਲੈ ਜਾਂਦੇ ਹਨ। ੩. ਜਿਵੇਂ ਸਮੁੰਦ੍ਰ ਸਭ ਤਰ੍ਹਾਂ ਦੀਆਂ ਨਿਧੀਆਂ ਕਰ (ਆਪ) ਪੂਰਨ ਹੈ, (ਪਰ ਆਪ ਨਹੀਂ ਵਰਤਦਾ, ਉਸ ਤੋਂ) ਹੰਸ (ਅਤੇ) ਮਰਜੀਉੜੇ ਲੱਭ ਲੱਭਕੇ ਸੁਗਾਤਾਂ (ਅਮੋਲਕ ਰਤਨ) ਕੱਢਦੇ ਹਨ। ੪. ਉਸੇ ਤਰ੍ਹਾਂ ਸੰਸਾਰ ਵਿੱਚ ਨਿਸ਼ਕਾਮ ਸਾਧੂ ਸੋਭਦੇ ਹਨ, ਜਿਨ੍ਹਾਂ ਦਾ ਸੁੰਦਰ ਸਰੀਰ ਹੈ ਹੀ ਪਰਉਪਕਾਰ ਹਿਤ।

ਭਾਵ- ਨਿਸ਼ਕਾਮ ਸਾਧੂਆਂ ਦਾ ਸਰੀਰ ਸੰਸਾਰ ਵਿਚ ਆਪਣੀਆਂ ਕਾਮਨਾ ਪੂਰਨ ਲਈ ਨਹੀਂ, ਪਰ ਦੂਸਰਿਆਂ ਦਾ ਭਲਾ ਕਰਨ ਲਈ ਵਿਦਮਾਨ ਹੁੰਦਾ ਹੈ।

੧. ਜੈਸੇ ਦੀਪ ਜੋਤ ਲਿਵ ਲਾਗੈ ਚਲੇ ਜਾਤ ਸੁਖ,
ਗਹੇ ਕਰ ਦੁਚਿਤੁ ਹ੍ਵੈ ਭਟਕਾ ਸੇ ਭੇਟ ਹੈ॥

੨. ਜੈਸੇ ਦਧ ਕੂਲ ਬੈਠ ਮੁਕਤਾ ਚੁਨਤ ਹੰਸ,
ਪੈਰਤ ਨ ਪਾਵੈ ਪਾਰ ਲਹਰ ਲਪੇਟ ਹੈ॥

੩. ਜੈਸੇ ਨ੍ਰਿਖ ਅਗਨਿ ਕੈ ਮਧਜ ਭਾਵ ਸਿਧ ਹੋਤ,
ਨਿਕਟ ਬਿਕਟ ਦੁਖ, ਸਹਸਾ ਨ ਮੇਟ ਹੈ॥

੪. ਤੈਸੇ ਗੁਰ ਸਬਦ ਸਨੇਹ ਕੈ ਪਰਮਪਦ,
ਮੂਰਤ ਸਮੀਪ ਸਿੰਘ ਸਾਪ ਕੀ ਅਖੇਟ ਹੈ॥੫੬੫॥

ਪਦਾਰਥ- ਦੁਚਿਤੁ ਹ੍ਵੈ=ਭੁਲੇਵੇ ਪੈਣਗੇ। ਭਟਕਾ ਸੇ ਭੇਟ ਹੈ=ਭਟਕਣਾਂ ਮਿਲਣਗੀਆਂ। ਪੈਰਤ=ਤਰਦਿਆਂ। ਨ੍ਰਿਖ=ਵੇਖਕੇ। ਮਧਜ ਭਾਵ=ਵਿਚ ਵਿਚਾਲੇ। (ਨੀਤੀ ਵਿਚ ਕਿਹਾ ਹੈ ਕਿ ਰਾਜਾ, ਦਾਤਾ, ਅਗਨੀ ਤੇ ਗੁਰੂ ਨੂੰ ਮਧਜ ਭਾਵ ਤੋਂ ਸੇਵਨ ਕਰਨਾ ਚਾਹੀਏ। ਅਤਿ ਨੇੜੇ ਹੋਣ ਨਾਲ ਨਾਸ਼ ਦਾ ਭੈ ਹੁੰਦਾ ਹੈ ਤੇ ਅਤਿ ਦੂਰ ਹੋਣ ਤੇ ਫਲ ਪ੍ਰਾਪਤ ਹੀ ਨਹੀਂ ਹੁੰਦਾ।) ਬਿਕਟ=ਕਰੜਾ, ਭਾਰੀ। ਮੂਰਤ=ਹੋਂਦ, ਵਜੂਦ, ਸਰੂਪ। ਅਖੇਟ=ਸ਼ਿਕਾਰ।

ਅਰਥ-੧. ਜਿਵੇਂ ਦੀਵੇ ਦੇ ਚਾਨਣੇ ਨਾਲ ਲਿਵ ਲਾਕੇ (ਜਿੱਥੋਂ ਤਕ ਉਸਦਾ ਚਾਨਣਾ ਜਾਂਦਾ ਹੈ) ਸੁਖ ਨਾਲ ਜਾ ਸਕੀਦਾ ਹੈ, (ਪਰ ਜੇ ਜੋਤ--ਦੀਵੇ ਨੂੰ) ਹੱਥੀਂ ਫੜ ਲਈਏ (ਤਾਂ ਅੱਖਾਂ ਨੂੰ) ਭੁਲੇਵੇ ਪੈਣਗੇ ਤੇ ਭਟਕਣਾਂ ਮਿਲਣਗੀਆਂ। ੨. ਜਿਵੇਂ ਹੰਸ ਸਮੁੰਦ੍ਰ ਦੇ ਕੰਢੇ ਬੈਠਕੇ ਮੋਤੀ ਚੁਣਦਾ ਹੈ, (ਪਰ ਜੇ ਉਹ ਤਰਕੇ ਸਮੁੰਦ੍ਰ ਵਿੱਚੋਂ ਮੋਤੀ ਲੱਭਣਾ ਚਾਹੇ ਤਾਂ) ਤਰਦਿਆਂ ਲਹਿਰਾਂ ਵਿਚ ਫਸ ਜਾਵੇਗਾ ਤੇ ਪਾਰ ਨਹੀਂ ਪਾ ਸਕੇਗਾ। ੩. ਜਿਵੇਂ ਅੱਗ ਨੂੰ ਵੇਖਕੇ ਮਧਜਭਾਵ ਤੇ (ਸੇਵਨ ਕਰਨ ਨਾਲ ਠੰਢ ਦੂਰ ਕਰਨ ਦਾ) ਫਲ ਪ੍ਰਾਪਤ ਹੁੰਦਾ ਹੈ, (ਪਰ ਅਗਨੀ ਦੇ) ਨੇੜੇ ਹੋਣ ਨਾਲ ਭਾਰੀ ਦੁਖ ਹੁੰਦਾ ਹੈ (ਤੇ ਦੂਰ ਹੋ ਜਾਣ ਨਾਲ ਠੰਢ ਹਟਣ ਦਾ) ਸਹਸਾ ਨਹੀਂ ਮਿਟਦਾ। ੪. ਤਿਵੇਂ ਗੁਰੂ ਸ਼ਬਦ (ਨਾਮ) ਨਾਲ ਪ੍ਰੇਮ ਕਰਨ ਤੋਂ ਪਰਮਪਦ ਮਿਲਦਾ ਹੈ, ਪਰ ਨਾਮ ਤੋਂ ਬਿਹੂਨ ਅਕਾਲ-ਮੂਰਤ (ਪਰਮਾਤਮਾ ਦੇ ਸਰੂਪ) ਦੀ ਸਮੀਪਤਾ (ਦੇ ਯਤਨ ਕਰਨੇ) ਸ਼ੇਰ ਤੇ ਸੱਪ ਦੇ ਸ਼ਿਕਾਰ ਵਾਂਙੂ (ਖਤਰਨਾਕ ਕੰਮ) ਹੈ। (ਭਾਵ ਦੇਖੋ ਅਗਲੇ ਪੰਨੇ ਦੇ ਹੇਠਾਂ) ☞

੧. ਸ੍ਵਾਮਿ ਕਾਜ ਲਾਗਿ ਸੇਵਾ ਕਰਤ ਸੇਵਕ ਜੈਸੇ,
ਨਰਪਤਿ ਨਿਰਖ ਸਨੇਹ ਉਪਜਾਵਹੀ॥

੨. ਜੈਸੇ ਪੂਤ ਚੋਚਲਾ ਕਰਤ ਪਿਤਾ ਬਿਦਜਮਾਨ,
ਦੇਖਿ ਦੇਖਿ ਸੁਨਿ ਸੁਨਿ ਆਨੰਦ ਬਢਾਵਹੀ॥

੩. ਜੈਸੇ ਪਾਕਸਾਲਾ ਮੱਧਿ ਬਿੰਜਨ ਪਰੋਸੈ ਨਾਰਿ,
ਪਤਿ ਖਾਤ ਪਜਾਰ ਕੈ ਪਰਮ ਸੁਖ ਪਾਵਹੀ॥

੪. ਜੈਸੇ ਗੁਰ ਸ਼ਬਦ ਸੁਨਤ ਸ੍ਰੋਤਾ ਸਾਵਧਾਨ,
ਗਾਵੈ ਰੀਝ ਗਾਯਨ ਸਹਜ ਲਿਵਲਾਵਹੀ ॥੫੬੬॥

ਪਦਾਰਥ- ਨਰਪਤਿ=ਰਾਜਾ। ਬਿਦਜਮਾਨ=ਸਾਹਮਣੇ। ਗਾਯਨ=ਗਾਯਕ, ਗਾਉਣ ਵਾਲਾ, ਕੀਰਤਨੀਆਂ। ਜੈਸੇ ਗੁਰਬਾਣੀ ਵਿਚ ਆਇਆ ਹੈ-'ਕਬ ਕੋਊ ਮੇਲੈ ਪੰਚ ਸਤ ਗਾਇਣ॥' (ਆਸਾ ਮ:੪)

ਅਰਥ-੧. ਜਿਵੇਂ ਰਾਜਾ ਦਾ ਸੇਵਕ (ਜਦ) ਸ੍ਵਾਮੀ ਦੇ ਕਾਰਜ ਵਿਚ (ਚਿਤੋਂ) ਲੱਗਕੇ ਸੇਵਾ ਕਰਦਾ ਹੈ (ਤਾਂ ਸ੍ਵਾਮੀ) ਨੂੰ ਦੇਖਕੇ ਪਿਆਰ ਉਪਜ ਆਉਂਦਾ ਹੈ। ੨. ਜਿਵੇਂ ਪਿਤਾ ਦੇ ਸਾਮ੍ਹਣੇ ਪੁੱਤ੍ਰ ਚੋਚਲੇ ਕਰਦਾ ਹੈ (ਤਾਂ ਪਿਤਾ ਨੂੰ ਉਸਦੇ ਲਾਡ) ਦੇਖ ਦੇਖਕੇ (ਤੇ ਤੋਤਲੀਆਂ ਗੱਲਾਂ) ਸੁਣ ਸੁਣਕੇ ਵਧੇਰੇ ਆਨੰਦ ਆਉਂਦਾ ਹੈ। ੩. ਜਿਵੇਂ ਰਸੋਈ ਵਿਚ (ਬੈਠੀ) ਇਸਤ੍ਰੀ ਭੋਜਨ ਪ੍ਰੋਸਦੀ ਹੈ (ਤਾਂ) ਪਤੀ ਪਜਾਰ ਨਾਲ ਛਕਦਾ ਹੈ (ਉਸ ਨੂੰ ਛਕਦਿਆਂ ਦੇਖ ਦੇਖਕੇ ਇਸਤ੍ਰੀ) ਪਰਮ ਸੁਖ ਪਾਉਂਦੀ ਹੈ। ੪. ਤਿਵੇਂ ਸ੍ਰੋਤਿਆਂ (ਸੰਗਤ) ਨੂੰ ਗੁਰੂ ਕਾ ਸ਼ਬਦ ਸੁਣਨ ਲਈ ਸਾਵਧਾਨ (ਦੇਖ ਕੇ) ਰਾਗੀ ਰੀਝਕੇ ਗਾਉਂਦਾ ਹੈ (ਤਾਂ ਉਨ੍ਹਾਂ ਦੀ) ਸਹਿਜੇ ਹੀ ਲਿਵ ਲੱਗ ਜਾਂਦੀ ਹੈ।

[ਭਾਵ ਅਗਲੇ ਕਬਿਤ ਨਾਲ ਸਾਂਝਾ ਹੈ]

ਭਾਵ- ☞ (ਪੰਨਾ ੯ ਦਾ)- 'ਨਾਮ' ਮਧਜ ਭਾਵ ਦਾ ਸੇਵਨ ਹੈ, ਹੰਸ ਵਾਂਙੂ ਸ਼ਰਨ ਪ੍ਰਾਪਤ ਹੋ ਜਾਣਾ ਹੈ, ਫਲ ਇਸ ਦਾ 'ਪਰਮ ਪਦ'-ਪਰਮਾਤਮਾ ਦੀ ਪ੍ਰਾਪਤੀ-ਹੈ। ਨਾਮ ਤੋਂ ਬਿਨਾ ਪਰਮਾਤਮਾ ਦੇ ਨਿਜ ਸਰੂਪ ਦੀ ਪ੍ਰਾਪਤੀ ਦੇ ਯਤਨ ਖਤਰੇ ਵਾਲੇ ਦੱਸੇ ਹਨ, ਜਿਵੇਂ ਹਥ ਫੜਿਆ ਦੀਵਾ ਨਜ਼ਰ ਨੂੰ ਭੁਤਲਾਉਂਦਾ ਹੈ। ਤੀਸਰੇ ਕੁਛ ਨ ਕਰਨ ਵਾਲੇ ਤਾਂ ਆਪੇ ਦੂਰੀ ਤੇ ਹਨ ਤੇ ਅੱਗ ਤੋਂ ਦੂਰ ਰਹਿਣ ਵਾਲੇ ਵਾਙੂ ਉਸ ਦੀ ਨਿੱਘ ਤੋਂ ਵਾਂਵੇ ਹੋਏ ਹਨ, ਇਹ ਲੁਪਤੀ ਹੈ।


www.sikhbookclub.com

੧. ਜੈਸੇ ਪੇਖੈ ਸਜਾਮ ਘਟਾ ਗਗਨ ਘਮੰਡ ਘੋਰ,
ਮੋਰ ਔ ਪਪੀਹਾ ਸ਼ੁਭ ਸਬਦ ਸੁਨਾਵਹੀ॥

੨. ਜੈਸੇ ਤੌ ਬਸੰਤ ਸਮੈ ਮੌਲਤ ਅਨੇਕ ਆਂਬ,
ਕੋਕਲਾ ਮਧੁਰ ਧੁਨਿ ਬਚਨ ਸੁਨਾਵਹੀ॥

੩. ਜੈਸੇ ਪਰਫੁਲਤ ਕਮਲ ਸਰੁਵਰੁ ਵਿਖੇ,
ਮਧੁਪ ਗੁੰਜਾਰਤ ਅਨੰਦ ਉਪਜਾਵਹੀ॥

੪. ਤੈਸੇ ਪੇਖ ਸ੍ਰੋਤਾ ਸਾਵਧਾਨਹ ਗਾਇਨ ਗਾਵੈ,
ਪ੍ਰਗਟੈ ਪੂਰਨ ਪ੍ਰੇਮ ਸਹਜਿ ਸਮਾਵਹੀ ॥੫੬੭॥

ਪਦਾਰਥ- ਘਮੰਡ ਘੋਰ=ਭਾਰੀ ਗਰਜ। ਕੋਕਲਾ=ਕੋਇਲ। ਮਧੁਪ=ਭੌਰੇ। ਗਾਇਨ=ਕੀਰਤਨੀਆਂ। ਸਹਜਿ=ਵਾਹਿਗੁਰੂ ਸਰੂਪ ਵਿਚ।

ਅਰਥ-੧. ਜਿਵੇਂ ਅਕਾਸ਼ਾਂ ਵਿਚ ਚੜ੍ਹਕੇ ਆਈਆਂ ਕਾਲੀਆਂ ਘਟਾਂ ਵੇਖਕੇ (ਤੇ ਉਨ੍ਹਾਂ ਦਾ) ਗਰਜਣਾ (ਸੁਣਕੇ) ਮੋਰ ਤੇ ਪਪੀਹੇ ਸੁਹਣੇ ਸੁਹਣੇ ਸ਼ਬਦ ਸੁਨਾਉਣ ਲਗ ਪੈਂਦੇ ਹਨ। ੨. ਜਿਵੇਂ ਬਸੰਤ ਰੁਤ ਵਿਚ ਅਨੇਕਾਂ ਅੰਬ ਮੌਲਦੇ ਹਨ (ਤਾਂ) ਕੋਇਲ (ਮਗਨ ਹੋਕੇ) ਮਿੱਠੀ ਆਵਾਜ਼ ਨਾਲ (ਅਪਣੀ) ਕੂਕ ਸੁਣਾਉਂਦੀ ਹੈ। ੩. ਜਿਵੇਂ ਸਰੋਵਰ ਵਿਚ ਕਵਲ (ਜਦ) ਖਿੜਦੇ ਹਨ ਤਾਂ ਭੌਰੇ (ਉਨ੍ਹਾਂ ਪਰ ਆਕੇ) ਗੁੰਜਾਰਦੇ ਹੋਏ ਆਨੰਦ ਮਾਣਦੇ ਹਨ। ੪. ਤਿਵੇਂ ਸ੍ਰੋਤਿਆਂ (ਸੰਗਤ) ਨੂੰ (ਗੁਰ ਸ਼ਬਦ ਸੁਣਨ ਲਈ) ਸਾਵਧਾਨ ਵੇਖਕੇ ਰਾਗੀ ਗਾਉਂਦਾ ਹੈ ਤਾਂ ਪੂਰਨ ਪ੍ਰੇਮ ਪ੍ਰਗਟ ਹੁੰਦਾ ਹੈ ਤੇ ਵਾਹਿਗੁਰੂ ਸਰੂਪ ਵਿਚ ਸਮਾਉਂਦੀ ਹੈ (ਸੰਗਤ)।

ਭਾਵ- ☞ ਪਿਛਲੇ ਤੇ ਇਸ ਕਬਿਤ ਦਾ ਭਾਵ ਇਕੋ ਹੈ। ਸੰਗਤ ਵਿਚ ਗੁਰ ਸ਼ਬਦ ਦੇ ਸੁਣਨ ਦੀ ਸਾਵਧਾਨਤਾ ਤੇ ਪ੍ਰੇਮ ਨੂੰ ਵੇਖਕੇ ਕੀਰਤਨੀਏ ਨੂੰ ਰੀਝ ਆਉਂਦੀ ਹੈ, ਉਹ ਮਨ ਜੋੜਕੇ ਗਾਉਂਦਾ ਹੈ ਤਦ ਸੰਗਤ ਦੀ ਆਨੰਦ ਮਗਨ ਹੋ ਲਿਵ ਲਗ ਜਾਂਦੀ ਹੈ।

੧. ਜੈਸੇ ਅਹਿ ਨਿਸ ਅੰਧਿਆਰੀ ਮਣਿ ਕਾਢ ਰਾਖੇ,
ਕ੍ਰੀੜਾ ਕੈ ਦੁਰਾਵੈ ਪੁਨ ਕਾਹੂ ਨ ਦਿਖਾਵਹੀ॥
੨. ਜੈਸੇ ਬਰ ਨਾਰ ਕਰ ਸਿਹਜਾ ਸੰਜੋਗ ਭੋਗ,
ਹੋਤ ਪਰਭਾਤ ਤਨ ਛਾਦਨ ਛੁਪਾਵਹੀ॥
੩. ਜੈਸੇ ਅਲ ਕਮਲ ਸੰਪਟ ਅਚੰਵਤ ਮਧ,
ਭੋਰ ਭਏ ਜਾਤ ਉਡ ਨਾਤੋ ਨ ਜਨਾਵਹੀ॥
੪. ਤੈਸੇ ਗੁਰ ਸਿਖ ਉਠ ਬੈਠਤ ਅੰਮ੍ਰਿਤ ਜੋਗ
ਸਭ ਸੁਧਾ ਰਸ ਚਾਖ ਸੁਖ ਤ੍ਰਿਪਤਾਵਹੀ॥੫੬੮॥

ਪਦਾਰਥ- ਅਹਿ=ਸੱਪ। ਕ੍ਰੀੜਾ ਕੈ=ਉਸ ਨਾਲ। ਖੇਡ ਖੇਡਕੇ। ਦੁਰਾਵੈ=ਛੁਪਾ ਲੈਂਦਾ ਹੈ। ਛਾਦਨ=ਬਸਤ੍ਰ, ਕੱਜਣ। ਅਲ=ਭੌਰਾ। ਕਮਲ ਸੰਪਟ=ਕਵਲ ਦਾ ਡੱਬਾ। ਨਾਤੋ=ਰਿਸ਼ਤਾ, ਸਾਕ। ਅੰਮ੍ਰਿਤ ਜੋਗ=ਅੰਮ੍ਰਿਤ ਵੇਲੇ। (ਯੋਗ, ਸ਼ੁਭ ਸਮਾਂ)।

ਅਰਥ-੧. ਜਿਵੇਂ ਸੱਪ ਅੰਧੇਰੀ ਰਾਤ ਵਿਚ (ਅਪਣੀ) ਮਣੀ ਕੱਢਕੇ ਰੱਖਦਾ ਹੈ (ਤੇ ਖੇਲਦਾ ਹੈ, ਪਰ) ਖੇਡ ਖੇਡਕੇ ਛੁਪਾ ਲੈਂਦਾ ਹੈ ਤੇ ਫੇਰ ਕਿਸੇ ਨੂੰ ਨਹੀਂ ਦਿਖਾਉਂਦਾ। ੨. ਜਿਵੇਂ ਸ੍ਰੇਸ਼ਟ ਨਾਰ (ਰਾਤ ਸਮੇਂ) ਸਿਹਜਾ ਰਚ ਕੇ (ਪਤੀ ਨਾਲ) ਸੰਜੋਗ ਕਰਕੇ ਭੋਗ (ਦਾ ਰਸ ਮਾਣਦੀ ਹੈ, ਪਰ) ਸਵੇਰ ਹੁੰਦਿਆਂ (ਹੀ ਆਪਣੇ) ਸਰੀਰ ਨੂੰ ਕਪੜਿਆਂ ਨਾਲ ਢਕ ਲੈਂਦੀ ਹੈ। ੩. ਜਿਵੇਂ ਭੌਰਾ (ਰਾਤੀਂ) ਕਵਲ ਦੇ ਡੱਬੇ ਵਿਚ (ਬੈਠਾ) ਮਧੂ ਰਸ (ਸ਼ਹਿਤ) ਖਾਂਦਾ ਰਹਿੰਦਾ ਹੈ, ਪਰ ਸਵੇਰ ਹੋਈ ਤੇ ਉਡ ਜਾਂਦਾ ਹੈ ਤੇ (ਫੁਲ ਨਾਲ ਕੋਈ) ਸੰਬੰਧ (ਮਾਤ੍ਰ ਬੀ) ਨਹੀਂ ਜਣਾਉਂਦਾ। ੪. ਤਿਵੇਂ ਗੁਰਸਿਖ ਅੰਮ੍ਰਿਤ ਵੇਲੇ ਉਠ ਬੈਠਦੇ ਹਨ (ਤਾਂ) ਸਾਰੇ (ਨਾਮ ਰੂਪੀ) ਅੰਮ੍ਰਿਤ ਰਸ ਨੂੰ ਚੱਖਦੇ ਤੇ ਸੁਖ ਵਿਚ ਤ੍ਰਿਪਤਦੇ ਹਨ (ਪਰ ਇਸ ਸਾਈਂ ਮਿਲਾਪ ਨੂੰ ਦਿਹਾੜੀ ਕਿਸੇ ਨੂੰ ਜਣਾਉਂਦੇ ਨਹੀਂ)।

੧. ਸਿਹਜਾ ਸੰਜੋਗ ਪ੍ਰਿਯ ਪ੍ਰੇਮ ਰਸ ਖੇਲ ਜੈਸੇ,
ਪਾਛੈ ਬਧੂ ਜਨਨ ਸੈ ਗਰਭ ਸਮਾਵਹੀ॥
੨. ਪੂਰਨ ਅਧਾਨ ਭਏ ਸੋਵੈ ਗੁਰਜਨ ਬਿਖੈ,
ਜਾਗੈ ਪਰਸੂਤ ਸਮੈ ਸਭਨ ਜਗਾਵਹੀ॥
੩. ਜਨਮਤ ਸੁਤ ਖਾਨ ਪਾਨ ਮੋ ਸੰਜਮ ਕਰੈ,
ਤਾਂਤੇ ਸੁਤ ਸੰਮ੍ਰਥ ਹ੍ਵੈ ਸੁਖਹ ਦਿਖਾਵਹੀ॥
੪. ਤੈਸੇ ਗੁਰ ਭੇਟਤ ਭੈ ਭਾਇ ਸਿਖ ਸੇਵਾ ਕਰੈ,
ਅਲਪ ਅਹਾਰ ਨਿੰਦ੍ਰਾ ਸਬਦ ਕਮਾਵਹੀ॥੫੬੯॥

**ਪਦਾਰਥ-** ਬਧੂ=ਬਹੂ, ਵਹੁਟੀ। ਜਨਨ=ਬੱਚਾ। (ਅ. ਜਨੀਨ। ਅਰੰਭ ਤੋਂ ਅੰਤ ਤਕ ਜਦ ਬੱਚਾ ਗਰਭ ਵਿਚ ਹੁੰਦਾ ਹੈ ਤਾਂ ਉਸਨੂੰ ਜਨੀਨ ਕਹਿੰਦੇ ਹਨ।) ਅਧਾਨ=ਗਰਭ। ਗੁਰਜਨ=ਬਜ਼ੁਰਗ, ਭਾਵ ਵਡੀਆਂ, ਵਡੇਰੀਆਂ। ਭੇਟਤ=ਮਿਲਕੇ, ਭਾਵ ਗੁਰਦੀਖਜਾ ਲੈਕੇ।

ਅਰਥ-੧. ਜਿਵੇਂ ਵਹੁਟੀ ਸਿਹਜਾ ਦੇ ਸੰਜੋਗਾਂ ਵਿਚ ਪਿਆਰੇ (ਪਤੀ ਦੇ) ਪ੍ਰੇਮ ਰਸ ਦੇ ਖੇਲ ਤੋਂ ਪਿੱਛੋਂ ਗਰਭ ਵਿਚ ਬੱਚੇ ਨੂੰ ਲੈ ਲੈਂਦੀ ਹੈ, ੨. ਗਰਭ ਪੂਰਾ ਹੋਣ ਤੇ (ਘਰ ਦੀਆਂ) ਵਡੇਰੀਆਂ ਵਿਚ ਸੌਂਦੀ ਹੈ (ਪਰ) ਪ੍ਰਸੂਤ ਸਮੇਂ ਜਾਗਦੀ (ਤੇ ਹੋਰਨਾਂ) ਸਭਨਾਂ ਨੂੰ ਜਗਾਉਂਦੀ ਹੈ (ਭਾਵ ਲੁਕਾ ਨਹੀਂ ਰਹਿ ਸਕਿਾ)। ੩. ਪੁਤ੍ਰ ਜੰਮਦੇ ਹੀ ਖਾਣ ਪੀਣ ਵਿਚ ਪ੍ਰਹੇਜ਼ ਕਰਦੀ ਹੈ, ਇਸ ਲਈ ਕਿ ਪੁਤ੍ਰ ਤਕੜਾ ਹੋਕੇ ਸੁਖ ਦਿਖਾਵੇ। ੪. ਤਿਵੇਂ ਸਿਖ ਸਤਿਗੁਰੂ ਤੋਂ ਦੀਖਜਾ ਲੈਕੇ ਭੈ ਤੇ ਪ੍ਰੇਮ ਵਿਚ ਵਰਤਦਾ ਸੇਵਾ ਕਰਦਾ ਹੈ, ਥੋੜ੍ਹਾ ਖਾਣਾ, ਥੋੜ੍ਹਾ ਸੌਣਾ ਕਰ ਕੇ ਸ਼ਬਦ ਦੀ ਕਮਾਈ ਕਰਦਾ ਹੈ।

**ਭਾਵ-** ਸਾਹਿਤਜ ਦੀ ਰੀਤੀ ਹੈ ਕਿ ਦ੍ਰਿਸ਼ਟਾਂਤ ਵਿਚ ਇੱਕ ਅੰਗ ਲਈਦਾ ਹੈ। ਗੁਰ ਦੀਖਜਾ ਲੈਕੇ, ਅਲਪ ਅਹਾਰ, ਸੁਲਪ ਨਿੰਦ੍ਰਾ, ਸੇਵਾ, ਭੈ, ਪ੍ਰੇਮਾ ਭਗਤੀ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰ ਕੇ ਕਮਾਈ ਕਰਨੀ ਹੈ।

**ਟੂਕ-** ਇਹੋ ਜਿਹਾ ਦ੍ਰਿਸ਼ਟਾਂਤ ਪਹਿਲੇ ਸਕੰਧ ਦੇ ਅੰਕ ੪੧ ਵਿਚ ਬੀ ਵਰਤਿਆ ਹੈ- ਸਿਹਜਾ ਸੰਜੋਗ ਸਮੈਂ ਅੰਤਰ ਨ ਪੀਯ ਸੈ॥

੧. ਜੈਸੇ ਅਨੁਚਰ ਨਰਪਤ ਕੀ ਪਛਾਨੈਂ ਭਾਖਾ,
ਬੋਲਤ ਬਚਨ ਖਿਨ ਬੂਝ ਬਿਨ ਦੇਖ ਹੀ॥
੨. ਜੈਸੇ ਜੌਹਰੀ ਪਰਖ ਜਾਨਤ ਹੈ ਰਤਨ ਕੀ,
ਦੇਖਤ ਹੀ ਕਹੈ ਖਰੌ ਖੋਟੋ ਰੂਪ ਰੇਖ ਹੀ॥
੩. ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ,
ਰਾਖੀਐ ਮਿਲਾਇ ਭਿੰਨ ਭਿੰਨ ਕੈ ਸਰੇਖ ਹੀ॥
੪. ਤੈਸੇ ਗੁਰ ਸਬਦ ਸੁਨਤ ਪਹਿਚਾਨੈ ਸਿਖ,
ਆਨ ਬਾਨੀ ਕ੍ਰਿਤਮੀ ਨ ਗਨਤ ਹੈ ਲੇਖ ਹੀ॥੫੭੦॥

**ਪਦਾਰਥ-** ਅਨੁਚਰ=ਨਾਲ ਰਹਿਣ ਵਾਲੇ। ਸਾਥੀ। ਨੌਕਰ। ਸਰੇਖ ਹੀ=ਸਿਆਣਕੇ। ਕ੍ਰਿਤਮੀ=ਬਨਾਉਟੀ।

ਅਰਥ-੧. ਜਿਵੇਂ ਰਾਜਾ ਦੇ ਸਖਾ (ਆਪਣੇ) ਰਾਜੇ ਦੀ ਬੋਲੀ ਸਿਆਣਦੇ ਹਨ, ਬਿਨਾਂ ਦੇਖੇ ਹੀ (ਹਨੇਰੇ ਵਿਚ ਯਾ ਦੂਰ ਤੋਂ ਰਾਜੇ ਦੇ) ਬਚਨ ਬੋਲਿਆਂ ਝਟ ਸਿਆਣ ਲੈਂਦੇ ਹਨ। ੨. ਜਿਵੇਂ ਜੌਹਰੀ (ਜੋ) ਰਤਨਾਂ ਦੀ ਪਰਖ ਜਾਣਦਾ ਹੈ, ਵੇਖਦਿਆਂ ਹੀ ਦੱਸ ਦਿੰਦਾ ਹੈ (ਕਿ ਇਹ) ਖੋਟਾ ਹੈ (ਯਾ) ਖਰਾ ਹੈ (ਜੇ ਖਰਾ ਹੈ ਤਾਂ) ਰੂਪ (ਦਾ ਸਡੌਲ ਹੈ ਤੇ ਕੋਈ) ਵਿੱਚ ਰੇਖ (ਲਕੀਰ ਤਾਂ ਨਹੀਂ) ਹੈ। ੩. ਜਿਵੇਂ ਹੰਸ ਦੁਧ ਤੇ ਪਾਣੀ ਦਾ ਨਿਰਣਾ ਕਰ ਜਾਣਦਾ ਹੈ, (ਜੇ ਦੋਵੇਂ) ਮਿਲਾਕੇ (ਉਸ ਅੱਗੇ) ਰੱਖ ਦੇਈਏ ਤਾਂ ਸਿਆਣਕੇ ਅੱਡ ਅੱਡ ਕਰ ਦਿੰਦਾ ਹੈ। ੪. ਤਿਵੇਂ ਸਿਖ ਗੁਰੂ ਸ਼ਬਦ ਨੂੰ ਸੁਣਦੇ ਸਾਰ ਹੀ ਪਛਾਣ ਲੈਂਦਾ ਹੈ (ਕਿ ਇਹ ਗੁਰਬਾਣੀ ਹੈ), ਤੇ ਹੋਰ (ਕਿਸੇ) ਦੀ (ਰਚੀ) ਬਾਣੀ ਨੂੰ ਲਖ ਲੈਂਦਾ ਹੈ ਕਿ ਬਨਾਵਟੀ ਹੈ (ਤੇ ਉਸ ਨੂੰ ਕਿਸੇ) ਗਿਣਤੀ ਵਿਚ ਨਹੀਂ ਲਿਆਉਂਦਾ।

ਟੂਕ- ਅਗੇ ਪ੍ਰੇਮੀ ਜਗਜਾਸੂ ਦਾ ਬਿਰਹਾ ਬਿਰਹਨੀ ਦੇ ਰੂਪਕ ਵਿਚ ਦੱਸਦੇ ਹਨ:-

੧. ਬਾਯਸ ਉਡਹ, ਬਲ ਜਾਉ, ਬੇਗ ਮਿਲੌ ਪੀਯ,
ਮਿਟੈ ਦੁਖ ਰੋਗ ਸੋਗ ਬਿਰਹ ਬਿਯੋਗ ਕੋ॥

੨. ਅਵਧ ਬਿਕਟ ਕਟੈ, ਕਪਟ ਅੰਤਰ ਪਟ,
ਦੇਖਉ ਦਿਨ ਪ੍ਰੇਮ ਰਸ ਸਹਜ ਸੰਜੋਗ ਕੋ॥

੩. ਲਾਲ ਨ ਆਵਤ ਸ਼ੁਭ ਲਗਨ ਸਗਨ ਭਲੇ,
ਹੋਇ ਨ ਬਿਲੰਬ ਕਛੁ ਭੇਦ ਬੇਦ ਲੋਕ ਕੋ॥

੪. ਅਤਿਹਿ ਆਤੁਰ ਭਈ ਅਧਿਕ ਔਸੇਰ ਲਾਗੀ,
ਧੀਰਜ ਨ ਧਰੌ ਖੋਜੌ ਧਾਰਿ ਭੇਖ ਜੋਗ ਕੋ॥੫੭੧॥

ਪਦਾਰਥ- ਬਾਯਸ=ਕਾਂ, ਹੇ ਕਾਵਾਂ! ਬੇਗ=ਛੇਤੀ। ਅਵਧ=ਆਯੂ। ਬਿਕਟ=ਔਖੀ। ਅੰਤਰ ਪਟ=ਅੰਦਰ ਪੜਦਾ। ਲਾਲ=ਪਿਆਰਾ। ਬਿਲੰਬ=ਦੇਰੀ। ਬੇਦ ਲੋਕ=ਲੋਕਾਂ ਵਿਚ ਪ੍ਰਵਿਰਤ ਖਯਾਲ ਜੋ ਮਹੂਰਤ ਆਦਿ ਸੰਬੰਧੀ ਹੁੰਦੇ ਹਨ।* ਔਸੇਰ=ਚਿੰਤਾ। (ਅ) ਦੇਰਿ।

ਅਰਥ-੧. (ਬਿਰਹਨੀ ਨਾਯਕਾ ਦਾ ਰੂਪ ਬੰਨ੍ਹਦੇ ਹਨ:- ਤੈਥੋਂ) ਵਾਰੀ ਜਾਵਾਂ ਵੇ ਕਾਂਵਾਂ! ਛੇਤੀ ਉਡਕੇ (ਜਾਹ ਤੇ ਪਤੀ ਨੂੰ ਲੈ ਆਓ ਜੋ ਮੈਂ) ਪੀਆ ਨੂੰ ਮਿਲ ਪਵਾਂ (ਤੇ ਮੇਰਾ) ਵਿਛੋੜੇ ਦੇ ਬਿਰਹ ਦੇ ਰੋਗ ਦਾ ਦੁੱਖ ਤੇ ਚਿੰਤਾ ਮਿਟ ਜਾਵੇ। ੨. (ਦੁਖ ਰੋਗ ਤੇ ਸੋਗ ਵਿਚ) ਉਮਰਾ ਬਹੁਤ ਔਖੀ ਬੀਤ ਰਹੀ ਹੈ, (ਖਬਰੇ ਮੇਰੇ ਪ੍ਰੇਮ ਵਿਚ ਕਿਤੇ ਮੇਰੇ) ਅੰਦਰ (ਲੁਕਿਆ ਛਿਪਿਆ ਕੋਈ) ਕਪਟ ਦਾ ਪਰਦਾ ਨਾ ਹੋਵੇ, (ਹਾਇ ਮੈਂ ਉਹ) ਦਿਨ ਪ੍ਰੇਮ ਰਸ ਤੇ ਸੁਤੇ ਮਿਲਾਪ ਵਾਲਾ ਕਿਂਵ ਦੇਖਾਂ! ੩. ਮੁਹੂਰਤ ਬੀ ਸ਼ੁਭ ਹਨ ਤੇ ਸ਼ਗਨ ਬੀ ਭਲੈ ਹੋ ਰਹੇ ਹਨ, (ਫੇਰ) ਲਾਲ ਕਿਉਂ ਨਹੀਂ ਆਉਂਦਾ? ਕਿਤੇ ਦੇਰੀ ਦਾ ਭੇਤ ਲੋਕ ਵੇਦ (ਲੌਕਿਕ ਮੁਹੂਰਤ) ਤਾਂ ਨਹੀਂ। ੪. (ਹਾਇ!) ਮੈਂ ਹੁਣ ਅਤਿ ਆਤੁਰ ਹੋ ਗਈ ਹਾਂ, ਬੜੀ ਦੇਰ ਲੱਗ ਗਈ ਹੈ, ਧੀਰਜ ਨਹੀਂ ਧਾਰ ਸਕਦੀ ਹਾਂ, (ਸੋ ਹੁਣ ਠੀਕ ਹੈ ਕਿ ਮੈਂ) ਜੋਗਨ ਦਾ ਭੇਖ ਧਾਰਕੇ (ਆਪ) ਖੋਜ ਕਰਨ ਤੁਰ ਪਵਾਂ।

---

* ਕਈ ਥਾਂ ਐਉਂ ਅਰਥ ਲਗਦਾ ਹੈ:- ਲੋਕ=ਲੌਕਿਕ ਵੀਚਾਰ। ਵੇਦ=ਸ਼ਾਸਤ੍ਰੀ ਵਿਚਾਰ।

੧. ਅਗਨਿ ਜਰਤ, ਜਲ ਬੂਡਤ, ਸਰਪ ਗ੍ਰਸਹਿ,
ਸਸਤ੍ਰ ਅਨੇਕ ਰੋਮ ਰੋਮ ਕਰਿ ਘਾਤ ਹੈ॥

੨. ਬਿਰਥਾ ਅਨੇਕ ਅਪਦਾ ਅਧੀਨ ਦੀਨ ਗਤਿ,
ਗ੍ਰੀਖਮ ਔ ਸ਼ੀਤ ਬਰਖ ਮਾਹਿ ਨਿਸ ਪ੍ਰਾਤ ਹੈ॥

੩. ਗੋ, ਦ੍ਵਿਜ, ਬਧੂ, ਬਿਸ੍ਵਾਸ, ਬੰਸ, ਕੋਟਿ ਹਤਜਾ,
ਤ੍ਰਿਸਨਾ ਅਨੇਕ ਦੂਖ ਦੋਖ ਬਸ ਗਾਤ ਹੈ॥

੪. ਅਨਿਕ ਪ੍ਰਕਾਰ ਜੋਰ ਸਕਲ ਸੰਸਾਰ ਸੋਧ,
ਪੀਯ ਕੇ ਬਿਛੋਹ ਪਲ ਏਕ ਨ ਪੁਜਾਤ ਹੈ॥੫੭੨॥

ਪਦਾਰਥ- ਬਿਰਥਾ=ਪੀੜਾ। ਗ੍ਰੀਖਮ=ਗਰਮੀ ਦੀ ਰੁਤ। ਬਰਖ=ਬਰਖਾ, ਮੀਂਹ। ਨਿਸ ਪ੍ਰਾਤ=ਰਾਤ ਦਿਨ। ਗਾਤ=ਸਰੀਰ। ਜੋਰ=ਜੋੜਕੇ, ਇਕੱਠੇ ਕਰਕੇ। ਬਿਛੋਹ=ਵਿਛੋੜਾ।

ਅਰਥ-੧. ਅਗਨੀ ਸਾੜੇ, ਜਲ ਡੋਬੇ, ਸੱਪ ਡੰਗੇ, ਅਨੇਕਾਂ ਸ਼ਸਤ੍ਰ ਘਾਤ ਕਰਨ (ਇਨ੍ਹਾਂ ਤੋਂ ਜੋ) ਰੋਮ ਰੋਮ ਵਿਚ (ਪੀੜਾ ਹੋਵੇ)*: ੨. ਦੀਨ (ਦੁਖੀ) ਦੀ (ਐਸੀ) ਹਾਲਤ (ਹੋਵੇ) ਕਿ ਅਨੇਕਾਂ ਅਪਦਾ ਦੇ ਅਧੀਨ (ਹੋਣ ਦੀ) ਪੀੜਾ ਹੋਵੇ, (ਅਥਵਾ) ਗਰਮੀ ਯਾ ਪਾਲੇ (ਵਿਚ ਯਾ ਵਸਦੀ) ਬਰਖਾ ਵਿਚ ਦਿਨੇ ਰਾਤ (ਬੈਠਣਾ ਪਵੇ)। ੩. ਗੋ (ਹਤਜਾ), ਬ੍ਰਹਮਨ (ਹਤਜਾ), (ਗੁਰੂ) ਬਧੂ (ਗਮਨ), ਬਿਸ੍ਵਾਸ਼ (ਘਾਤ), ਬੰਸ ਹਤਜਾ (ਆਦਿ) ਕ੍ਰੋੜਾਂ ਹੀ ਹਤਜਾ (ਦੀ ਪੀੜਾ ਹੋਵੇ), (ਅਥਵਾ) ਤ੍ਰਿਸ਼ਨਾਂ ਦੇ ਕਾਰਣ ਦੋਖ (ਕਮਾਵੇ ਤੇ ਦੋਖਾਂ ਦੇ ਕਾਰਣ) ਅਨੇਕਾਂ ਦੁਖਾਂ ਦੇ ਵੱਸ ਵਿਚ ਸਰੀਰ ਪਿਆ ਹੋਵੇ। ੪. ਸਾਰੇ ਸੰਸਾਰ ਦੀਆਂ ਅਨਿਕ ਪ੍ਰਕਾਰ ਦੀਆਂ (ਉਪ੍ਰੋਕਤ ਪੀੜਾਂ ਦਾ) ਜੋੜ (ਸਮੂਹ, ਮੈਂ) ਸੋਧਕੇ (ਡਿੱਠਾ ਹੈ ਕਿ) ਪੀਆ ਦੇ ਵਿਛੋੜੇ (ਦੀ ਪੀੜਾ) ਦੀ ਇਕ ਪਲ ਨੂੰ ਨਹੀਂ ਪੁੱਜਦਾ।

ਭਾਵ- ਵਿਛੋੜੇ ਦੀ ਪੀੜਾ ਸਭ ਤੋਂ ਵੱਧ ਦੁਖਦਾਈ ਹੈ।

---

* ਅਥਵਾ, ਰੋਮ ਰੋਮ ਵਿਚ ਜ਼ਖਮ ਲਗਣ।

੧. ਪੂਰਨਿ ਸਰਦ ਸਸਿ ਸਕਲ ਸੰਸਾਰ ਕਹੈ,
ਮੇਰੇ ਜਾਨੇ ਬਰ ਬੈਸੰਤਰ ਕੀ ਊਕ ਹੈ॥

੨. ਅਗਨ ਅਗਨ ਤਨ ਮਧਜ ਚਿਨਗਾਰੀ ਛਾਡੈ,
ਬਿਰਹ ਉਸਾਸ ਮਾਨੋ ਫੰਨਗ ਕੀ ਫੂਕ ਹੈ॥

੩. ਪਰਸਤ ਪਾਵਕ ਪਖਾਨ ਫੂਟ ਟੂਟ ਜਾਤ,
ਛਾਤੀ ਅਤਿ ਬਰਜਨ ਹੋਇ ਦੋਇ ਟੂਕ ਹੈ॥

੪. ਪੀਯ ਕੇ ਸਿਧਾਰੇ ਭਾਰੀ ਜੀਵਨ ਮਰਨ ਭਏ,
ਜਨਮ ਲਜਾਯੋ ਪ੍ਰੇਮ ਨੇਮ ਚਿਤ ਚੂਕ ਹੈ॥੫੭੩॥

ਪਦਾਰਥ- ਪੂਰਨਿ ਸਰਦ ਸਸਿ=ਸ਼ਰਦ ਰੁਤ ਦੀ ਪੁੰਨਯਾ ਦਾ ਚੰਦ੍ਰਮਾ। ਊਕ=ਟੁਟਦਾ ਤਾਰਾ। ਮੁਆਤਾ। ਲੰਬੂ। ਅਗਨ=ਅਗਨੀ। (ਅ) ਅਣਗਿਣਤ੍ਰ। ਫੰਨਗ=ਫਨੀਅਰ। ਪਾਵਕ=ਅਗਨੀ। ਪਖਾਨ=ਪੱਥਰ। ਬਰਜਨ=ਰੋਕਾਂ। ਜਨਮ=ਭਾਵ ਜੀਵਨ। ਚੂਕ=ਉਕਾਈ। (ਅ) ਅਸਫ਼ਲਤਾ, ਭਾਵ ਸਫ਼ਲ ਨਹੀਂ ਹੋਇਆ।

ਅਰਥ-੧. ਸਾਰਾ ਸੰਸਾਰ ਤਾਂ ਕਹਿੰਦਾ ਹੈ (ਕਿ ਇਹ) ਸਰਦ ਰੁੱਤ ਦਾ ਪੂਰਨ ਚੰਦ੍ਰਮਾ ਹੈ, (ਪਰ) ਮੇਰੇ ਜਾਣੇ (ਇਹ) ਅੱਗ ਦਾ ਵੱਡਾ ਮੁਆਤਾ ਹੈ। ੨. (ਇਸ ਦੀ) ਅੱਗ (ਮੇਰੇ) ਤਨ ਵਿਚ ਅਨਗਿਣਤ ਚਿੰਗਾੜੀਆਂ ਛੱਡ ਰਹੀ ਹੈ, (ਮੇਰੇ) ਬਿਰਹ ਦਾ ਹਾਉਕਾ ਮਾਨੋ ਫਨੀਅਰ ਨਾਗ ਦਾ ਫੁਕਾਰਾ ਹੈ। ੩. ਪੱਥਰ (ਇਸ) ਅੱਗ ਦੇ ਨਾਲ ਛੁੰਹਦਿਆਂ (ਜਿਥੇ) ਫੁਟ ਕੇ ਟੁਟ ਜਾਂਦੇ ਹਨ, (ਉਥੇ ਮੇਰੀ) ਛਾਤੀ (ਦੀ ਕੀ ਪੇਸ਼ ਜਾਣੀ ਹੋਈ ਉਹ ਤਾਂ) ਬੜੀਆਂ ਰੋਕਾਂ (ਭਾਵ ਉਪਾਵ) ਕਰਦਿਆਂ ਵੀ ਦੋ ਟੂਕ ਹੋ ਰਹੀ ਹੈ। ੪. ਪੀਆ ਦੇ ਚਲੇ ਜਾਣ ਨਾਲ ਜੀਉਣਾ ਮਰਨਾ (ਦੂਏ ਭਾਰੂ=) ਔਖੇ ਹੋ ਗਏ ਹਨ, (ਇਸ ਕਰਕੇ ਕਿ) ਚਿਤ (ਮੈਨੂੰ) ਲਜਜਾਵਾਨ ਕਰ ਰਿਹਾ ਹੈ (ਕਿ ਮੇਰੇ) ਪ੍ਰੇਮ ਦਾ ਨੇਮ ਸਫ਼ਲ ਨਹੀਂ ਹੋਇਆ*।

ਭਾਵ- ਬਿਰਹ ਦੀ ਅਤਜੰਤ ਵਜਾਕੁਲਤਾ ਦਾ ਨਿਰੂਪਣ ਹੈ।

---

* ਅਥਵਾ, ਪ੍ਰੇਮ ਦੇ ਨੇਮ (ਪਾਲਣ ਵਿਚ ਮੇਥੋਂ ਕੋਈ ਭਾਰੀ) ਉਕਾਈ ਹੋ ਗਈ ਹੈ।


www.sikhbookclub.com

੧. ਬਿਨ ਪ੍ਰਿਯ ਸਿਹਜਾ ਭਵਨ ਆਨ ਰੂਪ ਰੰਗ,
ਦੇਖੀਐ ਸਕਲ ਜਮਦੂਤ ਭੈ ਭਯਾਨ ਹੈ॥

੨. ਬਿਨ ਪ੍ਰਿਯ ਰਾਗ ਨਾਦ ਬਾਦ ਗਜਾਨ ਆਨ ਕਥਾ,
ਲਾਗੈ ਤਨ ਤੀਛਨ ਦੁਸਹ ਉਰ ਬਾਨ ਹੈ॥

੩. ਬਿਨ ਪ੍ਰਿਯ ਅਸਨ ਬਸਨ ਅੰਗ ਅੰਗ ਸੁਖ,
ਬਿਖਯਾ ਬਿਖਮੁ ਔ ਬੈਸੰਤਰ ਸਮਾਨ ਹੈ॥

੪. ਬਿਨ ਪ੍ਰਿਯ ਮਾਨੋ ਮੀਨ ਸਲਲ ਅੰਤਰਗਤ,
ਜੀਵਨ ਜਤਨ ਬਿਨ ਪ੍ਰੀਤਮ ਨ ਆਨ ਹੈ॥੫੭੪॥

**ਪਦਾਰਥ**- ਆਨ=ਹੋਰ। ਦੁਸਹਿ=ਅਸਹਿ। ਅੰਗ ਅੰਗ=ਤਰ੍ਹਾਂ ਤਰ੍ਹਾਂ ਦੇ, ਕਈ ਪ੍ਰਕਾਰ ਦੇ। ਬਿਖਮੁ=ਕਰੜਾ। ਬੈਸੰਤਰ=ਅੱਗ। ਬਿਨ ਪ੍ਰਿਯ ਮੀਨ=(ਅਪਣੇ) ਪਿਆਰੇ ਤੋਂ ਬਿਨਾਂ ਮੱਛੀ, ਭਾਵ ਜਲ ਬਿਹੂਨ ਮੱਛੀ। ਸਲਲ ਅੰਤਰਗਤ=ਪਾਣੀ ਦੇ ਅੰਦਰ ਗਤੀ (ਜਾਣਾ), ਪਾਣੀ ਵਿਚ ਪਰਵੇਸ਼।

ਅਰਥ-੧. ਪਿਆਰੇ (ਸੁਾਮੀ) ਤੋਂ ਬਿਨਾਂ ਸਿਹਜਾ, ਘਰ ਤੇ ਹੋਰ ਰੂਪ ਰੰਗ, ਸੱਭੇ ਜਮਦੂਤਾਂ ਵਾਂਗੂ ਭਜਾਨਕ ਤੇ ਡਰਾਉਣੇ ਦਿੱਸਦੇ ਹਨ।

੨. ਪਿਆਰੇ ਤੋਂ ਬਿਨਾਂ ਰਾਗ, ਨਾਦ, ਵਾਜੇ, ਗਜਾਨ ਤੇ ਹੋਰ ਕਥਾ ਤਨ ਨੂੰ ਲੱਗ ਕੇ ਕਲੇਜੇ ਨੂੰ (ਐਉਂ ਚੀਰ ਜਾਂਦੇ ਹਨ ਜਿਵੇਂ) ਤ੍ਰਿੱਖਾ ਤੇ ਅਸਹਿ ਤੀਰ।

੩. ਪਿਆਰੇ ਤੋਂ ਬਿਨਾਂ ਭੋਜਨ, ਬਸਤ੍ਰ ਤੇ ਕਈ ਪ੍ਰਕਾਰ ਦੇ ਸੁਖ ਕਰੜਾ ਜ਼ਹਿਰ ਤੇ ਅੱਗ ਦੇ ਬਰਾਬਰ ਹਨ।

੪. ਜਲ ਬਿਹੂਨ ਮੱਛੀ (ਦਾ ਜੀਵਨ ਜਤਨ) ਜਿਵੇਂ ਪਾਣੀ ਦਾ ਪ੍ਰਵੇਸ਼ ਹੈ (ਤਿਵੇਂ ਮੇਰੇ) ਜੀਵਨ ਦਾ ਜਤਨ ਪ੍ਰੀਤਮ ਦੇ (ਮਿਲਾਪ) ਬਿਨਾਂ ਹੋਰ ਕੋਈ ਨਹੀਂ ਹੈ।

**ਭਾਵ**- ਬਿਰਹੋਂ ਦੀ ਤੜਫਨੀ ਤੇ ਉਸ ਦੇ ਦਾਰੂ ਦਾ ਵਰਣਨ ਹੈ।

੧. ਪਾਇ ਲਾਗ ਲਾਗ ਦੂਤੀ ਬੇਨਤੀ ਕਰਤ ਹੁਤੀ,
ਮਾਨ ਮਤੀ ਹੋਇ ਕਾਹੂ ਮੁਖ ਨ ਲਗਾਵਤੀ॥
੨. ਸਜਨੀ ਸਕਲ ਕਹਿ ਮਧੁਰ ਬਚਨ ਨਿਤ,
ਸੀਖ ਦੇਤਿ ਹੁਤੀ ਪ੍ਰਤਿ ਉਤਰ ਨਸਾਵਤੀ॥
੩. ਆਪਨ ਮਨਾਇ ਪ੍ਰਿਆ ਟੇਰਤ ਹੈ ਪ੍ਰਿਆ ਪ੍ਰਿਆ,
ਸੁਨ ਸੁਨ ਮੋਨ ਗਹਿ ਨਾਯਕਾ ਕਹਾਵਤੀ॥
੪. ਬਿਰਹ ਬਿਛੋਹ ਲਗ ਪੂਛਤ ਨ ਬਾਤ ਕੋਊ,
ਬ੍ਰਿਥਾ ਨਾ ਸੁਨਤ ਠਾਢੀ ਦ੍ਵਾਰਿ ਬਲਿਲਾਵਤੀ॥੫੭੫॥

**ਪਦਾਰਥ**- ਮਧੁਰ=ਮਿੱਠੇ। ਪ੍ਰਤਿਉਤਰ=ਮੋੜਵਾਂ ਜਵਾਬ। ਨਾਯਕ=ਜੋ ਬਹੁਤਿਆਂ ਨੂੰ ਮਗਰ ਲਾਕੇ ਟੁਰੇ, ਸੋ ਮਰਦ ਹੋਵੇ ਤਾਂ 'ਨਾਯਕ' ਇਸਤ੍ਰੀ ਹੋਵੇ ਤਾਂ 'ਨਾਯਕਾ'। ਕਿੱਸੇ, ਕਹਾਣੀ, ਨਾਟਕ ਦੀ ਮੁਖ ਇਸਤ੍ਰੀ ਨੂੰ ਨਾਯਕਾ ਕਹਿੰਦੇ ਹਨ। ਕਾਵ੍ਯ ਵਿਚ ਇਸ ਦੇ ਅਰਥ ਮਨ ਮੋਹ ਲੈਣ ਵਾਲੀ ਇਸਤ੍ਰੀ ਹੈ। ਨਾਯਕਾ ਪਰ ਕਈ ਗ੍ਰੰਥ ਕਈ ਸੌ ਭੇਦ ਪ੍ਰਭੇਦ ਦੇ ਲਿਖੇ ਮਿਲਦੇ ਹਨ। ਬ੍ਰਿਥਾ=ਵ੍ਯਥਾ ਪੀੜਾ। ਠਾਢੀ=ਖੜੋਤੀ।

ਅਰਥ-੧. (ਬਿਰਹਨੀ ਨਾਯਕਾ ਅਪਣੀ ਮਾਨਮਤੀ ਅਵਸਥਾ ਨੂੰ ਯਾਦ ਕਰਕੇ ਪਛੁਤਾਉਂਦੀ ਹੈ) ਪੈਰੀਂ ਪੈ ਪੈਕੇ ਦੂਤੀ ਬੇਨਤੀ ਕਰਦੀ ਹੁੰਦੀ ਸੀ (ਤੇ ਮੈਂ) ਮਾਨ ਵਿਚ ਮੱਤੀ ਹੋਈ ਕਿਸੇ ਨੂੰ ਮੂੰਹ ਨਹੀਂ ਸਾਂ ਲਾਉਂਦੀ। ੨. ਸਖੀਆਂ ਸਾਰੀਆਂ ਮਿੱਠੇ ਬਚਨ ਨਿਤ ਕਹਿ ਕਹਿ ਸਿੱਖ੍ਯਾਂ ਦਿੰਦੀਆਂ ਹੁੰਦੀਆਂ ਸਨ (ਕਿ ਮਾਨ ਨਾ ਕਰ, ਪਰ ਮੈਂ ਅੱਗੋਂ) ਉਲਟੇ ਜਵਾਬ ਦੇਕੇ (ਉਨ੍ਹਾਂ ਨੂੰ) ਨਸਾ ਦਿੰਦੀ ਸਾਂ। ੩. ਪੀਆ (ਜਦ) ਕਹਿੰਦਾ ਸੀ, ਹੇ ਪਿਆਰੀ! ਹੇ ਪਿਆਰੀ!! (ਤਾਂ) ਸੁਣ ਸੁਣਕੇ ਚੁਪ ਹੋ ਰਹਿੰਦੀ, ਆਪਣੀ ਹੀ (ਗੱਲ) ਮਨਾਉਂਦੀ ਤੇ ਸਭ ਨੂੰ ਪਿੱਛੇ ਲਾਕੇ ਟੁਰਨ ਵਾਲੀ ਕਹਾਉਂਦੀ ਸਾਂ। ੪. (ਪਰ ਫਿਰ ਜਦ) ਵਿਛੋੜਾ ਲੱਗਾ ਤਾਂ ਬਿਰਹ ਵਿਚ (ਹੁਣ) ਕੋਈ ਵਾਤ ਨਹੀਂ ਪੁਛਦਾ, ਦਰ ਤੇ ਖੜੀ ਵਿਰਲਾਪ ਕਰ ਰਹੀ ਹਾਂ; ਕੋਈ ਮੇਰੀ ਪੀੜਾ ਨਹੀਂ ਸੁਣਦਾ।

**ਭਾਵ**- ਕਾਮਯਾਬੀ ਵੇਲੇ ਦੀਆਂ ਬੇਪਰਵਾਹੀਆਂ ਦੇ ਕੌੜੇ ਫਲ ਦਰਸਾਏ ਹਨ।

੧. ਯਾਹੀ ਮਸਤਕ ਪੇਖ ਰੀਝਤ ਕੋ ਪ੍ਰਾਨ ਨਾਥ,
ਹਾਥ ਆਪਨੈ ਬਨਾਇ ਤਿਲਕ ਦਿਖਾਵਤੇ॥

੨. ਯਾਹੀ ਮਸਤਕ ਧਾਰਿ ਹਸਤ ਕਮਲ ਪ੍ਰਿਯ,
ਪ੍ਰੇਮ ਕਥਿ ਕਥਿ ਕਹਿ ਮਾਨਨ ਮਨਾਵਤੇ॥

੩. ਯਾਹੀ ਮਸਤਕ ਨਾਹੀ ਨਾਹੀ ਕਰਿ ਭਾਗਤੀ ਹੀ,
ਧਾਇ ਧਾਇ ਹੇਤ ਕਰਿ ਉਰਹਿ ਲਗਾਵਤੇ॥

੪. ਸੋਈ ਮਸਤਕ ਧੁਨਿ ਧੁਨਿ ਪੁਨ ਰੋਇ ਉਠੌਂ,
ਸੁਪਨੇ ਹੂ ਨਾਥ ਨਾਹਿ ਦਰਸ ਦਿਖਾਵਤੇ॥੫੭੬॥

ਪਦਾਰਥ- ਕੋ ਪ੍ਰਾਨ ਨਾਥ=ਪ੍ਰਾਨ ਕੇ ਨਾਥ, ਪ੍ਰਾਣਾਂ ਦੇ ਸੁਾਮੀ। ਹਸਤ ਕਮਲ=ਕਮਲਾਂ ਵਰਗੇ ਹੱਥ ਭਾਵ ਸੁਹਣੇ ਤੇ ਕੂਲੇ।

ਅਰਥ-੧. ਪ੍ਰਾਣਾਂ ਦੇ ਸੁਆਮੀ (ਮੇਰੇ) ਇਸੇ ਮੱਥੇ ਨੂੰ ਦੇਖ ਦੇਖਕੇ ਪ੍ਰਸੰਨ ਹੁੰਦੇ ਸਨ ਤੇ ਆਪਣੇ ਹੱਥੀਂ (ਇਸ ਉਤੇ) ਬਨਾਕੇ ਤਿਲਕ ਲਾ ਦਿਖਾਉਂਦੇ ਹੁੰਦੇ ਸਨ।

੨. ਇਸੇ ਮੱਥੇ ਤੇ ਪਿਆਰੇ ਜੀ (ਆਪਣੇ) ਕੋਮਲ ਹੱਥ ਰੱਖਕੇ ਪਿਆਰ ਦੀਆਂ ਗੱਲਾਂ ਕਹਿ ਕਹਿਕੇ (ਮੈਂ) ਮਾਨ ਮੱਤੀ ਨੂੰ ਮਨਾਉਂਦੇ ਹੁੰਦੇ ਸਨ।

੩. (ਫਿਰ) ਨਹੀਂ ਨਹੀਂ ਕਰਦੀ ਜਦੋਂ (ਮੈਂ) ਭੱਜ ਜਾਂਦੀ ਸਾਂ ਤਾਂ (ਉਹ ਆਪ) ਦੌੜ ਦੌੜ ਕੇ ਪਿਆਰ ਕਰਦੇ ਹੋਏ ਇਸੇ ਮੱਥੇ ਨੂੰ (ਆਪਣੀ) ਛਾਤੀ ਨਾਲ ਲਾਉਂਦੇ ਹੁੰਦੇ ਸਨ।

੪. ਫਿਰ ਓਹੋ ਮੱਥਾ (ਹੁਣ) ਧੁਨ ਧੁਨਕੇ ਰੋ ਉਠਦੀ ਹਾਂ (ਪਰ ਪਿਆਰੇ) ਨਾਥ ਸੁਪਨੇ ਵਿਚ ਬੀ ਦਰਸ਼ਨ ਨਹੀਂ ਦਿੰਦੇ।

ਭਾਵ- ਪ੍ਰਭੁਤਾ ਪਾਕੇ ਮਦ ਹੁੰਦਾ ਹੈ, ਮਦ ਵਿਚ ਭੁੱਲਾਂ ਹੁੰਦੀਆਂ ਹਨ, ਭੁੱਲਾਂ ਦਾ ਫਲ ਦੁੱਖ ਤੇ ਪਛੋਤਾਵਾ ਹੁੰਦਾ ਹੈ।

 www.sikhbookclub.com

੧. ਜੈਸੇ ਤੌ ਪ੍ਰਸੂਤ ਸਮੈ ਸਤ੍ਰੁ ਕਰਿ ਪ੍ਰਿਐ,
ਜਨਮਤ ਸੁਤ ਪੁਨ ਰਚਤ ਸਿੰਗਾਰੈ ਜੀ॥

੨. ਜੈਸੇ ਬੰਦਸਾਲਾ ਬਿਖੈ ਭੂਪਤ ਕੀ ਨਿੰਦਾ ਕਰੈ,
ਛੂਟਤ ਹੀ ਵਾਹੀ ਸ੍ਵਾਮਿ ਕਾਮਹਿ ਸਮ੍ਹਾਰੈ ਜੀ॥

੩. ਜੈਸੇ ਹਰ ਹਾਇ ਗਾਇ ਸਾਸਨਾ ਸਹਤ ਨਿਤ,
ਕਬਹੂੰ ਨ ਸਮਝੈ ਕੁਟੇਵਹਿ ਨ ਡਾਰੈ ਜੀ॥

੪. ਤੈਸੇ ਦੁਖ ਦੋਖ ਪਾਪੀ ਪਾਪਹਿ ਤਜਾਗਜੋ ਚਾਹੈ,
ਸੰਕਟ ਮਿਟਤ ਪੁਨ ਪਾਪਹਿ ਬੀਚਾਰੈ ਜੀ॥੫੭੭॥

**ਪਦਾਰਥ**- ਕਰਿ=ਕਰਕੇ। ਬੰਦਸਾਲਾ=ਕੈਦ। ਹਰ=ਚੋਰ। ਸਾਸਨਾ=ਸਜ਼ਾ, ਦੰਡ। ਕੁਟੇਵਹਿ=ਕੁ+ਟੇਵ+ਹਿ=ਭੈੜੀ ਵਾਦੀ ਨੂੰ। ਸੰਕਟ=ਕਸ਼ਟ।

ਅਰਥ-੧. ਜਿਵੇਂ ਪ੍ਰਸੂਤ (ਦੀ ਪੀੜਾ) ਸਮੇਂ (ਨਾਰੀ) ਪਤੀ ਨੂੰ ਸ਼ੱਤ੍ਰੂ ਕਰ ਕੇ ਜਾਣਦੀ ਹੈ, (ਪਰ) ਪੁਤ੍ਰ ਜੰਮ ਚੁੱਕਣ (ਤੋਂ ਮਗਰੋਂ) ਫੇਰ (ਓਸੇ ਲਈ ਸੋਲਾਂ) ਸ਼ਿੰਗਾਰਾਂ ਵਿਚ ਰਚ ਜਾਂਦੀ ਹੈ, (ਭਾਵ ਓਸੇ ਪਤੀ ਨੂੰ ਪਜਾਰ ਕਰਦੀ ਹੈ)। ੨. ਜਿਵੇਂ (ਰਾਜੇ ਦਾ ਅਹਿਲਕਾਰ ਰਾਜੇ ਦੀ ਕਿਸੇ ਨਾਰਾਜ਼ਗੀ ਕਰਕੇ ਕੈਦ ਹੋਯਾ ਕੈਦੀ) ਕੈਦ ਵਿਚ ਰਾਜੇ ਦੀ ਨਿੰਦਾ ਕਰਦਾ ਹੈ, (ਓਥੋਂ) ਛੁਟਦਾ ਹੀ ਉਸੇ ਸ੍ਵਾਮੀ ਦੇ ਕੰਮ ਨੂੰ ਸੰਭਾਲਦਾ ਹੈ (ਭਾਵ ਆਪਣੇ ਮਰਾਤਬੇ ਤੇ ਬਹਾਲ ਹੋਣ ਦੀ ਚਾਹ ਕਰਦਾ ਹੈ)। ੩. ਜਿਵੇਂ ਚੋਰ ਜਦ ਸਜ਼ਾ ਪਾ ਰਿਹਾ ਹੋਵੇ ਤਾਂ ਹਾਏ ਹਾਏ ਕਰਦਾ ਰਹਿੰਦਾ ਹੈ, (ਪਰ ਫਿਰ ਦੰਡ ਤੋਂ ਛੁਟਕੇ) ਭੈੜੀ ਵਾਦੀ ਨੂੰ ਨਹੀਂ ਛੱਡਦਾ (ਤੇ ਮਿਲ ਚੁਕੇ ਦੰਡ ਤੋਂ) ਕਦੇ ਸਿਖਜਾ ਨਹੀਂ ਲੈਂਦਾ। ੪. ਤਿਵੇਂ ਪਾਪੀ ਦੋਖਾਂ ਦੇ ਦੁੱਖ ਵਿਚ (ਫਸਿਆ ਤਾਂ) ਪਾਪਾਂ ਨੂੰ ਛਡਣਾ ਚਾਹੁੰਦਾ ਹੈ, ਪਰ ਸੰਕਟ ਦੇ ਮਿਟਿਆਂ ਫਿਰ ਪਾਪਾਂ ਦੀਆਂ ਹੀ ਵਿਚਾਰਾਂ ਕਰਦਾ ਹੈ।

੧. ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਜੋ,
ਨੈਨ ਉਘਰਤ ਵਾਹੀ ਠੌਰ ਹੀ ਠਿਕਾਨੋ ਹੈ॥

੨. ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ,
ਖਾਤ ਜਾਤ ਬਛਰੋ ਟਟੋਰੇ ਪਛੁਤਾਨੋ ਹੈ॥

੩. ਜੈਸੇ ਮ੍ਰਿਗ ਤ੍ਰਿਸਨਾ ਲੌ ਧਾਵੈ ਮ੍ਰਿਗ ਤ੍ਰਿਖਾਵੰਤ,
ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ॥

੪. ਤੈਸੇ ਸ੍ਵਪਨੰਤਰੁ ਦਿਸੰਤਰ ਬਿਹਾਯ ਗਈ,
ਪਹੁੰਚ ਨਾ ਸਕਜੋ ਤਹਾਂ ਜਹਾਂ ਮੋਹਿ ਜਾਨੋ ਹੈ॥੫੭੮॥

ਪਦਾਰਥ- ਜੇਵਰੀ=ਰੱਸੀ। ਆਂਧਰੋ=ਅੰਨ੍ਹਾ। ਤ੍ਰਿਖਾਵੰਤ=ਤਿਹਾਇਆ। ਹਿਰਾਨੋ ਹੈ=ਪ੍ਰੇਸ਼ਾਨ ਹੋ ਜਾਂਦਾ ਹੈ, ਥਕ ਕੇ ਰਹਿ ਜਾਂਦਾ ਹੈ। ਸ੍ਵਪਨੰਤਰੁ=ਸੁਪਨੇ ਵਿਚ। ਦਿਸੰਤਰ=ਚਾਰੋਂ ਦਿਸ਼ਾ ਵਿਚ ਹੋਰ ਪਾਸੀਂ।

ਅਰਥ–੧. ਜਿਵੇਂ ਤੇਲੀ ਦਾ ਬੈਲ ਜਾਣਦਾ ਹੈ (ਕਿ ਮੈਂ) ਕਈ ਕੋਹ ਚਲ ਆਇਆ ਹਾਂ (ਪਰ ਖੋਪੇ ਲਹਿੰਦਿਆਂ ਸਾਰ) ਅੱਖਾਂ ਦੇ ਉਘੜਦਿਆਂ ਹੀ (ਕੀ ਦੇਖਦਾ ਹੈ ਕਿ ਮੇਰਾ ਤਾਂ) ਉਸੇ ਥਾਵੇਂ ਹੀ ਠਿਕਾਣਾ ਹੈ (ਭਾਵ ਜਿਥੇ ਸਾਂ ਓਥੇ ਦਾ ਓਥੇ ਹੀ ਹਾਂ)। ੨. ਜਿਵੇਂ ਅੰਨ੍ਹਾ ਬੇਫ਼ਿਕਰ ਹੋਕੇ ਰੱਸੀ ਵਟੀ ਜਾਂਦਾ ਹੈ (ਪਰ ਨਾਲੋ ਨਾਲ ਜੇ ਕੋਈ) ਵੱਛਾ ਉਸ ਨੂੰ ਖਾਈ ਜਾਂਦਾ ਹੈ (ਤਾਂ ਜਦ ਉਹ) ਟਟੋਲ ਕੇ ਦੇਖਦਾ ਹੈ (ਕਿ ਰੱਸੀ ਹੁਣ ਤਾਂ ਬੜੀ ਲੰਮੀ ਹੋ ਗਈ ਹੋਵੇਗੀ ਪਰ ਰੱਸੀ ਵੱਛਾ ਖਾ ਗਿਆ ਲਖਕੇ) ਪਛੁਤਾਉਂਦਾ ਹੈ। ੩. ਜਿਵੇਂ ਤ੍ਰਿਹਾਇਆ ਹਰਨ ਮ੍ਰਿਗ ਤ੍ਰਿਸ਼ਨਾਂ ਦੇ ਨੀਰ ਵੱਲ ਦੌੜਦਾ ਹੈ, ਸ਼ਾਂਤ ਨਹੀਂ ਪਾਉਂਦਾ ਤੇ ਭਰਮ ਵਿਚ ਹੀ ਭਟਕਦਾ ਥੱਕਕੇ ਰਹਿ ਜਾਂਦਾ ਹੈ। ੪. ਤਿਵੇਂ (ਮੇਰੀ ਲੰਮੀ ਆਯੂ ਬੀ) ਸੁਪਨੇ ਦੇ ਵਿਚ (ਚਾਰੋਂ) ਦਿਸ਼ਾ ਵਿਚ (ਭ੍ਰਮਦਿਆਂ) ਬੀਤ ਗਈ (ਹੈ, ਮੈਂ) ਓਥੇ ਨਹੀਂ ਪਹੁੰਚ ਸਕਿਆ ਜਿੱਥੇ ਕਿ ਮੈਂ ਜਾਣਾ ਸੀ।

੧. ਸੁਤਨ ਕੇ ਪਿਤਾ ਅਰ ਭ੍ਰਾਤਨ ਕੇ ਭ੍ਰਾਤਾ ਭਏ,
ਭਾਮਨ ਭਤਾਰ ਹੇਤ ਜਨਨੀ ਕੇ ਬਾਰੇ ਹੈਂ॥
੨. ਬਾਲਕ ਕੈ ਬਾਲ ਬੁਧਿ, ਤਰੁਨ ਸੈ ਤਰੁਨਾਈ,
ਬ੍ਰਿਧ ਸੈ ਬ੍ਰਿਧ ਬਿਵਸਥਾ ਬਿਸਥਾਰੇ ਹੈਂ॥
੩. ਦ੍ਰਿਸਟ ਕੈ ਰੂਪ ਰੰਗ, ਸੁਰਤ ਕੈ ਨਾਦ ਬਾਦ,
ਨਾਸਕਾ ਸੁਗੰਧਿ, ਰਸ ਰਸਨਾ ਉਚਾਰੇ ਹੈਂ॥
੪. ਘਟਿ ਅਵਘਟਿ ਨਟ ਵਟ ਅਦਭੁਤ ਗਤਿ,
ਪੂਰਨ ਸਕਲ ਭੂਤ, ਸਭ ਹੀ ਤੈ ਨਜਾਰੇ ਹੈਂ॥੫੭੯॥

ਪਦਾਰਥ- ਭਾਮਨ=ਇਸਤ੍ਰੀ। ਬਾਰੇ=ਬਾਲਕ। ਤਰੁਨ=ਜੁਆਨਾਂ ਨਾਲ। ਬਿਵਸਥਾ=ਅਵਸਥਾ, ਹਾਲਤ, ਭਾਵ ਉਮਰ। ਬਿਸਥਾਰਨਾ=ਫੈਲਾਉ ਕਰਨਾ, ਵਰਤੋਂ ਕਰਨੀ। ਘਟਿ ਅਵਘਟਿ=ਸਰੀਰ ਵਿਚ ਤੇ ਸਰੀਰੋਂ ਬਾਹਰ, ਅੰਦਰ ਬਾਹਰ। ਨਟ ਵਟ=ਨਟ ਵਤ=ਨਟ ਦੀ ਤਰ੍ਹਾਂ। (ਅ) ਮਦਾਰੀ ਦੀ ਗੋਲੀ ਵਾਂਗ, ਜਿਸ ਨਾਲ ਉਹ ਕਈ ਖੇਲ ਕਰਕੇ ਦੱਸਦਾ ਹੈ।

ਅਰਥ-੧. (ਮੇਰੇ ਪ੍ਰੀਤਮ) ਪੁਤ੍ਰਾਂ ਦੇ (ਆਦਰਸ਼ਕ) ਪਿਤਾ ਅਤੇ ਭਰਾਵਾਂ ਦੇ (ਆਦਰਸ਼ਕ) ਭਾਈ ਹਨ, (ਇਸੀ ਤਰ੍ਹਾਂ ਅਪਣੀ) ਇਸਤ੍ਰੀ ਦੇ ਪਿਆਰੇ ਪਤੀ ਅਤੇ ਮਾਤਾ ਦੇ (ਲਾਡਲੇ) ਬਾਲਕ ਹਨ। ੨. ਬਾਲਕਾਂ ਨਾਲ (ਉਹ) ਬਾਲਕ ਬੁਧਿ ਵਾਲੇ (ਭਾਵ ਭੋਲੇ ਭਾਲੇ ਹੋਕੇ ਵਰਤਦੇ) ਹਨ, ਜੁਆਨਾਂ ਨਾਲ (ਉਹ) ਜੁਆਨੀ (ਉਮਰਾ) ਵਾਲੇ (ਹੋ ਕੇ ਵਰਤਦੇ) ਹਨ ਤ੍ਰੇ ਬ੍ਰਿਧਾਂ ਨਾਲ ਬ੍ਰਿਧ ਅਵਸਥਾ ਦਾ ਵਰਤਾਉ ਕਰਦੇ ਹਨ। ੩. ਨਜ਼ਰ (ਵਿਚ) ਰੂਪ ਰੰਗ ਹੋਕੇ, ਕੰਨਾਂ (ਵਿਚ) ਨਾਦ ਤੇ ਵਾਜੇ (ਦੀ ਅਵਾਜ਼) ਹੋਕੇ, ਨਾਸਕਾ ਲਈ ਸੁਗੰਧੀ ਹੋਕੇ, ਰਸਨਾਂ ਉਤੇ ਸੁਆਦ ਅਰ ਉਚਾਰਣ ਰੂਪ ਹੋਕੇ (ਵਿਆਪ ਰਹੇ ਹਨ)। ੪. ਸਰੀਰਾਂ ਵਿਚ ਯਾ ਸਰੀਰਾਂ ਤੋਂ ਬਾਹਰ (ਭਾਵ ਅੰਦਰ ਬਾਹਰ ਉਹ) ਨਟ ਦੀ ਗੋਲੀ ਤਰ੍ਹਾਂ ਅਚਰਜ ਗਤੀ ਰਖਦੇ ਹਨ, ਸਾਰੇ ਸਰੀਰਧਾਰੀਆਂ ਵਿਚ ਪੂਰਨ ਹਨ (ਤੇ ਫੇਰ) ਸਭ ਤੋਂ ਨਿਆਰੇ ਹਨ।

੧. ਜੈਸੇ ਤਿਲ ਪੀੜ ਤੇਲ ਕਾਢੀਅਤ ਕਸਟੁ ਕੈ,
ਤਾਂਤੇ ਹੋਇ ਦੀਪਕ ਜਰਾਏ ਉਜਿਯਾਰੋ ਜੀ॥

੨. ਜੈਸੇ ਰੋਮ ਰੋਮ ਕਰਿ ਕਾਟੀਐ ਅਜਾ ਕੋ ਤਨ,
ਤਾਂਕੀ ਤਾਤ ਬਾਜੈ ਰਾਗ ਰਾਗਨੀ ਸੋ ਪਜਾਰੋ ਜੀ॥

੩. ਜੈਸੇ ਤਉ ਉਟਾਯ ਦਰਪਨ ਕੀਜੈ ਲੋਸ੍ਰ ਸੇਤੀ,
ਤਾਤੇ ਕਰ ਗਹਿ ਮੁਖ ਦੇਖਤ ਸੰਸਾਰੋ ਜੀ॥

੪. ਤੈਸੇ ਦੂਖ ਭੂਖ ਸੁਧ ਸਾਧਨਾ ਕੈ ਸਾਧ ਭਏ,
ਤਾਹੀ ਤੇ ਜਗਤ ਕੋ ਕਰਤ ਨਿਸਤਾਰੋ ਜੀ॥੫੮੦॥

**ਪਦਾਰਥ**- ਕਸਟੁ ਕੈ=ਕਸ਼ਟ ਉਠਾਕੇ, ਮੁਸ਼ੱਕਤ ਨਾਲ। ਉਜਿਯਾਰੋ=ਚਾਨਣਾ। ਅਜਾ=ਬਕਰੀ। ਤਾਂਤ=ਤੰਦੀ। ਉਟਾਯ=ਪਿਘਲਾਕੇ। ਲੋਸ੍ਰ=ਮਿੱਟੀ ਦੀ ਢਿਮ, ਮੁਰਾਦ ਉਸ ਰੇਤ ਦੇ ਢੇਲਿਆਂ ਤੋਂ ਹੈ, ਜਿਨ੍ਹਾਂ ਤੋਂ ਕੰਚ ਬਣਦਾ ਹੈ।

ਅਰਥ-੧. ਜਿਵੇਂ ਕਸ਼ਟ ਉਠਾਕੇ ਤਿਲ ਪੀੜਕੇ ਤੇਲ ਕੱਢੀਦਾ ਹੈ (ਤਾਂ) ਉਸ ਤੋਂ ਦੀਵਾ ਜਗਾਉਣ ਨਾਲ ਚਾਨਣਾ ਹੁੰਦਾ ਹੈ ਜੀ।

੨. ਜਿਵੇਂ ਟੋਟੇ ਟੋਟੇ ਕਰਕੇ ਬਕਰੀ ਦਾ ਤਨ ਕੱਟੀਦਾ ਹੈ (ਤਾਂ) ਉਸ ਦੀਆਂ (ਆਂਦਰਾਂ ਲੈਕੇ ਉਸ ਤੋਂ) ਤੰਦੀ (ਬਣਾਈਦੀ ਹੈ ਜਿਸ ਤੋਂ) ਪਿਆਰੇ ਰਾਗ ਤੇ ਰਾਗਣੀਆਂ ਵਜਾਈਦੇ ਹਨ।

੩. ਜਿਵੇਂ ਮਿੱਟੀ (ਰੇਤ) ਨੂੰ ਪਿਘਲਾਕੇ ਸ਼ੀਸ਼ਾ ਬਣਾ ਲਈਦਾ ਹੈ ਤਾਂ ਸਾਰਾ ਸੰਸਾਰ ਉਸ ਨੂੰ ਹੱਥ ਵਿਚ ਫੜ (ਉਸ ਵਿਚ) ਮੂੰਹ ਵੇਖਦਾ ਹੈ।

੪. ਤਿਵੇਂ (ਇਨਸਾਨ) ਦੁੱਖ ਭੁੱਖ ਤੇ ਸ਼ੁੱਧ ਸਾਧਨਾਂ ਕਰਕੇ ਸਾਧ ਬਣਦਾ ਹੈ, ਇਸੇ ਕਰਕੇ ਉਹ ਜਗਤ ਦਾ ਨਿਸਤਾਰਾ ਕਰ ਸਕਦਾ ਹੈ।

ਭਾਵ- ਸਾਧਨਾਂ ਨਾਲ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ, ਇਸ ਕਰਕੇ ਸਾਧਨਾਂ ਕਰਕੇ ਸੁਧ ਹੋਏ ਸਾਧੂ ਵਿਚ ਜਗਤ ਦੇ ਨਿਸਤਾਰੇ ਦੀ ਯੋਗਤਾ ਆ ਜਾਂਦੀ ਹੈ।


www.sikhbookclub.com

੧. ਜੈਸੇ ਅੰਨਾਦਿ ਆਦਿ ਅੰਤ ਪਰਯੰਤ ਹੰਤ,
ਸਗਲ ਸੰਸਾਰ ਕੋ ਆਧਾਰ ਭਯੋ ਤਾਂਹੀ ਸੈਂ॥

੨. ਜੈਸੇ ਤਉ ਕਪਾਸ ਤ੍ਰਾਸ ਦੇਤ ਨ ਉਸਾਸ ਕਾਢੈ,
ਜਗਤ ਕੀ ਓਟ ਭਏ ਅੰਬਰ ਦਿਵਾਹੀ ਸੈਂ॥

੩. ਜੈਸੇ ਆਪਾ ਖੋਇ ਜਲ ਮਿਲੈ ਸਭਿ ਬਰਨ ਮੈਂ,
ਖਗ ਮ੍ਰਿਗ ਮਾਨਸ ਤ੍ਰਿਪਤ ਗਤ ਯਾਹੀ ਸੈਂ॥

੪. ਤੈਸੇ ਮਨ ਸਾਧਿ ਸਾਧਿ ਸਾਧਨਾ ਕੈ ਸਾਧ ਭਏ,
ਯਾਹੀ ਤੇ ਸਕਲ ਕੌ ਉਧਾਰ, ਅਵਗਾਹੀ ਸੈ॥੫੯੧॥

**ਪਦਾਰਥ**- ਹੰਤ=ਕੁਟੀਂਦੇ ਰਹਿੰਦੇ ਹਨ। ਆਧਾਰ=ਆਸਰਾ। ਸੈਂ=ਤੋਂ, ਕਰਕੇ। **ਤ੍ਰਾਸ ਦੇਤ**=ਮਾਰ ਦਿਤਿਆਂ, ਮਾਰ ਪੈਂਦਿਆਂ। ਉਸਾਸ=ਲੰਮਾ ਸਾਹ। ਠੰਢਾ ਸਾਹ। ਅੰਬਰ=ਬਸਤ੍ਰ। **ਬਰਨ ਮੈਂ**=ਰੰਗਾਂ ਵਿਚ। ਅਵਗਾਹਨਾ=ਨਿਰਣਾ ਕਰਨਾ। ਸੈ=ਹੈ।

ਅਰਥ-੧. ਜਿਵੇਂ ਅੰਨ ਆਦਿਕ (ਪਦਾਰਥ) ਮੁੱਢ ਤੋਂ ਅਖੀਰ ਤੱਕ ਕੁਟੀਂਦੇ (ਭਾਵ ਦੁੱਖ ਉਠਾਉਂਦੇ) ਰਹਿੰਦੇ ਹਨ, ਇਸੇ ਕਰਕੇ ਸਾਰੇ ਸੰਸਾਰ ਦਾ ਅਧਾਰ ਬਣ ਗਏ ਹਨ।

੨. ਜਿਵੇਂ ਕਪਾਹ ਮਾਰ ਪੈਂਦਿਆਂ (ਝੰਬੀਂਦਿਆਂ ਆਦਿ ਸਮੇਂ) ਸਾਹ ਨਹੀਂ ਕੱਢਦੀ, (ਤਦੇ ਹੀ) ਕਪੜੇ ਦੇਂਦੀ ਹੈ ਤੇ ਜਗਤ ਦੀ ਓਟ (ਪਰਦੇ ਢੱਕ) ਹੋ ਗਈ ਹੈ।

੩. ਜਿਵੇਂ ਪਾਣੀ ਨੇ ਆਪਾ ਭਾਵ ਗੁਆਉਣ (ਵਿਚ ਇਤਨਾ ਕਮਾਲ ਕੀਤਾ ਹੈ ਕਿ) ਸਾਰੇ ਰੰਗਾਂ ਨਾਲ ਤਦਰੂਪ ਹੋ ਜਾਂਦਾ ਹੈ, ਇਸ (ਨਿਰਮਲ ਦਸ਼ਾ) ਕਰਕੇ ਹੀ ਪੰਛੀ, ਪਸ਼ੂ ਤੇ ਮਨੁਖਾਂ ਨੂੰ ਤ੍ਰਿਪਤੀ ਦੇਣ ਦੀ ਗਤੀ ਵਾਲਾ ਹੋ ਗਿਆ ਹੈ।

੪. ਤਿਵੇਂ (ਸਾਧੂ ਲੋਕ) ਮਨ ਨੂੰ ਸਾਧਨਾਂ ਨਾਲ ਸਾਧ ਸਾਧਕੇ ਸਾਧ ਹੋਏ ਹਨ, ਇਸੇ ਕਰਕੇ (ਓਹ) ਸਮੂਹ ਦਾ ਉਧਾਰ ਕਰਨਹਾਰ ਹਨ, (ਇਹ ਗੱਲ) ਨਿਰਣੈ ਕੀਤੀ ਹੋਈ ਹੈ।

੧. ਸੰਗ ਮਿਲਿ ਚਲੈ ਨਿਰਬਿਘਨ ਪਹੂਚੈ ਘਰ,
ਬਿਛਰੈ ਤੁਰਤ ਬਟਵਾਰੋ ਮਾਰ ਡਾਰ ਹੈਂ॥

੨. ਜੈਸੇ ਬਾਰ ਦੀਏ ਖੇਤ ਛੁਵਤ ਨ ਮ੍ਰਿਗ ਨਰ,
ਛੇਡੀ ਭਏ ਮ੍ਰਿਗ ਪੰਖੀ ਖੇਤਹਿ ਉਜਾਰ ਹੈਂ॥

੩. ਪਿੰਜਰਾ ਮੈ ਸੂਆ ਜੈਸੇ ਰਾਮ ਨਾਮ ਲੇਤ ਹੇਤੁ,
ਨਿਕਸਤਿ ਖਿਨ ਤਾਂਹਿ ਗ੍ਰਸਤ ਮੰਜਾਰ ਹੈ॥

੪. ਸਾਧ ਸੰਗ ਮਿਲਿ ਮਨ ਪਹੁਚੈ ਸਹਜ ਘਰਿ,
ਬਿਚਰਤ ਪੰਚੋ ਦੂਤ ਪ੍ਰਾਨ ਪਰਿਹਾਰ ਹੈਂ॥੫੮੨॥

ਪਦਾਰਥ- ਬਟਵਾਰੋ=ਰਾਹ ਮਾਰ, ਡਾਕੂ। ਬਾਰ=ਵਾੜ, ਖੇਤ ਦੀ ਵਾੜ। ਛੇਡੀ=ਖੁਲ੍ਹਾ ਛੱਡਿਆਂ। ਸੂਆ=ਤੋਤਾ। ਹੇਤੁ=ਹਿਤ ਵਿਚ ਭਾਵ ਸਲਾਮਤੀ ਵਿਚ। ਗ੍ਰਸਤ=ਫੜ ਲੈਂਦੀ ਹੈ। ਮੰਜਾਰ=ਬਿੱਲੀ। ਪੰਚੋ ਦੂਤ=ਪੰਜੇ ਵਿਕਾਰ; ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਪਰਿਹਾਰ ਹੈਂ=ਮਾਰ ਦਿੰਦੇ ਹਨ।

ਅਰਥ-੧. (ਜੋ) ਸੰਗ ਦੇ ਨਾਲ ਮਿਲਕੇ (ਪੈਂਡਾ) ਚਲੇ (ਉਹ) ਨਿਰਬਿਘਨ ਘਰ ਪਹੁੰਚਦਾ ਹੈ, ਜੋ ਬਿਛੁੜ ਜਾਏ, ਉਸ ਨੂੰ ਰਾਹ ਮਾਰ ਝੱਟ ਮਾਰ ਸੁਟਦੇ ਹਨ। ੨. ਜਿਵੇਂ ਵਾੜ ਦਿੱਤਿਆਂ ਖੇਤ ਨੂੰ ਹਰਨ ਯਾ ਮਨੁੱਖ ਨਹੀਂ ਛੁਹ ਸਕਦੇ (ਪਰ) ਖੁੱਲ੍ਹਾ ਛਡਿਆਂ ਪਸ਼ੂ ਪੰਛੀ[1] ਖੇਤ ਨੂੰ ਉਜਾੜ ਦਿੰਦੇ ਹਨ। ੩. ਪਿੰਜਰੇ ਵਿਚ (ਪਿਆ) ਤੋਤਾ ਜਿਵੇਂ ਰਾਮ ਨਾਮ ਰਟਦਾ ਸਲਾਮਤੀ ਵਿਚ (ਰਹਿੰਦਾ ਹੈ), (ਪਰ ਜੇ) ਨਿਕਲਦਾ ਹੈ ਤਾਂ ਉਸੇ ਵੇਲੇ ਬਿੱਲੀ ਫੜ ਲੈਂਦੀ ਹੈ[2]। ੪. (ਤਿਵੇਂ) ਸਾਧੂ ਦੇ ਸੰਗ ਨੂੰ ਮਿਲਕੇ ਮਨ ਸਹਜ ਘਰ ਪਹੁੰਚ ਜਾਂਦਾ ਹੈ; (ਪਰ ਜੇ ਖੁੱਲ੍ਹਾ) ਵਿਚਰੇ ਤਾਂ ਪੰਜੇ ਦੂਤ (ਕਾਮ ਕ੍ਰੋਧਾਦਿ) ਪ੍ਰਾਣ ਨਾਸ਼ ਕਰ ਦਿੰਦੇ ਹਨ।

---

੧. ਸ਼ੁੱਧ ਪਾਠ 'ਪੰਥੀ' ਸੀ, 'ਪੰਖੀ' ਲਿਖਾਰੀ ਦੀ ਕਲਮ ਉਕਾਈ ਹੋਈ ਜਾਪਦੀ ਹੈ।
੨. ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ। ਤੋਤੇ ਦੀ ਕੈਦ ਦੀ ਮਹਿਮਾ ਏਥੇ ਨਹੀਂ ਦਰਸਾਈ, ਪਰ ਘਰੇਲੂ ਤੋਤਾ ਉਡਨਾ ਭੁਲ ਜਾਣ ਕਰਕੇ ਘਰ ਵਿਚ ਬਿੱਲੀ ਕੁੱਤੇ ਹੋਣ ਕਰਕੇ ਪਿੰਜਰੇ ਦੇ ਆਸਰੇ ਹੀ ਬਚਦਾ ਹੈ।

੧. ਜੈਸੇ ਤਾਤ ਮਾਤ ਗ੍ਰਿਹ ਜਨਮਤ ਸੁਤ ਘਨੇ,
ਸਕਲ ਨ ਹੋਤ ਸਮਸਰ ਗੁਨ ਗੱਥ ਜੀ॥
੨. ਚਟੀਆ ਅਨੇਕ ਜੈਸੇ ਆਵੈਂ ਚਟਸਾਲ ਬਿਖੈ,
ਪੜਤ ਨ ਏਕਸੇ ਸਰਬ ਹਰ ਕੱਥ ਜੀ॥
੩. ਜੈਸੇ ਨਦੀ ਨਾਵ ਮਿਲਿ ਬੈਠਤ ਅਨੇਕ ਪੰਥੀ,
ਹੋਤ ਨ ਸਮਾਨ ਸਭੈ ਚਲਤ ਹੈਂ ਪੱਥ ਜੀ॥
੪. ਤੈਸੇ ਗੁਰਚਰਨ ਸ਼ਰਨ ਹੈਂ ਅਨੇਕ ਸਿਖ,
ਸਤਿਗੁਰ ਕਰਨ ਕਾਰਨ ਸਮਰੱਥ ਜੀ॥੫੮੩॥

**ਪਦਾਰਥ**- ਗੁਨ ਗੱਥ=ਗੁਣਾਂ ਦੀ ਪੂੰਜੀ। (ਗੱਥ=ਸੰਗ੍ਰਹ, ਪੂੰਜੀ, ਧਨ, ਮਾਲ)। ਚਟੀਆ=ਵਿਦਜਾਰਥੀ। ਹਰਿ ਕੱਥ=ਹਰੀ ਕੱਥਾ (ਕਥਜ=ਵਕਤਵਜ)। ਪੱਥ=ਪੰਧ-ਰਾਹ।

ਅਰਥ-੧. ਜਿਵੇਂ (ਇਕ) ਮਾਂ ਬਾਪ ਦੇ ਘਰ ਅਨੇਕ ਪੁਤ੍ਰ ਜੰਮਦੇ ਹਨ, (ਪਰ) ਸਾਰੇ (ਪੁਤ੍ਰ) ਗੁਣਾਂ ਦੀ ਪੂੰਜੀ ਵਿਚ ਇਕ ਸਮਾਨ ਨਹੀਂ ਹੁੰਦੇ।

੨. ਜਿਵੇਂ (ਇਕ) ਪਾਠਸ਼ਾਲਾ ਵਿਖੇ ਅਨੇਕ ਵਿਦਜਾਰਥੀ (ਪੜ੍ਹਨ) ਆਉਂਦੇ ਹਨ, (ਪਰ) ਸਾਰੇ ਹਰੀ ਕਥਾ ਇਕੋ ਜਿਹੀ ਨਹੀਂ ਪੜ੍ਹਦੇ।

੩. ਜਿਵੇਂ ਨਦੀ (ਤੋਂ ਪਾਰ ਹੋਣ ਲਈ) ਨੌਕਾ ਉਪਰ ਅਨੇਕਾਂ ਰਾਹੀ ਮਿਲ ਬੈਠਦੇ ਹਨ, (ਪਰ) ਸਾਰੇ ਇੱਕੋ ਹੀ ਰਾਹ ਦੇ ਚੱਲਣ ਵਾਲੇ ਨਹੀਂ ਹੁੰਦੇ।

੪. ਤਿਵੇਂ ਗੁਰੂ ਚਰਨਾਂ ਦੀ ਸ਼ਰਨ (ਆਏ ਹੋਏ) ਅਨੇਕ ਸਿਖ ਹਨ (ਜੋ ਅਵਸਥਾ ਭੇਦ ਕਰਕੇ ਇਕ ਤੁਲ ਨਹੀਂ ਹੁੰਦੇ; ਤੇ ਜਿਵੇਂ ਮਾਪੇ, ਪਾਂਧਾ, ਮਲਾਹ ਅਪਣੇ ਬੱਚਿਆਂ, ਸ਼ਗਿਰਦਾਂ, ਮੁਸਾਫਰਾਂ ਨੂੰ ਇਕ ਤੁਲ ਨਹੀਂ ਬਣਾ ਸਕਦੇ, ਸਤਿਗੁਰੂ ਤਿਵੇਂ ਨਹੀਂ) ਸਤਿਗੁਰੂ (ਪੂਰਨ) ਸਮਰੱਥ ਤੇ ਕਾਰਨ ਕਰਨ (ਹੋਣ ਕਰਕੇ ਸ਼ਕਤੀ ਰਖਦਾ ਹੈ ਕਿ ਨੀਵਿਆਂ ਨੂੰ ਉੱਚਿਆਂ ਤੇ ਇਕ ਤੁੱਲ ਕਰ ਦੇਵੇ)।

੧. ਜੈਸੇ ਜਨਮਤ ਕੰਨਜਾ ਦੀਜੀਐ ਦਹੇਜ ਘਨੋ,
ਤਾਕੇ ਸੁਤ ਆਗੈ ਬਜਾਹੇ ਬਹੁ ਪੁਨ ਲੀਜੀਐ॥
੨. ਜੈਸੇ ਦਾਮ ਲਾਈਅਤ ਪ੍ਰਥਮ ਬਨਜ ਬਿਖੈ,
ਪਾਛੈ ਲਾਭ ਹੇਤ ਮਨ ਸਕੁਚ ਨ ਕੀਜੀਐ॥
੩. ਜੈਸੇ ਗਊ ਸੇਵਾ ਕੈ ਸਹੇਤ ਪ੍ਰਤਿਪਾਲੀਅਤ,
ਸਕਲ ਅਖਾਦ ਵਾਕੋ ਦੂਧ ਦੁਹਿ ਪੀਜੀਐ॥
੪. ਤੈਸੇ ਤਨ ਮਨ ਧਨ ਅਰਪ ਸਰਨ ਗੁਰ,
ਦੀਖਜਾ ਦਾਨ ਲੈ ਅਮਰ ਸਦ ਸਦ ਜੀ ਜੀਐ॥੫੮੪॥

ਪਦਾਰਥ- ਦਹੇਜ=ਦਾਜ। ਸਕੁਚ=ਸੰਕੋਚ। ਸਹੇਤ=ਹਿਤ ਨਾਲ। ਅਖਾਦ=(ਮਨੁਖਾਂ ਦੇ) ਨਾ ਖਾਣੇ ਜੋਗ ਭਾਵ ਘਾਹ ਪੱਠਾ। ਦੁਹਿ=ਚੋਕੇ। ਦੀਖਜਾ=ਗੁਰਮੰਤ੍ਰ, ਨਾਮ।

ਅਰਥ-੧. ਜਿਵੇਂ (ਘਰ) ਧੀ ਜੰਮਦੀ ਹੈ (ਤਾਂ ਉਸ ਦੇ ਵਿਆਹ ਪਰ) ਬਹੁਤਾ ਦਾਜ ਦੇਈਦਾ ਹੈ, (ਪਰ ਜਦ) ਅਗੋਂ ਉਸ ਦੇ ਪੁਤ੍ਰਾਂ ਦੇ ਵਿਆਹ ਕਰੀਦੇ ਹਨ ਤਾਂ ਫਿਰ ਬਹੁਤਾ (ਦਾਜ) ਲਈਦਾ ਹੈ। ੨. ਜਿਵੇਂ ਪਹਿਲੋਂ ਵਣਜ ਵਿਚ ਦਾਮ (ਅਪਣੇ ਕੋਲੋਂ) ਖਰਚੀਦੇ ਹਨ, (ਪਰ) ਪਿਛੋਂ ਨਫ਼ਾ (ਲੈਣ) ਵਾਸਤੇ ਮਨ ਵਿੱਚ (ਕੋਈ) ਸੰਕੋਚ ਨਹੀਂ ਕਰੀਦਾ। ੩. ਜਿਵੇਂ ਗਊ ਸੇਵਾ ਕਰਕੇ ਹਿਤ ਨਾਲ ਪਾਲੀਦੀ ਹੈ, (ਪਰ) ਸਾਰੀਆਂ (ਚੀਜ਼ਾਂ ਜੋ ਮਨੁੱਖਾਂ ਲਈ) ਅਖਾਦਜ ਹਨ (ਭਾਵ ਘਾਹ ਤੂੜੀ ਆਦਿ ਉਸ ਨੂੰ ਦੇਕੇ) ਉਸਦੇ (ਬਦਲੇ ਅੰਮ੍ਰਿਤ ਤੁਲ) ਦੁੱਧ ਚੋਕੇ ਪੀਵੀਦਾ ਹੈ। ੪. ਤਿਵੇਂ ਹੀ (ਪਹਿਲੋਂ) ਤਨ ਮਨ ਤੇ ਧਨ ਗੁਰੂ ਸ਼ਰਨ ਵਿਚ ਅਰਪੀਦਾ ਹੈ ਤੇ ਫੇਰ ਦੀਖਜਾ ਦਾਨ ਲੈਕੇ ਅਮਰ ਹੋ ਜਾਈਦਾ ਤੇ ਸਦਾ ਸਦਾ ਜੀਵੀਦਾ ਹੈ।

ਭਾਵ- ਤਨ ਮਨ ਧਨ ਦੀ ਗੁਰੂ ਨੂੰ ਲੋੜ ਨਹੀਂ, ਉਹ ਇਨ੍ਹਾਂ ਤੋਂ ਉੱਚਾ ਤੇ ਬੇਮੁਹਤਾਜ ਹੈ, ਪਰ ਸਾਡੇ ਏਹ ਦੇਣ ਨਾਲ ਸਾਡੀ ਹੁਉਮੈ ਹਟਦੀ ਹੈ ਤੇ ਗੁਰੂ ਦੀਖਜਾ ਫੇਰ ਮਨ ਵਿਚ ਟਿਕਕੇ ਵਸਦੀ ਹੈ, ਜਿਸ ਨਾਲ ਕਿ ਅਮਰ ਹੋ ਜਾਈਦਾ ਹੈ।

੧. ਜੈਸੇ ਲਾਖ ਕੋਰਿ ਲਿਖਤ ਨ ਕਨ ਭਾਰ ਲਾਗੈ,
ਜਾਨਤ ਸੁ ਸੂਮ ਹੋਇ ਜਾਕੈ ਗਨ ਰਾਖੀਐ॥
੨. ਅੰਮ੍ਰਿਤ ਅੰਮ੍ਰਿਤ ਕਹੈ ਪਾਈਐ ਨ ਅਮਰ ਪਦ,
ਜੌਲੌ ਜਿਹ੍ਵਾ ਕੈ ਸੁਰਸ ਅੰਮ੍ਰਿਤ ਨ ਚਾਖੀਐ॥
੩. ਬੰਦੀਜਨ ਕੀ ਅਸੀਸ ਭੂਪਤ ਨ ਹੋਇ ਕੋਊ,
ਸਿੰਘਾਸਨ ਬੈਠੇ ਜੈਸੇ ਚਕ੍ਵੈ ਨ ਭਾਖੀਐ॥
੪. ਤੈਸੇ ਲਿਖੇ ਸੁਨੇ ਕਹੇ ਪਾਈਐ ਨਾ ਗੁਰ ਮਤਿ,
ਜੌ ਲੌ ਗੁਰਸਬਦ ਕੀ ਸੁਜੁਕਤ ਨ ਲਾਖੀਐ॥੫੮੫॥

ਪਦਾਰਥ- ਕਨ=ਕਿਣਕਾ। ਸੂਮ=ਖੇਚਲ। ਬੰਦੀਜਨ=ਭੱਟ। ਚਕ੍ਵੈ=ਚੱਕ੍ਰਵਰਤੀ, ਸ਼ਹਿਨਸ਼ਾਹ। ਸੁਜੁਕਤ=ਸੁਹਣੀ ਜੁਗਤੀ।

ਅਰਥ-੧. ਜਿਵੇਂ ਲੱਖਾਂ ਕ੍ਰੋੜਾਂ (ਦੀ ਰਕਮ) ਲਿਖਕੇ (ਚੁੱਕੀਏ ਤਾਂ) ਕਿਨਕਾ ਮਾਤ੍ਰ ਬੀ ਭਾਰ ਨਹੀਂ ਲੱਗਦਾ, (ਪਰ) ਜਿਸਦੇ (ਸਿਰ ਵੱਡੀ ਰਕਮ) ਗਿਣਕੇ ਰਖ ਦੇਈਏ, ਉਸ ਨੂੰ ਪਤਾ ਲਗਦਾ ਹੈ ਕਿ (ਕਿੰਨੀ ਕੁ) ਖੇਚਲ ਹੁੰਦੀ ਹੈ। ੨. (ਜਿਵੇਂ) ਅੰਮ੍ਰਿਤ ਅੰਮ੍ਰਿਤ ਕਿਹਾਂ ਅਮਰ ਪਦ ਨਹੀਂ ਪਾਇਆ ਜਾਂਦਾ, ਜਦ ਤਕ ਜੀਭ ਨਾਲ ਅੰਮ੍ਰਿਤ ਦਾ ਸੁਹਣਾ ਰਸ ਨਾ ਚੱਖੀਏ। ੩. ਜਿਵੇਂ (ਨਿਰੀ) ਭੱਟ ਦੀ ਅਸੀਸ ਨਾਲ ਕੋਈ ਰਾਜਾ ਨਹੀਂ ਬਣ ਸਕਦਾ, ਜਦ ਤਕ ਕਿ ਸਿੰਘਾਸਨ ਤੇ ਬੈਠਕੇ (ਕੋਈ) ਚਕ੍ਰਵਰਤੀ ਨਾ ਹੁਕਾਇਆ ਜਾਵੇ। ੪. ਤਿਵੇਂ ਲਿਖਣ, ਸੁਣਨ ਤੇ ਕਹਿਣ ਮਾਤ੍ਰ ਨਾਲ ਗੁਰੂ ਮਤ ਨਹੀਂ ਪਾਈ ਜਾ ਸਕਦੀ ਜਦ ਤਕ ਕਿ ਗੁਰੂ ਸ਼ਬਦ (ਦੀ ਕਮਾਈ) ਦੀ ਸੁਹਣੀ ਜੁਗਤੀ ਨਾ ਲਖ ਲਈਏ*।

* ਅਥਵਾ, ਜਦ ਤਕ ਕਿ ਗੁਰ ਸ਼ਬਦ ਨਾਲ ਚੰਗੀ ਤਰ੍ਹਾਂ ਜੁੜ ਜਾਣ (ਦੀ ਅਵਸਥਾ ਨੂੰ) ਲਖ ਨਾ ਲਈਏ।

੧. ਜੈਸੇ ਤਉ ਚੰਪਕ ਬੇਲ ਬਿਬਧ ਬਿਥਾਰ ਚਾਰੁ,
ਬਾਸਨਾ ਪ੍ਰਗਟ ਹੋਤ ਫੂਲ ਹੀ ਮੈ ਜਾਇਕੈ॥
੨. ਜੈਸੇ ਦ੍ਰੁਮ ਦੀਰਘ ਸ੍ਵਰੂਪ ਦੇਖੀਐ ਪ੍ਰਸਿੱਧ,
ਸ੍ਵਾਦ ਰਸ ਹੋਤ ਫਲ ਹੀ ਮੈ ਪੁਨ ਆਇਕੈ॥
੩. ਜੈਸੇ ਗੁਰ ਗਜਾਨ ਰਾਗ ਨਾਦ ਹਿਰਦੈ ਬਸਤ,
ਕਰਤ ਪ੍ਰਕਾਸ ਤਾਸ ਰਸਨਾ ਰਸਾਇਕੈ॥
੪. ਤੈਸੇ ਘਟ ਘਟ ਬਿਖੈ ਪੂਰਨ ਬ੍ਰਹਮ ਰੂਪ,
ਜਾਨੀਐ ਪ੍ਰਤਜਛ ਮਹਾਂ ਪੁਰਖ ਮਨਾਇਕੈ॥੫੮੬॥

ਪਦਾਰਥ- ਚੰਪਕ=ਚੰਬਾ। ਦ੍ਰੁਮ=ਬ੍ਰਿੱਛ।

ਅਰਥ-੧. ਜਿਵੇਂ ਚੰਬੇ ਦੀ ਵੇਲ ਦਾ ਤਾਂ ਅਨੇਕ ਤਰ੍ਹਾਂ ਦਾ ਸੁਹਣਾ ਵਿਸਥਾਰ ਹੁੰਦਾ ਹੈ, (ਪਰ) ਸੁਗੰਧੀ ਫ਼ੁੱਲ ਵਿਚ ਹੀ ਜਾਕੇ ਪ੍ਰਗਟ ਹੁੰਦੀ ਹੈ। ੨. ਜਿਵੇਂ ਬ੍ਰਿੱਛ ਦਾ ਵੱਡਾ (ਵਿਸਥਾਰ ਵਾਲਾ) ਸਰੂਪ ਤਾਂ ਪ੍ਰਤੱਖ ਦਿੱਸਦਾ ਹੈ, (ਪਰ) ਸ੍ਵਾਦ ਤੇ ਰਸ ਫਿਰ ਫਲ ਵਿੱਚੋਂ ਹੀ ਆਕੇ (ਪ੍ਰਗਟ) ਹੁੰਦਾ ਹੈ। ੩. ਜਿਸ ਤਰ੍ਹਾਂ (ਕਿਸੇ ਦੇ ਅੰਦਰ) ਗੁਰੂ ਦਾ (ਦਿੱਤਾ) ਗਜਾਨ, ਰਾਗ ਤੇ ਨਾਦ ਹਿਰਦੇ ਵਿਚ (ਸਾਮਾਨ ਰੂਪ ਵਿਚ) ਵੱਸਦਾ ਹੁੰਦਾ ਹੈ, (ਪਰ) ਪ੍ਰਕਾਸ਼ਮਾਨ (ਤਦ ਹੀ) ਹੁੰਦਾ ਹੈ (ਜਦ) ਰਸਨਾ ਉਸ ਨੂੰ ਰਸਾਕੇ (ਸ੍ਵਾਦੀਕ ਬਣਾਕੇ ਸੁਣਾਵੇ)। ੪. ਤਿਵੇਂ ਬ੍ਰਹਮ ਘਟ ਘਟ ਵਿਚ ਪੂਰਨ ਰੂਪ ਕਰਕੇ (ਸਮਾਯਾ ਹੋਇਆ ਹੈ, ਪਰ) ਪ੍ਰਤੱਖ (ਤਦ) ਜਾਣਿਆਂ ਜਾਂਦਾ ਹੈ (ਜਦ ਕਿਸੇ) ਮਹਾਂ ਪੁਰਖ ਨੂੰ ਮਨਾਇਆ ਜਾਵੇ।

ਭਾਵ- ਮਹਾਂ ਪੁਰਖ ਜਿਸ ਨੇ ਆਪ ਬ੍ਰਹਮ ਨੂੰ ਪ੍ਰਤੱਖ ਕਰ ਲਿਆ, ਉਹ ਜਗਜਾਸੂ ਨੂੰ ਕੇਵਲ ਦਿਮਾਗੀ ਗਜਾਨ ਤੇ ਨਹੀਂ ਛੋੜਦਾ, ਸਗੋਂ ਅਗੋਂ 'ਅਨੁਭਵ' ਵਿਚ ਲੈ ਜਾਂਦਾ ਹੈ।

 www.sikhbookclub.com

੧. ਜੈਸੇ ਬ੍ਰਿਥਾਵੰਤ ਜੰਤ ਪੂਛੈ ਬੈਦ ਬੈਦ ਪ੍ਰਤਿ,
ਜੌ ਲੌ ਨ ਮਿਟਤ ਰੋਗ ਤੌ ਲੌ ਬਿਲਲਾਤ ਹੈ॥

੨. ਜੈਸੇ ਭੀਖ ਮਾਂਗਤ ਭਿਖਾਰੀ ਘਰਿ ਘਰਿ ਡੋਲੈ,
ਤੌ ਲੌ ਨਹੀਂ ਆਵੈ ਚੈਨ ਜੌ ਲੌ ਨ ਅਘਾਤ ਹੈ॥

੩. ਜੈਸੇ ਬਿਰਹਨੀ ਸੌਨ ਸਗਨ ਲਗਨ ਸੋਧੈ,
ਜੌ ਲੌ ਨ ਭਤਾਰ ਭੇਟੈ ਤੌ ਲੌ ਅਕੁਲਾਤ ਹੈ॥

੪. ਤੈਸੇ ਖੋਜੀ ਖੋਜੈ ਅਲ ਕਮਲ ਕਮਲ ਗਤਿ,
ਜੌ ਲੌ ਨ ਪਰਮ ਪਦ ਸੰਪਟ ਸਮਾਤ ਹੈ॥੫੮੭॥

ਪਦਾਰਥ- ਬ੍ਰਿਥਾਵੰਤ=ਰੋਗੀ। ਅਘਾਤ ਹੈ=ਰੱਜਦਾ ਹੈ। ਸੌਨ=ਸ਼ਗਨ, ਔਸੀਆਂ। ਅਕੁਲਾਤ ਹੈ=ਵਜਾਕੁਲ ਹੁੰਦੀ ਹੈ। ਅਲ=ਭੌਰਾ। ਕਮਲ ਕਮਲ=ਇਕ ਤੋਂ ਦੂਏ ਕਮਲ ਨੂੰ। ਭਾਵ ਹਰ ਕਮਲ ਨੂੰ। ਗਤਿ=ਮੁਕਤੀ। ਸੰਪਟ=ਡੱਬਾ। ਕਵਲ ਦਾ ਫੁਲ ਸੂਰਜ ਛੁਪਣ ਸਮੇਂ ਮਿਟ ਜਾਂਦਾ ਹੈ ਤਦ ਭੌਰਾ ਵਿਚ ਹੀ ਪਿਆ ਰਹਿੰਦਾ ਹੈ।

ਅਰਥ-੧. ਜਿਵੇਂ ਰੋਗੀ ਜੀਵ ਹਰੇਕ ਵੈਦ ਨੂੰ ਪੁਛਦਾ ਫਿਰਦਾ ਹੈ ਜਦ ਤਕ ਉਸ ਦਾ ਰੋਗ ਨਹੀਂ ਮਿਟਦਾ ਤਦ ਤਕ (ਅਪਣੀ ਪੀੜਾ ਦੇ ਰੋਣੇ) ਰੋਂਦਾ ਰਹਿੰਦਾ ਹੈ। ੨. ਜਿਵੇਂ ਮੰਗਤਾ ਭਿਖਜਾ ਮੰਗਦਾ ਘਰ ਘਰ ਡੋਲਦਾ ਫਿਰਦਾ ਹੈ, ਤਦ ਤਕ (ਉਸ ਨੂੰ) ਚੈਨ ਨਹੀਂ ਆਉਂਦਾ ਜਦ ਤਕ (ਉਹ) ਰੱਜਦਾ ਨਹੀਂ। ੩. ਜਿਵੇਂ ਵਿਯੋਗਣ ਸ਼ਗਨ (ਮਨਾਉਂਦੀ), ਲਗਨ ਸੋਧਦੀ ਤੇ ਔਸੀਆਂ ਪਾਉਂਦੀ ਹੈ, (ਇਉਂ) ਜਦ ਤਕ ਪਤੀ ਨੂੰ ਨਹੀਂ ਮਿਲਦੀ ਤਦ ਤਕ ਵਿਆਕੁਲ (ਹੁੰਦੀ ਰਹਿੰਦੀ) ਹੈ। ੪. ਇਸੇ ਤਰ੍ਹਾਂ ਖੋਜੀ (ਜਗਜਾਸੂ) ਭੌਰੇ ਦੇ ਹਰ ਕਵਲ ਫੁੱਲ ਨੂੰ (ਢੂੰਡਣ) ਵਾਂਙ ਤਲਾਸ਼ ਵਿਚ ਰਹਿੰਦਾ ਹੈ ਜਦ ਤਕ ਕਿ ਪਰਮ ਪਦ ਰੂਪੀ ਸੰਪੁਟ ਵਿਚ ਸਮਾ ਨਹੀਂ ਜਾਂਦਾ।

ਭਾਵ- ਜਦ ਤਕ ਜਗਜਾਸੂ ਪੂਰਨ ਅਵਸਥਾ ਪ੍ਰਾਪਤ ਕਰਕੇ ਵਾਹਿਗੁਰੂ ਵਿਚ ਸਮਾਈ ਪ੍ਰਾਪਤ ਨਹੀਂ ਕਰਦਾ, ਤਦ ਤਕ ਘਬਰਾਉਂਦਾ ਹੈ।

 www.sikhbookclub.com

੧. ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ,
ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ॥
੨. ਸੂੰਘਤ ਸੂੰਘਤ ਸੌਧਾ ਜੈਸੇ ਤਉ ਸੁਬਾਸੀ ਹੋਤ,
ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ॥
੩. ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ,
ਚਾਖਤ ਚਾਖਤ ਜੈਸੇ ਭੋਗੀ ਰਸੁ ਭੀਨ ਹੈ॥
੪. ਚਲਤ ਚਲਤ ਜੈਸੇ ਪਹੁਚੈ ਠਿਕਾਨੈ ਜਾਇ,
ਖੋਜਤ ਖੋਜਤ ਗੁਰਸਬਦੁ ਬਿਲਲੀਨ ਹੈ॥੫੮੮॥

ਪਦਾਰਥ- ਪੇਖਤ=ਦੇਖਦਿਆਂ। ਸੌਧਾ=ਸੁੰਘੇ ਜਾਣ ਵਾਲੇ ਪਦਾਰਥ, ਅਤਰ ਆਦਿਕ। ਸੁਬਾਸੀ=ਸੁਹਣੀਆਂ ਵਾਸ਼ਨਾਂ ਨੂੰ ਜਾਣਨ ਵਾਲਾ, ਗਾਂਧੀ। ਗਾਇਨ ਗੁਨੀਨ=ਗਾਉਣ ਵਾਲੀਆਂ ਵਿਚ ਗੁਣੀ। ਭੋਗੀ=ਭੋਗਣ ਵਾਲਾ, ਭਾਵ ਚਾਖਾ। ਰਸੁ ਭੀਨ=ਰਸਾਂ ਵਿਚ ਭਿੱਜਾ ਹੋਇਆ ਭਾਵ ਰਸਾਂ ਦਾ ਗਜਾਤਾ।

ਅਰਥ-੧. (ਰਤਨਾਂ ਨੂੰ) ਵੇਖਦਿਆਂ ਵੇਖਦਿਆਂ ਜਿਵੇਂ ਰਤਨਾਂ ਦਾ ਪਾਰਖੂ ਹੋ ਜਾਈਦਾ ਹੈ, (ਗਿਆਨ ਗੋਸ਼ਟ) ਸੁਣਦਿਆਂ ਸੁਣਦਿਆਂ ਜਿਵੇਂ ਚਤੁਰ ਪੰਡਤ (ਬਣ ਜਾਈਦਾ) ਹੈ। ੨. ਅਤਰਾਂ ਨੂੰ ਸੁੰਘਦਿਆਂ ਸੁੰਘਦਿਆਂ ਜਿਵੇਂ ਕਿ ਗਾਂਧੀ ਹੋ ਜਾਈਦਾ ਹੈ, ਗਾਂਵਦਿਆਂ ਗਾਂਵਦਿਆਂ ਜਿਵੇਂ ਗਾਉਣ ਵਾਲਿਆਂ ਵਿਚ ਗੁਣੀ ਬਣ ਜਾਈਦਾ ਹੈ। ੩. ਲਿਖਤਾਂ ਲਿਖਦਿਆਂ ਲਿਖਦਿਆਂ ਜਿਵੇਂ ਕਿ (ਚੰਗੇ) ਲਿਖਾਰੀ ਹੋ ਜਾਈਦਾ ਹੈ, ਚਖਦਿਆਂ ਚਖਦਿਆਂ ਜਿਵੇਂ ਰਸ ਦਾ ਗਜਾਤਾ ਚਾਖਾ ਹੋ ਜਾਈਦਾ ਹੈ। ੪. ਚਲਦਿਆਂ ਚਲਦਿਆਂ ਜਿਵੇਂ ਮੰਜ਼ਲ ਤੇ ਪੁਜ ਜਾਈਦਾ ਹੈ, ਤਿਵੇਂ ਖੋਜਦਿਆਂ ਖੋਜਦਿਆਂ ਗੁਰੂ ਸ਼ਬਦ ਵਿਚ ਲਿਵਲੀਨ ਹੋ ਜਾਈਦਾ ਹੈ।

ਭਾਵ- ਇਸ ਵਿਚ ਅਭਜਾਸ ਕਰਨ ਦੀ ਸਿਖਜਾ ਦਿੱਤੀ ਹੈ ਤੇ ਸ਼ਬਦ ਦੇ ਅਭਜਾਸ ਦੀ ਅੰਤਲੀ ਮਨਜ਼ਲ 'ਸ਼ਬਦ ਲਿਵਲੀਨਤਾ' ਦਰਸਾਈ ਹੈ। ਪਹਿਲੇ ਸੱਤਾਂ ਪ੍ਰਮਾਣਾਂ ਵਿਚ ਬੁਧੀ ਨੇ ਅਭਜਾਸ ਨਾਲ ਤੀਖਣ ਤੇ ਚਤੁਰ ਹੋਣਾ ਹੈ ਪਰ ਸ਼ਬਦ ਦੇ ਅਭਜਾਸ ਨੇ ਬੁਧੀ ਨੂੰ ਤੀਖਣ ਨਹੀਂ ਕਰਨਾ, ਪਰ ਕਿਸੇ ਲਿਵਲੀਨਤਾ ਵਿਚ ਮਗਨ ਕਰਨਾ ਹੈ।

੧. ਜੈਸੇ ਅਲ ਕਮਲ ਕਮਲ ਬਾਸ ਲੇਤ ਫਿਰੈ,
ਕਾਹੂੰ ਏਕ ਪਦਮ ਕੈ ਸੰਪਟ ਸਮਾਤ ਹੈ॥
੨. ਜੈਸੇ ਪੰਛੀ ਬਿਰਖ ਬਿਰਖ ਫਲ ਖਾਤ ਫਿਰੈ,
ਬਰਹਨੇ ਬਿਰਖ ਬੈਠੇ ਰਜਨੀ ਬਿਹਾਤ ਹੈ॥
੩. ਜੈਸੇ ਤੌ ਬਜਾਪਾਰੀ ਹਾਟਿ ਹਾਟਿ ਕੈ ਦੇਖਤ ਫਿਰੈ,
ਬਿਰਲੈ ਕੀ ਹਾਟਿ ਬੈਠ ਬਨਜ ਲੇ ਜਾਤ ਹੈ॥
੪. ਤੈਸੇ ਹੀ ਸ਼ਬਦ ਗੁਰ ਰਤਨ ਖੋਜਤ ਖੋਜੀ,
ਕੋਟਿ ਮਧੇ ਕਾਹੂ ਸੰਗ ਰੰਗ ਲਪਟਾਤ ਹੈ॥੫੮੯॥

ਪਦਾਰਥ- ਪਦਮ=ਕਵਲ। ਬਰਹਨੇ=ਇਹ ਪਦ ਅਸਲ ਵਿਚ 'ਬਿਰਲੇ' ਹੈ। ਲਿਖਾਰੀ ਦੀ ਉਕਾਈ ਨਾਲ ਬਰਹਨੇ ਬਣ ਗਿਆ ਹੈ। ਰਜਨੀ=ਰਾਤ। ਰੰਗ=ਪ੍ਰੇਮ ਨਾਲ।

ਅਰਥ-੧. ਜਿਵੇਂ ਭੌਰਾ (ਇਕ ਇਕ) ਕਮਲ ਫੁਲ ਦੀ ਸੁਗੰਧੀ ਲੈਂਦਾ ਫਿਰਦਾ ਹੈ (ਪਰ) ਕਿਸੇ ਇਕ ਕਵਲ ਦੇ ਡੱਬੇ ਵਿਚ ਸਮਾਉਂਦਾ ਹੈ।

੨. ਜਿਵੇਂ ਪੰਛੀ ਬਿਰਖ ਬਿਰਖ ਦੇ ਫਲ ਖਾਂਦਾ ਫਿਰਦਾ ਹੈ (ਪਰ ਕਿਸੇ) ਵਿਰਲੇ ਬ੍ਰਿੱਛ ਤੇ ਬੈਠਿਆਂ ਰਾਤ ਗੁਜ਼ਾਰਦਾ ਹੈ।

੩. ਜਿਵੇਂ ਵਪਾਰੀ ਹੱਟੀ ਹੱਟੀ (ਤੇ ਮਾਲ ਨੂੰ) ਵੇਖਦਾ ਫਿਰਦਾ ਹੈ (ਪਰ ਕਿਸੇ) ਵਿਰਲੇ ਦੀ ਹੱਟੀ ਤੇ ਬੈਠ ਕੇ (ਮਾਲ) ਖਰੀਦ ਕੇ ਲੈ ਜਾਂਦਾ ਹੈ।

੪. ਤਿਵੇਂ ਖੋਜੀ ਗੁਰੂ ਸ਼ਬਦ ਰੂਪੀ ਰਤਨ ਨੂੰ ਖੋਜਦਾ ਹੈ, ਪਰ ਕ੍ਰੋੜਾਂ ਵਿਚੋਂ ਕਿਸੇ (ਇਕ) ਨਾਲ ਪ੍ਰੇਮ ਵਿਚ ਲਿਪਟਦਾ ਹੈ।

ਭਾਵ- ਇਹ ਨੇਮ ਨਹੀਂ ਕਿ ਹਰ ਪੂਰੇ ਭਾਂਡੇ ਤੋਂ ਹਰ ਜਗਜਾਸੂ ਨੂੰ, ਚਾਹੇ ਉਹ ਜਗਜਾਸਾ ਦੇ ਗੁਣਾਂ ਵਿਚ ਸੰਪੰਨ ਹੋਵੇ, ਫੈਜ਼ ਪ੍ਰਾਪਤ ਹੋਵੇ।

੧. ਜੈਸੇ ਦੀਪ ਦੀਪਤ ਪਤੰਗ ਲੋਟਪੋਟ ਹੋਤ,
ਕਬਹੂੰ ਕੈ ਜਾਰਾ ਮੈ ਪਰਤ ਜਰ ਜਾਇ ਹੈ॥
੨. ਜੈਸੇ ਖਗ ਦਿਨ ਪ੍ਰਤਿ ਚੋਗ ਚੁਗਿ ਆਵੈ ਉਡਿ,
ਕਾਹੂ ਦਿਨ ਫਾਸੀ ਫਾਸੈ ਬਹੁਰਜੋ ਨ ਆਇ ਹੈ॥
੩. ਜੈਸੇ ਅਲ ਕਮਲ ਕਮਲ ਪ੍ਰਤਿ ਖੋਜੈ ਨਿਤ,
ਕਬਹੂੰ ਕਮਲ ਦਲ ਸੰਪਟ ਸਮਾਇ ਹੈ॥
੪. ਤੈਸੇ ਗੁਰਬਾਨੀ ਅਵਗਾਹਨ ਕਰਤ ਚਿਤ,
ਕਬ ਹੂੰ ਮਗਨ ਹ੍ਵੈ ਸਬਦ ਉਰਝਾਇ ਹੈ॥੫੯੦॥

ਪਦਾਰਥ- ਜਾਰਾ=ਲਾਟ, ਦੀਵੇ ਦੀ ਜੋਤ। ਫਾਸੀ ਫਾਸੈ=ਫਾਹੀ ਵਿਚ ਫਸ ਜਾਂਦਾ ਹੈ। ਬਹੁਰਜੋ=ਫੇਰ, ਮੁੜ ਕੇ। ਅਵਗਾਹਨ=ਵੀਚਾਰ, ਖੋਜ। ਉਰਝਾਇ ਹੈ=ਫਸ ਜਾਂਦਾ, ਰਸ ਲੀਨ ਹੋ ਜਾਂਦਾ ਹੈ।

ਅਰਥ-੧. ਜਿਵੇਂ ਜਗਦੇ ਦੀਵੇ ਉਪਰ ਭੰਬਟ ਵਾਰਨੇ ਕੁਰਬਾਨ ਹੁੰਦਾ ਰਹਿੰਦਾ ਹੈ, ਪਰ ਕਿਸੇ ਵੇਲੇ ਲਾਟ ਵਿਚ ਪੈਕੇ ਸੜ (ਬੀ) ਜਾਂਦਾ ਹੈ। ੨. ਜਿਵੇਂ ਪੰਛੀ ਹਰ ਰੋਜ਼ ਚੋਗ ਚੁਗਕੇ (ਆਪਣੇ ਆਲ੍ਹਣੇ ਵਿਚ) ਉਡਕੇ ਆ ਜਾਂਦਾ ਹੈ (ਪਰ) ਕਿਸੇ ਦਿਨ ਫਾਹੀ ਵਿਚ ਬੀ ਫਸ ਜਾਂਦਾ ਹੈ ਤੇ ਫਿਰ (ਮੁੜਕੇ) ਨਹੀਂ ਆਉਂਦਾ। ੩. ਜਿਵੇਂ ਭੌਰਾ ਨਿਤ ਕਵਲ ਕਵਲ ਫੁਲ (ਵਿਚ ਮਕਰੰਦ ਰਸ ਨੂੰ) ਢੂੰਡਦਾ ਫਿਰਦਾ ਰਹਿੰਦਾ ਹੈ (ਪਰ) ਕਦੇ ਕਮਲ ਦੀਆਂ ਪੰਖੜੀਆਂ ਦੇ ਡੱਬੇ ਵਿਚ ਸਮਾ ਹੀ ਜਾਂਦਾ ਹੈ। ੪. ਤਿਵੇਂ ਚਿਤ ਗੁਰਬਾਣੀ ਦਾ (ਪਾਠ ਤੇ) ਵੀਚਾਰ (ਤਾਂ ਸਦਾ) ਕਰਦਾ ਰਹਿੰਦਾ ਹੈ (ਪਰ) ਕਦੇ ਮਗਨ ਹੋਕੇ ਸ਼ਬਦ (ਦੇ ਰਸ) ਵਿਚ ਰਸਲੀਨ ਹੋ ਜਾਂਦਾ ਹੈ।

ਭਾਵ- ਬਾਣੀ ਨਾਮ ਦਾ ਰਸ ਨਿਤ ਅਭ੍ਯਾਸ ਕਰਦਿਆਂ ਕਦੇ ਪ੍ਰਾਪਤ ਹੋ ਜਾਂਦਾ ਹੈ, ਤਾਂਤੇ ਅਭ੍ਯਾਸ ਕਰਦੇ ਰਹਿਣਾ ਚਾਹੀਏ।

੧. ਜੈਸੇ ਪੋਸਤੀ ਸੁਨਤ ਕਹਤ ਪੋਸਤ ਬੁਰੇ,
ਤਾਂਕੇ ਬਸਿ ਭਯੋ ਛਾਡਜੋ ਚਾਹੈ ਪੈ ਨ ਛੂਟਈ॥

੨. ਜੈਸੇ ਜੂਆ ਖੇਲ ਬਿਤ ਹਾਰ ਬਿਲਖੈ ਜੁਆਰੀ,
ਤਊ ਪਰ ਜੁਆਰਨ ਕੀ ਸੰਗਤ ਨ ਟੂਟਈ॥

੩. ਜੈਸੇ ਚੋਰ ਚੋਰੀ ਜਾਤ ਹ੍ਰਿਦੈ ਸਹਕਤ, ਪੁਨ
ਤਜਤ ਨ ਚੋਰੀ ਜੌ ਲੌ ਸੀਸ ਹੀ ਨ ਫੂਟਈ॥

੪. ਤੈਸੇ ਸਭ ਕਹਤ ਸੁਨਤ ਮਾਯਾ ਦੁਖਦਾਈ,
ਕਾਹੂ ਪੈ ਨ ਜੀਤੀ ਪਰੈ ਮਾਯਾ ਜਗ ਲੂਟਈ॥੫੯੧॥

ਪਦਾਰਥ- ਤਾਂਕੇ ਬਸਿ ਭਯੋ = ਭਾਵ ਪੋਸਤ ਪੀਣ ਦੀ ਆਦਤ ਪੈ ਗਿਆਂ ਤੇ। ਬਿਲਖੈ = ਪਛੁਤਾਉਂਦਾ, ਵਿਰਲਾਪ ਕਰਦਾ ਹੈ। ਸੰਗਤ ਨ ਟੂਟਈ = ਭਾਵ ਸੰਗਤ ਛੋੜ ਨਹੀਂ ਸਕਦਾ। ਸਹਕਤ = ਸਹਿਕਦਾ, ਡਰਦਾ ਹੈ।

ਅਰਥ-੧. ਜਿਵੇਂ ਪੋਸਤੀ ਸੁਣਦਾ ਹੈ (ਤੇ ਆਪ ਬੀ) ਕਹਿੰਦਾ ਹੈ ਕਿ 'ਪੋਸਤ ਬੁਰੀ (ਸ਼ੈ) ਹੈ, (ਪਰ) ਉਸ (=ਪੋਸਤ) ਦੇ ਵੱਸ ਹੋ ਗਿਆਂ (ਜੇ) ਉਸ ਨੂੰ ਛਡਣਾ ਚਾਹੇ ਤਾਂ ਉਹ ਛੁਟਦਾ ਨਹੀਂ। ੨. ਜਿਵੇਂ ਜੁਆਰੀਆ ਜੂਆ ਖੇਲ ਕੇ ਧਨ ਹਾਰਕੇ ਪਛੁਤਾਉਂਦਾ ਹੈ, ਪਰ ਫਿਰ ਬੀ ਜੁਆਰੀਆਂ ਦੀ ਸੰਗਤ ਉਸ ਤੋਂ ਛਡੀ ਨਹੀਂ ਜਾਂਦੀ। ੩. ਜਿਵੇਂ ਚੋਰ ਚੋਰੀ ਕਰਨ ਜਾਂਦਾ ਰਿਦੇ ਵਿਚ ਡਰਦਾ ਬੀ ਹੈ, (ਪਰ) ਫਿਰ ਬੀ ਚੋਰੀ ਨਹੀਂ ਛਡਦਾ, ਜਦ ਤਕ ਕਿ ਸਿਰ ਨਹੀਂ ਸੂ ਫੁੱਟਦਾ (ਭਾਵ ਮਰਦਾ ਨਹੀਂ)। ੪. ਤਿਵੇਂ ਸਾਰੇ ਸੁਣਦੇ ਹਨ (ਤੇ ਆਪ ਬੀ) ਕਹਿੰਦੇ ਹਨ ਕਿ ਮਾਯਾ ਦੁਖਦਾਈ (ਸ਼ੈ) ਹੈ (ਪਰ) ਕਿਸੇ ਕੋਲੋਂ (ਮਾਯਾ) ਜਿੱਤੀ ਨਹੀਂ ਜਾਂਦੀ, (ਸਗੋਂ) ਮਾਯਾ (ਸਾਰੇ) ਜਗਤ ਨੂੰ ਲੁਟ ਰਹੀ ਹੈ।

ਭਾਵ- ਬਾਰ ਬਾਰ ਉਹੋ ਕਰਮ ਕਰਨ ਨਾਲ ਸੁਭਾਵ ਯਾ ਆਦਤ ਪੈ ਗਿਆਂ ਤੇ ਫਿਰ ਉਹ ਕਰਮ ਬੇਵਸੇ ਪਏ ਹੁੰਦੇ ਹਨ। ਇਸ ਕਰਕੇ ਮਾੜੀ ਗੱਲ ਕਰਨੋਂ ਮੁੱਢੋਂ ਹੀ ਰੁਕਣਾ ਚਾਹੀਏ।

੧. ਤਰੁਵੰਰੁ ਗਿਰੇ ਪਾਤ ਬਹੁਰੋ ਨ ਜੋਰੇ ਜਾਤ,
ਐਸੋ ਤਾਤ ਮਾਤ ਸੁਤ ਭ੍ਰਾਤ ਮੋਹ ਮਾਯਾ ਕੋ॥

੨. ਜੈਸੇ ਬੁਦਬੁਦਾ ਓਰਾ ਪੇਖਤ ਬਿਲਾਇ ਜਾਇ,
ਐਸੋ ਜਾਨ ਤਜਾਗਹੁ ਭਰੋਸੋ ਭ੍ਰਮ ਕਾਯਾ ਕੋ॥

੩. ਤ੍ਰਿਣ ਕੀ ਅਗਨਿ ਜਰਿ ਬੂਝਤ ਨ ਬਾਰ ਲਾਗੈ,
ਐਸੋ ਆਵਾ ਔਧਿ ਜੈਸੇ ਨੇਹੁ ਦ੍ਰੁਮ ਛਾਯਾ ਕੋ॥

੪. ਜਨਮ ਜੀਵਨ ਅੰਤਕਾਲ ਕੇ ਸੰਗਾਤੀ ਰਾਚਹੁ,
ਸਫਲ ਔਸਰ ਜਗ ਤਬ ਹੀ ਤੈਂ ਆਯਾ ਕੋ॥੫੯੨॥

ਪਦਾਰਥ- ਤਰੁਵਰੁ=ਬ੍ਰਿਛ। ਕਾਯਾ ਕੇ=ਸਰੀਰ ਦਾ। ਬਾਰ=ਡੇਰ। ਆਵਾ='ਆਸਾ' ਪਾਠ ਚਾਹੀਏ। ਜਾਪਦਾ ਹੈ ਲਿਖਾਰੀ ਦੀ ਕਲਮ ਉਕਾਈ ਨਾਲ 'ਆਸਾ' ਦਾ 'ਆਵਾ' ਬਣ ਗਿਆ ਹੈ। ਔਧਿ=ਉਮਰਾ। ਦ੍ਰੁਮ ਛਾਯਾ=ਬਿਰਛ ਦੀ ਛਾਂ, ਭਾਵ ਨਾਸ਼ਮਾਨ। ਔਸਰ=ਸਮਾਂ, ਵੇਲਾ।

ਅਰਥ-੧. (ਜਿਵੇਂ) ਬ੍ਰਿੱਛ ਤੋਂ ਡਿੱਗੇ ਪੱਤੇ ਮੁੜ (ਉਸ ਨਾਲ) ਜੋੜੇ ਨਹੀਂ ਜਾ ਸਕਦੇ, ਇਸੇ ਤਰ੍ਹਾਂ ਪਿਤਾ ਮਾਤਾ ਪੁਤ੍ਰ ਭਰਾ (ਦੇ ਸੰਬੰਧ ਨੂੰ ਟੁਟਕੇ ਨਾ ਜੁੜਨ ਵਾਲਾ ਲਿਖਕੇ ਇਨ੍ਹਾਂ ਦੀ) ਮੋਹ ਮਾਯਾ (ਨੂੰ ਤਿਆਗੋ)*। ੨. ਜਿਵੇਂ (ਪਾਣੀ ਦਾ) ਬੁਲਬੁਲਾ ਤੇ ਓਲਾ (ਗੜਾ) ਦੇਖਦਿਆਂ ਦੇਖਦਿਆਂ ਨਾਸ਼ ਹੋ ਜਾਂਦਾ ਹੈ, ਸਰੀਰ ਦਾ ਭਰੋਸਾ ਇਸ ਤਰ੍ਹਾਂ ਦਾ ਭਰਮ ਜਾਣ ਕੇ ਛਡ ਦਿਓ। ੩. ਕੱਖਾਂ ਦੀ ਅੱਗ ਸੜ ਬੁੱਝਦੀ ਨੂੰ ਡੇਰ ਨਹੀਂ ਲਗਦੀ, ਉਮਰਾ ਦੀ ਆਸਾ (ਕਰਨੀ ਕਿ ਵਡੀ ਹੋਊ) ਐਸੀ ਹੈ, (ਯਾ ਐਸੀ ਹੈ) ਜੈਸੇ ਕਿ ਬ੍ਰਿੱਛ ਦੀ ਛਾਂ ਨਾਲ ਮੋਹ ਕਰਨਾ ਹੈ। ੪. (ਤਾਂਤੇ) ਜੀਵਨ ਦੇ ਜਨਮ (ਕਾਲ) ਤੋਂ ਅੰਤ ਕਾਲ ਤਕ ਦਾ ਜੋ ਸੰਗੀ ਹੈ (ਵਾਹਿਗੁਰੂ, ਉਸ ਨਾਲ) ਰਚੋ, ਤਦ ਹੀ ਤਾਂ ਜਗ ਤੇ ਆਉਣ ਦਾ ਮੌਕਿਆ ਸਫ਼ਲ (ਹੋ ਸਕਦਾ) ਹੈ।

---

* ਅਥਵਾ-ਇਸੇ ਤਰ੍ਹਾਂ ਪਿਤਾ ਮਾਤਾ ਭ੍ਰਾਤਾ ਪੁਤ੍ਰ ਮੋਹ ਮਾਇਆ ਦੇ ਨਾਤੇ ਵਾਲਿਆਂ ਦਾ ਸੰਬੰਧ ਹੈ। ਭਾਵ ਸਦਾ ਰਹਿਣੇ ਵਾਲਾ ਨਹੀਂ।

੧. ਕੋਊ ਹਰ ਜੋਰੈ, ਬੋਵੈ, ਕੋਊ ਰਾਖੈ, ਲੁਨੈ ਕੋਊ,
ਜਾਨੀਐ ਨ ਜਾਇ ਤਾਂਹਿ ਅੰਤ ਕੌਨ ਖਾਇਧੋ॥

੨. ਕੋਊ ਗੜੈ, ਚਿਨੈ ਕੋਊ, ਕੋਊ ਲੀਪੈ, ਪੋਚੈ ਕੋਊ,
ਸਮਝ ਨ ਪਰੈ ਕੌਨ ਬਸੈ ਗ੍ਰਿਹ ਆਇਧੋ॥

੩. ਕੋਊ ਚੁਨੈ, ਲੋੜੈ ਕੋਉ, ਕੋਊ ਕਾਤੈ, ਬੁਨੈ ਕੋਊ,
ਬੂਝੀਐ ਨ ਓਢੈ ਕੌਨ ਅੰਗ ਸੈ ਬਨਾਇਧੋ॥

੪. ਤੈਸੇ ਆਪਾ ਕਾਛ ਕਾਛ ਕਾਮਨੀ ਸਗਲ ਬਾਛੈ,
ਕਵਨ ਸੁਹਾਗਨਿ ਹ੍ਵੈ ਸਿਹਜਾ ਸਮਾਇਧੋ॥੫੯੩॥

**ਪਦਾਰਥ**- ਹਰ ਜੋਰੈ=ਹਲ ਜੋੜਦਾ ਹੈ ਭਾਵ ਵਾਹੁੰਦਾ ਹੈ। ਲੁਨੈ=ਕੱਟਦਾ ਹੈ, ਵੱਢਦਾ ਹੈ। ਖਾਇਧੋ=ਖਾਵੇਗਾ। ਗੜੈ=ਗੜ੍ਹਾ ਕੱਢਦਾ ਹੈ, ਭਾਵ ਪੁੱਟਦਾ ਹੈ। ਲੋੜੈ=ਲੋੜ੍ਹੇ=ਲੋੜਨਾ, ਵੇਲਣਾ। ਕੁਪਾਹ ਦੇ ਵੇਲਣੇ ਦੀ ਉਪਰਲੀ ਲੋਹੇ ਦੀ ਲੱਠ ਨੂੰ ਲੋੜ੍ਹੂ ਕਹਿੰਦੇ ਹਨ। ਕਾਛ ਕਾਛ=ਸਜਾ ਫਬਾ ਕੇ।

ਅਰਥ-੧. ਹਲ ਕੋਈ ਜੋੜਦਾ ਹੈ, ਬੀਜਦਾ (ਕੋਈ) ਹੈ, ਰਾਖੀ ਕੋਈ ਕਰਦਾ ਹੈ ਤੇ ਵੱਢਦਾ ਕੋਈ ਹੈ, (ਪਰ) ਜਾਣਿਆਂ ਨਹੀਂ ਜਾਂਦਾ ਕਿ ਉਸ (ਖੇਤ ਦੇ ਅਨਾਜ) ਨੂੰ ਅੰਤ ਕੌਣ ਖਾਵੇਗਾ। ੨. (ਘਰ ਦੀਆਂ ਨੀਂਹਾਂ) ਪੁੱਟਦਾ ਕੋਈ ਹੈ, (ਇਮਾਰਤ) ਉਸਾਰਦਾ ਕੋਈ ਹੈ, ਲਿੱਪਦਾ ਕੋਈ ਤੇ ਪੋਚਦਾ ਕੋਈ ਹੈ, ਸਮਝ ਨਹੀਂ ਪੈਂਦੀ ਕਿ (ਉਸ) ਘਰ ਵਿੱਚ ਕੌਣ ਆਕੇ ਵਸੇਗਾ। ੩. (ਕਪਾਹ) ਚੁਣਦਾ ਕੋਈ ਹੈ, ਵੇਲਦਾ ਕੋਈ, ਕੱਤਦਾ ਕੋਈ ਤੇ ਬੁਣਦਾ ਕੋਈ ਹੈ, ਪਤਾ ਨਹੀਂ ਲੱਗਦਾ ਕਿ (ਕਪੜਾ) ਬਣਾਕੇ (ਅਪਣੇ) ਸਰੀਰ ਤੇ ਕੌਣ ਪਹਿਨੇਗਾ। ੪. ਤਿਵੇਂ ਆਪਾ ਸਜਾ ਫਬਾਕੇ (ਘਾਲ ਕਰ ਕਰਕੇ) ਸੱਭੇ (ਜਗਾਜਾਸੂ ਰੂਪ) ਇਸਤ੍ਰੀਆਂ (ਪਤੀ ਵਾਹਿਗੁਰੂ ਦੀ) ਇੱਛਾ ਕਰਦੀਆਂ ਹਨ, (ਪਰ) ਪਤਾ ਨਹੀਂ ਕਿਹੜੀ ਸੁਹਾਗਣ (ਪਰਵਾਣ*) ਹੋਕੇ ਸਿਹਜਾ ਤੇ ਸਮਾਏਗੀ (ਭਾਵ ਪਰਮ ਪਦ ਤੇ ਪਹੁੰਚੇਗੀ)।

---

* ਯਥਾ: ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥(ਸੂਹੀ ਮਹਲਾ ੫)

੧. ਜੋਈ ਪ੍ਰਭੁ ਭਾਵੈ ਤਾਹਿ ਸੋਵਤ ਜਗਾਵੈ ਜਾਇ,
ਜਾਗਤ ਬਿਹਾਵੈ ਜਾਹਿ ਤਾਹਿ ਨ ਬੁਲਾਵਈ॥
੨. ਜੋਈ ਪ੍ਰਭ ਭਾਵੈ ਤਾਹਿ ਮਾਨਨਿ ਮਨਾਵੈ ਧਾਇ,
ਸੇਵਕ ਸ੍ਵਰੂਪ ਸੇਵਾ ਕਰਤ ਨ ਭਾਵਈ॥
੩. ਜੋਈ ਪ੍ਰਭੁ ਭਾਵੈ ਤਾਹਿ ਰੀਝਕੈ ਰਿਝਾਵੈ ਆਪਾ,
ਕਾਛਿ ਕਾਛਿ ਆਵੈ ਤਾਹਿ ਪਗ ਨ ਲਗਾਵਈ॥
੪. ਜੋਈ ਪ੍ਰਭ ਭਾਵੈ ਤਾਹਿ ਸਬੈ ਬਨ ਆਵੈ,
ਤਾਕੀ ਮਹਿਮਾ ਅਪਾਰ ਨ ਕਹਤ ਬਨ ਆਵਈ॥੫੯੪॥

ਪਦਾਰਥ- ਮਾਨਨਿ=ਮਾਣ ਮੋਤੀ, ਮਾਨਨੀ ਨਾਯਕਾ। ਰੀਝਕੈ=ਪ੍ਰਸੰਨ ਹੋਕੇ।

ਅਰਥ-੧. ਜਿਹੜੀ (ਜਗਜਾਸੂ ਰੂਪ ਇਸਤ੍ਰੀ) ਪ੍ਰਭੂ ਨੂੰ ਭਾ ਜਾਵੇ ਉਸਨੂੰ ਸੁੱਤੀ ਨੂੰ (ਬੀ) ਜਾ ਜਗਾਉਂਦਾ ਹੈ, (ਪਰ ਕਈ ਵੇਰ) ਜਿਸ ਦੀ ਜਾਗਦਿਆਂ ਬੀਤਦੀ ਹੈ ਉਸ ਨੂੰ (ਪ੍ਰਭੂ) ਬੁਲਾਉਂਦਾ ਹੀ ਨਹੀਂ। ੨. ਜਿਹੜੀ ਪ੍ਰਭੂ ਨੂੰ ਭਾ ਜਾਵੇ ਉਹ (ਭਾਵੇਂ) ਮਾਨਨੀ (ਬੀ ਹੋਵੇ ਪ੍ਰਭੂ) ਧਾਕੇ ਉਸਨੂੰ ਮਨਾਉਂਦਾ ਹੈ (ਪਰ ਕਦੇ ਜੋ) ਸੇਵਕ ਸ੍ਵਰੂਪ ਹੋ ਸੇਵਾ ਕਰਦੀ ਹੈ (ਪਤੀ ਨੂੰ) ਭਾਉਂਦੀ ਨਹੀਂ। ੩. ਜਿਹੜੀ ਪ੍ਰਭੂ ਨੂੰ ਭਾਉਂਦੀ ਹੈ ਉਸਨੂੰ (ਆਪ) ਚਾਉ ਨਾਲ ਪ੍ਰਸੰਨ ਕਰਦਾ ਹੈ, (ਪਰ ਕਦੇ ਜੋ) ਆਪਾ ਸਜਾ ਫਬਾਕੇ ਆਉਂਦੀ ਹੈ, ਉਸ ਨੂੰ ਪੈਰ ਬੀ ਨਹੀਂ ਛੁਹਾਉਂਦਾ। ੪. ਜਿਹੜੀ ਪ੍ਰਭੂ ਨੂੰ ਭਾਉਂਦੀ ਹੈ, ਉਸ ਨੂੰ ਸਭੇ (ਗੱਲਾਂ) ਬਣ ਆਉਂਦੀਆਂ ਹਨ, ਉਸ ਦੀ ਮਹਿਮਾ ਪਾਰ ਤੋਂ ਰਹਿਤ ਹੈ ਤੇ ਕਹੀ ਨਹੀਂ ਬਣ ਆਉਂਦੀ।

ਭਾਵ- ਇਸਤ੍ਰੀ ਤੋਂ ਮੁਰਾਦ ਜਗਜਾਸੂ ਦੀ ਹੈ, ਜੈਸੇ ਕਿ ਭਾਈ ਜੀ ਕਬਿੱਤ ਨੰ: ੨੦੯ ਵਿਚ ਦੱਸ ਆਏ ਹਨ। ਯਥਾ:- ਜੋਈ ਪ੍ਰਿਅ ਭਾਵੈ ਮੁਖ ਬਚਨ ਸੁਨਾਵੈ ਤਾਹਿ ਸਬਦ ਸੁਰਤ ਗੁਰ ਗਿਆਨ ਉਪਜਾਵਈ॥ ਇਸ ਕਬਿੱਤ ਵਿਚ ਇਸ ਗੁਰਵਾਕ ਦਾ ਭਾਵ ਹੈ:- "ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥ ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥"(ਸ੍ਰੀ ਰਾਗ ਵਾ:ਮ:੧)

੧. ਜੈਸੇ ਤੌ ਸਮੁੰਦ੍ਰ ਬਿਖੈ ਬੋਹਥੈ ਬਹਾਇ ਦੀਜੈ,
ਕੀਜੈ ਨ ਭਰੋਸੋ ਜੌ ਲੌ ਪਹੁਚੈ ਨ ਪਾਰ ਕੌ॥
੨. ਜੈਸੇ ਤੌ ਕ੍ਰਿਸਾਨ ਖੇਤ ਹੇਤੁ ਕਰਿ ਜੋਤੈ ਬੋਵੈ,
ਮਾਨਤ ਕੁਸਲ ਆਨ ਪੈਠੇ ਗ੍ਰਿਹ ਦ੍ਵਾਰ ਕੌ॥
੩. ਜੈਸੇ ਪਿਰ ਸੰਗਮ ਕੈ ਹੋਤ ਗਰ ਹਾਰ ਨਾਰਿ,
ਕਰਤ ਹੈ ਪ੍ਰੀਤ ਪੇਖਿ ਸੁਤ ਕੇ ਲਿਲਾਰ ਕੌ॥
੪. ਤੈਸੇ ਉਸਤਤਿ ਨਿੰਦਾ ਕਰੀਐ ਨ ਕਾਹੂ ਕੇਰੀ,
ਜਾਨੀਐ ਧੌ ਕੈਸੋ ਦਿਨ ਆਵੈ ਅੰਤਕਾਰ ਕੌ॥੫੯੫॥

ਪਦਾਰਥ- ਆਨ ਪੈਠੇ=ਲਿਆ ਰਖਦਾ ਹੈ। ਹੋਤ* =ਹੇਤ=ਵਾਸਤੇ,ਲਈ। ਗਰ ਹਾਰ=ਗਲ ਵਿਚ ਹਾਰ (ਪਾਕੇ) ਭਾਵ ਹਾਰ ਸ਼ਿੰਗਾਰ ਕਰਕੇ। ਲਿਲਾਰ=ਮੱਥਾ। ਅੰਤਕਾਰ=ਓੜਕ ਨੂੰ।

ਅਰਥ-੧. ਜਿਵੇਂ ਸਮੁੰਦ੍ਰ ਵਿਚ ਜਹਾਜ਼ ਤੋਰ ਦੇਈਦਾ ਹੈ, (ਪਰ) ਜਦ ਤਕ ਪਾਰ ਨਹੀਂ ਪਹੁੰਚਦਾ ਭਰੋਸਾ ਨਹੀਂ ਬੱਝਦਾ (ਉਸ ਦੇ ਸਹੀ ਸਲਾਮਤ ਪਾਰ ਪੁਜਣ ਦਾ)। ੨. ਜਿਵੇਂ ਕਿ ਕਿਰਸਾਨ ਹਿਤ ਨਾਲ ਖੇਤ ਵਾਹੁੰਦਾ ਬੀਜਦਾ ਹੈ, (ਪਰ) ਸੁਖ (ਤਦ) ਮੰਨਦਾ ਹੈ (ਜਦ) ਘਰ ਦੇ ਬੂਹੇ ਵਿਚੋਂ (ਲੰਘਾਕੇ ਅਨਾਜ ਅੰਦਰ) ਲਿਆ ਰਖਦਾ ਹੈ। ੩. ਜਿਵੇਂ ਨਾਰੀ ਪਤੀ ਮਿਲਾਪ ਲਈ ਸ਼ਿੰਗਾਰ ਕਰਦੀ ਹੈ, (ਪਰ ਇਸ ਨੂੰ ਸਫ਼ਲ ਤਦੇ ਸਮਝਦੀ ਹੈ ਜਦੋਂ) ਪੁਤ੍ਰ ਦੇ ਮੱਥੇ ਨੂੰ ਦੇਖ (ਦੇਖ ਠਰਦੀ ਤੇ) ਪਜਾਰਦੀ ਹੈ। ੪. ਤਿਵੇਂ ਉਸਤਤ ਨਿੰਦਾ ਕਿਸੇ ਦੀ ਨਹੀਂ ਕਰਨੀ ਚਾਹੀਏ, (ਕਿਉਂਕਿ) ਕੀ ਜਾਣੀਏ (ਕਿ) ਓੜਕ ਨੂੰ ਦਿਨ ਕੈਸਾ ਆਵੇ (ਕਾਮਯਾਬੀ ਯਾ ਨਾਕਾਮਯਾਬੀ ਦਾ)।

ਭਾਵ- ਕਿਸੇ ਜਗਜਾਸੂ ਨੂੰ ਲਗਿਆਂ ਦੇਖਕੇ ਉਸ ਬਾਬਤ ਨਿਸਚੇ ਨਾ ਕਰ ਲਈਏ ਕਿ ਇਹ ਤਰ ਜਾਏਗਾ ਯਾ ਨਹੀਂ ਤਰੇਗਾ। ਜਦੋਂ ਕੋਈ ਕਾਮਯਾਬ ਹੋ ਜਾਵੇ ਤਦੋਂ ਹੀ ਉਸ ਦੀ ਘਾਲ ਦੀ ਸਫ਼ਲਤਾ ਸਮਝੀ ਜਾਂਦੀ ਹੈ।

* ਸ਼ੁੱਧ ਪਾਠ 'ਹੇਤ' ਹੈ, 'ਹੋਤ' ਲਿਖਾਰੀ ਦੀ ਕਲਮ ਉਕਾਈ ਹੈ।

੧. ਜੈਸੇ ਚੂਨੋ ਖਾਂਡ ਸ੍ਵੇਤ ਏਕ ਸੇ ਦਿਖਾਈ ਦੇਤ,
ਪਾਈਐ ਤੌ ਸ੍ਵਾਦ ਰਸ ਰਸਨਾ ਕੈ ਚਾਖੀਐ॥
੨. ਜੈਸੇ ਪੀਤ ਬਰਨ ਹੀ ਹੇਮ ਅਰ ਪੀਤਰ ਹੂੈ,
ਜਾਨੀਐ ਮਹਤ ਪਾਰਖਦ ਅਗ੍ਰ ਰਾਖੀਐ॥
੩. ਜੈਸੇ ਕਊਆ ਕੋਕਿਲਾ ਹੈ ਦੋਨੋ ਖਗ ਸਜਾਮ ਤਨ,
ਬੂਝੀਐ ਅਸੁਭ ਸੁਭ ਸਬਦ ਸੁ ਭਾਖੀਐ॥
੪. ਤੈਸੇ ਹੀ ਅਸਾਧ ਸਾਧ ਚਿਹਨ ਕੈ ਸਮਾਨ ਹੋਤ,
ਕਰਨੀ ਕਰਤੂਤ ਲਗ ਲਛਨ ਕੈ ਲਾਖੀਐ॥੫੯੬॥

ਪਦਾਰਥ- ਚੂਨੋ=ਆਟਾ। (ਅ) ਚੂਨਾ,ਕਲੀ। ਸ੍ਵੇਤ=ਚਿੱਟਾ। ਪੀਤ=ਪੀਲਾ। ਹੇਮ=ਸੋਇਨਾ। ਮਹਤ=ਵਡੱਪਣ, ਗੌਰਵਤਾ। ਪਾਰਖਦ=ਪਰਖਕੇ ਦੱਸਣ ਵਾਲਾ। ਕੋਕਿਲਾ=ਕੋਇਲ। ਬੂਝੀਐ=ਜਾਣ ਲਈਦਾ ਹੈ। ਲਾਖੀਐ=ਲਖ ਲਈਦਾ ਹੈ।

ਅਰਥ-੧. ਜਿਵੇਂ ਆਟਾ ਤੇ ਖੰਡ ਇੱਕੋ ਜਿਹੇ ਚਿੱਟੇ ਦਿਖਾਈ ਦਿੰਦੇ ਹਨ (ਪਰ ਜਦ) ਰਸਨਾ ਨਾਲ (ਉਨ੍ਹਾਂ ਦਾ) ਰਸ ਚੱਖੀਦਾ ਹੈ ਤਾਂ ਉਸ ਸੁਆਦ ਨਾਲ (ਫ਼ਰਕ) ਪਾ ਲਈਦਾ ਹੈ (ਭਾਵ ਪਰਖ ਲਈਦਾ ਹੈ)।

੨. ਜਿਵੇਂ ਸੋਨੇ ਤੇ ਪਿੱਤਲ ਦਾ (ਇਕੋ ਜਿਹਾ) ਪੀਲਾ ਹੀ ਰੰਗ ਹੁੰਦਾ ਹੈ (ਪਰ ਸੋਨੇ ਦੀ) ਮਹੱਤਤਾ (ਤਦ) ਜਾਣੀਦੀ ਹੈ (ਜਦ) ਪਰਖਕੇ ਦੱਸਣ ਵਾਲੇ ਦੇ ਅੱਗੇ ਰੱਖੀਏ।

੩. ਜਿਵੇਂ ਕਾਂ ਤੇ ਕੋਇਲ ਦੋਵੇਂ ਪੰਛੀ ਕਾਲੇ ਸਰੀਰ ਵਾਲੇ ਹਨ ਪਰ ਜਦ ਬੋਲਦੇ ਹਨ ਤਾਂ ਜਾਣ ਲਈਦਾ ਹੈ (ਕਿ ਕਿਹੜਾ) ਸ਼ੁਭ (ਹੈ ਤੇ ਕਿਹੜਾ) ਅਸ਼ੁਭ ਹੈ।

੪. ਤਿਵੇਂ ਸਾਧੂ ਤੇ ਅਸਾਧੂ ਚਿੰਨ੍ਹਾਂ ਕਰਕੇ ਤਾਂ ਇਕੋ ਜਿਹੇ ਹੁੰਦੇ ਹਨ, ਪਰ ਕਰਨੀ ਕਰਤੂਤ ਵਾਲੇ ਲੱਛਨਾਂ ਤੋਂ ਜਾਣ ਲਈਦਾ ਹੈ (ਕਿ ਸਾਧ ਕੌਣ ਤੇ ਅਸਾਧ ਕੌਣ ਹੈ)।

੧. ਜੈਸੇ ਕਰਪੂਰ ਲੋਨ ਏਕ ਸੇ ਦਿਖਾਈ ਦੇਤ,
ਕੇਸਰ ਕਸੁੰਭ ਸਮਸਰ ਅਰੁਨਾਈ ਕੈ॥
੨. ਰੂਪੋ ਕਾਂਸੀ ਦੋਨੋ ਜੈਸੇ ਊਜਲ ਬਰਨ ਹੋਤ,
ਕਾਜਰ ਔ ਚੋਆ ਹੈ ਸਮਾਨ ਸਜਾਮਤਾਈ ਕੈ॥
੩. ਇੰਦਰਾਇਨ ਫਲ ਅੰਮ੍ਰਿਤ ਫਲ ਪੀਤ ਸਮ,
ਹੀਰਾ ਔ ਫਟਕ ਸਮ ਰੂਪ ਹੈ ਦਿਖਾਈ ਕੈ॥
੪. ਤੈਸੇ ਖਲ ਦ੍ਰਿਸਟ ਮੈਂ ਅਸਾਧ ਸਾਧ ਸਮ ਦੇਹ,
ਬੂਝਤ ਬਿਬੇਕੀ ਜਲ ਜੁਗਤਿ ਸਮਾਈ ਕੈ॥੫੯੭॥

**ਪਦਾਰਥ**- ਕਰਪੂਰ=ਕਪੂਰ, ਕਾਫੂਰ। ਅਰੁਨਾਈ ਕੈ=ਲਾਲੀ ਵਾਲੇ। ਰੂਪੋ=ਚਾਂਦੀ। ਕਾਜਰ=ਕੱਜਲ। ਚੋਆ=ਅਗਰ ਦੀ ਲਕੜੀ ਤੋਂ ਯਾ ਕੋਈ ਸੁਗੰਧਿਤ ਪਦਾਰਥਾਂ ਨੂੰ ਮਿਲਾਕੇ ਸੇਕ ਨਾਲ ਟਪਕਾਇਆ ਸੁਗੰਧਿਤ ਤੇਲ। ਏਥੇ ਇਸ ਦੀ ਤੇ ਕੱਜਲ ਦੀ ਕਾਲੋਂ ਦਾ ਟਾਕਰਾ ਕਰ ਰਹੇ ਹਨ। ਇੰਦਰਾਇਨ ਫਲ=ਤੁੰਮਾ। ਅੰਮ੍ਰਿਤ ਫਲ=ਅੰਬ, ਨਾਸਪਾਤੀ ਆਦਿ। ਫਟਕ=ਬਿਲੌਰ। ਖਲ ਦ੍ਰਿਸਟ ਮੈਂ=ਮੂਰਖ ਦੀ ਨਜ਼ਰ ਵਿਚ। ਬਿਬੇਕੀ=ਵੀਚਾਰਵਾਨ। ਸਮਾਈ=ਸਹਿਨ ਸ਼ੀਲਤਾ, ਸ਼ਾਂਤੀ।

ਅਰਥ-੧. ਜਿਵੇਂ ਕਪੂਰ ਤੇ ਲੂਣ (ਚਿਟਾਈ ਵਿਚ) ਇੱਕੋ ਜਿਹੇ ਦਿਖਾਈ ਦਿੰਦੇ ਹਨ, ਕੇਸਰ (ਦੀਆਂ ਤੁਰੀਆਂ) ਕਸੁੰਭੇ (ਦੀਆਂ ਤੁਰੀਆਂ) ਲਾਲੀ ਕਰਕੇ ਇਕੋ ਜਿਹੀਆਂ (ਦਿੱਸਦੀਆਂ ਹਨ)। ੨. ਜਿਵੇਂ ਚਾਂਦੀ ਤੇ ਕਾਂਸੀ ਦੋਨੋਂ ਚਿੱਟੇ ਰੰਗ ਦੇ ਹੁੰਦੇ ਹਨ, ਕੱਜਲ ਤੇ ਚੋਆ (ਰੰਗ ਦੀ) ਕਾਲੋਂ ਕਰਕੇ ਇਕੋ ਜਿਹੇ ਹੁੰਦੇ ਹਨ। ੩. ਤੁੰਮਾ ਫਲ ਤੇ ਅੰਬ ਪੀਲੇ ਹੋਣ ਵਿਚ ਇਕੋ ਜਿਹੇ ਹੁੰਦੇ ਹਨ, ਹੀਰਾ ਤੇ ਬਲੌਰ ਦੇਖਣ ਵਿਚ ਇਕੋ ਜਿਹੇ (ਚਿਟੇ) ਹੀ ਦਿਖਾਈ ਦੇਂਦੇ ਹਨ। ੪. ਤਿਵੇਂ ਮੂਰਖ ਦੀ ਦ੍ਰਿਸ਼ਟੀ ਵਿਚ ਸਾਧੂ ਤੇ ਅਸਾਧੂ ਇਕੋ ਜਿਹੇ (ਦਿਖਾਈ ਦਿੰਦੇ ਹਨ) ਸਰੀਰ (ਦੀ ਏਕਤਾ ਕਰਕੇ) (ਪਰ) ਬਿਬੇਕੀ (ਪੁਰਸ਼) ਸਮਝਦੇ ਹਨ (ਹੰਸਾਂ ਵਾਲੀ) ਜਲ ਦੀ ਜੁਗਤ ਤੇ ਸਹਿਨ ਸ਼ੀਲਤਾ ਤੋਂ। (ਹੰਸ ਜਲ ਤੋਂ ਦੁੱਧ ਨਿਖੇੜਦਾ ਹੈ, ਤਿਵੇਂ ਸਾਧੂ ਸਾਰ ਤੋਂ ਅਸਾਰ ਨੂੰ ਵਿਤ੍ਰੇਕ ਕਰਦਾ ਹੈ। ਵਰਤੋਂ ਵਿਚ ਸਾਧੂ ਸਹਨਸ਼ੀਲ ਹੁੰਦਾ ਹੈ)।

**ਭਾਵ**- ਅਸਲੀ ਪਰਖ ਕੇਵਲ ਰੂਪ ਤੋਂ ਹੀ ਨਹੀਂ ਪਰ ਗੁਣਾਂ ਤੋਂ ਹੁੰਦੀ ਹੈ।

੧. ਕਾਲਰ ਮੈਂ ਬੋਏ ਬੀਜ ਉਪਜੈ ਨ ਧਾਨ ਪਾਨ,
ਖੇਤ ਮੈਂ ਡਾਰੇ ਸੁ ਤਾਂਤੇ ਅਧਿਕ ਅਨਾਜ ਹੈ॥

੨. ਕਾਲਰ ਸੈ ਕਰਤ ਸਬਾਰ ਜਮ ਸਾ ਊਸੁ ਤੌਂ,
ਪਾਵਕ ਪ੍ਰਸੰਗ ਤਪ ਤੇਜ ਉਪਰਾਜ ਹੈ॥

੩. ਜਸਤ ਸੰਯੁਕਤ ਹ੍ਵੈ ਮਿਲਤ ਹੈ ਸੀਤ ਜਲ,
ਅਚਵਤ ਸਾਂਤਿ ਸੁਖ ਤ੍ਰਿਖਾ ਭ੍ਰਮ ਭਾਜ ਹੈ॥

੪. ਤੈਸੇ ਆਤਮਾ ਅਚੇਤ ਸੰਗਤ ਸੁਭਾਵ ਹੇਤ,
ਸਕਿਤ ਸਕਿਤ ਗਤ ਸਿਵ ਸਿਵ ਸਾਜ ਹੈ॥੫੯੮॥

**ਪਦਾਰਥ**- ਕਾਲਰ=ਕੱਲਰ। ਜ਼ਮੀਨਾਂ ਦੀਆਂ ਖਾਰਾਂ ਵਿਸ਼ੇਸ਼। ਇਕ ਕੱਲਰ ਐਸਾ ਹੁੰਦਾ ਹੈ, ਜਿਸ ਵਿਚੋਂ ਕਲਮੀ ਸ਼ੋਰਾ ਨਿਕਲਦਾ ਹੈ, ਸੋ ਕੱਲਰ ਦਾ ਏਥੇ ਅਰਥ ਹੈ ਸ਼ੋਰਾ ਯਾ ਕਲਮੀ ਸ਼ੋਰਾ। ਧਾਨ ਪਾਨ=ਕਾਈਆਂ ਦਾ ਪੱਤਾ। (ਦੇਖੋ ਅੰਕ ੪੭੬ 'ਬੀਜ ਬੋਇ ਕਾਲਰ ਮੈ ਨਿਪਜੇ ਨ ਧਾਨ ਪਾਨ'।) ਊਸੁ=ਊਖਸ਼=ਭਾਫ਼। ਪਾਵਕ=ਅੱਗ। ਉਪਰਾਜ ਹੈ=ਪੈਦਾ ਕਰਦਾ ਹੈ। ਹੇਤ=ਪ੍ਰੀਤ ਨਾਲ। ਸਕਿਤ=ਸਕਤਿ=ਸ਼ਕਤੀ, ਮਾਯਾ। ਗਤ=ਦਸ਼ਾ ਦਾ, ਹਾਲਤ ਵਾਲਾ, ਵਰਗਾ। ਸਿਵ=ਕਲਜਾਨ ਰੂਪ।

ਅਰਥ-੧. ਸ਼ੋਰ ਜ਼ਿਮੀਂ ਵਿਚ ਧਾਨਾਂ ਦਾ ਬੀਜ ਬੀਜੀਏ ਤਾਂ ਪੱਤਾ ਬੀ ਨਹੀਂ ਫੁੱਟਦਾ, ਪਰ ਜੇ (ਉਹੋ ਸ਼ੋਰਾ) ਖੇਤ ਵਿਚ ਪਾਈਏ ਤਾਂ ਉਸ ਤੋਂ ਅਨਾਜ ਬਹੁਤ ਹੋ ਜਾਂਦਾ ਹੈ*। ੨. (ਜਦ) ਸ਼ੋਰੇ ਨਾਲ ਪਾਣੀ ਮੇਲਦੇ ਹਨ ਤਾਂ ਉਹ ਭਾਫ਼ ਨੂੰ ਜਮਾ ਦੇਂਦਾ ਹੈ, (ਪਰ ਉਹੋ ਸ਼ੋਰਾ) ਅੱਗ ਦਾ ਸੰਗ ਪਾਕੇ ਭਬਾਕਾ ਪੈਦਾ ਕਰਦਾ ਹੈ। ੩. (ਉਹੋ ਸ਼ੋਰਾ) ਜਿਸਤ (ਦੀ ਸੁਰਾਹੀ) ਨਾਲ (ਜਦੋਂ) ਜੋੜੀਦਾ ਹੈ ਤਾਂ ਠੰਢਾ ਜਲ ਪ੍ਰਾਪਤ ਹੁੰਦਾ ਹੈ, (ਜਿਸ ਨੂੰ) ਪੀਂਦਿਆਂ ਸ਼ਾਂਤੀ ਤੇ ਸੁਖ ਹੁੰਦਾ ਹੈ ਤੇ ਤ੍ਰੇਹ ਦਾ ਭਰਮ ਦੂਰ ਹੋ ਜਾਂਦਾ ਹੈ। ੪. ਤਿਵੇਂ ਆਤਮਾਂ ਦਾ ਸੁਭਾਵ ਮਾਇਆ ਦੀ ਸੰਗਤ ਨਾਲ ਮਾਇਆ ਵਰਗਾ ਅਚੇਤ (ਜੜ੍ਹ ਰੂਪ ਹੋ ਜਾਂਦਾ ਹੈ ਤੇ) ਕਲਜਾਨ ਸਰੂਪ ਦੀ ਪ੍ਰੀਤ ਨਾਲ ਕਲਜਾਨ ਸਰੂਪ ਬਣ ਜਾਂਦਾ ਹੈ।

---

* ਕਲਰਾਠੀ (ਸ਼ੋਰ) ਜ਼ਿਮੀਂ ਵਿਚ ਬੀਜ ਨਹੀਂ ਉਗਦਾ, ਪਰ ਜੇ ਕਲਮੀ ਸ਼ੋਰੇ ਵਾਲੀ ਰੇਹ ਖੇਤ ਵਿਚ ਪਾਈਏ ਤਾਂ ਖੇਤੀ ਬਹੁਤ ਹੁੰਦੀ ਹੈ।

੧. ਕੇਹਰਿ ਅਹਾਰ ਮਾਸ, ਸੁਰਹੀ ਅਧਾਰ ਘਾਸ,
ਮਧੁਪ ਕਮਲ ਬਾਸ ਲੇਤ ਸੁਖ ਮਾਨ ਹੀ॥

੨. ਮੀਨਹਿ ਨਿਵਾਸ ਨੀਰ, ਬਾਲਕ ਅਧਾਰ ਖੀਰ,
ਸਰਪਹ ਸਖਾ ਸਮੀਰ ਜੀਵਨ ਕੈ ਜਾਨਹੀ॥

੩. ਚੰਦਹਿ ਚਾਹੈ ਚਕੋਰ ਘਨਹਰ ਘਟਾ ਮੋਰ,
ਚਾਤ੍ਰਿਕ ਬੂੰਦਨ ਸ੍ਵਾਂਤਿ ਧਰਤ ਧਿਆਨ ਹੀ॥

੪. ਪੰਡਿਤ ਬੇਦ ਬੀਚਾਰਿ, ਲੋਕਨ ਮੈ ਲੋਕਾਚਾਰ,
ਮਾਯਾ ਮੋਹ ਮੈ ਸੰਸਾਰ, ਗਿਆਨਿ ਗੁਰ ਗਿਆਨ ਹੀ ॥੫੯੯॥

ਪਦਾਰਥ- ਸੁਰਹੀ=ਗਊ। ਮਧੁਪ=ਭੌਰਾ। ਖੀਰ=ਦੁੱਧ। ਸਮੀਰ=ਠੰਢੀ ਵਾਯੂ, ਚੰਦਨ ਦੀ ਸੁਗੰਧੀ ਵਾਲੀ ਵਾਯੂ। ਘਨਹਰ=ਬੱਦਲ। ਲੋਕਾਚਾਰ=ਲੋਕਾਚਾਰੀ, ਲੋਕ ਰੀਤੀ ਦੇ ਮਗਰ ਟੁਰਨ ਵਾਲਾ।

ਅਰਥ-੧. ਸ਼ੇਰ ਦਾ ਖਾਜਾ ਮਾਸ ਹੈ, ਗਊ ਦਾ ਅਧਾਰ ਘਾਸ ਹੈ, ਭੌਰਾ ਕਵਲ ਦੀ ਸੁਗੰਧੀ ਲੈਂਦਿਆਂ ਸੁਖ ਮੰਨਦਾ ਹੈ। ੨. ਮੱਛੀ ਦਾ ਪਾਣੀ ਵਿਚ ਵਾਸ ਹੁੰਦਾ ਹੈ, ਬਾਲਕ ਦਾ ਆਸਰਾ ਦੁੱਧ ਹੈ, ਸੱਪ ਨੂੰ ਜੀਵਨ ਦਾ ਮਿਤ੍ਰ ਵਾਯੂ ਜਾਣ ਪੈਂਦਾ ਹੈ। ੩. ਚਕੋਰ ਚੰਦ ਨੂੰ ਚਾਹੁੰਦਾ ਹੈ, ਮੋਰ ਬੱਦਲਾਂ ਦੀ ਘਟਾ ਨੂੰ (ਚਾਹੁੰਦਾ ਹੈ), ਚਾਤ੍ਰਿਕ ਸ੍ਵਾਂਤਿ (ਨਛੱਤ੍ਰਾਂ) ਦੀਆਂ ਬੂੰਦਾਂ ਦਾ ਧਿਆਨ ਧਰਦਾ ਹੈ। ੪. ਪੰਡਤ ਬੇਦ ਦੇ ਬੀਚਾਰ ਵਿਚ, ਲੋਕਾਚਾਰੀ ਲੋਕਾਂ ਵਿਚ, ਸੰਸਾਰ ਮਾਯਾ ਮੋਹ ਵਿੱਚ (ਅਤੇ) ਗਿਆਨੀ ਗੁਰੂ ਗਿਆਨ ਵਿਚ (ਲਗਾ ਜੀਂਵਦਾ ਹੈ)।

ਭਾਵ- ਗਿਆਨਵਾਨ ਨੂੰ ਗੁਰੂ ਗਿਆਨ ਦਾ ਆਸਰਾ ਐਉਂ ਹੈ, ਜਿਵੇਂ ਦ੍ਰਿਸ਼੍ਟਾਂਤਾਂ ਵਿਚ ਦੱਸੇ ਪ੍ਰੇਮੀਆਂ ਨੂੰ ਅਪਣੇ ਆਧਾਰਾਂ ਦਾ ਆਸਰਾ ਹੈ ਤੇ ਗਿਆਨੀ ਗਿਆਨ ਵਿਚ ਐਉਂ ਪਰਵਿਰਤ ਹੈ ਜਿਵੇਂ ਮਾਯਾ ਮੋਹ ਵਿਚ ਸ਼ੰਸਾਰ ਹੈ।

੧. ਜੈਸੇ ਪੀਤ ਸ੍ਵੇਤ ਸਜਾਮ ਅਰਨ ਵਰਨ ਰੂਪ,
ਅਗ੍ਰ ਭਾਗ ਰਾਖੈ ਆਂਧਰੋ ਨ ਕ੍ਛੂ ਦੇਖ ਹੈ॥

੨. ਜੈਸੇ ਰਾਗ ਰਾਗਨੀ ਔ ਨਾਦ ਬਾਦ ਆਨ ਗੁਨ,
ਗਾਵਤ ਬਜਾਵਤ ਨ ਬਹਰੋ ਪਰੇਖ ਹੈ॥

੩. ਜੈਸੇ ਰਸ ਭੋਗ ਬਹੁ ਬਿੰਜਨ ਪਰੋਸੈ ਆਗੈ,
ਬ੍ਰਿਥਾਵੰਤ ਜੰਤ ਨਾਹਿ ਰੁਚਿਤ ਬਿਸੇਖ ਹੈ॥

੪. ਤੈਸੇ ਗੁਰ ਦਰਸ, ਬਚਨ, ਪ੍ਰੇਮ ਨੇਮ ਨਿਧ,
ਮਹਿਮਾਂ ਨ ਜਾਨੀ ਮੋਹਿ ਅਧਮ ਅਭੇਖ ਹੈ॥੬੦੦॥

ਪਦਾਰਥ- ਅਰਨ=ਲਾਲ। ਵਰਨ=ਰੰਗ। ਅਗ੍ਰ ਭਾਗ=ਅਗੇ, ਸਾਹਮਣੇ। ਆਂਧਰੋ=ਅੰਨਾ। ਨਾਦ=ਸੰਗੀਤ। ਬਾਦ=ਵਾਜੇ। ਗੁਨ=ਗੁਣ, ਪ੍ਰਬੀਨਤਾਈ। ਬਹਰੋ=ਬੋਲਾ। ਬਿੰਜਨ=ਭੋਜਨ। ਬ੍ਰਿਥਾਵੰਤ=ਰੋਗੀ। ਅਧਮ=ਨੀਚ। ਅਭੇਖ=ਭੇਖ ਰਹਿਤ।

ਅਰਥ-੧. ਜਿਵੇਂ ਪੀਲਾ, ਚਿਟਾ, ਕਾਲਾ, ਲਾਲ ਰੰਗ (ਤੇ ਕਈ ਤਰ੍ਹਾਂ ਦਾ) ਰੂਪ ਅੰਨ੍ਹੇ ਦੇ ਅੱਗੇ ਰਖੀਏ (ਤਾਂ ਅੰਨ੍ਹਾ) ਕੁਛ ਬੀ ਨਹੀਂ ਦੇਖ ਸਕਦਾ। ੨. ਜਿਵੇਂ ਰਾਗ ਰਾਗਣੀ ਤੇ ਸੰਗੀਤ ਦੀ ਪ੍ਰਬੀਨਤਾਈ (ਦੱਸਣ ਵਾਲੇ) ਹੋਰ ਵਾਜੇ ਬੋਲੇ ਅਗੇ ਗਾਵੇਂ ਤੇ ਵਜਾਏ ਜਾਣ ਤਾਂ ਬੋਲਾ ਪਰਖ ਨਹੀਂ ਸਕਦਾ। ੩. ਜਿਵ੍ਹੇਂ (ਬੀਮਾਰ ਅੱਗੇ) ਰਸਦਾਇਕ ਭੋਗ (ਰਖੇ ਜਾਣ ਯਾ) ਬੜੇ ਰਸਦਾਇਕ ਭੋਜਨ ਪਰੋਸੇ ਜਾਣ ਤਾਂ (ਉਹ) ਦੁਖੀ ਜੀਵ (ਉਨ੍ਹਾਂ ਵਲ) ਮੂਲੋਂ ਰੁਚੀ ਨਹੀਂ ਕਰਦਾ। ੪. ਤਿਵੇਂ ਗੁਰੂ ਦੇ-ਜੋ ਪ੍ਰੇਮ ਤੇ ਨੇਮ ਦੀ ਨਿਧੀ ਹੈ- ਦਰਸ਼ਨ ਤੇ ਬਚਨਾਂ ਦੀ ਮਹਿਮਾਂ ਮੈਂ ਨੀਚ ਤੇ ਬੁਰੇ ਭੇਸ ਵਾਲੇ ਨੇ ਨਹੀਂ ਜਾਣੀ*।

ਭਾਵ- ਗੁਰੂ ਮਹਿਮਾ ਨਾ ਪਛਾਣ ਸਕਣ ਦੀ ਆਪਣੀ ਅਸਮਰਥਾ ਦਰਸਾਉਂਦੇ ਹਨ।

---

* ਇਸ ਕਬਿਤ ਨਾਲ ਕੁਛ ਮਿਲਦਾ ਜੁਲਦਾ ਅੰਕ ੪੭੪ ਦਾ ਕਬਿਤ ਹੈ।

੧. ਕਵਨ ਭਕਤਿ ਕਰਿ ਭਕਤਵਛਲ ਭਏ,
ਪਤਿਤ ਪਾਵਨ ਭਏ ਕੌਨ ਪਤਿਤਾਈ ਕੈ॥
੨. ਦੀਨ ਦੁਖ ਭੰਜਨ ਭਏ ਸੁ ਕੌਨ ਦੀਨਤਾ ਕੈ,
ਗਰਬ ਪ੍ਰਹਾਰੀ ਭਏ ਕਵਨ ਬਡਾਈ ਕੈ॥
੩. ਕਵਨ ਸੇਵਾ ਕੈ ਨਾਥ ਸੇਵਕ ਸਹਾਈ ਭਏ,
ਅਸੁਰ ਸੰਘਾਰਣ ਹੈ ਕੌਨ ਅਸੁਰਾਈ ਕੈ॥
੪. ਭਗਤਿ ਜੁਗਤਿ ਅਘ ਦੀਨਤਾ ਗਰਬ ਸੇਵਾ,
ਜਾਨੌ ਨ ਬਿਰਦ ਮਿਲੌ ਕਵਨ ਕਮਾਈ ਕੈ॥੬੦੧॥

ਪਦਾਰਥ- ਪਤਿਤਾਈ=ਨੀਚਤਾ। ਗਰਬ ਪ੍ਰਹਾਰੀ=ਹੰਕਾਰ, ਨਾਸ਼ ਕਰਨੇ ਵਾਲਾ। ਅਸੁਰ ਸੰਘਾਰਣ=ਦੈਂਤ ਨੂੰ ਮਾਰਨ ਵਾਲਾ। ਅਸੁਰਾਈ=ਦੈਂਤਪੁਣਾ। ਜੁਗਤਿ=ਜੋਗ। ਅਘ=ਪਾਪ। ਦੀਨਤਾ=ਨਿੰਮ੍ਰਤਾ, ਗ਼ਰੀਬੀ।

ਅਰਥ-੧. ਕਿਸ ਤਰ੍ਹਾਂ ਦੀ (ਜਗਜਾਸੂ ਦੀ ਕੀਤੀ) ਭਗਤੀ ਕਰਕੇ (ਤੁਸੀਂ) 'ਭਗਤਿ ਵੱਛਲ' ਹੋਏ ਹੋ? ਤੇ ਕਿਹੜੀ ਪਤਿਤਾਈ ਹੈ (ਜਿਸ ਦੇ ਕੀਤੇ ਪਤਿਤ ਨੂੰ ਪਵਿੱਤ੍ਰ ਕਰਕੇ ਤੁਸੀਂ) 'ਪਤਿਤ ਪਾਵਨ' ਹੋਏ ਹੋ? ੨. (ਫਿਰ) ਉਹ ਕਿਹੜੀ ਦੀਨਤਾ ਹੈ (ਜਿਸ ਦੇ) ਕਾਰਨ (ਆਪ) 'ਦੀਨ ਦੁਖ ਭੰਜਨ' (ਬਿਰਦ ਵਾਲੇ) ਹੋਏ? (ਤੇ ਉਹ) ਕਿਹੜੀ ਵਡਾਈ (ਗਰਬ) ਹੈ (ਜਿਸ ਨੂੰ ਦੂਰ ਕਰਨ ਦੇ) ਕਾਰਨ (ਆਪ) 'ਗਰਬ ਪ੍ਰਹਾਰੀ' ਹੋਏ? ੩. ਹੇ ਨਾਥ! ਕਿਹੜੀ ਸੇਵਾ ਦੇ ਕੀਤਿਆਂ (ਤੁਸੀਂ) 'ਸੇਵਕ ਸਹਾਈ' (ਬਿਰਦ ਵਾਲੇ ਹੋਏ) ਹੋ? (ਤੇ) ਕਿਹੜਾ ਦੈਂਤਪੁਣਾ (ਹੈ ਜਿਸ ਦੇ) ਕੀਤਿਆਂ (ਤੁਸੀਂ) 'ਅਸੁਰ ਸੰਘਾਰਣ' (ਬਿਰਦ ਸੰਭਾਲਦੇ) ਹੋ? ੪. (ਮੈਨੂੰ ਆਪ ਦੇ) ਬਿਰਦ ਦੀ ਸਮਝ ਨਹੀਂ ਪੈਂਦੀ (ਕਿ ਆਪ) ਭਗਤੀ, ਜੋਗ, ਪਤਿਤਤਾ, ਦੀਨਤਾ, ਗਰਬ, ਸੇਵਾ (ਆਦਿ) ਕਿਹੜੀ ਕਮਾਈ ਕੀਤਿਆਂ (ਮੈਨੂੰ) ਮਿਲ ਸਕਦੇ ਹੋ?*

* ਇਸ ਕਬਿਤ ਦੇ ਨਾਲ ਕਬਿਤ ਨੰ: ੫੦੪ ਬੀ ਪੜ੍ਹ ਲੈਣਾ ਚਾਹੀਏ।

੧. ਕੌਨ ਗੁਨ ਗਾਇਕੈ ਰੀਝਾਈਐ ਗੁਨ ਨਿਧਾਨ,
ਕਵਨ ਮੋਹਨ ਜਗ ਮੋਹਨ ਬਿਮੋਹੀਐ॥
੨. ਕੌਨ ਸੁਖ ਦੈਕੈ ਸੁਖ ਸਾਗਰ ਸਰਣ ਗਹੌਂ,
ਭੂਖਨ ਕਵਨ ਚਿੰਤਾਮਣਿ ਮਨ ਮੋਹੀਐ॥
੩. ਕੋਟਿ ਬ੍ਰਹਮਾਂਡ ਕੇ ਨਾਯਕ ਕੀ ਨਾਯਕਾ ਹ੍ਵੈ,
ਕੈਸੇ, ਅੰਤ੍ਰਜਾਮੀ ਕੌਨ ਉਕਤ ਕੈ ਬੋਹੀਐ॥
੪. ਤਨੁ ਮਨੁ ਧਨੁ ਹੈ ਸਰਬਸੁ ਬਿਸ੍ਵ ਜਾਂਕੈ ਬਸੁ,
ਕੈਸੇ ਬਸੁ ਆਵੈ ਜਾਂਕੀ ਸੋਭਾ ਲਗ ਸੋਹੀਐ॥੬੦੨॥

ਪਦਾਰਥ- ਗੁਨ ਨਿਧਾਨ=ਗੁਣਾਂ ਦੇ ਖਜ਼ਾਨੇ। ਜਗਮੋਹਨ=ਜਗਤ ਨੂੰ ਮੋਹਣਹਾਰ, ਵਾਹਿਗੁਰੂ। ਚਿੰਤਾਮਣਿ=ਇਕ ਮਣੀ ਜੋ ਮਨ ਵਾਂਛਤ ਦੇਣਹਾਰ ਮੰਨੀ ਜਾਂਦੀ ਹੈ। ਉਕ੍ਤਿ=ਉਕਿ=ਚਮਤਕਾਰੀ ਵਾਕ। ਬੋਹੀਐ=ਬੋਹਨਾ, ਬੋਧਨ ਕਰਨਾ, ਸਮਝਾਉਣਾ। ਸਰਬਸੁ=ਸਰਵੰਸ਼। ਬਿਸ੍ਵ=ਸੰਸਾਰ।

ਅਰਥ-੧. ਕਿਹੜੇ ਗੁਣ ਗਾ ਕੇ ਗੁਣ ਨਿਧਾਨ ਨੂੰ ਪ੍ਰਸੰਨ ਕਰੀਏ, ਕਿਹੜੀ ਮੋਹਨਹਾਰ (ਵਸਤੂ ਨਾਲ) ਜਗਮੋਹਨ (ਵਾਹਿਗੁਰੂ ਨੂੰ ਅਪਣੇ ਤੇ) ਮੋਹਿਤ ਕਰੀਏ? ੨. ਕਿਹੜਾ ਸੁਖ ਦੇਕੇ ਸੁਖਸਾਗਰ ਦੀ ਸ਼ਰਨ ਫੜੀਏ, ਕਿਹੜੇ ਗਹਿਣੇ ਨਾਲ ਚਿੰਤਾਮਣੀ ਦਾ ਮਨ ਮੋਹਿਤ ਕਰੀਏ? ੩. ਕ੍ਰੋੜਾਂ ਬ੍ਰਹਮਾਂਡਾਂ ਦੇ ਨਾਇਕ (ਸ੍ਵਾਮੀ) ਦੀ ਨਾਇਕਾ ਕਿਵੇਂ ਹੋਈਏ ਤੇ ਅੰਤਰਜਾਮੀ ਨੂੰ ਕਿਹੜੀ ਉਕਤੀ ਨਾਲ ਸਮਝਾ ਸਕੀਏ। ੪. ਤਨ ਮਨ ਧਨ ਤੇ ਸੰਸਾਰ ਦਾ ਸਾਰਾ ਸਰਬੰਸ ਜਿਸਦੇ ਵੱਸ ਵਿਚ ਹੈ (ਓਹ) ਕਿਵੇਂ ਵੱਸ ਆ ਸਕਦਾ ਹੈ, ਜਿਸਦੀ ਸ਼ੋਭਾ ਨੂੰ ਲਗਕੇ ਸੁਹਣੇ ਹੋ ਜਾਈਦਾ ਹੈ।

ਭਾਵ- ਇਹ ਦੱਸਕੇ ਕਿ ਆਪ ਜੋ ਸਰਬ ਗੁਣਾਂ ਦਾ ਸਾਗਰ ਹੈ, ਉਹ ਅਲਪ ਗੁਣਵਾਨ ਦੇ ਕਿਸੇ ਗੁਣ ਮਾਤ੍ਰ ਨਾਲ ਨਹੀਂ ਰੀਝ ਸਕਦਾ, ਉਸ ਨਾਲ ਪ੍ਰੇਮ ਕਰਨੇ ਵਲ ਸੈਨਤ ਸੱਟੀ ਹੈ।

੧. ਜੈਸੇ ਜਲ ਮਿਲ ਦ੍ਰੁਮ ਸਫਲ ਨਾਨਾ ਪ੍ਰਕਾਰ,
ਚੰਦਨ ਮਿਲਤ ਸਬ ਚੰਦਨ ਸੁਬਾਸ ਹੈ॥

੨. ਜੈਸੇ ਮਿਲ ਪਾਵਕ ਢਰਤ ਪੁਨ ਸੋਈ ਧਾਤ,
ਪਾਰਸ ਪਰਸ ਰੂਪ ਕੰਚਨ ਪ੍ਰਕਾਸ ਹੈ॥

੩. ਅਵਰ ਨਖਤ੍ਰ ਬਰਖਤ ਜਲ ਜਲ ਮਈ,
ਸ੍ਵਾਂਤਿ ਬੂੰਦ ਸਿੰਧ ਮਿਲ ਮੁਕਤਾ ਬਿਗਾਸ ਹੈ॥

੪. ਤੈਸੇ ਪਰਵਿਰਤਿ ਔ ਨਿਵਿਰਤ ਜੋ ਸੁਭਾਵ ਦੋਊ,
ਗੁਰ ਮਿਲ ਸੰਸਾਰੀ ਨਿਰੰਕਾਰੀ ਅਭਿਆਸੁ ਹੈ॥੯੦੩॥

**ਪਦਾਰਥ**- ਸਫਲ=ਫਲ ਵਾਲੇ। ਪਾਵਕ=ਅੱਗ। ਸਿੰਧ=ਸਮੁੰਦਰ। ਪਰ ਇਹ ਪਾਠ ਅਸੁਧ ਜਾਪਦਾ ਹੈ, ਇਥੇ ਪਾਠ 'ਸਿੱਪ' ਚਾਹੀਦਾ ਹੈ। ਨਿਰੰਕਾਰੀ ਅਭਿਆਸੁ ਹੈ=ਨਿਰੰਕਾਰ ਦੇ ਅਭਯਾਸ ਵਾਲੇ ਹੋ ਜਾਂਦੇ ਹਨ, ਭਾਵ-ਵਾਹਿਗੁਰੂ ਜੀ ਦੇ ਹੋ ਜਾਂਦੇ ਹਨ।

ਅਰਥ-੧. ਜਿਵੇਂ ਜਲ ਨੂੰ ਮਿਲਣ ਕਰਕੇ ਬ੍ਰਿੱਛ ਨਾਨਾ ਪ੍ਰਕਾਰ (ਦੇ ਫਲਾਂ ਨਾਲ) ਫਲਵਾਨ ਹੁੰਦਾ ਹੈ ਅਤੇ ਚੰਦਨ ਦੀ ਵਾਸ਼ਨਾ ਨੂੰ ਮਿਲਕੇ (ਓਹ) ਸਾਰਾ ਚੰਦਨ ਦੀ ਸੁਗੰਧੀ ਵਾਲਾ ਹੋ ਜਾਂਦਾ ਹੈ। ੨. ਜਿਵੇਂ ਅੱਗ ਨੂੰ ਮਿਲਕੇ (ਧਾਂਤ) ਢਲ ਜਾਂਦੀ ਹੈ ਫਿਰ ਓਹ ਧਾਂਤ ਹੀ ਰਹਿੰਦੀ ਹੈ, (ਪਰ) ਪਾਰਸ ਨੂੰ ਛੁਹਕੇ ਸੋਨਾ ਰੂਪ ਹੋਕੇ ਪ੍ਰਕਾਸ਼ਦੀ ਹੈ। ੩. ਹੋਰਨਾਂ ਨਿਛੱਤ੍ਰਾਂ ਵਿਚ ਬਰਸਦਾ ਹੈ (ਬਰਖਾ ਦਾ) ਜਲ ਤਾਂ ਜਲ ਰੂਪ ਹੀ (ਰਹਿੰਦਾ ਹੈ), ਪਰ ਸ੍ਵਾਂਤਿ (ਨਿਛੱਤ੍ਰ ਵਿਚ ਬਰਸੀ) ਬੂੰਦ ਸਿੱਪ ਨੂੰ ਮਿਲਕੇ ਮੋਤੀ ਹੋ ਪ੍ਰਕਾਸ਼ਦੀ ਹੈ। ੪. ਤਿਵੇਂ (ਜਗਜਾਸੂਆਂ ਵਿਚ) ਦੋ ਸੁਭਾਵ ਹਨ ਪਰਵਿਰਤੀ ਤੇ ਨਿਵਿਰਤੀ, ਸੋ (ਜਿਸ ਸੁਭਾਵ ਵਾਲਾ ਜਗਜਾਸੂ) ਗੁਰੂ ਛੁਹ ਵਿਚ ਜਾਂਦਾ ਹੈ ਸੰਸਾਰੀ ਯਾ ਨਿਰੰਕਾਰੀ (ਸਫ਼ਲਤਾ ਵਿਚ ਆਪਣੇ ਸੁਭਾਵ ਅਨੁਸਾਰ) ਪ੍ਰਪੱਕਤਾ ਪ੍ਰਾਪਤ ਕਰਦਾ ਹੈ।

**ਭਾਵ**- ਸੰਸਾਰਕ ਐਸ਼੍ਵਰਜ ਦੀ ਪ੍ਰਾਪਤੀ ਵਾਲੇ ਹੋਣਾ ਯਾ ਨਿਰੰਕਾਰ ਵਿਚ ਸਦਗਤੀ ਵਾਲੇ ਹੋਣਾ ਦੋਹਾਂ ਵਿਚੋਂ ਕਿਹੜੀ ਪ੍ਰਪੱਕਤਾ ਦੀ ਪ੍ਰਾਪਤੀ ਵਿਚ ਅੱਪੜਨਾ ਹੈ, ਇਹ ਗਲ ਜਗਜਾਸੂ ਦੇ ਆਪਣੇ ਸੁਭਾਵ ਯਾ ਮਨ ਦੀ ਤੀਬਰ ਰੁਚੀ ਨੇ ਮੰਗਣੀ ਹੈ।

੧. ਜੈਸੇ ਬਿਬਿਧ ਪ੍ਰਕਾਰ ਕਰਤ ਸ਼ਿੰਗਾਰ ਨਾਰਿ,
ਭੇਟਤ ਭਤਾਰ ਉਰ ਹਾਰ ਨ ਸੁਹਾਤ ਹੈ॥

੨. ਬਾਲਕ ਅਚੇਤ ਜੈਸੇ ਕਰਤ ਅਨੇਕ ਲੀਲਾ,
ਸੁਰਤ ਸਮਾਰ ਬਾਲ ਬੁਧਿ ਬਿਸਰਾਤ ਹੈ॥

੩. ਜੈਸੇ ਪ੍ਰਿਯਾ ਸੰਗਮ ਸੁਜਸ ਨਾਯਕਾ ਬਖਾਨੈ,
ਸੁਨ ਸੁਨ ਸਜਨੀ ਸਕਲ ਬਿਗਸਾਤ ਹੈ॥

੪. ਤੈਸੇ ਖਟ ਕਰਮ ਧਰਮ ਸ੍ਰਮ ਗਜਾਨ ਕਾਜ,
ਗਜਾਨ ਭ਼ਾਨੁ ਉਦੈ ਉਡਿ ਕਰਮ ਉਡਾਤ ਹੈ॥੬੦੪॥

**ਪਦਾਰਥ**- ਉਰ ਹਾਰ=ਗਲੇ ਪਿਆ ਹਾਰ। ਭੇਟਤ=ਮਿਲਦਾ ਹੈ। ਅਚੇਤ=ਅਯਾਣਾ। ਸ੍ਰਮ=ਖੇਚਲ। ਭਾਨੁ=ਸੂਰਜ। ਉਡਿ=ਤਾਰੇ।

ਅਰਥ-੧. ਜਿਵੇਂ ਨਾਰੀ (ਭਰਤਾ ਨੂੰ ਮਿਲਨ ਹਿਤ) ਅਨੇਕ ਪ੍ਰਕਾਰ ਦੇ ਸ਼ਿੰਗਾਰ ਕਰਦੀ ਹੈ, ਪਰ ਜਦ ਪਤੀ ਮਿਲ ਪੈਂਦਾ ਹੈ (ਤਾਂ ਫਿਰ) ਗਲੇ ਦਾ ਹਾਰ (ਆਦਿਕ ਜਿਨ੍ਹਾਂ ਦ੍ਵਾਰਾ ਪਤੀ ਨੂੰ ਮੋਹਿਤ ਕੀਤਾ ਸੀ) ਨਹੀਂ ਸੁਹਾਉਂਦਾ*। ੨. ਅਯਾਣਾ ਬਾਲਕ ਜਿਵੇਂ ਅਨੇਕ ਖੇਡਾਂ ਖੇਡਦਾ ਹੈ (ਪਰ) ਜਦ ਸੁਰਤ ਸੰਭਾਲ ਲੈਂਦਾ ਹੈ ਤਾਂ ਬਾਲ ਬੁੱਧ (ਦੀਆਂ ਖੇਡਾਂ ਜਿਨ੍ਹਾਂ ਦੁਵਾਰਾ ਉਹ ਤਕੜਾ ਹੋਇਆ ਸੀ) ਵਿਸਾਰ ਦਿੰਦਾ ਹੈ। ੩. ਜਿਵੇਂ ਪੀਆ ਦੇ ਮਿਲਾਪ ਦਾ ਜਸ ਨਾਯਕਾ ਕਹਿੰਦੀ ਹੈ ਤਾਂ ਸਾਰੀਆਂ ਸਖੀਆਂ ਸੁਣ ਸੁਣਕੇ ਖਿੜਦੀਆਂ ਹਨ। ੪. ਤਿਵੇਂ ਗਜਾਨ ਕਾਰਜ ਲਈ ਕੀਤੇ ਖਟ ਕਰਮ, ਧਰਮ ਤੇ ਘਾਲਾਂ ਗਜਾਨ ਦੇ ਸੂਰਜ ਉਦੇ ਹੋਇਆਂ ਤਾਰਿਆਂ ਵਾਂਗ (ਏਹ) ਕਰਮ ਉਡ ਜਾਂਦੇ ਹਨ।

ਸੂਚਨਾ- ਇਸ ਕਬਿਤ ੬੦੪ ਦੀ ਤੀਸਰੀ ਸਤਰ ਅਗਲੇ ਕ਼ਬਿਤ ੬੦੫ ਦੀ ਹੈ, ਲਿਖਾਰੀ ਦੀ ਭੁੱਲ ਨੇ ਏਥੇ ਲਿਖ ਦਿੱਤੀ ਹੈ। ਇਸ ਤੁਕ ਦੀ ਥਾਵੇਂ ਇਹ

---

੧. ਯਥਾ:- ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ॥
(ਵਾਰ ਮਾਰੂ. ਡਖ. ਮ. ੫-੩)


www.sikhbookclub.com

ਤੁਕ ਚਾਹੀਦੀ ਹੈ:-

੧. ਜੈਸੇ ਬਨਰਾਇ ਪਰਫੁਲਤ ਫਲ ਨਮਿਤ,
ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ॥*

ਇਹ ਤੁਕ ਅਸਾਂ ਅੰਕ ੪੦੫ ਵਿਚੋਂ ਲੱਭੀ ਹੈ। ਕਬਿਤ ੪੦੫ ਇਸ ਨਾਲ ਕੁਛ ਅਖਰੀ ਫ਼ਰਕ ਛੱਡਕੇ ਹੂਬਹੂ ਮਿਲਦਾ ਹੈ ਤੇ ਇਹ ਸਤਰ ਓਥੇ ਕਬਿਤ ੪੦੫ ਦੀ ਪਹਿਲੀ ਸਤਰ ਹੈ। ਟਾਕਰਾ ਕਰਨ ਲਈ ਕਬਿਤ ੪੦੫ ਦਾ ਸਾਰਾ ਪਾਠ ਅੱਗੇ ਦਿੰਦੇ ਹਾਂ:-

੧. ਜੈਸੇ ਬਨਰਾਇ ਪਰਫੁਲਤ ਫਲ ਨਮਿਤ,
ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ॥

੨. ਜੈਸੇ ਤ੍ਰਿਯਾ ਰਚਤ ਸਿੰਗਾਰ ਭਰਤਾਰ ਹੇਤ,
ਭੇਟਤ ਭ੍ਰਤਾਰਿ ਉਰ ਹਾਰਿ ਨ ਸਮਾਤ ਹੈ॥

੩. ਬਾਲਕ ਅਚੇਤ ਜੈਸੇ ਕਰਤ ਲੀਲਾ ਅਨੇਕ,
ਸੁਚਿਤ ਚਿਤਨ ਭਏ ਸਬੈ ਬਿਸ਼ਰਾਤ ਹੈ॥

੪. ਤੈਸੇ ਖਟ ਕਰਮ ਧਰਮ ਸ੍ਰਮ ਗਜਾਨ ਕਾਜ,
ਗਜਾਨ ਭਾਨੁ ਉਦੈ ਉਡ ਕਰਮ ਉਡਾਤ ਹੈ॥੪੦੫॥

ਅਸਲ ਵਿਚ ਏਹ ਕਬਿੱਤ ਅੰਕ ੬੦੪ ਤੇ ਅੰਕ ੪੦੫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਵਾਕ ਦਾ ਟੀਕਾ ਹਨ:-

"ਫਲ ਕਾਰਨ ਫੂਲੀ ਬਨਰਾਇ॥
ਫਲੁ ਲਾਗਾ ਤਬ ਫੂਲੁ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨੁ ਭਇਆ ਤਹ ਕਰਮਹ ਨਾਸੁ॥"
(ਭੈਰਉ ਰਵਿਦਾਸ ਜੀ)

---

* ਅਰਥਾਤ-ਜਿਵੇਂ ਬਨਸਪਤੀ ਫਲ ਵਾਸਤੇ ਫੁਲਾਂ ਤੇ ਆਉਂਦੀ ਹੈ, ਪਰ ਫਲ ਪੈਂਦਿਆਂ ਹੀ ਫੁਲ ਪੰਖੜੀਆਂ ਡਿੱਗ ਪੈਂਦੀਆਂ ਹਨ।

੧. ਜੈਸੇ ਸਿਮਰ ਸਿਮਰ ਪ੍ਰਿਆ ਪ੍ਰੇਮ ਰਸ ਬਿਸਮ ਹੋਇ,
ਸੋਭਾ ਦੇਤ ਮੋਨ ਗਹੇ, ਮਨ ਮੁਸਕਾਤ ਹੈ॥
੨. ਪੂਰਨ ਅਧਾਨ ਪਰਸੂਤ ਸਮੈ ਰੋਦਤ ਹੈ,
ਗੁਰਜਨ ਮੁਦਤ ਹ੍ਵੈ, ਤਾਹੀ ਲਪਟਾਤ ਹੈ॥
੩. ਜੈਸੇ ਮਾਨਵਤੀ ਮਾਨ ਤਜਾਗਿ ਕੈ ਅਮਾਨ ਹੋਇ,
ਪ੍ਰੇਮ ਰਸ ਪਾਇ ਚੁਪ ਹੁਲਮਤ ਗਾਤ ਹੈ॥
੪. ਤੈਸੇ ਗੁਰਮੁਖ ਪ੍ਰੇਮ ਭਗਤਿ ਪ੍ਰਕਾਸ ਜਾਸ,
ਬੋਲਤ, ਬੈਰਾਗ, ਮੋਨ ਗਹੇ, ਬਹੁ ਸੁਹਾਤ ਹੈ॥੬੦੫॥

**ਪਦਾਰਥ**- ਗੁਰ ਜਨ=ਵਡੇ ਲੋਕ, ਸੱਸ ਨਿਨਾਣ ਆਦਿ। ਮੁਦਤ ਹ੍ਵੈ=ਪ੍ਰਸੰਨ ਹੁੰਦੇ ਹਨ।

**ਅਰਥ**-੧. ਜਿਵੇਂ (ਨਾਇਕਾ ਅਪਣੇ) ਪਿਆਰੇ ਦੇ ਪ੍ਰੇਮ ਰਸ ਨੂੰ ਯਾਦ ਕਰ ਕਰਕੇ ਅਚਰਜ ਹੁੰਦੀ ਰਹਿੰਦੀ ਹੈ ਤੇ ਚੁਪ ਕੀਤਿਆਂ ਹੋਯਾਂ ਭੀ (ਉਹ) ਸ਼ੋਭਾ ਦਿੰਦੀ ਹੈ, (ਕਿਉਂਕਿ ਉਸਦਾ) ਮਨ ਮੁਸਕ੍ਰਾ ਰਿਹਾ ਹੁੰਦਾ ਹੈ। ੨. (ਜਿਵੇਂ ਓਹ) ਗਰਭ ਦੇ ਪੂਰਨ ਹੋਇਆਂ ਬਾਲ ਨੂੰ ਜਨਮ ਦੇਣ ਵੇਲੇ (ਆਪ) ਰੋਂਦੀ ਹੈ, (ਪਰ) ਘਰ ਦੀਆਂ ਵਡੀਆਂ (ਸੱਸਾਂ ਨਿਨਾਣਾਂ ਆਦਿ) ਪ੍ਰਸੰਨ ਹੁੰਦੀਆਂ ਤੇ ਉਸ ਨੂੰ ਪਿਆਰਦੀਆਂ ਹਨ (ਭਾਵ ਰੋਂਦੀ ਬੀ ਉਨ੍ਹਾਂ ਨੂੰ ਪਜਾਰੀ ਲਗਦੀ ਹੈ)। ੩. ਜਿਵੇਂ ਮਾਨ ਮੱਤੀ ਮਾਨ ਛੱਡਕੇ ਨਿਰਮਾਣ ਹੁੰਦੀ ਹੈ ਤਾਂ (ਪਤੀ ਦਾ) ਪ੍ਰੇਮ ਰਸ ਪਾਕੇ ਚੁੱਪ, ਪਰ ਤਨੋਂ (ਮਨੋਂ) ਆਨੰਦ ਵਿਚ ਹੁੰਦੀ ਹੈ। ੪. ਤਿਵੇਂ (ਓਹ) ਗੁਰਮੁਖ਼ ਜਿਨ੍ਹਾਂ ਦੇ (ਅੰਦਰ) ਪ੍ਰੇਮਾ ਭਗਤੀ ਦਾ ਪ੍ਰਕਾਸ਼ ਹੈ (ਭਾਵੇਂ ਓਹ) ਬੋਲਦੇ ਹਨ, ਯਾ ਵੈਰਾਗ ਕਰਦੇ ਹਨ ਯਾ ਚੁੱਪ ਕਰ ਰਹਿੰਦੇ ਹਨ (ਓਹ ਸਭਨਾਂ ਹਾਲਤਾਂ ਵਿਚ) ਬਹੁਤ ਸ਼ੋਭਨੀਕ ਹੁੰਦੇ ਹਨ।

**ਭਾਵ**- ਗੁਰਮੁਖ ਦਾ ਬੋਲਣਾ, (ਯਾ ਹੱਸਣਾ) ਚੁੱਪ ਤੇ ਵਿਰਾਗ ਸਭੇ ਸ਼ੋਭਨੀਕ ਹਨ।

ਇਹ ਕਬਿਤ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਦਾ ਟੀਕਾ ਹੈ:-

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥

(ਆਸਾ ਮ:੧)

ਪੁਨਾ:- ਗੁਰਮੁਖਿ ਹਸੈ ਗੁਰਮੁਖਿ ਰੋਵੈ॥
ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ॥

(ਵਾ: ਤੋਂ ਵਧੀਕ ਮ:੪)

ਸੂਚਨਾ- ਇਹ ਕਬਿਤ ੪੧੪ ਕਬਿਤ ਨਾਲ, ਕੁਛ ਅੱਖਰੀ ਫਰਕ ਛਡਕੇ, ਮਿਲਦਾ ਹੈ, ਟਾਕਰਾ ਕਰਨ ਲਈ ਕਬਿਤ ੪੧੪ ਦਾ ਪਾਠ ਅਗੇ ਦਿਤਾ ਜਾਂਦਾ ਹੈ:-

੧. ਜੈਸੇ ਪ੍ਰਿਅ ਸੰਗਮ ਸੁਜਸੁ ਨਾਯਕਾ ਬਖਾਨੇ,
ਸੁਨਿ ਸੁਨਿ ਸਜਨੀ ਸਗਲ ਬਿਗਸਾਤ ਹੈ॥

੨. ਸਿਮਰਿ ਸਿਮਰਿ ਪ੍ਰਿਅ ਪ੍ਰੇਮ ਰਸ ਬਿਸਮ ਹੁਇ,
ਸੋਭਾ ਦੇਤ ਮੋਨਿ ਗਹੇ ਮਨ ਮੁਸਕਾਤ ਹੈ॥

੩. ਪੂਰਨ ਅਧਾਨ ਪਰਸੂਤ ਸਮੇ ਰੁਦਨ ਸੈ,
ਗੁਰਜਨ ਮੁਦਿਤ ਹੁਇ ਤਾਹੀ ਲਪਟਾਤ ਹੈ॥

੪. ਤੈਸੇ ਗੁਰਮੁਖ ਪ੍ਰੇਮ ਭਗਤ ਪ੍ਰਕਾਸ ਜਾਸੁ,
ਬੋਲਤ, ਬੈਰਾਗ, ਮੋਨਿ, ਸੁਬਹੁ ਸੁਹਾਤ ਹੈ॥੪੧੪॥

ਇਸ ਨਾਲ ਟਾਕਰਾ ਕਰਨ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਕਬਿਤ ਦੀ ਤੀਸਰੀ ਸਤਰ ਇਸ ੬੦੫ ਦੀ ਪਹਿਲੀ ਸਤਰ ਹੋਣੀ ਚਾਹੀਦੀ ਹੈ ਤੇ ਇਸ ਦੀ ਤੀਸਰੀ ਸਤਰ ਇਸ ਵਿਚ ਨਹੀਂ ਸੀ ਚਾਹੀਦੀ। ਯਾ ਭਾਈ ਸਾਹਿਬ ਜੀ ਨੇ ਪਹਿਲੋਂ ਇਸ ਕਬਿਤ ਦੀਆਂ ਪੰਜ ਸਤਰਾਂ ਹੀ ਲਿਖੀਆਂ ਸਨ ਤੇ ਦੋਹਾਂ ਵਿਚੋਂ ਕੋਈ ਇਕ ਕੱਟੀ ਸੀ, ਜਿਨ੍ਹਾਂ ਵਿਚੋਂ ਲਿਖਾਰੀਆਂ ਨੇ ਆਪਣੀ ਸਮਝ ਅਨੁਸਾਰ ਇਕ ਕੱਟ ਦਿਤੀ ਹੈ।

੧. ਜੈਸੇ ਅੰਧਕਾਰ ਬਿਖੈ ਦਿਪਤ ਦੀਪਕ ਦੇਖ,
ਅਨਿਕ ਪਤੰਗ ਓਤਪੋਤ ਹੁਇ ਗੁੰਜਾਰ ਹੀਂ॥

੨. ਜੈਸੇ ਮਿਸਟਾਂਨ ਪਾਨ ਜਾਂਨ ਕਾਨ ਭਾਂਜਨ ਮੈਂ,
ਰਾਖਤ ਹੀ ਚੀਟੀ ਲੋਭ ਲੁਭਤ ਅਪਾਰ ਹੀ॥

੩. ਜੈਸੇ ਮ੍ਰਿਦੁ ਸੌਰਭ ਕਮਲ ਓਰ ਧਾਇ ਜਾਇ,
ਮਧੁਪ ਸਮੂਹ ਸੁਭ ਸਬਦ ਉਚਾਰਹੀ॥

੪. ਤੈਸੇ ਹੀ ਨਿਧਾਨ ਗੁਰ ਗਜਾਨ ਪਰਵਾਨ ਜਾਮੈ,
ਸਗਲ ਸੰਸਾਰ ਤਾ ਚਰਨ ਨਮਸਕਾਰ ਹੀ॥੬੦੬॥

**ਪਦਾਰਥ**- ਓਤਪੋਤ ਹੁਇ=ਪਰਸਪਰ ਮਿਲੇ ਹੋਏ। ਮਿਸਟਾਨ ਪਾਨ=ਮਿੱਠਾ ਪਾਣੀ। ਸ਼ਰਬਤ। ਜਾਨ ਕਾਨ=ਜੇਨ ਕੇਨ=ਜਿਸ ਕਿਸੇ। ਚੀਟੀ=ਕੀੜੀਆਂ। ਮ੍ਰਿਦੁ=ਕੋਮਲ। ਸੌਰਭ=ਸੁਗੰਧੀ।

ਅਰਥ-੧. ਜਿਵੇਂ ਅੰਧੇਰੇ ਵਿਖੇ ਜਗ ਰਿਹਾ ਦੀਵਾ ਦੇਖਕੇ ਅਨੇਕਾਂ ਭੰਬਟ (ਉਸਦੇ ਉਦਾਲੇ) ਪਰਸਪਰ ਮਿਲੇ ਹੋਏ ਗੁੰਜਾਰਦੇ ਹਨ।

੨. ਜਿਵੇਂ ਮਿਠਾ ਪਾਣੀ ਜਿਸ ਕਿਸੇ ਭਾਂਡੇ ਵਿਚ (ਰਖੀਏ ਤਾਂ) ਰਖਦਿਆਂ ਸਾਰ ਅਪਾਰ ਕੀੜੀਆਂ ਲੋਭ ਵਿਚ ਲੁਭਾਇਮਾਨ ਹੋ ਜਾਂਦੀਆਂ ਹਨ।

੩. ਜਿਵੇਂ ਕੋਮਲ ਕਵਲ ਦੀ ਸੁਗੰਧੀ ਵਲ ਸਮੂਹ ਭੌਰੇ ਸੁਹਣਾ ਸ਼ਬਦ ਕਰਦੇ ਹੋਏ ਧਾ ਕੇ ਜਾਂਦੇ ਹਨ।

੪. ਤਿਵੇਂ ਹੀ ਜਿਸ (ਗੁਰਮੁਖ) ਵਿਚ ਗੁਰੂ ਦੇ ਪ੍ਰਵਾਨ ਗਜਾਨ ਦਾ ਖ਼ਜ਼ਾਨਾ ਹੈ, ਸਾਰਾ ਸੰਸਾਰ ਉਸ ਦੇ ਚਰਨਾਂ ਨੂੰ ਨਮਸਕਾਰਦਾ ਹੈ।

ਸੂਚਨਾ- ਇਹ ਕਬਿਤ ੩੬੭ ਕਬਿਤ ਨਾਲ ਮਿਲਦਾ ਜੁਲਦਾ ਹੈ, ਓਥੇ ਚੰਦ ਚਕੋਰ ਤੇ ਏਥੇ ਭੌਰ ਕਮਲ ਦੇ ਦ੍ਰਿਸ਼ਟਾਂਤ ਵਿਲੱਖਣ ਹਨ। ਇਹ ਕਬਿਤ ੪੧੦ ਨਾਲ ਵੀ ਕੁਛ ਮੇਲ ਖਾਂਦਾ ਹੈ।

੧. ਰੂਪ ਕੇ ਜੋ ਰੀਝੈ ਰੂਪਵੰਤ ਹੀ ਰਿਝਾਇ ਲੇਹਿ,
ਬਲ ਕੈ ਜੁ ਮਿਲੈ ਬਲਵੰਤ ਗਹਿ ਰਾਖਈ॥
੨. ਦਰਬ ਕੈ ਜੋ ਪਾਈਐ ਦਰਬੇਸ੍ਰਰ ਲੇ ਜਾਹਿ ਤਾਹਿ,
ਕਬਿਤਾ ਕੈ ਪਾਈਐ ਕਬੀਸ੍ਰਰ ਅਭਿਲਾਖ ਹੀ॥
੩. ਜੋਗ ਕੈ ਪਾਈਐ ਜੋਗੀ ਜਟਾ ਮੈ ਦੁਰਾਇ ਰਾਖੈ,
ਭੋਗ ਕੈ ਜੋ ਪਾਈਐ ਭੋਗ ਭੋਗੀ ਰਸ ਚਾਖ ਹੀ॥
੪. ਨਿਗ੍ਰਹ ਜਤਨ ਪਾਨ ਪਰਤ ਨ ਪ੍ਰਾਨ ਮਾਨ,
ਪ੍ਰਾਨ ਪਤਿ ਏਕ ਗੁਰ ਸਬਦਿ ਸੁ ਭਾਖ ਹੀ॥੬੦੭॥

ਪਦਾਰਥ- ਦਰਬੇਸ੍ਰਰ=(ਦਰਬ+ਈਸ੍ਰਰ) ਧਨੀ। ਅਮੀਰ। ਅਭਿਲਾਖ ਹੀ=ਇੱਛਾ ਮਾਤ੍ਰ ਨਾਲ। ਨਿਗ੍ਰਹ=ਇੰਦਯ ਦਮਨ। ਪਾਣ ਮਾਨ=ਪ੍ਰਾਣਾਂ ਤੋਂ ਪਿਆਰਾ ਤੇ ਮਾਨ ਯੋਗ।

ਅਰਥ-੧. ਜੇ (ਉਹ ਪ੍ਰਾਨਪਤਿ ਪਰਮਾਤਮਾ) ਰੂਪ ਕਰਕੇ ਰੀਝਦਾ ਹੋਵੇ ਤਾਂ ਰੂਪਵੰਤ ਹੀ (ਉਸ ਨੂੰ) ਪ੍ਰਸੰਨ ਕਰ ਲੈਂਦੇ, ਜੋ ਬਲ ਕਰਕੇ ਮਿਲਦਾ ਹੋਵੇ ਤਾਂ (ਉਸ ਨੂੰ) ਬਲਵਾਨ (ਸੂਰਮੇ ਹੀ) ਫੜ ਰਖਦੇ। ੨. ਜੇ ਧਨ ਕਰਕੇ (ਉਹ) ਪ੍ਰਾਪਤ ਹੁੰਦਾ ਤਾਂ ਉਸ ਨੂੰ ਧਨੀ ਹੀ ਲੈ ਜਾਂਦੇ, ਜੇ ਕਵਿਤਾ ਕਰਕੇ ਹੀ ਪਾਇਆ ਜਾ ਸਕਦਾ ਹੋਵੇ ਤਾਂ ਕਵੀ ਜਨ (ਜੋ ਉਸ ਦੀ ਅਭਿਲਾਖਾ ਕਰ ਰਹੇ ਹਨ) ਅਭਿਲਾਖਾ ਨਾਲ ਹੀ (ਉਸਨੂੰ ਪਾ ਲੈਂਦੇ)। ੩. ਜੇ ਜੋਗ ਕੀਤਿਆਂ ਮਿਲਦਾ ਤਾਂ ਜੋਗੀ (ਉਸ ਨੂੰ) ਜਟਾਂ ਵਿਚ ਛੁਪਾਈ ਰਖਦੇ(ਭਾਵ ਪਾ ਲੈਂਦੇ), ਜੇ ਭੋਗਾਂ ਕਰ ਪਾਇਆ ਜਾਂਦਾ ਹੋਵੇ ਤਾਂ ਭੋਗੀ ਭੋਗਾਂ ਦੇ ਰਸ ਚਖਣ (ਵਿਚ ਹੀ ਉਸਨੂੰ ਪਾ ਲੈਂਦੇ)। ੪. ਮਾਨ ਯੋਗ ਤੇ ਪ੍ਰਾਣਾਂ ਤੋਂ ਪਿਆਰਾ ਪ੍ਰਾਣ ਪਤੀ (ਇੰਦ੍ਰਯ ਆਦਿ ਦੇ) ਰੋਕਣ ਵਾਲੇ ਜਤਨਾਂ ਨਾਲ (ਬੀ) ਹਥ ਨਹੀਂ ਆਉਂਦਾ* (ਉਹ ਤਾਂ) ਇਕ ਗੁਰੂ ਦੇ ਸ਼ਬਦ (ਵਾਹਿਗੁਰੂ) ਦੇ ਜਪਣ ਨਾਲ (ਹਥ ਆਉਂਦਾ ਹੈ)।

* ਅਥਵਾ, ਪ੍ਰਾਣਵਾਨ=ਪ੍ਰਾਣਧਾਰੀ (ਜੀਵ) ਦੇ ਹਥ (ਉਹ) ਨਹੀ ਆਉਂਦਾ।

੧. ਜੈਸੇ ਫਲ ਤੇ ਬਿਰਖ ਬਿਰਖ ਤੇ ਹੋਤ ਫਲ,
ਅਦਭੁਤ ਗਤਿ ਕਛੁ ਕਹਤ ਨ ਆਵੈ ਜੀ॥
੨. ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ,
ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ॥
੩. ਕਾਸਟ ਮੈ ਅਗਨਿ ਅਰ ਅਗਨਿ ਮੈ ਕਾਸਟ ਜੈਸੇ,
ਅਤਿ ਅਸਚਰਯ ਮਯ ਕੌਤਕ ਕਹਾਵੈ ਜੀ॥
੪. ਸਤਿਗੁਰ ਮਹਿ ਸਬਦ ਸਬਦ ਮਹਿ ਸਤਿਗੁਰ ਹੈ,
ਨਿਗੁਨ ਸਗੁਨ ਗਜਾਨ ਧਜਾਨ ਸਮਝਾਵੈ ਜੀ॥੬੦੮॥

ਪਦਾਰਥ- ਬਾਸ=ਵਾਸ਼ਨਾ, ਸੁਗੰਧੀ। ਬਾਵਨ=ਚੰਦਨ ਜੋ ਹਰੇਕ ਬ੍ਰਿਛ ਨੂੰ ਖੁਸ਼ਬੂਦਾਰ ਬਣਾ ਸਕਦਾ ਹੈ।[1] ਮਰਮ=ਭੇਤ। ਅਸਚਰਯ ਮਯ=ਅਸਚਰਜ ਰੂਪ।

ਅਰਥ-੧. ਜਿਵੇਂ ਫਲ ਤੋਂ ਬ੍ਰਿਖ ਤੇ ਬ੍ਰਿਖ ਤੋਂ ਫਲ (ਪੈਦਾ) ਹੁੰਦਾ ਹੈ, (ਇਹ) ਅਚਰਜ ਗਤੀ ਕੁਛ ਕਹਿਣ ਵਿਚ ਨਹੀਂ ਆਉਂਦੀ। ੨. ਜਿਵੇਂ ਬਾਵਨ (ਚੰਦਨ) ਵਿਖੇ ਵਾਸ਼ਨਾ ਹੈ (ਅਥਵਾ) ਵਾਸ਼ਨਾ ਵਿਖੇ ਚੰਦਨ ਹੈ, ਅਣੋਖਾ ਚਰਿਤ੍ਰ ਹੈ, ਕੋਈ ਭੇਦ ਨਹੀਂ ਪਾ ਸਕਦਾ। ੩. ਕਾਠ ਵਿਚ ਅਗਨੀ ਤੇ ਅਗਨੀ ਵਿਚ ਜਿਵੇਂ ਕਾਠ ਹੈ, (ਇਹ) ਅਤਿ ਅਸਚਰਜ ਰੂਪ ਕੌਤਕ ਕਹਾਂਵਦਾ ਹੈ। ੪. (ਇਸੇ ਤਰ੍ਹਾਂ) ਸਤਿਗੁਰੂ ਵਿਚ ਸ਼ਬਦ ਹੈ ਤੇ ਸ਼ਬਦ ਵਿਚ ਸਤਿਗੁਰ ਹੈ, ਨਿਰਗੁਣ ਵਿਚ ਸਰਗੁਣ (ਹੈ ਤੇ ਸਰਗੁਣ ਵਿਚ ਨਿਰਗੁਣ ਹੈ), ਗਜਾਨ ਵਿਚ ਧਜਾਨ ਹੈ (ਤੇ ਧ੍ਯਜਾਨ ਵਿਚ ਗਜਾਨ ਹੈ, ਇਨ੍ਹਾਂ ਗੱਲਾਂ ਦੀ) ਸਮਝ (ਬੀ ਐਉਂ) ਆ ਜਾਂਦੀ ਹੈ[2]।

ਭਾਵ- ਬ੍ਰਿਛ ਤੋਂ ਫਲ, (ਫਲ ਵਿਚ ਬੀਜ ਹੁੰਦਾ ਹੈ, ਬੀਜ ਤੋਂ ਬ੍ਰਿਛ ਉਗਦਾ ਹੈ,

---

੧. ਬਾਵਨ ਦਾ ਅਰਥ ੫੨ ਉਂਗਲ ਦਾ ਚੰਦਨ ਅਰ ਮਧਰਾ ਚੰਦਨ ਵੀ ਕਰਦੇ ਹਨ। ਅਸਲੀ ਚੰਦਨ ਦਾ ਪੇੜ ਮਧਰਾ ਹੁੰਦਾ ਹੈ।

੨. ਇਹ ਕਬਿਤ ਕੁਛ ਅਖਰੀ ਫਰਕ ਛੋੜਕੇ ਕਬਿਤ ੫੩੪ ਨਾਲ ਮਿਲਦਾ ਹੈ।

 www.sikhbookclub.com

ਪਰ ਬੀਜ ਵਿਚ ਉਗਣ ਵਾਲਾ ਹਿੱਸਾ ਅਤਿ ਸੂਖਮ ਸ਼ੈ ਹੈ) ਉਸ ਤੋਂ ਫੇਰ ਬ੍ਰਿਛ ਹੁੰਦਾ ਹੈ। ਤਿਵੇਂ ਚੰਦਨ ਤੋਂ ਵਾਸ਼ਨਾ ਨਿਕਲਦੀ ਹੈ, ਉਹ ਵਾਸ਼ਨਾ ਹੋਰ ਬੂਟਿਆਂ ਵਿਚ ਵੜਕੇ ਉਨ੍ਹਾਂ ਨੂੰ ਚੰਦਨ ਕਰ ਦੇਂਦੀ ਹੈ। ਕਾਠ ਵਿਚ ਅੱਗ ਹੁੰਦੀ ਹੈ, ਜੋ ਬਾਲਿਆਂ ਪ੍ਰਗਟਦੀ ਹੈ, ਪਰ ਸੂਰਜ ਦੀ ਅਗਨੀ ਰੂਪ ਤੱਪਸ਼ ਬੂਟਿਆਂ ਤੇ ਪੈਂਦੀ ਹੈ ਤਾਂ ਕਾਠ ਬਣਦਾ ਹੈ। ਸਤਿਗੁਰ ਵਿਚ ਸ਼ਬਦ ਹੈ, ਜਿਸ ਨਾਲ ਜਗਤ ਨੂੰ ਤਾਰਦਾ ਹੈ, ਉਸੇ ਸ਼ਬਦ ਦੇ ਅੰਤਰ ਨਿਵਾਸ ਹੋਣ ਕਰਕੇ ਸਤਿਗੁਰੂ ਹੁੰਦਾ ਹੈ, ਯਥਾ- ਗੁਰ ਨਾਨਕ ਗੁਰੂ ਹੈ, ਉਨ੍ਹਾਂ ਵਿਚ ਸ਼ਬਦ ਸੀ, ਉਹੋ ਸ਼ਬਦ ਸ੍ਰੀ ਲਹਿਣਾ ਜੀ ਵਿਚ ਵਸਿਆ ਤਾਂ ਓਹ ਗੁਰੂ ਨਾਨਕ ਹੋ ਗਏ। ਨਿਰਗੁਣ ਤੋਂ ਸਰਗੁਣ ਹੁੰਦਾ ਹੈ, ਯਥਾ:- **'ਆਪੀਨੈ੍ ਆਪੁ ਸਾਜਿਓ॥'** ਤੇ ਸਰਗੁਣ (ਸੰਤ ਰੂਪ ਵਿਚ ਉਪਦੇਸ਼ ਦ੍ਰਿੜ੍ਹਾਕੇ ਜੀਵਾਂ ਨੂੰ ਫੇਰ) ਨਿਰਗੁਣ ਵਿੱਚ ਲੈ ਜਾਂਦਾ ਹੈ। ਧਜਾਨ ਜਦ ਇਕ ਵਿੱਚ ਲੀਨ ਹੁੰਦਾ ਹੈ ਤਾਂ ਅਨੁਭਵ ਰੂਪੀ ਸੱਚਾ ਗਜਾਨ ਆਉਂਦਾ ਹੈ ਤੇ ਜਦ ਤਕ ਧਜੇਯ ਪਦਾਰਥ ਨੂੰ 'ਏਕਾ' ਕਰਕੇ ਜਾਣਨੇ ਦਾ ਗਜਾਨ ਨਾ ਦ੍ਰਿੜ੍ਹ ਹੋਵੇ ਧਜਾਨ ਨਹੀਂ ਸਫਲਦਾ।

੧. ਜੈਸੇ ਤਿਲ ਬਾਸ ਬਾਸ ਲੀਜੀਅਤ ਕੁਸਮ ਤੇ,
ਤਾਂਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ॥

੨. ਜੈਸੇ ਤੌ ਅਉਟਾਇ ਦੂਧ ਜਾਮਨ ਜਮਾਇ ਮਥ,
ਸੰਜਮ ਸਹਤ ਘ੍ਰਿਤ ਪ੍ਰਗਟਾਇ ਮਾਨੀਐ॥

੩. ਜੈਸੇ ਕੂਆ ਖੋਦ ਕਰਿ ਬਸੁਧਾ ਧਸਾਇ ਕ੍ਰੋਠੀ,
ਲਾਜ ਕਉ ਬਹਾਇ ਡੋਲ ਕਾਢਿ ਜਲ ਆਨੀਐ॥

੪. ਗੁਰ ਉਪਦੇਸ ਤੈਸੇ ਭਾਵਨੀ ਭਕਤ ਭਾਇ,
ਘਟ ਘਟ ਪੂਰਨ ਬ੍ਰਹਮ ਪਹਿਚਾਨੀਐ॥੬੦੯॥

ਪਦਾਰਥ- ਬਾਸ=ਵਸਾਕੇ। ਬਾਸ=ਖ਼ੁਸ਼ਬੂ। ਅਉਟਾਇ=ਉਬਾਲ ਕੇ। ਜਾਮਨ=ਰਾਤੀਂ। (ਅ) ਜਾਗ, ਖੱਟਾ। ਸੰਜਮ=ਜੁਗਤ ਨਾਲ, ਤ੍ਰੀਕੇ ਨਾਲ। ਕੋਠੀ[1]=ਖੂਹ ਦਾ ਮਹਲ, ਉਹ ਇਮਾਰਤ ਜੋ ਚੱਕ ਤੇ ਉਸਾਰਕੇ ਖੂਹ ਦੇ ਵਿਚ ਗਾਲੀ ਜਾਂਦੀ ਹੈ। ਲਾਜ=ਲੱਜ।

ਅਰਥ-੧. ਜਿਵੇਂ ਤਿਲਾਂ ਦਾ ਵਾਸਾ (ਫੁਲਾਂ ਵਿਚ ਕਰਕੇ) ਫੁਲਾਂ ਤੋਂ ਖ਼ੁਸ਼ਬੂ ਲਈ ਜਾਂਦੀ ਹੈ, ਉਸ ਤੋਂ (ਫ਼ਿਰ) ਜਤਨ ਕੀਤਿਆਂ[2] ਫੁਲੈਲ ਬਣਦਾ ਜਾਣੀਦਾ ਹੈ। ੨. ਜਿਵੇਂ ਦੁੱਧ ਉਬਾਲਕੇ ਤੇ ਰਾਤ ਨੂੰ ਜਮਾਕੇ, (ਸਵੇਰੇ) ਰਿੜਕਕੇ (ਫਿਰ) ਤ੍ਰੀਕੇ ਸਿਰ ਘਿਉ ਪ੍ਰਗਟਾਈਦਾ ਹੈ (ਤੇ ਸਾਰੇ ਉਸ ਨੂੰ ਘਿਉ) ਮੰਨਦੇ ਹਨ। ੩. ਜਿਵੇਂ ਖੂਹ ਖੱਟਕੇ ਪ੍ਰਿਥਵੀ ਵਿਚ (ਖੂਹ ਦਾ) ਮਹਲ ਧਸਾਇਕੇ (ਐਉਂ ਖੂਹ ਤਿਆਰ ਕਰਕੇ) ਲੱਜ ਨਾਲ ਡੋਲ ਵਹਾਕੇ ਜਲ ਕੱਢ ਲਿਆਈਦਾ ਹੈ। ੪. ਤਿਵੇਂ ਸ਼ਰਧਾ, ਭਗਤੀ ਤੇ ਪ੍ਰੇਮ ਨਾਲ ਗੁਰ ਉਪਦੇਸ਼ (ਕਮਾਉਣ ਤੇ) ਘਟ ਘਟ ਵਿਚ ਪੂਰਨ ਬ੍ਰਹਮ ਪਛਾਣ ਲਈਦਾ ਹੈ[3]।

---

੧. ਇਹ ਪਦ ਅੰਕ ੫੩੫ ਵਿਚ ਬੀ ਆਯਾ ਹੈ, ਪਰ ਓਥੇ 'ਕੋਰੀ' ਪਾਠ ਹੈ, ਪਰ ਸ਼ੁਧ ਪਾਠ ਇਹ ਹੈ, ਜੋ ਏਥੇ ਦਿਤਾ ਹੈ-'ਕੋਠੀ'।

੨. ਭਾਵ, ਉਨ੍ਹਾਂ ਤਿਲਾਂ ਨੂੰ ਨਪੀੜਕੇ ਫੁਲੈਲ ਕਢੀਦਾ ਹੈ। ਪੁਰਾਣਾ ਤ੍ਰੀਕਾ ਫੁਲੈਲ ਦਾ ਇਹ ਸੀ ਕਿ ਤਿਲਾਂ ਨੂੰ ਖੁਸ਼ਬੂਦਾਰ ਫੁਲਾਂ ਵਿਚ ਕਈ ਦਿਨ ਰਖ ਰਖਕੇ ਜਦ ਉਹ ਖੁਸ਼ਬੂਦਾਰ ਹੋ ਜਾਂਦੇ ਸਨ ਤਾਂ ਪੀੜ ਲੈਂਦੇ ਸਨ। ਇਸ ਤੇਲ ਵਿਚ ਖੁਸ਼ਬੂ ਹੁੰਦੀ ਸੀ।

੩. ਇਹ ਕਬਿਤ ਅੰਕ ੫੩੫ ਨਾਲ ਮਿਲਦਾ ਹੈ, ਕੁਛ ਪਦ ਭੇਦ ਹੈ।

੧. ਜੈਸੇ ਧਰ ਧਨੁਖ ਚਲਾਈਅਤ ਬਾਨ ਤਾਨ,
ਚਲਜੋ ਜਾਇ ਤਿਤਹੀ ਕਉ ਜਿਤਹੀ ਚਲਾਈਐ॥

੨. ਜੈਸੇ ਅਸ੍ਵ ਚਾਬੁਕ ਲਗਾਏ ਤਨ ਤੇਜ ਕਰਿ,
ਦੌਰਜੋ ਜਾਇ ਆਤੁਰ ਹੁਇ ਜਿਤ ਹੀ ਦਂਉਰਾਈਐ॥

੩. ਜੈਸੀ ਦਾਸੀ ਨਾਇਕਾ ਕੈ ਅਗ੍ਰ ਭਾਗ ਠਾਂਢੀ ਰਹੈ,
ਧਾਵੈ ਤਿਤਹੀ ਤਾਹਿ ਜਿਤਹੀ ਪਠਾਈਐ॥

੪. ਤੈਸੇ ਪ੍ਰਾਨੀ ਕਿਰਤ ਸੰਜੋਗ ਲਗ ਭ੍ਰਮੈ ਭੂਮ,
ਜਤ ਜਤ ਖਾਨ ਪਾਨ ਤਹੀ ਜਾਇ ਖਾਈਐ॥੬੧੦॥

ਪਦਾਰਥ- ਤਾਨ=ਖਿੱਚਕ। ਅਸ੍ਵ=ਘੋੜਾ। ਆਤੁਰ ਹੋਇ=ਮਜਬੂਰ ਹੋਕੇ। ਨਾਇਕਾ=ਸੁਆਮਣੀ। ਕਿਰਤ ਸੰਜੋਗ=ਅਪਲੇ ਕੀਤੇ ਹੋਏ ਕਰਮਾਂ ਅਨੁਸਾਰ ਬਣੇ ਸੰਜੋਗ। ਜਤ ਜਤ= ਜਿੱਥੇ ਜਿੱਥੇ।

ਅਰਥ-੧. ਜਿਵੇਂ ਧਨੁਖ ਤੇ ਬਾਣ ਧਰਕੇ ਤਾਣਕੇ ਚਲਾਈਦਾ ਹੈ (ਤਾਂ ਉਹ) ਉਧਰ ਨੂੰ ਹੀ ਚਲਿਆ ਜਾਂਦਾ ਹੈ ਜਿਧਰ ਨੂੰ ਚਲਾਈਦਾ ਹੈ। ੨. ਜਿਵੇਂ ਘੋੜੇ ਦੇ ਤਨ ਤੇ ਚਾਬਕ ਲਗਾਇਆਂ (ਘੋੜਾ) ਤੇਜ਼ੀ ਨਾਲ ਦੁਖੀ ਹੋਕੇ ਬੀ (ਉਧਰੇ ਹੀ) ਦੌੜਿਆ ਜਾਂਦਾ ਹੈ ਜਿਧਰ ਨੂੰ ਦੁੜਾਈਦਾ ਹੈ। ੩. ਜਿਵੇਂ ਸੁਆਮਣੀ ਅੱਗੇ ਦਾਸੀ (ਤਜਾਰ ਬਰਤਜਾਰ) ਖੜੀ ਰਹਿੰਦੀ ਹੈ ਤੇ ਉਧਰ ਨੂੰ ਹੀ ਦੌੜਦੀ ਹੈ ਜਿਧਰ ਨੂੰ ਭੇਜੀ ਜਾਂਦੀ ਹੈ। ੪. ਤਿਵੇਂ ਪ੍ਰਾਣੀ ਕਿਰਤ ਸੰਜੋਗਾਂ ਅਨੁਸਾਰ ਪ੍ਰਿਥਵੀ ਤੇ ਭਰਮਦਾ ਫਿਰਦਾ ਹੈ, ਜਿੱਥੇ ਜਿੱਥੇ ਇਸ ਦਾ ਖਾਣਾ ਪੀਣਾ ਹੁੰਦਾ ਹੈ, ਉੱਥੇ ਉੱਥੇ ਹੀ ਜਾਕੇ ਖਾਂਦਾ ਹੈ।

ਸੂਚਨਾ- ਇਹ ਕਬਿਤ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਦਾ ਅਨੁਵਾਦ ਹੈ:-

"ਨਕਿ ਨਥ ਖਸਮ ਹਥ ਕਿਰਤੁ ਧਕੇ ਦੇਇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ "

(ਵਾ. ਸੋਰ. ਮ. ੨-੨੮)

੧. ਜੈਸੇ ਖਰ ਬੋਲ ਸੁਨ ਸਗੁਨੀਆਂ ਮਾਨ ਲੇਤ,
ਗੁਨ ਅਵਗੁਨ ਤਾਂਕੋ ਕਛੂ ਨ ਬਿਚਾਰ ਹੀ॥
੨. ਜੈਸੇ ਮ੍ਰਿਗ ਨਾਦ ਸੁਨਿ ਸਹੈ ਸਨਮੁਖ ਬਾਨ,
ਪ੍ਰਾਨ ਦੇਤ ਬਧਿਕ ਬਿਰਦੁ ਨ ਸਮਾਰਹੀ॥
੩. ਸੁਨਤ ਜੁਝਾਊ ਜੈਸੇ ਜੂਝੈ ਜੋਧਾ ਜੁਧ ਸਮੈ,
ਢਾਂਡੀ ਕੋ ਨ ਬਰਨ ਚਿਹਨ ਉਰ ਧਾਰ ਹੀ॥
੪. ਤੈਸੇ ਗੁਰ ਸਬਦ ਸੁਨਾਇ ਗਾਇ ਸਿਖ ਠਗੋ,
ਭੇਖ ਧਾਰੀ ਜਾਨਿ ਮੋਹਿ ਮਾਰਿ ਨ ਬਿਡਾਰਹੀ॥੬੧੧॥

**ਪਦਾਰਥ**- ਖਰ=ਗਧਾ, ਖੋਤਾ। ਸਗੁਨੀਆਂ=ਸ਼ਗੁਨ ਅਪਸ਼ਗਨ ਨੂੰ ਮੰਨਣ ਵਾਲਾ। ਨਾਦ=(ਘੰਡਾਹੇੜੇ ਦਾ)ਸ਼ਬਦ। ਬਧਿਕ=ਸ਼ਿਕਾਰੀ। ਬਿਰਦ=ਕੀਰਤੀ, ਨਾਮ। ਭਾਵ ਸੁਭਾਵ। ਜੁਝਾਊ=ਜੰਗੀ ਵਾਜੇ। ਜੂਝੈ=ਲੜ ਮਰਦਾ ਹੈ। ਢਾਡੀ=ਵਾਜਾ ਵਜਾਉਣ ਵਾਲਾ।

ਅਰਥ-੧. ਜਿਵੇਂ ਗਧੇ ਦਾ ਹੀਂਗਣਾ ਸੁਣਕੇ 'ਸਗਨ ਅਪਸ਼ਗਨ ਨੂੰ ਮੰਨਣ ਵਾਲਾ' (ਸਗਨ) ਮੰਨ ਲੈਂਦਾ ਹੈ, (ਪਰ ਉਹ) ਉਸ (ਗਧੇ) ਦਾ ਗੁਣ ਅਵਗੁਣ ਕੁਝ ਨਹੀਂ ਵਿਚਾਰਦਾ। ੨. ਜਿਸ ਤਰ੍ਹਾਂ (ਬਧਿਕ ਘੰਡਾਹੇੜੇ ਦਾ) ਸ਼ਬਦ (ਕਰਦਾ ਹੈ ਉਸ ਨੂੰ) ਸੁਣ ਕੇ ਮ੍ਰਿਗ (ਐਸਾ ਮਸਤ ਹੁੰਦਾ ਹੈ ਕਿ) ਸਾਹਮਣਾ ਤੀਰ ਝਲ ਲੈਂਦਾ ਹੈ (ਤੇ) ਪ੍ਰਾਣ ਦੇ ਦੇਂਦਾ ਹੈ (ਪਰ ਉਸ) ਬਧਿਕ ਦੇ ਸੁਭਾਵ ਨੂੰ ਨਹੀਂ ਖਿਆਲਦਾ (ਕਿ ਇਹ ਰਾਗ ਤੇ ਮਸਤ ਕਰਕੇ ਮਾਰ ਲਏਗਾ। ੩. ਜਿਵੇਂ ਜੁਝਾਊ (ਵਾਜੇ) ਸੁਣਕੇ ਜੁੱਧ ਸਮੇਂ ਜੋਧਾ ਲੜਦਾ ਮਰ ਜਾਂਦਾ ਹੈ (ਤੇ ਵਜਾਉਣ ਵਾਲੇ) ਢਾਡੀ ਦੇ ਰੰਗ ਰੂਪ ਨੂੰ ਚਿਤ ਵਿਚ ਨਹੀਂ ਲਿਆਉਂਦਾ। ੪. ਤਿਵੇਂ (ਮੈਂ) ਗੁਰੂ ਸ਼ਬਦ ਗਾ ਤੇ ਸੁਣਾਇਕੇ ਸਿੱਖਾਂ ਨੂੰ ਠੱਗਦਾ ਹਾਂ (ਪਰ ਸਿਖ) ਮੈਨੂੰ ਭੇਖਧਾਰੀ ਜਾਣਕੇ ਮਾਰਕੇ ਦੂਰ ਨਹੀਂ ਕਰਦੇ, (ਪਰ ਸ਼ਬਦ ਰਸ ਵਿਚ ਸੁਖ ਮੰਨਦੇ ਹਨ)।

ਭਾਵ- ਭਾਈ ਸਾਹਿਬ ਜੀ ਅਪਣੀ ਕਮਾਲ ਦੀ ਨਿੰਮ੍ਰਤਾ ਦਿਖਾ ਰਹੇ ਹਨ।

੧. ਰਿਧ, ਸਿਧ, ਨਿਧ, ਸੁਧਾ, ਪਾਰਸ, ਕਲਪ ਤਰੁ,
ਕਾਮਧੇਨੁ, ਚਿੰਤਾਮਨਿ, ਲਛਮੀ ਸ੍ਵਮੇਵ ਕੀ॥

੨. ਚਤੁਰ ਪਦਾਰਥ, ਸੁਭਾਵ, ਸੀਲ, ਰੂਪ, ਗੁਨ,
ਭੁਕਤ, ਜੁਕਤ, ਮਤ ਅਲਖ ਅਭੇਵ ਕੀ॥

੩. ਜ੍ਵਾਲਾ ਜੋਤਿ, ਜੈਜੈਕਾਰ, ਕੀਰਤਿ, ਪ੍ਰਤਾਪ, ਛਬਿ,
ਤੇਜ, ਤਪ, ਕਾਂਤਿ, ਬਿਭੈ, ਸੋਭਾ ਸਾਧ ਸੇਵ ਕੀ॥

੪. ਅਨੰਦ, ਸਹਜ ਸੁਖ ਸਕਲ, ਪ੍ਰਕਾਸ ਕੋਟਿ,
ਕਿੰਚਤ ਕਟਾਛ ਕ੍ਰਿਪਾ ਜਾਂਹਿ ਗੁਰਦੇਵ ਕੀ॥੬੧੨॥

ਪਦਾਰਥ- ਸ੍ਵਮੇਵ=(ਸ੍ਵਯਮ+ਇਵ) ਖੁਦ ਹੀ, ਆਪ ਹੀ। ਸੀਲ=ਸਤ ਧਰਮ, ਸ਼ਾਂਤੀ। ਭੁਕਤ=ਭੋਗ। ਜ੍ਵਾਲਾ ਜੋਤਿ=ਜਜੋਤਿ ਦਾ ਪ੍ਰਕਾਸ਼। ਕਾਂਤਿ=ਸੁੰਦਰਤਾ। ਬਿਭੈ=ਵਿਭੂਤਿਆਂ। ਕੋਟਿ=ਕ੍ਰੋੜਾਂ। ਕਿੰਚਤ=ਥੋੜਾ ਹੈ, ਤੁੱਛ ਹੈ। ਕਟਾਛ=(ਕਟਾਕਚ) ਅਖ ਦੀ ਟੇਢੀ ਤਕਣੀ। ਤਿਰਛੀ ਨਿਗਾਹ। ਭਾਵ ਹੈ ਖਾਸ ਅਸਰ ਪਾਣ ਵਾਲੀ ਨਜ਼ਰ।

ਅਰਥ-੧. ਰਿਧੀਆਂ, ਸਿਧੀਆਂ, ਨਿਧੀਆਂ, ਅੰਮ੍ਰਿਤ, ਪਾਰਸ, ਕਲਪ ਬ੍ਰਿਛ, ਕਾਮਧੇਨੁ ਗਾਂ, ਚਿੰਤਾਮਣਿ ਤੇ ਖ਼ੁਦ ਆਪ ਹੀ ਲੱਛਮੀ;

੨. ਚਾਰੇ ਪਦਾਰਥ, (ਸ਼ੁਭ) ਸੁਭਾਵ, ਸਤ ਧਰਮ, (ਸੁਹਣਾ) ਰੂਪ ਤੇ (ਸ਼ੁਭ) ਗੁਣ, ਭੋਗਾਂ (ਦੀ ਪ੍ਰਾਪਤੀ), ਅਲਖ ਤੇ ਅਭੇਵ (ਵਾਹਿਗੁਰੂ ਨਾਲ) ਜੁੜਨ ਵਾਲੀ ਬੁੱਧੀ;

੩. (ਮਸਤਕ ਤੇ) ਜੋਤੀ ਦਾ ਪ੍ਰਕਾਸ਼, ਜੈ ਜੈ ਕਾਰ, ਜਸ, ਪ੍ਰਤਾਪ, ਛਬੀ, ਤੇਜ, ਤਪ, ਸੁੰਦਰਤਾ (ਤੇ ਸਾਰੀਆਂ) ਵਿਭੂਤੀਆਂ (ਨਾਲ) ਸਾਧੂ ਸੇਵਾ ਦੀ ਸੋਭਾ।

੪. ਜਿਸ ਨੂੰ ਥੋੜੀ ਜਿਹੀ ਗੁਰਦੇਵ ਦੀ ਕ੍ਰਿਪਾਲਤਾ ਭਰੀ ਚੀਰਵੀਂ ਨਿਗਾਹ (ਪ੍ਰਾਪਤ ਹੋ ਗਈ ਉਸ ਨੂੰ, ਇਹ) ਸਾਰੇ ਸੁਖ, ਆਨੰਦ ਤੇ ਕ੍ਰੋੜਾਂ ਪ੍ਰਕਾਸ਼ ਸਹਿਜੇ (ਹੀ ਪ੍ਰਾਪਤ ਹੋ ਗਏ ਜਾਣੋ)।

੧. ਗੁਰ ਉਪਦੇਸਿ ਪ੍ਰਾਤ ਸਮੈ ਇਸਨਾਨ ਕਰਿ,
ਜਿਹਵਾ ਜਪਤ ਗੁਰਮੰਤ੍ਰ ਜੈਸੇ ਜਾਨਹੀ॥

੨. ਤਿਲਕ ਲਿਲਾਰ, ਪਾਇ ਪਰਤ ਪਰਸਪਰ,
ਸਬਦ ਸੁਨਾਇ ਗਾਇ ਸੁਨ ਉਨਮਾਨ ਹੀ॥

੩. ਗੁਰਮਤਿ ਭਜਨ ਤਜਨ ਦੁਰਮਤ ਕਹੈ,
ਗਜਾਨ ਧਜਾਨ ਗੁਰਸਿਖ ਪੰਥ ਪਰਵਾਨ ਹੀ॥

੪. ਦੇਖਤ ਸੁਨਤ ਔ ਕਹਤ ਸਬ ਕੋਊ ਭਲੌ,
ਰਹਤ ਅੰਤਰਿਗਤ ਸਤਿਗੁਰ ਮਾਨਹੀ॥੬੧੩॥

**ਪਦਾਰਥ**- ਪ੍ਰਾਤ ਸਮੈ=ਸਵੇਰ ਵੇਲੇ, ਅੰਮ੍ਰਿਤ ਵੇਲੇ। ਲਿਲਾਰ=ਮੱਥੇ ਉਤੇ*। ਉਨਮਾਨ ਹੀ=ਉਨਮੁਨ ਅਵਸਥਾ ਵਿਚ ਚਲਾ ਜਾਂਦਾ ਹੈ, ਭਾਵ ਲਿਵਲੀਨ ਹੋ ਜਾਂਦਾ ਹੈ, ਮਗਨ ਹੋ ਜਾਂਦਾ ਹੈ। ਭਜਨ=ਸੇਵਨ ਕਰਨਾ, ਭਾਵ ਧਾਰਨ ਕਰਨਾ।

ਅਰਥ-੧. ਗੁਰ ਉਪਦੇਸ਼ ਦੁਆਰਾ ਜਿਵੇਂ ਜਾਣਿਆ ਹੈ (ਸਿਖ ਨੇ ਉਸ ਅਨੁਸਾਰ ਜੋ) ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਜੀਭ ਨਾਲ ਗੁਰਮੰਤ੍ਰ ਜਪਦਾ ਹੈ। ੨. (ਸੰਗਤ ਵਿਚ ਜਾਕੇ) ਮੱਥੇ ਤੇ ਤਿਲਕ ਲਾਕੇ ਆਪੋ ਵਿਚੀਂ ਪੈਰੀਂ ਪੌਣਾ (ਕਰਦਾ) ਹੈ, (ਗੁਰੂ) ਸ਼ਬਦ ਗਾਇਕੇ ਸੁਨਾਉਂਦਾ (ਅਥਵਾ) ਸੁਣਕੇ ਮਗਨ ਹੁੰਦਾ ਹੈ। ੩. ਗੁਰਮਤ ਨੂੰ ਸੇਵਨ ਕਰਨਾ ਤੇ ਦੁਰਮਤ ਦਾ ਤਿਆਗਣਾ (ਹੋਰਨਾਂ ਨੂੰ ਦੱਸਦਾ ਹੈ ਤੇ ਉਪਦੇਸ਼ ਕਰਦਾ ਹੈ ਕਿ) ਗੁਰੂ ਦੇ ਸਿਖਾਂ ਦੇ ਪੰਥ ਵਿਚ (ਗੁਰਮਤ ਦਾ) ਗਜਾਨ ਤੇ (ਗੁਰੂ ਦਾ) ਧਜਾਨ ਹੀ ਪਰਵਾਨ ਹੈ। ੪. (ਐਸੇ ਸਿਖ ਨੂੰ) ਸਭ ਕੋਈ (ਜੋ) ਦੇਖਦਾ ਯਾ ਸੁਣਦਾ ਹੈ ਭਲਾ ਕਹਿੰਦਾ ਹੈ, (ਪਰ ਜਦੋਂ ਇਹ ਸਾਰੀ) ਰਹਿਣੀ ਉਸ ਦੇ ਅੰਦਰ ਵਸ ਜਾਂਦੀ ਹੈ, (ਤਦੋਂ) ਸਤਿਗੁਰੂ (ਬੀ ਉਸ ਨੂੰ) ਮਾਨ ਦੇਂਦਾ ਹੈ।

**ਭਾਵ**- ਬਾਹਰਲੀ ਰਹਤ ਤੇ ਮੁਖ ਦੀ ਕਹਿਣੀ, ਅੰਦਰਲੀ ਰਹਣੀ ਨਾਲ ਗੁਰੂ ਦਰ ਪਰਵਾਨ ਹੁੰਦੀ ਹੈ।

---

* ਉਸ ਸਮੇਂ ਮੱਥੇ ਤੇ ਲਾਲ ਤਿਲਕ ਤੇ ਪਰਸਪਰ ਪੈਰੀਂ ਪਉਣਾ ਕਹਿਣਾ ਸਿਖ ਰਹੁਰੀਤ ਸੀ। ਦੇਖੋ ਵਾਰ ਭਾ:ਗੁ: ੬-੩ ਅਤੇ ੨੦-੬

 www.sikhbookclub.com

੧. ਜੈਸੇ ਧੋਬੀ ਸਾਬਨ ਲਗਾਇ ਪੀਟੈ ਪਾਥਰ ਸੈ,
ਨਿਰਮਲ ਕਰਤ ਹੈ ਬਸਨ ਮਲੀਨ ਕਉ॥

੨. ਜੈਸੇ ਤਉ ਸੁਨਾਰ ਬਾਰੰਬਾਰ ਗਾਰ ਗਾਰ ਢਾਰ,
ਕਰਤ ਅਸੁਧ ਸੁਧ ਕੰਚਨ ਕੁਲੀਨ ਕਉ॥

੩. ਜੈਸੇ ਤਉ ਪਵਨ ਝਕਝੋਰਤ ਬਿਰਖ ਮਿਲ,
ਮਲਯ ਗੰਧ ਕਰਤ ਹੈ ਚੰਦਨ ਪ੍ਰਬੀਨ ਕਉ॥

੪. ਤੈਸੇ ਗੁਰ ਸਿੱਖਨ ਦਿਖਾਇਕੈ ਬ੍ਰਿਥਾ ਬਿਬੇਕ,
ਮਾਯਾ ਮਲ ਕਾਟਿ ਕਰੈ ਨਿਜ ਪਦ ਚੀਨ ਕਉ॥੬੧੪॥

ਪਦਾਰਥ- ਬਸਨ=ਬਸਤ੍ਰ, ਕਪੜਾ। ਕੰਚਨ ਕੁਲੀਨ=ਸ਼ੁਧ ਸੋਨਾ, ਕੁੰਦਨ। ਮਲਯ ਗੰਧ= ਚੰਦਨ ਦੀ ਸੁਗੰਧੀ ਵਾਲੀ। ਪ੍ਰਬੀਨ ਚੰਦਨ=ਉੱਤਮ ਚੰਦਨ। ਉਹ ਜੋ ਚੰਦਨ ਦੀ ਖੁਸ਼ਬੂ ਨਾਲ ਸੰਪੂਰਨ ਹੋ ਜਾਣ। ਬ੍ਰਿਥਾ=ਪੀੜਾ। ਬਿਬੇਕ=ਤਾੜਨਾ। ਨਿਜ ਪਦ=ਸ੍ਵੈ ਸ੍ਵਰੂਪ। ਆਪਣਾ ਸਰੂਪ।

ਅਰਥ-੧. ਜਿਵੇਂ ਧੋਬੀ (ਕਪੜੇ ਨੂੰ) ਸਾਬਣ ਲਾਕੇ ਪੱਥਰ ਨਾਲ ਕੁੱਟਦਾ ਹੈ (ਤੇ ਇਉਂ) ਮੈਲੇ ਬਸਤ੍ਰ ਨੂੰ ਨਿਰਮਲ ਕਰਦਾ ਹੈ। ੨. ਜਿਵੇਂ ਸੁਨਿਆਰਾ ਕਈ ਵਾਰ ਢਾਲ ਤੇ ਕਈ ਵਾਰ ਗਾਲਕੇ ਅਸ਼ੁਧ ਕੰਚਨ ਨੂੰ ਸ਼ੁਧ ਕਰਦਾ ਤੇ ਕੁੰਦਨ ਬਣਾ ਦੇਂਦਾ ਹੈ। ੩. ਜਿਵੇਂ ਬ੍ਰਿਛਾਂ ਨੂੰ ਮਿਲ ਮਿਲਕੇ ਮਲਯ ਗੰਧ ਵਾਲੀ ਵਾਯੂ ਝੰਝੂਣਦੀ ਹੈ (ਤਾਂ ਉਨ੍ਹਾਂ ਨੂੰ) ਪ੍ਰਬੀਨ ਚੰਦਨ ਬਣਾ ਦੇਂਦੀ ਹੈ*। ੪. ਤਿਵੇਂ ਸਤਿਗੁਰੂ ਸਿਖਾਂ ਨੂੰ (ਮਾੜੇ ਕਰਮਾਂ ਦੀ) ਪੀੜਾ (ਦਿਖਾਕੇ) ਤੇ ਬਿਬੇਕ (ਗਜਾਨ ਦ੍ਰਿੜਾਕੇ ਅਰ ਉਸ ਦਾ ਲਾਭ ਦਿਖਾਕੇ ਉਨ੍ਹਾਂ ਦੀ) ਮਾਯਾ ਦੀ ਮੈਲ ਕੱਟਕੇ ਆਪਣੇ ਸ੍ਵਰੂਪ ਨੂੰ ਪਛਾਣਨ ਵਾਲੇ ਬਣਾ ਦਿੰਦਾ ਹੈ।

---

* ਇਸ ਤੁਕ ਦਾ ਅਰਥ ਐਉਂ ਬੀ ਲੱਗਦਾ ਹੈ:- ਜਿਵੇਂ ਪੌਣ ਪ੍ਰਬੀਨ ਚੰਦਨ ਦੇ ਬ੍ਰਿਛਾਂ ਨੂੰ ਮਿਲ ਮਿਲਕੇ ਝੰਝੂਣਦੀ ਹੈ ਤਾਂ ਮਲਯ ਪਹਾੜ ਨੂੰ ਹੀ ਸੁਗੰਧਤ ਕਰ ਦੇਂਦੀ ਹੈ।

੧. ਪਾਤਰ ਮੈ ਜੈਸੇ ਬਹੁ ਬਿੰਜਨ ਪਰੋਸੀਅਤ,
ਭੋਜਨ ਕੈ ਡਾਰੀਅਤ ਪਾਵੈ ਨਾਹਿ ਠਾਮ ਕੋ॥
੨. ਜੈਸੇ ਹੀ ਤਮੋਲ ਰਸ ਰਸਨਾ ਰਸਾਇ ਖਾਇ,
ਡਾਰੀਐ ਉਗਾਰ ਨਾਹਿ ਰਹੈ ਆਢ ਦਾਮ ਕੋ॥
੩. ਫੂਲਨ ਕੋ ਹਾਰ ਉਰ ਧਾਰ ਬਾਸ ਲੀਜੈ ਜੈਸੇ,
ਪਾਛੈ ਡਾਰ ਦੀਜੈ ਕਹੈ 'ਹੈ ਨ ਕਾਹੂ ਕਾਮ ਕੋ'॥
੪. ਜੈਸੇ ਕੇਸ ਨਖ ਥਾਨ ਭ੍ਰਿਸਟ ਨ ਸੁਹਾਤ ਕਾਹੂ,
ਪ੍ਰਿਯ ਬਿਛੁਰਤ ਸੋਈ ਸੂਤ ਭਯੋ ਬਾਮ ਕੋ॥੬੧੫॥

ਪਦਾਰਥ- ਪਾਤਰ=ਪੱਤ੍ਰਾਂ ਦੀ ਬਣੀ ਪੱਤਲ। ਠਾਮ=ਟਿਕਾਣਾ। ਤਮੋਲ ਰਸ=ਪਾਨ ਦਾ ਰਸ। ਆਢ=ਕਉਡੀ। ਦਾਮ=ਮੁੱਲ। ਉਰ ਧਾਰ=ਛਾਤੀ ਤੇ ਧਾਰਕੇ ਭਾਵ ਗਲੇ ਪਹਿਰਕੇ। ਥਾਨ ਭ੍ਰਿਸ਼ਟ=ਅਪਣੇ ਅਸਥਾਨ ਤੋਂ ਡਿਗੇ ਹੋਏ। ਸੂਤ=ਪ੍ਰਬੰਧ, ਹਾਲ।

ਅਰਥ-੧. ਜਿਵੇਂ ਪੱਤਲ ਵਿਚ (ਪਹਿਲੋਂ ਤਾਂ) ਬਹੁਤੇ ਭੋਜਨ ਪਰੋਸੀਦੇ ਹਨ, (ਫਿਰ) ਭੋਜਨ ਕਰਕੇ (ਜਦ) ਸੁੱਟ ਦੇਈਦਾ ਹੈ ਤਾਂ (ਉਹ ਜੂਠੀ ਪੱਤਲ) ਕਿਤੇ ਟਿਕਾਣਾ ਨਹੀਂ ਪਾਉਂਦੀ। ੨. ਜਿਵੇਂ ਕਿ ਰਸਨਾਂ ਨਾਲ ਰਸਾਂ ਰਸਾਕੇ ਪਾਨ ਦਾ ਰਸ ਚੂਸ ਲਈਦਾ ਹੈ (ਫਿਰ ਉਹ ਫੋਗ ਹੋ ਗਿਆ ਪਾਨ) ਉਗਾਲਕੇ ਸੁੱਟ ਦੇਈਦਾ ਹੈ (ਤਾਂ ਫਿਰ) ਕਉਡੀ ਮੁੱਲ ਦਾ ਬੀ ਨਹੀਂ ਰਹਿੰਦਾ। ੩. ਫੁਲਾਂ ਦਾ ਹਾਰ ਜਿਵੇਂ ਗਲੇ ਵਿਚ ਪਾਕੇ ਵਾਸ਼ਨਾ ਲੈ ਲਈਦੀ ਹੈ, (ਜਦ ਕੁਮਲਾ ਜਾਵੇ ਤਾਂ) ਪਿਛੋਂ, (ਇਹ) ਕਹਿਕੇ ਕਿ ਕਿਸੇ ਕੰਮ ਦਾ ਨਹੀਂ ਹੈ, ਸੁੱਟ ਦੇਈਦਾ ਹੈ। ੪. ਜਿਵੇਂ ਵਾਲ ਤੇ ਨਹੁੰ ਅਪਣੇ ਥਾਂ ਤੋਂ ਡਿਗੇ ਹੋਏ ਕਿਸੇ ਨੂੰ ਚੰਗੇ ਨਹੀਂ ਲਗਦੇ, (ਤਿਵੇਂ) ਪੀਆ ਦੇ ਛੱਡ ਦਿੱਤਿਆਂ ਇਸਤ੍ਰੀ ਦਾ ਹਾਲ ਹੁੰਦਾ ਹੈ।

ਭਾਵ- ਛੁੱਟੜ ਇਸਤ੍ਰੀ, ਨਾ ਸੁਹਾਗ ਸੁਖਾਂ ਵਾਲੀ ਰਹੀ, ਨਾ ਮੁੜਕੇ ਕੁਆਰੀ ਹੀ ਹੋ ਸਕੀ, ਲੋਕੀ ਬੀ ਉਸ ਨੂੰ ਸਤਿਕਾਰ ਨਾਲ ਨਹੀਂ ਤਕਦੇ। ਇਸ਼ਾਰਾ ਬੇਮੁਖ ਜਗਜਾਸੂ ਵਲ ਹੈ।

੧. ਜੈਸੇ ਅਸ੍ਵਨੀ ਸੁਤਹ ਛਾਡਿ ਅੰਧਕਾਰਿ ਮਧ,
ਜਾਤਿ, ਪੁਨ ਆਵਤ ਹੈ ਸੁਰਤ ਸਨੇਹ ਕੈ॥

੨. ਜੈਸੇ ਨਿੰਦ੍ਰਾਵੰਤ ਸੁਪਨੰਤਰ ਦਿਸੰਤਰ ਮੈ,
ਬੋਲਤ ਘਟੰਤਰ, ਚੈਤੰਨ ਗਤਿ ਗੇਹ ਕੈ॥

੩. ਜੈਸੇ ਤਉ ਪਰੇਵਾ ਤ੍ਰਿਯਾ ਤਜਾਗ ਹੁਇ ਅਕਾਸਚਾਰੀ,
ਦੇਖਿ ਪਰਕਰ ਗਿਰੈ ਤਨ ਬੂੰਦ ਮੇਹ ਕੈ॥

੪. ਤੈਸੇ ਮਨ ਬਚ ਕ੍ਰਮ ਭਗਤ ਜਗਤ ਬਿਖੈ,
ਦੇਖਕੈ ਸਨੇਹੀ ਹੋਤ ਬਿਸਮ ਬਿਦੇਹ ਕੈ॥੬੧੬॥

ਪਦਾਰਥ- ਅਸ੍ਵਨੀ=ਘੋੜੀ। ਸੁਤਹ=ਪੁਤਰ ਨੂੰ, ਵਛੇਰੇ ਨੂੰ। ਅੰਧਕਾਰ ਮਧਿ=ਤੜਕਸਾਰ ਦੇ ਮੂੰਹ ਹਨੇਰੇ ਵੇਲੇਂ[1]। ਸੁਰਤ ਸਨੇਹ=ਪਿਆਰ ਦੀ ਯਾਦ। ਨਿੰਦ੍ਰਾਵੰਤ=ਸੁੱਤਾ ਹੋਇਆ। ਬੋਲਤ ਘਟੰਤਰ=ਸੰਘ ਵਿਚ(ਰੁਕ ਰੁਕਕੇ) ਬੋਲਣਾ। ਭਾਵ ਬਰੜਾਉਣਾ। (ਘਟ[2]+ਅੰਤਰ=ਸੰਘ ਵਿਚ। ਜਿਵੇਂ ਕਹੀਦਾ ਹੈ ਮੇਰਾ ਭੁਖ ਤ੍ਰੇਹ ਨਾਲ ਘਟ ਮਿਲਦਾ ਜਾਂਦਾ ਹੈ। ਚੇਤੰਨ ਗਤਿ=ਜਾਗ ਵਿਚ ਆਕੇ, ਜਾਗਕੇ। ਪਰੇਵਾ=ਕਬੂਤਰ। ਪਰਕਰ=ਪਰਵਾਰ (ਸੰਸ:, ਪਰਿਕਰ)। ਬਿਸਮ=ਅਸਚਰਜ। ਬਿਦੇਹ=ਨਿਮਗਨ।

ਅਰਥ-੧. ਜਿਵੇਂ ਘੋੜੀ ਮੂੰਹ ਹਨ੍ਹੇਰੇ ਹੀ ਵਛੇਰੇ ਨੂੰ (ਘਰ) ਛੱਡਕੇ (ਬਾਹਰ ਸਫ਼ਰ ਤੇ) ਚਲੀ ਜਾਂਦੀ ਹੈ, (ਪਰ ਸ਼ਾਮਾਂ ਨੂੰ ਜਦ) ਮੁੜਕੇ ਆਉਂਦੀ ਹੈ ਤਾਂ (ਬੱਚੇ ਨਾਲ) ਪਜਾਰ ਦੀ ਸੁਰਤ ਕਰ ਲੈਂਦੀ ਹੈ। ੨. ਜਿਵੇਂ ਸੁੱਤਾ ਹੋਇਆ ਸੁਪਨਿਆਂ ਵਿਚ ਦੇਸ ਦੇਸ਼ਾਂਤਰਾਂ ਵਿਚ (ਭਰਮਦਾ ਤੇ) ਬਰੜਾਉਂਦਾ ਹੈ, (ਪਰ ਜਦ) ਜਾਗ੍ਰਤ ਵਿਚ ਆਉਂਦਾ ਹੈ ਤਾਂ (ਝਟ) ਘਰ ਦੇ (ਪਜਾਰ ਵਿਚ ਆ ਜਾਂਦਾ ਹੈ)। ੩. ਜਿਵੇਂ ਕਬੂਤਰ ਕਬੂਤਰੀ ਨੂੰ ਛੱਡਕੇ ਅਕਾਸ਼ਾਂ ਵਿਚ ਵਿਚਰਦਾ ਹੈ, ਫਿਰ ਦੇਖਕੇ (ਅਪਣੇ) ਪਰਵਾਰ ਨੂੰ (ਅਪਣੇ) ਤਨ (ਨੂੰ ਐਉਂ) ਡੇਗ ਦਿੰਦਾ (ਹੈ ਜਿਵੇਂ) ਮੀਂਹ ਦੀ ਕਣੀ (ਧਰਤੀ ਤੇ ਕਾਹਲ ਨਾਲ ਡਿਗਦੀ ਹੈ)। ੪. ਤਿਵੇਂ ਜਗਤ ਵਿਖੇ ਭਗਤ (ਅਪਣੇ) ਸਨੇਹੀ (ਭਗਤ ਨੂੰ) ਵੇਖਕੇ ਮਨ ਬਚ ਕਰਮ ਕਰਕੇ ਅਸਚਰਜ (ਹੁੰਦਾ ਹੁੰਦਾ) ਨਿਮਗਨ (ਹੀ) ਹੋ ਜਾਂਦਾ ਹੈ।

---

੧. ਘੋੜੀਆਂ ਤੇ ਘੋੜੀਆਂ ਦੇ ਨਾਲ ਜੁਤੇ ਯਕੇ ਆਦਿਕਾਂ ਦੇ ਸਫਰ ਕਰਨ ਵਾਲੇ ਬਹੁਤ ਤੜਕੇ-ਮੂੰਹ ਹਨੇਰੇ-ਹੀ ਸਫਰ ਕੀਤਾ ਕਰਦੇ ਸਨ ਤੇ ਹਨ।
੨. ਛੇਤੀ ਨਾਲ ਹੇਠਾਂ ਉਤਰਦਾ ਹੈ।

੧. ਜੈਸੇ ਜੋਧਾ ਜੁੱਧ ਸਮੈ ਸਸਤ੍ਰ ਸਨਾਹਿ ਸਾਜਿ,
ਲੋਭ ਮੋਹ ਤਜਾਗਿ ਬੀਰ ਖੇਤ ਬਿਖੈ ਜਾਤ ਹੈ॥

੨. ਸੁਨਤ ਜੁਝਾਊ ਘੋਰ ਮੋਰ ਗਤਿ ਬਿਗਸਾਤ,
ਪੇਖਤ ਸੁਭਟ ਘਟ ਅੰਗ ਨ ਸਮਾਤ ਹੈ॥

੩. ਕਰਤ ਸੰਗ੍ਰਾਮ ਸ੍ਵਾਮਿ ਕਾਮ ਲਾਗਿ ਜੂਝ ਮਰੈ,
ਕੈ ਤਉ ਰਨਜੀਤ ਬੀਤੀ ਕਹਤ ਜੁ ਗਾਤ ਹੈ॥

੪. ਤੈਸੇ ਹੀ ਭਗਤ ਮਤ ਭੇਟਤ ਜਗਤ ਪਤਿ,
ਮੋਨਿ ਔ ਸਬਦ ਗਦ ਗਦ ਮੁਸਕਾਤ ਹੈ॥੬੧੭॥

ਪਦਾਰਥ- ਸਨਾਹਿ=ਸੰਜੋਅ੍ਰ। ਖੇਤ=ਜੁਧ ਭੂਮੀ। ਮੈਦਾਨੇ ਜੰਗ। ਘੋਰ=ਬਦਲ ਦੀ ਗਰਜ। ਗਾਤ=ਗਤੀ, ਹਾਲਤ।

ਅਰਥ-੧. ਜਿਵੇਂ ਜੁੱਧ ਵੇਲੇ ਯੋਧਾ ਸ਼ਸਤ੍ਰ ਤੇ ਸੰਜੋਅ੍ਰ ਸਜਾਉਂਦਾ ਹੈ ਤੇ ਲੋਭ ਮੋਹ ਛਡਕੇ ਸੂਰਮਾ (ਬਣਕੇ) ਮੈਦਾਨ ਜੰਗ ਵਿਚ ਜਾਂਦਾ ਹੈ। ੨. ਜੁਝਾਊ ਵਾਜਾ ਜੋਰ ਦਾ (ਵਜਦਾ) ਸੁਣਕੇ (ਉਹ) ਵਿਗਸਦਾ ਹੈ (ਜਿਵੇਂ ਬਦਲ ਦੀ) ਗਰਜ (ਸੁਣ ਕੇ) ਮੋਰ। (ਫਿਰ ਜਿਉਂ ਜਿਉਂ) ਸੂਰਮਿਆਂ ਦੀਆਂ ਘਟਾਂ (ਚੜ੍ਹੀਆਂ) ਤੱਕਦਾ ਹੈ ਤਾਂ ਅੰਗਾਂ ਵਿਚ ਨਹੀਂ ਮੇਉਂਦਾ। ੩. ਸ੍ਵਾਮੀ ਦੇ ਕੰਮ ਵਿਚ ਲੱਗਾ ਹੋਯਾ ਯੁਧ ਕਰਦਾ ਲੜ ਮਰਦਾ ਹੈ, ਜਾਂ ਜੰਗ ਜਿੱਤਕੇ (ਆਉਂਦਾ ਤੇ ਸ੍ਵਾਮੀ ਨੂੰ) ਜੋ ਹਾਲਤ (ਜੰਗ ਤੇ ਜਿੱਤ ਦੇ ਵੇਰਵੇ ਦੀ) ਬੀਤੀ ਸੀ ਕਹਿ ਸੁਣਾਉਂਦਾ ਹੈ। ੪. ਤਿਵੇਂ ਹੀ ਭਗਤੀ ਮਤ ਵਾਲਾ (ਜਾਂ ਤਾਂ) ਜਗਤ ਪਤੀ ਨੂੰ ਮਿਲਕੇ ਚੁਪ ਹੋ ਜਾਂਦਾ ਹੈ ਅਥਵਾ ਬੋਲਦਾ ਹੋਯਾ ਗਦ ਗਦ ਹੁੰਦਾ ਤੇ ਮੁਸਕ੍ਰਾਉਂਦਾ ਹੈ।

ਭਾਵ- ਭਗਤ ਜਨ ਯਾ ਵਾਹਿਗੁਰੂ ਵਿਚ ਲੀਨ ਹੋ ਯਾ ਚੁਪ ਰਹਿੰਦਾ ਹੈ ਯਾ ਗੁਣ ਗਾਉਂਦਾ ਤੇ ਪ੍ਰਸੰਨ ਹੁੰਦਾ ਹੈ।

੧. ਜੈਸੇ ਤਉ ਨਰਿੰਦ ਚੜ੍ਹਿ ਬੈਠਤ ਪ੍ਰਯੰਕ ਪਰ,
ਚਾਰੋ ਖੂਟ ਸੈ ਦਰਬ ਦੇਤ ਆਨਿ ਆਨਿ ਕੈ॥

੨. ਕਾਹੂ ਕਉ ਰਿਸਾਇ ਆਗਜਾ ਕਰਤ ਜਉ ਮਾਰਬੇ ਕੀ,
ਤਾਤਕਾਲ ਮਾਰਿ ਡਾਰੀਅਤ ਪ੍ਰਾਨ ਹਾਨ ਕੈ॥

੩. ਕਾਹੂ ਕਉ ਪ੍ਰਸੰਨ ਹ੍ਵੈ ਦਿਖਾਵਤ ਹੈ ਲਾਖ ਕੋਟਿ,
ਤੁਰਤ ਭੰਡਾਰੀ ਗਨ ਦੇਤਿ ਆਨ ਮਾਨਿਕੈ॥

੪. ਤੈਸੇ ਦੇਤ ਲੇਤ ਹੇਤ ਨੇਤ ਕੈ ਬ੍ਰਹਮ ਗਜਾਨੀ,
ਲੇਪ ਨ ਲਿਪਤ ਹੈ ਬ੍ਰਹਮ ਗਜਾਨ ਸਜਾਨ ਕੈ॥੬੧੮॥

ਪਦਾਰਥ- ਪ੍ਰਯੰਕ=ਪਲੰਘ, ਸਿੰਘਾਸਨ। ਖੂਟ=ਨੁਕਰ, ਪਾਸਾ, ਦਸ਼ਾ। ਰਿਸਾਇ=ਕ੍ਰੋਧ ਵਿਚ ਆਕੇ। ਦਿਖਾਵਤ=ਦਿਖਾਲਦਾ ਭਾਵ ਦਿਵਾਉਂਦਾ ਹੈ। ਪਰ ਸੁਧ ਪਾਠ 'ਦਿਵਾਵਤ' ਚਾਹੀਦਾ ਸੀ, ਲਿਖਾਰੀ ਦੀ ਕਲਮ ਉਕਾਈ ਹੈ। ਭੰਡਾਰੀ=ਖਜ਼ਾਨਚੀ। ਹੇਤ=ਕਾਰਣ, ਮੂਜਬ। ਨੇਤ=ਕਰਤਾਰ ਦੀ ਠਟੀ ਹੋਈ, ਕਰਮਾਂ ਅਨੁਸਾਰ ਠਟੀ ਹੋਈ।

ਅਰਥ-੧. ਜਿਵੇਂ ਰਾਜਾ ਸਿੰਘਾਸਨ ਉੱਤੇ ਚੜ੍ਹ ਬੈਠਦਾ ਹੈ ਤਾਂ ਚਾਰੋਂ ਪਾਸਿਆਂ ਤੋਂ (ਲੋਕ) ਧਨ ਲਿਆਕੇ ਦਿੰਦੇ ਹਨ। ੨. ਕਿਸੇ ਨੂੰ ਗੁੱਸੇ ਨਾਲ ਜਦ ਮਾਰਨੇ ਦੀ ਆਗਜਾ ਕਰਦਾ ਹੈ, ਤਾਂ ਉਸੇ ਵੇਲੇ ਪ੍ਰਾਨ ਨਾਸ਼ ਕਰਕੇ (ਉਹ) ਮਾਰ ਦਿਤਾ ਜਾਂਦਾ ਹੈ। ੩. ਕਿਸੇ ਨੂੰ ਪ੍ਰਸੰਨ ਹੋਕੇ ਲੱਖਾਂ ਕ੍ਰੋੜਾਂ (ਧਨ) ਦਿਖਾਉਂਦਾ ਹੈ (ਭਾਵ ਬਖਸ਼ਦਾ ਹੈ ਤਾਂ) ਭੰਡਾਰੀ ਝੱਟ (ਆਗਜਾ) ਮੰਨਕੇ ਲਿਆਕੇ ਸਭ ਗਿਣਕੇ ਦੇ ਦਿੰਦਾ ਹੈ। ੪. ਤਿਵੇਂ ਬ੍ਰਹਮ ਗਜਾਨੀ ਦੇਣ ਲੈਣ ਵਿਚ (ਰਾਗ ਦ੍ਵੈਖ ਨਹੀਂ ਧਾਰਦੇ ਪਰ) ਈਸ਼੍ਵਰ ਦੀ ਠਟੀ ਮੂਜਬ (ਦੇਂਦੇ ਲੈਂਦੇ ਹਨ, (ਆਪ ਕਿਸੇ) ਲੇਪ ਵਿਚ (ਉਹ) ਲਿਪਾਇਮਾਨ ਨਹੀਂ ਹੁੰਦੇ ਬ੍ਰਹਮ ਗਜਾਨ ਦੀ ਸਿਆਣ (ਵਿਚ ਸਦਾ) ਰਹਿਣੇ ਕਰਕੇ।

ਭਾਵ- ਰਾਜਾ ਧਨ ਪਰਜਾ ਪਾਲਨ ਵਾਸਤੇ ਲੈਂਦਾ, ਦੰਡ ਤੇ ਸਜ਼ਾ ਨਿਆਇ ਵਿਚ ਦੇਂਦਾ ਲਿਪਾਇਮਾਨ ਨਹੀਂ, ਤਿਵੇਂ ਬ੍ਰਹਮ ਗਜਾਨੀ ਗਜਾਨ ਅਰੂੜ ਹੈ, ਦੇਣ ਲੈਣ ਵਿਚ ਅਲੇਪ ਹੈ। ਵਿਸ਼ੇਸ਼ ਭਾਵ ਅਗਲੇ ਅੰਕ ਵਿਚ ਹੈ।

੧. ਅਨਭੈ ਭਵਨ ਪ੍ਰੇਮ ਭਗਤਿ ਮੁਕਤਿ ਦ੍ਵਾਰ,
ਚਾਰੋ ਬਸੁ, ਚਾਰੋ ਕੁੰਟ ਰਾਜਤ ਰਾਜਾਨ ਹੈ॥

੨. ਜਾਗ੍ਰਤ ਸ੍ਵਪਨ, ਦਿਨ ਰੈਨ, ਉਠ ਬੈਠ ਚਲਿ,
ਸਿਮਰਨ, ਸ੍ਰਵਨ, ਸੁਕ੍ਰਿਤ ਪਰਵਾਨ ਹੈ॥

੩. ਜੋਈ ਜੋਈ ਆਵੈ ਸੋਈ ਭਾਵੈ ਪਾਵੈ ਨਾਮੁ ਨਿਧ,
ਭਗਤਿ ਵਛਲ ਮਾਨੋ ਬਾਜਤ ਨੀਸਾਨ ਹੈ॥

੪. ਜੀਵਨ ਮੁਕਤਿ ਸਾਮ ਰਾਜ ਸੁਖ ਭੋਗਵਤ,
ਅਦਭੁਤ ਛਬਿ ਅਤਿ ਹੀ ਬਿਰਾਜਮਾਨ ਹੈ॥੯੧੯॥

ਪਦਾਰਥ- ਅਨਭੈ=ਅਨੁਭਵ=ਗਜਾਨ। ਸੁਤੇ ਗਜਾਨ। (ਅ) ਭੈ ਰਹਿਤ। ਚਾਰੋਂ=ਚਾਰੇ ਪਦਾਰਥ, ਧਰਮ, ਅਰਥ, ਕਾਮ, ਮੋਖ। ਸੁਕ੍ਰਿਤ=ਸੁਹਣੀ ਕ੍ਰਿਤ। ਨੀਸਾਨ=ਨਗਾਰਾ, ਧੌਂਸਾ। ਸਾਮ=ਸ਼ਰਨ। ਛਬਿ=ਸੁੰਦਰਤਾ। ਬਿਰਾਜਮਾਨ=ਪ੍ਰਕਾਸ਼ਮਾਨ, ਸੁਭਾਇਮਾਨ।

ਅਰਥ-੧. (ਮੇਰੇ ਸਤਿਗੁਰ ਦਾ) ਘਰ ਸੁਤੇ ਗਜਾਨ (ਦਾ ਘਰ) ਹੈ, ਪ੍ਰੇਮਾ ਭਗਤੀ ਤੇ ਮੁਕਤੀ (ਇਸ) ਦੁਆਰੇ (ਹੱਥ ਬੱਧੀ ਖੜੀਆਂ ਹਨ), ਚਾਰੋਂ (ਪਦਾਰਥ ਧਰਮ, ਅਰਥ, ਕਾਮ, ਮੋਖ ਇਸ ਘਰ ਦੇ) ਵੱਸ ਵਿਚ ਹਨ (ਤੇ) ਚਹੁੰਆਂ ਕੁੰਟਾਂ ਵਿਚ (ਮੇਰਾ ਸਤਿਗੁਰ) ਰਾਜਿਆਂ ਦਾ ਰਾਜਾ ਰਾਜ ਕਰ ਰਿਹਾ ਹੈ। ੨. (ਉਸਨੂੰ) ਜਾਗਦੇ ਸੁੱਤੇ, ਦਿਨੇ ਰਾਤ, ਉਠਦੇ ਬੈਠਦੇ, ਚਲਦੇ ਸਿਮਰਨ ਕਰਨ (ਤੇ ਗੁਰਬਾਣੀ ਪੜ੍ਹਨ) ਸੁਣਨ ਦੀ ਸੁਹਣੀ ਕ੍ਰਿਤ ਪ੍ਰਵਾਣ ਹੁੰਦੀ ਹੈ। ੩. ਜਿਹੜਾ ਜਿਹੜਾ ਆਉਂਦਾ ਹੈ, ਉਹੋ (ਮਨ) ਭਾਉਂਦਾ ਨਾਮ ਦਾ ਖਜ਼ਾਨਾ ਪਾਉਂਦਾ ਹੈ, ਭਗਤ ਵੱਛਲਤਾ ਦਾ ਮਾਨੋ (ਏਥੇ) ਨਗਾਰਾ ਵੱਜ ਰਿਹਾ ਹੈ। ੪. (ਜੋ ਮੇਰੇ ਸਤਿਗੁਰ ਦੇ ਇਸ) ਰਾਜ ਦੀ ਸ਼ਰਨ (ਆਉਂਦਾ ਹੈ) ਸੁਖ ਭੋਗਦਾ ਹੋਇਆ ਜੀਵਨ ਮੁਕਤ (ਹੋ ਜਾਂਦਾ ਹੈ, ਐਸੀ) ਅਸਚਰਜ ਤੇ ਅਤਜੰਤ ਛਬੀ (ਮੇਰੇ ਸਤਿਗੁਰਾਂ ਦੇ ਘਰ ਦੀ) ਸੁਭਾਇਮਾਨ ਹੋ ਰਹੀ ਹੈ।

ਭਾਵ- ਸ੍ਰੀ ਗੁਰੂ ਸਾਹਿਬ ਦੇ ਘਰ ਜੋ ਕੁਛ ਵਰਤਦਾ ਸੀ, ਉਸ ਦੀ ਅੱਖੀਂ ਡਿਠੀ ਸਾਖ ਭਾਈ ਜੀ ਭਰ ਰਹੇ ਹਨ।

੧. ਲੋਚਨ ਬਿਲੋਕ ਰੂਪ ਰੰਗ ਅੰਗ ਅੰਗ ਛਬਿ,
ਸਹਜ ਬਿਨੋਦ ਮੋਦ ਕਉਤਕ ਦਿਖਾਵਹੀ॥
੨. ਸ੍ਰਵਨ ਸੁਜਸ ਰਸ ਰਸਿਕ ਰਸਾਲ ਗੁਨ,
ਸੁਨ ਸੁਨ ਸੁਰਤਿ ਸੰਦੇਸ ਪਹੁਚਾਵਹੀ॥
੩. ਰਸਨਾ ਸਬਦੁ ਰਾਗ ਨਾਦ ਸ੍ਵਾਦੁ ਬਿਨਤੀ ਕੈ,
ਨਾਸਕਾ ਸੁਗੰਧਿ ਸਨਬੰਧ ਸਮਝਾਵਹੀ॥
੪. ਸਰਿਤਾ ਅਨੇਕ ਮਾਨੋ ਸੰਗਮ ਸਮੁੰਦ੍ਰ ਗਤਿ,
ਰਿਦੈ ਪ੍ਰਿਯ ਪ੍ਰੇਮ, ਨੇਮੁ ਤ੍ਰਿਪਤਿ ਨ ਪਾਵਹੀ॥੬੨੦॥

ਪਦਾਰਥ- ਸਹਜ ਬਿਨੋਦ=ਗਜਾਨ ਆਨੰਦ। ਸਮੁੰਦ੍ਰ ਗਤਿ=ਸਮੁੰਦਰ ਵਰਗਾ।

ਅਰਥ-੧. (ਮੇਰੇ ਸਤਿਗੁਰ ਦੀ) ਰੂਪ ਰੰਗ ਤੇ ਅੰਗ ਪ੍ਰਤਜੰਗ ਦੀ ਛਬੀ ਦੇਖਕੇ (ਦੇਖਣਹਾਰੇ) ਨੈਣ ਗਜਾਨ ਆਨੰਦ ਤੇ ਖੁਸ਼ੀ ਦੇ ਕੌਤਕਾਂ ਨੂੰ (ਮਾਨੋਂ ਪ੍ਰਤੱਖ ਕਰਕੇ ਸੁਰਤ ਨੂੰ) ਦਿਖਾਉਂਦੇ ਹਨ। ੨. ਕੰਨ (ਉਸ) ਰਸਾਲ (ਰਸਾਂ ਦੇ ਘਰ ਗੁਰੂ) ਦੇ ਗੁਣਾਂ ਨੂੰ ਸੁਣ ਸੁਣਕੇ (ਉਸ) ਰਸ ਦੇ ਰਸਿਕ ਹੋਕੇ ਸੁਰਤ ਨੂੰ ਸੁਹਣੇ ਜਸ ਦੇ ਸੁਨੇਹੇ ਪੁਚਾ ਰਹੇ ਹਨ। ੩. ਜੀਭ (ਗੁਰੂ ਕੇ) ਸ਼ਬਦ (ਨੂੰ ਉਚਾਰਨ ਕਰਕੇ) ਰਾਗ ਨਾਦ ਦਾ ਸ੍ਵਾਦ (ਸੁਰਤ ਨੂੰ) ਬਿਨੈ ਕਰ ਰਹੀ ਹੈ, ਨਾਸਕਾ (ਗੁਰੂ ਦੇ ਚਰਨ ਕਵਲਾਂ ਦੀ) ਸੁਗੰਧੀ (ਨੂੰ ਲੈ ਲੈਕੇ ਆਤਮ ਸੁਗੰਧੀ ਦਾ) ਸੰਬੰਧ (ਸੁਰਤ ਨੂੰ) ਸਮਝਾ ਰਹੀ ਹੈ। ੪. (ਮੇਰੇ) ਮਨ ਵਿਚ ਪਿਆਰੇ ਦਾ ਪ੍ਰੇਮ ਮਾਨੋ ਸਮੁੰਦਰ ਜੈਸਾ (ਹੋ ਰਿਹਾ ਹੈ, ਜਿਸ ਵਿਚ) ਅਨੇਕ (ਸਰਿਤਾ=) ਨਦੀਆਂ (ਜਾਕੇ) ਮਿਲਦੀਆਂ ਹਨ (ਪਰ ਜਿਵੇਂ ਉਸ ਦਾ) ਨੇਮ ਹੈ ਕਿ (ਉਹ ਕਿਨਾਰਿਆਂ ਤੋਂ ਉਛਲਦਾ ਬੀ ਨਹੀਂ ਤੇ) ਤ੍ਰਿਪਤ (ਬੀ) ਨਹੀਂ ਹੁੰਦਾ, (ਤਿਵੇਂ ਮੇਰੇ ਮਨ ਰੂਪੀ ਸਾਗਰ ਦਾ ਇਸ ਵੇਲੇ ਦਾ ਹਾਲ ਹੈ)।

ਭਾਵ- ਸਮੁੰਦ੍ਰ ਦੀ ਅਤ੍ਰਿਪਤੀ ਤੋਂ ਮੁਰਾਦ ਉਸ ਦਾ ਐਤਨੀਆਂ ਨਦੀਆਂ ਦੇ ਪਾਣੀ ਤੇ ਪਦਾਰਥਾਂ ਨੂੰ ਆਪਣੇ ਵਿਚ ਲੈ ਲੈਕੇ ਬੱਸ ਨਾ ਕਰਨਾ ਹੈ। ਨੇਮ ਤੋਂ ਮੁਰਾਦ ਉਸ ਦਾ ਇਤਨਾ ਪਾਣੀ ਲੈ ਲੈਕੇ ਬੀ ਕਿਨਾਰਿਆਂ ਤੋਂ ਨਾ ਉਛਲਨਾ ਹੈ। ਭਾਵ ਇਹ ਹੈ ਕਿ ਆਪ ਪਰਮਾਨੰਦ ਹੋ ਰਹੇ ਅਜੇ ਹੋਰ ਹੋਰ ਅਨੰਦ ਨੂੰ ਲਈ ਜਾਣ ਤੇ ਸਮਾਈ ਜਾਣ ਵਾਲੇ 'ਰਜ ਅਰੱਜ' ਰੰਗਣ ਵਿਚ ਹਨ। ਜਾਪਦਾ ਹੈ ਕਿ ਕਾਸ਼ੀ ਤੋਂ ਵਾਪਸ ਆਕੇ ਗੁਰ ਦਰਸ਼ਨਾਂ ਦੇ ਪਰਮ ਆਨੰਦ ਦਾ ਵਰਣਨ ਕਰ ਰਹੇ ਹਨ। ਅਗਲੇ ਕਬਿਤ ਵਿਚ ਬੀ ਇਹੋ ਭਾਵ ਚਲ ਰਿਹਾ ਹੈ।

 www.sikhbookclub.com

੧. ਲੋਚਨ ਕ੍ਰਿਪਨ ਅਵਲੋਕਤ ਅਨੂਪ ਰੂਪ,
ਪਰਮ ਨਿਧਾਨ ਜਾਨ ਤ੍ਰਿਪਤਿ ਨ ਆਈ ਹੈ॥
੨. ਸ੍ਰਵਨ ਦਾਰਿਦ੍ਰੀ ਸੁਨ ਅੰਮ੍ਰਿਤ ਬਚਨ ਪ੍ਰਿਯ,
ਅਚਵਤਿ ਸੁਰਤ ਪਿਆਸ ਨ ਮਿਟਾਈ ਹੈ॥
੩. ਰਸਨਾ ਰਟਤ ਗੁਨ ਗੁਰੂ ਅਗ੍ਰਨੀਵ ਗੂੜ,
ਚਾਤ੍ਰਿਕ ਜੁਗਤਿ ਗਤਿ ਮਤਿ ਨ ਅਘਾਈ ਹੈ॥
੪. ਪੇਖਤ ਸੁਨਤਿ ਸਿਮਰਤਿ ਬਿਸਮਾਦ ਰਸਿ,
ਰਸਿਕ ਪ੍ਰਗਾਸੁ ਪ੍ਰੇਮ ਤ੍ਰਿਸਨਾ ਬਢਾਈ ਹੈ॥੬੨੧॥

**ਪਦਾਰਥ**- ਕ੍ਰਿਪਨ=ਕੰਜੂਸ, ਸੂਮ। ਅਨੂਪ ਰੂਪ=ਅਤਿ ਸੁੰਦਰ ਰੂਪ। ਦਾਰਿਦ੍ਰੀ=ਕੰਗਾਲ, ਭੁੱਖੇ। ਅਚਵਤਿ=ਪੀਂਦਿਆਂ। ਅਗ੍ਰਨੀਵ=ਆਗੂ, ਰਹਿਬਰ, ਸਭ ਤੋਂ ਮੁਹਰੀ। ਨ ਅਘਾਈ ਹੈ=ਨਹੀਂ ਰਜਦੀ।

ਅਰਥ-੧. (ਮੇਰੇ) ਨੈਣ ਕੰਜੂਸ ਹਨ (ਤੇ ਇਨ੍ਹਾਂ ਨੇ ਗੁਰੂ ਦਰਸ਼ਨ ਨੂੰ ਪਰਮ ਨਿਧਾਨ (ਬੀ) ਜਾਣ ਲਿਆ ਹੈ, (ਪਰ ਸ਼ੂਮ ਹੋਣ ਕਰਕੇ ਉਸ) ਅਤਿ ਸੁੰਦਰ ਰੂਪ ਨੂੰ ਦੇਖਦੇ (ਹਨ, ਦੇਖਦੇ ਹਨ ਪਰ) ਤ੍ਰਿਪਤੀ ਨਹੀਂ ਪਾਉਂਦੇ (ਭਾਵ ਦੇਖ ਦੇਖ ਰਜਦੇ ਨਹੀਂ)। ੨. (ਮੇਰੇ) ਕੰਨ ਕੰਗਾਲ (ਹਨ), ਪਿਆਰੇ ਦੇ ਬਚਨ ਅੰਮ੍ਰਿਤ ਹਨ, (ਉਨ੍ਹਾਂ ਨੂੰ) ਸੁਣਦੇ ਹੋਏ (ਮਾਨੋਂ ਏਹ ਅੰਮ੍ਰਿਤ) ਪੀਂਦੇ ਹਨ, (ਪੀਂਦੇ ਹਨ, ਪਰ ਹੋਰ ਪੀਣ ਦੀ) ਸੁਰਤ ਦੀ ਤ੍ਰੇਹ ਨਹੀਂ ਮਿਟਦੀ। ੩. ਜੀਭ ਸਭ ਤੋਂ ਮੁਹਰੀ ਗੁਰੂ ਜੀ ਦੇ ਗੂੜ੍ਹੇ ਗੁਣਾਂ ਨੂੰ ਰਟਦੀ ਹੈ, ਪਰ ਪਪੀਹੇ ਦੀ ਜੁਗਤੀ ਵਾਂਗ (ਉਸ ਦੀ) ਮਤੀ ਰੱਜਦੀ ਨਹੀਂ। (ਭਾਵ ਜਿਵੇਂ ਪਪੀਹਾ ਪ੍ਰਿਉ ਪ੍ਰਿਉ ਕਰਦਾ ਨਹੀਂ ਰਜਦਾ, ਤਿਵੇਂ ਮੈਂ ਗੁਣਾਨੁਵਾਦ ਕਰਦਾ ਨਹੀਂ ਰੱਜਦਾ) ੪. ਦੇਖਦਿਆਂ, ਸੁਣਦਿਆਂ, ਸਿਮਰਦਿਆਂ (ਮੇਰੇ) ਰਸੀਏ (ਮਨ ਉੱਤੇ) ਵਿਸਮਾਦ ਰਸ ਪ੍ਰਕਾਸ਼ ਪਾ ਰਿਹਾ ਹੈ, ਪਰ ਪ੍ਰੇਮ (ਹੋਰ ਹੋਰ ਵਿਸਮਾਦੀ ਰਸ ਲੈਣ ਦੀ) ਤ੍ਰਿਸ਼ਨਾ ਨੂੰ ਵਧਾ ਰਿਹਾ ਹੈ।

**ਭਾਵ**- ਪਿਛਲੇ ਕਬਿਤ ਵਾਲਾ ਆਨੰਦ ਹੀ ਡੁਲ੍ਹ ਡੁਲ੍ਹ ਪੈ ਰਿਹਾ ਹੈ।

੧. ਦ੍ਰਿਗਨ ਮੈ ਦੇਖਤ ਹੌ ਦ੍ਰਿਗ ਹੂ ਜੋ ਦੇਖਜੋ ਚਾਹੈ,
ਪਰਮ ਅਨੂਪ ਰੂਪ ਸੁੰਦਰ ਦਿਖਾਈਐ॥
੨. ਸ੍ਰਵਨ ਮੈ ਸੁਨਤ ਜੁ ਸ੍ਰਵਨ ਹੂੰ ਸੁਨਜੋ ਚਾਹੈ,
ਅਨਹਦ ਸਬਦ ਪ੍ਰਸੰਨ ਹੁਇ ਸੁਨਾਈਐ॥
੩. ਰਸਨਾ ਮੈ ਰਟਤ ਜੁ ਰਸਨਾ ਹੂੰ ਰਸੇ ਚਾਹੈ,
ਪ੍ਰੇਮ ਰਸੁ ਅੰਮ੍ਰਿਤ ਚੁਆਇਕੈ ਚਖਾਈਐ॥
੪. ਮਨ ਮਹਿ ਬਸਹੁ ਮਲਿ ਮਯਾ ਕੀਜੈ ਮਹਾਰਾਜ,
ਧਾਵਤ ਬਰਜ ਉਨਮਨ ਲਿਵ ਲਾਈਐ॥੬੨੨॥

**ਪਦਾਰਥ**- ਦ੍ਰਿਗਨ ਮੈ=ਨੈਣਾਂ ਵਿਚ, ਅੱਖਾਂ ਵਿਚ। ਸ੍ਰਵਨ ਮੈ=ਕੰਨਾਂ ਵਿਚ। ਰਟਤ=ਰਟਦੀ, ਜਪਦੀ, ਸਿਮਰਦੀ। ਮਲਿ=ਮੱਲ ਕੇ, ਵਾਸਾ ਜਮਾਕੇ। ਉਨਮਨ=ਮਨ ਦੀ ਉੱਚੀ ਅਵਸਥਾ, ਲਿਵਲੀਨਤਾ।

ਅਰਥ-੧. (ਹੇ ਮਹਾਰਾਜ) ਨੈਣਾਂ ਵਿਚ ਮੈਂ (ਆਪ ਦਾ ਸੁੰਦਰ ਰੂਪ ਇਸ ਵੇਲੇ) ਦੇਖ ਰਿਹਾ ਹਾਂ, (ਤੁਸੀਂ ਹੁਣ ਜਾਣਦੇ ਹੋ ਕਿ ਮੇਰੇ) ਨੈਣ (ਹੋਰ) ਕੀ ਕੁਛ ਦੇਖਿਆ ਚਾਹੁੰਦੇ ਹਨ? (ਆਪਣਾ ਇਹ) ਪਰਮ ਸੁਹਣਾ ਤੇ ਉਪਮਾ ਤੋਂ ਰਹਿਤ ਰੂਪ (ਇਨ੍ਹਾਂ ਨੂੰ ਸਦਾ) ਦਿਖਾਉਂਦੇ ਹੀ ਰਹੋ। ੨. (ਆਪ ਦੇ ਰਸ ਭਰੇ ਸ਼ਬਦ ਨੂੰ) ਮੇਰੇ ਕੰਨ ਸੁਣ ਰਹੇ ਹਨ (ਪਰ) ਜੋ (ਕੁਛ) ਕੰਨ (ਹੋਰ) ਸੁਣਨਾ ਚਾਹੁੰਦੇ ਹਨ (ਉਹ ਇਹ ਹੈ ਕਿ ਇਹ) ਸ਼ਬਦ ਕਦੇ ਨਾ ਮੁੱਕਣ ਵਾਲਾ ਹੋਕੇ ਪ੍ਰਸੰਨਤਾ ਨਾਲ ਆਪ ਸੁਣਾਉਂਦੇ ਹੀ ਰਹੋ। ੩. (ਆਪ ਦੇ ਗੁਣ) ਮੇਰੀ ਜੀਭ (ਹੁਣ) ਰਟ ਰਹੀ ਹੈ, ਪਰ ਜੀਭ ਜਿਸ ਵਿਚ ਰਸੇ ਰਹਿਣਾ ਚਾਹੁੰਦੀ ਹੈ (ਤੁਸੀਂ ਜਾਣਦੇ ਹੀ ਹੋ, ਉਸ) ਪ੍ਰੇਮ ਰਸ (ਦਾ) ਅੰਮ੍ਰਿਤ ਚੁਆਕੇ (ਸਦਾ) ਚਖਾਉਂਦੇ ਰਹੋ। ੪. ਹੇ ਮਹਾਰਾਜ! ਮਿਹਰ ਕਰੋ, (ਮੇਰੇ) ਮਨ ਨੂੰ ਮੇਲਕੇ (ਉਸ ਵਿਚ) ਵੱਸੋ, (ਇਸ) ਨੱਸਦੇ ਭਜਦੇ (ਮਨ ਨੂੰ) ਰੋਕਕੇ ਇਸ ਦੀ ਲਿਵ ਉਨਮਨ ਵਿਚ ਲਾ ਦਿਓ।

ਭਾਵ- ਬਿਨੈ ਕਰਦੇ ਹਨ ਕਿ ਦਰਸ਼ਨ, ਸ੍ਰਵਨ, ਰਟਨ ਜੋ ਹੋ ਰਹੇ ਹਨ ਇਹ ਲਗਾਤਾਰੀ ਹੋਕੇ ਲਿਵ ਲਗਕੇ ਉਨਮਨ ਅਵਸਥਾ ਹੋ ਜਾਵੇ ਜੁ ਆਪ ਦੇ ਰਸ ਰੂਪ ਯਾ ਆਨੰਦ ਸਰੂਪ ਤੋਂ ਮੇਰੇ ਮਨ ਦਾ ਵਿਛੋੜਾ ਨਾ ਹੋਵੇ। ਛੇਕੜਲੀ ਤੁਕ ਵਿਚ ਕਟਾਖਜ ਹੈ ਜੋ ਵਿਚਲੀ ਰਮਜ਼ ਨੂੰ ਖੁਹਲਦਾ ਹੈ ਕਿ ਮੇਰੇ ਮਨ ਨੂੰ ਤਾਂ ਧਾਵਨ ਦਾ ਸੁਭਾਵ ਹੈ, ਪਰ ਜੇ ਆਪ ਬੀ ਮੇਰੇ ਮਨ ਵਿਚ 'ਆਏ ਤੇ ਗਏ' ਵਾਲੇ ਚੋਜ ਨੂੰ ਛੋੜਕੇ ਓਸ ਵਿਚ ਟਿਕਕੇ ਬਿਰਾਜ ਜਾਓ ਤਾਂ ਆਪ ਦਾ ਦਰਸ਼ਨ, ਸ਼ਬਦ ਤੇ ਸਿਮਰਨ ਆਪ ਦੇ ਮੇਰੇ ਮਨ ਨੂੰ ਮੱਲਕੇ ਬਹਿ ਜਾਣ ਨਾਲ ਲਗਾਤਾਰੀ ਹੋ ਜਾਏ। ਇਨਸਾਨੀ ਦਿਲ ਦੇ ਅਟਿਕ ਸੁਭਾਵ ਵਿਚ ਗੁਰੂ ਦਰਸ਼ਨ, ਗੁਰ ਸ਼ਬਦ, ਗੁਰ ਸਿਮਰਨ ਦੇ ਲਗਾਤਾਰੀ ਹੋਣ ਲਈ ਲਾਡਮਈ ਪ੍ਰੇਮਾ ਭਗਤੀ ਵਿਚ ਇਕ ਹਨੋਰੇ ਦੇ ਰੂਪ ਵਿਚ ਯਾਚਨਾ ਕਰ ਰਹੇ ਹਨ ਕਿ ਮੇਰਾ ਮਨ ਨਹੀਂ ਟਿਕਦਾ ਤਾਂ ਤੁਸੀਂ ਇਸ ਤੇ ਕਬਜ਼ਾ ਕਰਕੇ ਮੱਲਕੇ ਇਸ ਵਿਚ ਟਿਕ ਜਾਓ।

੧. ਨਿੰਦ੍ਰ ਮੈ ਕਹਾਧਉ ਜਾਇ ਖੁਧਜਾ ਮੈ ਕਹਾਧਉ ਖਾਇ,
ਤ੍ਰਿਖਾ ਮੈ ਕਹਾ ਜਰਾਇ ਕਹਾ ਜਲ ਪਾਨ ਹੈ॥

੨. ਹਸਨ ਰੋਵਨ ਕਹਾ, ਕਹਾ ਪੁਨ ਚਿੰਤਾ ਚਾਉ,
ਕਹਾਂ ਭਯ, ਭਉ, ਭੀਰ, ਕਹਾਧਉ ਭਯਾਨ ਹੈ॥

੩. ਹਿਚਕੀ, ਡਕਾਰ ਔ ਖੰਘਾਰ, ਜੰਮਹਾਈ, ਛੀਕ,
ਅਪਸਰ ਗਾਤ, ਖੁਜਲਾਤ ਕਹਾ ਆਨ ਹੈ॥

੪. ਕਾਮ, ਕ੍ਰੋਧ, ਲੋਭ, ਮੋਹ, ਅਹੰਮੇਵ ਟੇਵ ਕਹਾਂ,
ਸਤ ਔ ਸੰਤੋਖ ਦਯਾ ਧਰਮ ਨ ਜਾਨ ਹੈ॥੬੨੩॥

ਪਦਾਰਥ- ਕਹਾਧਉ=ਕਿਥੇ। ਖੁਧਜਾ=ਭੁੱਖ। ਜਰਾਇ=ਸੜਦਾ ਹੈ। ਭਯਾਨ=ਭਯਾਨਕਤਾ। ਜੰਮਹਾਈ=ਉਬਾਸੀ। ਅਪਸਰ ਗਾਤ=ਸਰੀਰ (ਦੀ ਗੰਦੀ ਹਵਾ ਦਾ) ਸਰਨਾ। ਖੁਜਲਾਤ=ਖੁਰਕਣਾ। ਟੇਵ=ਚਾਲ, ਬਾਣ, ਸੁਭਾਵ।

ਅਰਥ-੧. (ਪਤਾ ਨਹੀਂ) ਨੀਂਦ ਵਿਚ ਕਿਥੇ ਜਾਂਦਾ ਹੈ, (ਪਤਾ ਨਹੀਂ) ਭੁੱਖ ਵਿਚ ਕਿਥੇ (ਬਹਿਕੇ) ਖਾਂਦਾ ਹੈ, ਤ੍ਰੇਹ (ਲਗੀ ਵਿਚ) ਜਲਨ ਕਿਥੇ (ਹੁੰਦੀ ਹੈ), (ਤ੍ਰਿਖਾ ਬੁਝਾਣ ਲਈ) ਪਾਣੀ ਪੀਤਾ ਕਿਵੇਂ (ਠੰਢ ਪਾਉਂਦਾ ਹੈ)। ੨. ਹਸਣਾ ਰੋਣਾ ਕੀਹ ਹਨ, ਫੇਰ ਚਿੰਤਾ ਕੀਹ ਹੈ, ਚਾਉ (ਕੀ ਸ਼ੈ) ਹੈ, ਡਰ, ਪਜਾਰ, ਕਾਇਰਤਾ ਕੀ ਹੈ ਤੇ ਭਯਾਨਕਤਾ ਕਿਥੇ ਹੁੰਦੀ ਹੈ। ੩. ਹਿਡਕੀ, ਡਿਕਾਰ, ਖੰਘ, ਉਬਾਸੀ, ਨਿੱਛ, ਸਰੀਰ ਦੀ (ਹਵਾ ਦਾ) ਸਰਨਾ, ਪਿੰਡੇ ਨੂੰ ਖੁਰਕਣਾ (ਆਦਿ) ਹੋਰ (ਕਈ ਗੱਲਾਂ) ਕੀ ਹਨ? ੪. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ (ਤੇ ਜੀਵ ਦਾ) ਸੁਭਾਵ ਕੀਹ ਹਨ, ਸਤ ਤੇ ਸੰਤੋਖ, ਦਇਆ ਤੇ ਧਰਮ ਕੀ ਹਨ, (ਕੋਈ) ਨਹੀਂ ਜਾਣਦਾ (ਕਿ ਇਹ ਸਭੇ ਕਿਉਂ ਹਨ, ਕਿਵੇਂ ਹਨ ਤੇ ਇਨ੍ਹਾਂ ਦਾ ਵੇਰਵਾ ਕੀ ਹੈ?)

ਸੂਚਨਾ- ਭਾਵ ਇਹ ਹੈ ਕਿ ਇਨ੍ਹਾਂ ਗੱਲਾਂ ਦੇ ਉਪਰਲੇ ਉਪਰਲੇ ਹਾਲ ਵੈਦ ਆਦਿ ਦਸਦੇ ਹਨ, ਪਰ ਧੁਰ ਅਸਲੀਅਤ ਕੀ ਹੈ ਤੇ ਕਿਵੇਂ ਹੈ ਕੋਈ ਨਹੀਂ ਜਾਣਦਾ। ਖਿਆਲ ਮੁੱਕਾ ਨਹੀਂ, ਇਸ ਲਈ ਅਗਲੇ ਕਬਿਤ ਵਿਚ ਹੋਰ ਪਦਾਰਥ ਦਸਕੇ ਉਨ੍ਹਾਂ ਦੀ ਪਿਛੋਂ ਅਸਲ ਪੁਛਦੇ ਹਨ, ਉਹ ਜੋ ਕੋਈ ਦਸੇ ਬੀ ਤਾਂ ਫੇਰ ਉਨ੍ਹਾਂ ਦੀ ਅਸਲ ਲਭਿਆਂ ਨਹੀਂ ਲਭਦੀ। ਸਿੱਟਾ ਇਹ ਕਿ ਵਿਸਮਾਦ ਹੈ ਤੇ ਧੁਰ ਅਸਲੀਅਤ ਦਾ ਪਤਾ ਰਚਨਹਾਰ ਨੂੰ ਹੈ। ਸੋ ਫੁਰਮਾਉਂਦੇ ਹਨ:-

**੧. ਪੰਚ ਤੱਤ ਮੇਲ ਪਿੰਡ ਲੋਕ ਬੇਦ ਕਹੈਂ, ਪਾਂਚੋ**
**ਤਤ ਕਹੋ ਕਾਹੇ ਭਾਂਤਿ ਰਚਤ ਭੇ ਆਦਿ ਹੀ॥**
**੨. ਕਾਹੇ ਸੇ ਧਰਨ ਧਾਰੀ ਧੀਰਜ ਕੈਸੇ ਬਿਥਾਰੀ,**
**ਕਾਹੇ ਸਜੋਂ ਗੜਜੋ ਅਕਾਸ਼ ਠਾਢੋ ਬਿਨ ਪਾਦ ਹੀ॥**
**੩. ਕਾਹੇ ਸੋਂ ਸਲਲ ਸਾਜੇ, ਸੀਤਲ ਪਵਨ ਬਾਜੇ,**
**ਅਗਨ ਤਪਤ ਕਾਹੇ ਅਤਿ ਬਿਸਮਾਦ ਹੀ॥**
**੪. ਕਾਰਨ ਕਰਨ ਦੇਵ ਅਲਖ ਅਭੇਵ ਨਾਥ,**
**ਉਨ ਕੀ ਭੀ ਓਹੀ ਜਾਨੈ ਬਕਨੋ ਹੈ ਬਾਦ ਜੀ॥੬੨੪॥**

ਪਦਾਰਥ- ਪਿੰਡ=ਸਰੀਰ। ਲੋਕ=ਲੋਕਾਂ ਦੇ ਪ੍ਰਵਿਰਤ ਖਯਾਲ। ਗੜਜੋ=ਗਡਿਆ ਹੋਇਆ, ਤਣਿਆ ਹੋਇਆ। ਪਾਦ=ਪੈਰ, ਥੰਮ੍ਹ। ਸਲਲ=ਪਾਣੀ। ਬਾਜੇ=ਅਵਾਜ਼ ਕਰਦੀ ਹੈ (ਚਲਦੀ ਹੈ)। ਬਕਨੋ=ਕਹਿਣਾ, ਆਖਣਾ।

ਅਰਥ-੧. (ਲਿਖੇ ਹੋਏ) ਵੇਦ[1] (ਸ਼ਾਸਤ੍ਰ ਆਦਿ) ਕਹਿੰਦੇ ਹਨ (ਤੇ ਜ਼ੁਬਾਨੀ ਵੀ ਸਿਆਣੇ ਤੇ ਆਮ) ਲੋਕ (ਕਹਿੰਦੇ ਹਨ ਕਿ) ਪੰਜਾਂ ਤੱਤਾਂ ਦੇ ਮੇਲ ਤੋਂ ਸਰੀਰ (ਬਣਦਾ ਹੈ), (ਪਰ) ਦੱਸੋ (ਕਿ) ਪੰਜੇ ਤੱਤ ਆਦਿ ਵਿਚ ਕਿਸ ਤਰ੍ਹਾਂ ਰਚੇ ਗਏ ਸਨ[2]? ੨. ਕਿਵੇਂ ਧਰਤੀ ਨੇ ਧੀਰਜ ਧਾਰਨ ਕੀਤਾ ਹੋਇਆ ਹੈ (ਭਾਵ ਜੀਵਾਂ ਦੇ ਬੋਝ ਤੇ ਮਾੜੇ ਸਲੂਕ ਝੱਲ ਰਹੀ ਹੈ[3]) ਕਾਹਦੇ ਨਾਲ ਅਕਾਸ਼ ਤਣ ਰਿਹਾ ਹੈ, ਜੋ ਬਿਨਾਂ ਪੈਰਾਂ ਦੇ ਖੜਾ ਹੈ[4]? ੩. ਕਾਹਦੇ ਨਾਲ ਪਾਣੀ ਬਣਾਇਆ ਤੇ ਠੰਢੀ ਪੌਣ ਵਜਾਈ (ਚਲਾਈ)? ਅੱਗ ਕਿਉਂ ਤਪਦੀ ਹੈ? ਬੜਾ ਹੀ ਅਸਚਰਜ ਹੈ। ੪. (ਇਨ੍ਹਾਂ ਸਭਨਾਂ ਦੇ) ਕਾਰਨਾਂ ਦੇ ਕਰਨ ਵਾਲਾ ਮੂਲ ਕਾਰਣ ਅਲਖ ਨਾਥ (ਆਪ) ਹੈ, ਉਸ ਦਾ ਭੇਦ ਬੀ ਨਹੀਂ ਪਤਾ ਲੱਗਦਾ, ਉਸ ਦੀ ਉਹ ਆਪ ਹੀ ਜਾਣਦਾ ਹੈ, (ਸਾਡਾ ਇਹ) ਕਹਿਣਾ ਕਿ ਉਹ ਇੰਵ ਦਾ ਹੈ ਯਾ ਜਗਤ ਕਿਉਂ ਹੋਇਆ ਤੇ ਕੀਕੂੰ ਹੋਇਆ ਬਿਲਕੁਲ) ਬਿਅਰਥ ਹੈ।

ਭਾਵ- ਇਸ ਪ੍ਰਕਾਰ ਦੀਆਂ ਗਲਾਂ ਤੇ ਪ੍ਰਸ਼ਨੋਤਰ ਲੋਕੀਂ ਕਰਦੇ ਹਨ, ਆਪ ਇਨ੍ਹਾਂ ਦੋਹਾਂ ਕਬਿਤਾਂ ਵਿਚ ਅਨੇਕ ਵਿਸ਼ਯ ਜੋ ਸਾਡੇ ਤਜਰਬੇ ਵਿਚ ਆਉਂਦੇ ਹਨ ਅੰਤ੍ਰੀਵ ਤੇ ਬਹਿਰੰਗ, ਦੋਏ ਤਰ੍ਹਾਂ ਦੇ ਗਿਣਦੇ ਹਨ ਤੇ ਦਸਦੇ ਹਨ ਕਿ ਇਨ੍ਹਾਂ ਗਲਾਂ ਦੀ ਅਸਲੀਅਤ ਨਹੀਂ ਕਹੀ ਜਾ ਸਕਦੀ ਤਾਂ ਇਨ੍ਹਾਂ ਦੇ ਕਰਨਹਾਰ ਕਾਰਣ ਰੂਪ ਵਾਹਿਗੁਰੂ ਦੀ ਬਾਬਤ ਕੀਹ ਕੁਛ ਕਿਹਾ ਜਾ ਸਕਦਾ ਹੈ। ਵਾਹਿਗੁਰੂ ਆਪ ਅਲਖ ਹੈ, ਅਭੇਵ ਹੈ ਤੇ ਸਾਰੇ ਕਾਰਨਾਂ ਦਾ ਮੂਲ ਕਾਰਨ ਹੈ।

---

੧. ਵੇਦ ਅਤੇ ਵੇਦਾਂ ਤੋਂ ਅਤਿਰਿਕਤ ਹੋਰ ਗਜਾਨ ਦੇ ਸ਼ਾਸ਼ਤ੍ਰ ਆਦਿਕ, ਜੋ ਲੋਕਾਂ ਵਿਚ ਪ੍ਰਵਿਰਤ ਹੋਣ।

੨. ਜੇ ਇਨ੍ਹਾਂ ਦਾ ਪਤਾ ਲਗੇ ਤਾਂ ਫਿਰ ਓਹਨਾਂ ਮੂਲ ਤੱਤਾਂ ਦਾ ਪਤਾ ਦਸੋ ਜਿਨ੍ਹਾਂ ਤੋਂ ਇਹ ਬਣੇ, ਇਹ ਭਾਵ ਇਸ ਵਿਚ ਲੁਪਤ ਹੈ।

੩. ਧਰਤੀ ਦਾ ਧੀਰਜ, ਦ੍ਰਿਸ਼ਟਾਂਤਾਂ ਵਿਚ ਵਰਤੀਂਦਾ ਹੈ ਤੇ ਗੁਰਬਾਣੀ ਵਿਚ ਬੀ ਆਇਆ ਹੈ, ਜੈਸੇ- ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥ 'ਧਰਤੀ ਦਾ ਨਿਯਮ ਅਨੁਸਾਰ ਟੁਰਨਾ' ਬੀ ਭਾਹਵ ਹੋ ਸਕਦਾ ਹੈ।

੪. ਸਾਰੀ ਰਚਨਾ ਅਕਾਸ਼ ਅਥਵਾ 'ਦੇਸ਼' (Space) ਵਿਚ ਹੈ, ਇਹ ਦੇਸ਼ (Space) ਕਿਵੇਂ ਰਚਿਆ ਗਿਆ ਤੇ ਕਿਸ ਕਿਸ ਆਸਰੇ ਵਿਸਤ੍ਰਿਤ ਯਾ ਇਸਥਿਤ ਹੈ, ਜਿਸ ਵਿਚ ਕਿ ਸਾਰੀ ਰਚਨਾ ਦਿਸਦੀ ਹੈ।


www.sikhbookclub.com

੧. ਜੈਸੇ ਜਲ ਸਿੰਚ ਸਿੰਚ ਕਾਸਟ ਸਮਥ ਕੀਨੇ,
ਜਲ ਸਨਬੰਧ ਪੁਨ ਬੋਹਿਥਾ ਬਿਸ੍ਵਾਸ ਹੈ॥

੨. ਪਵਨ ਪ੍ਰਸੰਗ ਸੋਈ ਕਾਸਟ ਸ੍ਰੀਖੰਡ ਹੋਤ,
ਮਲਯਾਗਿਰ ਬਾਸਨਾ ਸੁ ਮੰਡ ਪਰਗਾਸ ਹੈ॥

੩. ਪਾਵਕ ਪਰਸ ਭਸਮੀ ਕਰਤ ਦੇਹ ਗੇਹ,
ਮਿਤ੍ਰ ਸਤ੍ਰ ਸਗਲ ਸੰਸਾਰ ਹੀ ਬਿਨਾਸ ਹੈ॥

੪. ਤੈਸੇ ਆਤਮਾ ਤ੍ਰਿਗੁਨ ਤ੍ਰਿਬਿਧ ਸਕਲ ਸਿਵ,
ਸਾਧ ਸੰਗ ਭੇਟਤ ਹੀ ਸਾਧ ਕੋ ਅਭਜਾਸ ਹੈ॥੬੨੫॥

**ਪਦਾਰਥ**- ਸਮਥ=ਸਮ੍ਰਥਾਵਾਨ, ਮਜ਼ਬੂਤ। ਸ੍ਰੀਖੰਡ=ਚੰਦਨ, ਵਧੀਆ ਚੰਦਨ। ਮੰਡ=ਸੰਵਰੇ ਹੋਏ। ਪਾਵਕ=ਅਗਨੀ। ਤ੍ਰਿਗੁਨ=ਰਜੋ, ਸਤੋ, ਤਮੋ ਤਿੰਨਾਂ ਗੁਣਾਂ ਵਾਲਾ। ਤ੍ਰਿਬਿਧਿ=ਤਿੰਨਾਂ ਬਿਧੀਆਂ ਵਾਲਾ। ਸਕਲ ਸਿਵ=ਸੰਪੂਰਣ ਕਲਜਾਣ ਸਰੂਪ।

ਅਰਥ-੧. ਜਿਵੇਂ ਪਾਣੀ ਸਿੰਚ ਸਿੰਚਕੇ ਕਾਠ ਸਮਰਥ ਕਰੀਦਾ ਹੈ (ਭਾਵ ਬਣਾਈਦਾ ਹੈ), (ਉਸੇ ਕਾਠ ਦਾ) ਫੇਰ ਜਹਾਜ਼ (ਬਣਾਈਦਾ ਹੈ), (ਇਸ) ਭਰਵਾਸੇ (ਕਿ) ਜਲ ਦੇ ਸਨਬੰਧ (ਵਿਚ ਤਿਆਰ ਹੋਣ ਕਰਕੇ ਜਲ ਵਿਚ ਡੁਬੇਗਾ ਨਹੀਂ)। ੨. ਉਹੋ ਕਾਠ (ਮਲਜਾਗਰ) ਪਾਵਨ ਦੇ ਸੰਗ ਨਾਲ ਚੰਦਨ ਹੋ ਜਾਂਦਾ ਹੈ (ਉਸੇ) ਸਵੰਰੇ ਹੋਏ (ਕਾਠ ਭਾਵ ਚੰਦਨ ਹੋਏ ਬ੍ਰਿਛਾਂ ਤੋਂ) ਚੰਦਨ ਦੀ ਵਾਸ਼ਨਾ ਪ੍ਰਕਾਸ਼ ਪਾਉਂਦੀ ਹੈ। ੩. (ਉਹੋ ਕਾਠ) ਅੱਗ ਦੇ (ਸਪਰਸ਼=) ਸੰਗ ਨਾਲ ਮਿਲਕੇ ਘਰ ਤੇ ਸਰੀਰ ਸੁਆਹ ਕਰ ਦੇਂਦਾ ਹੈ (ਅਤੇ) ਮਿੱਤ੍ਰ ਵੈਰੀ ਸਾਰੇ ਸੰਸਾਰ ਦਾ ਨਾਸ਼ ਕਰ ਦੇਂਦਾ ਹੈ। ੪. ਤਿਵੇਂ ਆਤਮਾ (ਜੋ ਸੰਪੂਰਣ ਕਲਜਾਨ ਸਰੂਪ ਹੈ) ਤਿੰਨਾਂ ਗੁਣਾਂ ਨੂੰ ਮਿਲਕੇ ਤ੍ਰੈ ਵਿਧਾਂ (ਦਿਖਾਲਦਾ ਹੈ, ਉਹੋ ਤ੍ਰੈਵਿਧ ਦਿਖਾਲਦਾ ਹੋਯਾ ਫੇਰ) ਸਾਧੂ ਨੂੰ ਮਿਲਕੇ ਸਾਧ ਸੰਗ ਦੇ (ਦਸੇ) ਅਭਜਾਸ ਨਾਲ (ਮੁੜ) ਸੰਪੂਰਨ ਸ਼ਿਵ (ਕਲਜਾਨ) ਸਰੂਪ ਹੋ ਜਾਂਦਾ ਹੈ। (ਇਸ ਦੇ ਨਾਲ ਹੀ ਪੜ੍ਹੋ ਪਿਛੇ ਆਯਾ ਕਬਿਤ ਨੰ. ੫੯੮)।

੧. ਕਵਨ ਅੰਜਨ ਕਰਿ ਲੋਚਨ ਬਿਲੋਕੀਅਤ,
ਕਵਨ ਕੁੰਡਲ ਕਰਿ ਸ੍ਰਵਨ ਸੁਨੀਜੀਐ॥
੨. ਕਵਨ ਤੰਮੋਲ ਕਰਿ ਰਸਨਾ ਸੁਜਸੁ ਰਸੈ,
ਕੌਨ ਕਰਿ ਕੰਕਨ ਨਮਸਕਾਰ ਕੀਜੀਐ॥
੩. ਕਵਨ ਕੁਸਮ-ਹਾਰ ਕਰਿ ਉਰ ਧਾਰੀਅਤ,
ਕੌਨ ਅੰਗੀਆ ਸੁ ਕਰ ਅੰਕਮਾਲ ਦੀਜੀਐ॥
੪. ਕਉਨ ਹੀਰ ਚੀਰ ਲਪਟਾਇਕੈ ਲਪੇਟ ਲੀਜੈ,
ਕਵਨ ਸੰਜੋਗ ਪ੍ਰਿਯਾ ਪ੍ਰੇਮ ਰਸੁ ਪੀਜੀਐ॥੬੨੬॥

**ਪਦਾਰਥ**- ਅੰਜਨ=ਸੁਰਮਾ। ਕੁੰਡਲ=ਵਾਲੇ, ਕੰਨਾਂ ਦੇ ਗਹਿਣੇ। ਤੰਮੋਲ=ਪਾਨ। ਕੰਕਨ=ਕੜੇ। ਕੁਸਮ ਹਾਰ=ਫੁਲਾਂ ਦੇ ਹਾਰ। ਅੰਕਮਾਲ=ਜੱਫੀ। ਹੀਰ=ਹੀਰੇ। (ਅ) ਮੋਤੀ ਵਾਲਾ।

ਅਰਥ-੧. (ਉਹ ਸ੍ਵਾਮੀ) ਕਿਹੜੇ ਸੁਰਮੇ ਕਰਕੇ ਨੈਣਾਂ ਨਾਲ ਦੇਖੀਦਾ ਹੈ, ਕਿਹੜੇ ਵਾਲਿਆਂ ਕਰਕੇ ਕੰਨਾਂ ਨਾਲ ਸੁਣੀਦਾ ਹੈ (ਉਸ ਦੇ ਬਚਨਾਂ ਨੂੰ)। ੨. ਕਿਹੜੇ ਪਾਨ (ਦੇ ਖਾਣ) ਕਰਕੇ ਰਸਨਾ (ਉਸ ਦੇ) ਸੁਹਣੇ ਜਸ ਵਿਚ ਰਸਦੀ ਹੈ? ਕਿਹੜੇ ਕੰਗਣ ਹੱਥੀਂ ਪਾਕੇ ਨਮਸਕਾਰ ਕਰੀਦੀ ਹੈ (ਉਸ ਦਾਤੇ ਨੂੰ)। ੩. ਕਿਹੜੇ ਫੁਲਾਂ ਦੇ ਹਾਰਾਂ ਦੁਆਰਾ ਉਸ ਨੂੰ ਦਿਲ ਦੇ ਅੰਦਰ ਵਸਾਈਦਾ ਹੈ, ਕਿਹੜੀ ਅੰਗੀਆ ਪਾਕੇ (ਉਸਨੂੰ) ਜੱਫੀ ਪਾਈਦੀ ਹੈ। ੪. ਕਿਹੜੇ ਹੀਰੇ ਤੇ ਬਸਤ੍ਰ ਪਹਿਨਕੇ (ਉਸਨੂੰ) ਲਪੇਟ ਲਈਦਾ ਹੈ ਤੇ ਕਿਹੜੇ ਸੰਜੋਗ ਕਰਕੇ ਪਿਆਰੇ ਦਾ ਪ੍ਰੇਮ ਰਸ ਪੀਵੀਦਾ ਹੈ?

**ਭਾਵ**- ਇਹ ਸਾਰਾ ਕਬਿਤ ਪ੍ਰਸ਼ਨਵਾਚੀ ਹੈ, ਪਰ ਅੰਤਲੀ ਅਧੀ ਸਤਰ ਵਿਚ ਅੰਤਲਾ ਪ੍ਰਸ਼ਨ ਹੈ ਤੇ ਇਸੇ ਵਿਚ ਉੱਤਰ ਬੀ ਹੈ- 'ਪ੍ਰੇਮ ਰਸ ਪੀਜੀਐ' = ਪ੍ਰੇਮ ਕਰਨ ਨਾਲ (ਪਜਾਰੇ ਦਾ ਪਿਰਮ) ਰਸ ਪੀਵੀਦਾ ਹੈ। ਸੁਰਮਾ, ਕੁੰਡਲ, ਪਾਨ, ਕੜੇ, ਫੁਲ ਹਾਰ, ਅੰਗੀ, ਹੀਰੇ, ਲੀੜੇ ਆਦਿ ਹਾਰਸ਼ਿੰਗਾਰ ਵਾਹਜ ਤਿਆਰੀਆਂ ਹਨ, ਪਰ ਪ੍ਰੇਮ ਰਸ ਦਾ ਸੁਆਦ ਤਾਂ ਆਉਂਦਾ ਹੈ ਜੋ ਹਿਰਦੇ ਵਿਚ ਪ੍ਰੇਮ ਹੋਵੇ ਤਾਂ।

੧. ਗਵਰਿ ਮਹੇਸ ਔ ਗਨੇਸ ਸੈ ਸਹਸਰਸੁ,
ਪੂਜਾ ਕਰ ਬੇਨਤੀ ਬਖਾਨਜੋ ਹਿਤ ਚੀਤ ਹ੍ਵੈ॥
੨. ਪੰਡਿਤ ਜੋਤਿਕ ਸੋਧਿ ਸਗੁਨ ਲਗਨ ਗ੍ਰਹ,
ਸੁਭਾ ਦਿਨ ਸਾਹਾ ਲਿਖ ਦੇਹੁ ਬੇਦ ਨੀਤ ਹ੍ਵੈ॥
੩. ਸਗਲ ਕੁਟੰਬ ਸਖੀ ਮੰਗਲ ਗਾਵਹੁ ਮਿਲ,
ਚਾੜਹੁ ਤਿਲਕ ਤੇਲ ਮਾਥੈ ਰਸ ਰੀਤਿ ਹ੍ਵੈ॥
੪. ਬੇਦੀ ਰਚਿ ਗਾਂਠ ਜੋਰ ਦੀਜੀਐ ਅਸੀਸ ਮੋਹਿ:-
ਸਿਹਜਾ ਸੰਜੋਗ ਮੈ ਪ੍ਰਤੀਤ ਪ੍ਰੀਤ ਰੀਤ ਹ੍ਵੈ॥੬੨੭॥

ਪਦਾਰਥ- ਗਵਰਿ=ਗੌਰੀ=ਪਾਰਬਤੀ। ਸਹਸਰਸੁ=ਸੂਰਜ (ਸੰਸ: ਸਹਸ੍ਰਸ਼ੁ, ਹਜ਼ਾਰਾਂ ਕਿਰਨਾਂ ਵਾਲਾ)। ਹਿਤ ਚੀਤ ਹ੍ਵੈ=ਹਿਤ ਵਾਲੇ ਚਿਤ ਵਾਲੇ ਹੋ ਜਾਓ। ਜੋਤਿਕ=ਜੋਤਿਸ਼ੀ। ਨੀਤ=ਲੱਭਕੇ, ਪ੍ਰਾਪਤ ਕਰਕੇ।

ਅਰਥ-੧. ਹੇ ਪਾਰਬਤੀ, ਸ਼ਿਵਜੀ, ਗਣੇਸ਼ ਤੇ ਸੂਰਜ ਜੀ (ਮੈਂ ਤੁਹਾਡੀ) ਪੂਜਾ ਕਰਕੇ (ਤੁਸਾਂ) ਅੱਗੇ ਬੇਨਤੀ ਵਖਾਣਦੀ ਹਾਂ ਕਿ (ਮੇਰੇ ਵਲ) ਹਿਤ ਵਾਲੇ ਚਿਤ ਵਾਲੇ ਹੋ ਜਾਓ (=ਮਿਹਰ ਕਰੋ)। ੨. ਹੇ ਪੰਡਤ, ਹੇ ਜੋਤਸ਼ੀ, ਸ਼ਗਨ (ਵੀਚਾਰਕੇ) ਤੇ ਗ੍ਰੈਹ ਲਗਨ ਸੋਧਕੇ ਸ਼ੁਭ ਦਿਨ ਦਾ ਸਾਹਾ ਵੇਦ (ਅਨੁਸਾਰ) ਲੱਭ ਕੇ ਲਿਖ ਦਿਓ। ੩. (ਹੇ ਮੇਰੇ) ਸਾਰੇ ਪਰਵਾਰ (ਤੇ ਮੇਰੀ ਸਾਰੀਓ) ਸਖੀਓ, ਮਿਲਕੇ ਮੰਗਲ ਗਾਵੋ (ਤੇ ਮੇਰੇ) ਮੱਥੇ ਤੇ ਤੇਲ (ਦਾ) ਤਿਲਕ ਚੜ੍ਹਾਓ (ਜਿਹੋ ਜਿਹੀ ਕਿ) ਰਸਦਾਈ ਰੀਤੀ (ਵਿਆਹ ਸਮੇਂ) ਹੁੰਦੀ ਹੈ। ੪. ਬੇਦੀ ਗਡਕੇ ਗੰਢ ਚਿਤ੍ਰਾਵਾ ਕਰ ਦਿਓ ਤੇ ਮੈਨੂੰ ਅਸੀਸ ਦੇ ਦਿਓ ਕਿ ਸਿਹਜਾ ਦੇ ਸੰਜੋਗ (ਭਾਵ ਪ੍ਰੀਤਮ ਦੇ ਵਸਲ) ਲਈ ਪ੍ਰੀਤ ਦੀ ਰੀਤ ਪਰ ਮੇਰੀ ਪ੍ਰਤੀਤ (ਬੱਝੀ) ਰਹੇ, (ਭਾਵ ਸਿਦਕ ਬੱਝਾ ਰਹੇ ਕਿ ਪ੍ਰੇਮਾ ਭਗਤੀ ਨਾਲ ਹੀ ਸੰਜੋਗ ਪ੍ਰਾਪਤ ਹੁੰਦਾ ਹੈ)।

ਭਾਵ- ਇਕ ਵਰ ਪ੍ਰਾਪਤੀ ਦੀ ਵਰੇਸ ਵਾਲੀ ਹਿੰਦੂ ਲੜਕੀ ਦੇ ਰੂਪਕ ਵਿਚ ਜਗਜਾਸੂ ਦਾ ਵਰਣਨ ਕਰਦੇ ਹੋਏ ਆਖਦੇ ਹਨ ਕਿ ਹੇ ਗੁਰਮੁਖ ਧਰਮ ਪੁਸਤਕਾਂ ਦੇ ਤ੍ਰੀਕੇ ਮੂਜਬ ਤੇ ਲੋਕਰੀਤੀ ਅਨੁਸਾਰ ਸਾਰੇ ਉਪਰਾਲੇ ਕਰਕੇ ਅਸੀਸ ਦਿਓ ਕਿ ਪਜਾਰੇ ਦੇ ਮਿਲਨ ਤੇ ਤਰਲੇ ਲੈਂਦਿਆਂ ਮੈਨੂੰ ਭਰੋਸਾ ਦਾਨ ਮਿਲੇ ਕਿ ਪਜਾਰੇ ਵਾਹਿਗੁਰੂ ਜੀ ਦਾ ਪ੍ਰੀਤ ਰੀਤੀ ਵਾਲਾ ਮਾਰਗ ਹੀ ਠੀਕ ਮਾਰਗ ਹੈ। ਭਾਈ ਸਾਹਿਬ 'ਪ੍ਰੇਮ ਦੇ ਤ੍ਰੀਕੇ' ਵਿਚ ਸਿਦਕ ਦਾਨ ਮੰਗਦੇ ਹਨ।

੧. ਸੀਸ ਗੁਰ ਚਰਨ, ਕਰਨ ਉਪਦੇਸ ਦੀਖ੍ਯਾ,
ਲੋਚਨ ਦਰਸ ਅਵਲੋਕ ਸੁਖ ਪਾਈਐ॥

੨. ਰਸਨਾ ਸਬਦ ਗੁਰ, ਹਸਤ ਸੇਵਾ ਡੰਡੌਤ,
ਰਿਦੈ ਗੁਰ ਗ੍ਯਾਨ ਉਨਮਨ ਲਿਵ ਲਾਈਐ॥

੩. ਚਰਨ ਗਵਨ ਸਾਧ ਸੰਗਤਿ ਪਰਕ੍ਰਮਾ ਲਉ,
ਦਾਸਨ ਦਾਸਾਨ ਮਤਿ ਨਿੰਮ੍ਰਤਾ ਸਮਾਈਐ॥

੪. ਸੰਤ ਰੇਨ ਮੱਜਨ, ਭਗਤਿ ਭਾਉ ਭੋਜਨ ਦੇ,
ਸ੍ਰੀ ਗੁਰ ਕ੍ਰਿਪਾ ਕੈ ਪ੍ਰੇਮ ਪੈਜ ਪ੍ਰਗਟਾਈਐ॥੬੨੮॥

**ਪਦਾਰਥ**- ਕਰਨ=ਕੰਨ। ਦੀਖ੍ਯਾ=ਗੁਰਮੰਤ੍ਰ। ਨਾਮ। ਹਸਤ=ਹੱਥ। ਸੰਤ ਰੈਨ=ਸੰਤਾਂ ਦੇ ਚਰਨਾਂ ਦੀ ਧੂੜੀ। ਮੱਜਨ=ਇਸ਼ਨਾਨ। ਪ੍ਰਗਟਾਈਐ=ਪ੍ਰਕਾਸ਼ ਕਰ ਦਿਓ। ਉਜਲ ਕਰ ਲਓ।

ਅਰਥ-੧. ਸੀਸ ਗੁਰੂ ਚਰਨਾਂ (ਨੂੰ ਲਾ ਲਾਕੇ), ਕੰਨਾਂ ਨਾਲ ਉਪਦੇਸ਼ ਤੇ ਗੁਰਮੰਤ੍ਰ (ਸੁਣ ਸੁਣਕੇ), ਨੈਣਾਂ ਨਾਲ ਦਰਸ਼ਨ ਦੇਖਕੇ ਸੁਖ ਪਾਈਏ। ੨. ਰਸਨਾ ਨਾਲ ਗੁਰੂ ਕੇ ਸ਼ਬਦ (ਗਾਂਵੀਏ), ਹੱਥਾਂ ਨਾਲ ਸੇਵਾ (ਤੇ) ਡੰਡੌਤਾਂ (ਕਰ ਕਰਕੇ) ਰਿਦੇ ਵਿਚ ਗੁਰੂ ਗ੍ਯਾਨ (ਨੂੰ ਪਾਕੇ) ਉਨਮਨੀ ਲਿਵ ਲਾਵੀਏ। ੩. ਚਰਨ ਸਾਧ ਸੰਗਤ ਦੀ ਪ੍ਰਕ੍ਰਮਾ ਵਾਸਤੇ ਜਾਣ, ਮਤਿ ਨਿੰਮ੍ਰਤਾ ਵਿਚ (ਐਸੀ) ਸਮਾਵੇ ਕਿ ਦਾਸਾਂ ਦੀ ਦਾਸ ਹੋ ਜਾਵੇ। ੪. ਸੰਤਾਂ ਦੀ ਧੂੜੀ ਵਿਚ ਇਸ਼ਨਾਨ ਹੋਵੇ, ਪ੍ਰੇਮਾ ਭਗਤੀ ਦਾ ਭੋਜਨ (ਸਾਨੂੰ) ਮਿਲੇ, (ਇਸ ਪ੍ਰਕਾਰ) ਹੇ ਸ੍ਰੀ ਗੁਰੂ ਜੀ (ਮਹਾਰਾਜ) ਕ੍ਰਿਪਾ ਕਰਕੇ ਮੇਰੀ ਪ੍ਰੇਮ ਦੀ ਪੈਜ ਨੂੰ (ਆਪ ਆਪਣੇ ਦੁਆਰੇ) ਉੱਜਲ ਕਰ ਲਓ*।

---

* ਇਸੇ ਭਾਵ ਦਾ ਇਕ ਹੋਰ ਕਬਿਤ ਬੀ ਹੈ ਦੇਖੋ ਅੰਕ ੧੭.

 www.sikhbookclub.com

੧. ਜੈਸੇ ਮੇਘ ਬਰਖਾ ਸ੍ਰਬਤ੍ਰ ਬਰਖੈ ਸਮਾਨ,
ਊਚੋ ਤਜ ਨੀਚੈ ਥਲ ਗਵਨ ਕੈ ਜਾਤ ਹੈ॥
੨. ਤੀਰਥ ਪਰਬ ਜੈਸੇ ਜਾਤ ਹੈ ਜਗਤ ਚਲ,
ਜਾਤ੍ਰਾ ਹੇਤ ਦੇਤ ਦਾਨ ਅਤਿ ਬਿਗਸਾਤ ਹੈ॥
੩. ਜੈਸੇ ਨ੍ਰਿਪ ਸੋਭਤ ਹੈ ਬੈਠਿਓ ਸਿੰਘਾਸਨ ਪੈ,
ਚਹੂੰ ਓਰ ਤੇ ਦਰਬ ਆਵ ਦਿਨ ਰਾਤ ਹੈ॥
੪. ਤੈਸੇ ਨਿਹਕਾਮ ਧਾਮ ਸਾਧ ਹੈ ਸੰਸਾਰ ਬਿਖੈ,
ਅਸਨ ਬਸਨ ਚਲ ਆਵਤ ਜੁਗਾਤ ਹੈ॥੬੨੯॥

ਪਦਾਰਥ- ਸ੍ਰਬਤ੍ਰ=ਸਭ ਥਾਈਂ। ਬਿਗਸਾਤ ਹੈ=ਖੁਸ਼ ਹੁੰਦੇ ਹਨ। ਨਿਹਕਾਮ=ਕਾਮਨਾ ਰਹਿਤ। ਜੁਗਾਤ=(ਹਿੰਦੀ ਜੁਗਾਤ, ਅਰਬੀ ਜ਼ੁਕਾਤ) ਉਹ ਧਨ ਜੋ ਦਾਨ ਨਮਿਤ ਕੱਢੀਦਾ ਹੈ। ਹਿੰਦੀ ਵਿਚ ਅਰਥ ਮਹਸੂਲ ਬੀ ਹੈ। ਇਥੇ ਭਾਵ ਹੈ ਉਹ ਧਨ ਜੋ ਜੋਰ ਜਬਰ ਵਟਾਂਦ੍ਰੇ ਤੇ ਮੰਗਣ ਤੋਂ ਬਿਨਾਂ ਆਵੇ। ਦਸਵੰਧ।

ਅਰਥ-੧. ਜਿਵੇਂ ਬਦਲ (ਉੱਚੀ ਨੀਵੀਂ) ਸਭ ਥਾਈਂ ਇਕੋ ਜਿਹੀ ਵਰਖਾ ਵਰਸਾਉਂਦਾ ਹੈ, (ਪਰ ਮੀਂਹ ਦਾ ਪਾਣੀ) ਉੱਚੇ (ਥਾਂ) ਛੱਡਕੇ ਨੀਵੇਂ ਪਾਸੇ ਨੂੰ ਵਹਿ ਜਾਂਦਾ ਹੈ। ੨. ਜਿਵੇਂ (ਕਿਸੇ) ਪਰਬ ਪੁਰ ਤੀਰਥ ਤੇ (ਸਾਰਾ) ਜਗਤ ਚੱਲਕੇ ਜਾਂਦਾ ਹੈ (ਤੇ ਜਾਤ੍ਰੀ) ਯਾਤ੍ਰਾ (ਸਫਲ ਕਰਨ ਦੇ) ਕਾਰਨ ਦਾਨ ਦੇਂਦੇ ਬੜੇ ਖੁਸ਼ ਹੁੰਦੇ ਹਨ। ੩. ਜਿਵੇਂ ਰਾਜਾ ਸਿੰਘਾਸਨ ਤੇ ਬੈਠਾ ਸ਼ੋਭਦਾ ਹੈ ਤਾਂ ਚਾਰੋਂ ਪਾਸਿਆਂ ਤੋਂ ਦਿਨੇ ਰਾਤ ਧਨ ਟੁਰਿਆ ਆਉਂਦਾ ਹੈ। ੪. ਤਿਵੇਂ ਸੰਸਾਰ ਵਿਚ ਸਾਧੂ ਦਾ ਘਰ ਨਿਹਕਾਮ (ਘਰ) ਹੈ (ਤੇ ਓਥੇ) ਭੋਜਨ ਬਸਤ੍ਰ ਤੇ ਦਸਵੰਧ (ਆਦਿ ਦੇ ਧਨ ਅਪਣੇ ਆਪ) ਚਲੇ ਆਉਂਦੇ ਹਨ।

ਭਾਵ- ਨਿਹਕਾਮ ਸਾਧੂ ਦੇ ਦੁਆਰੇ ਮਾਯਾ ਆਪੇ ਆਉਂਦੀ ਹੈ ਉਸ ਨੂੰ ਅਪਣੀ ਲੋੜ ਨਹੀਂ, ਆਈ ਨੂੰ ਸਫਲਾ ਦੇਂਦਾ ਹੈ।

 www.sikhbookclub.com

੧. ਜੈਸੇ ਬਾਨ ਧਨੁਖ ਸਹਿਤ ਹੈ ਨਿਜ ਬਸ,
ਛੂਟਤਿ ਨ ਆਵੈ ਫੁਨ ਜਤਨ ਸੈ ਹਾਥ ਜੀ॥

੨. ਜੈਸੇ ਬਾਘ ਬੰਦਸਾਲਾ ਬਿਖੈ ਬਾਧਜੋ ਰਹੈ, ਪੁਨ
ਖੁਲੈ ਤਉ ਨ ਆਵੈ ਬਸ, ਬਸਹਿ ਨ ਸਾਥ ਜੀ॥

੩. ਜੈਸੇ ਦੀਪ ਦਿਪਤ ਨ ਜਾਨੀਐ ਭਵਨ ਬਿਖੈ,
ਦਾਵਾਨਲ ਭਏ ਨ ਦੁਰਾਏ ਦੁਰੈ ਨਾਥ ਜੀ॥

੪. ਤੈਸੇ ਮੁਖ ਮਧ ਬਾਨੀ ਬਸਤ ਨ ਕੋਊ ਲਖੈ,
ਬੋਲੀਐ ਬਿਚਾਰ, ਗੁਰਮਤਿ, ਗੁਨ ਗਾਥ ਜੀ॥੬੩੦॥

ਪਦਾਰਥ- ਬਾਘ=ਸ਼ੇਰ। ਬੰਦਸਾਲਾ=ਕੈਦਖਾਨਾ। ਪਿੰਜਰਾ। ਦਾਵਾਨਲ=ਬਨ ਦੀ ਅਗਨੀ। ਦੁਰਾਏ=ਛੁਪਾਈ। ਗੁਨ ਗਾਥ=ਗੁਣਾਂ ਦੀ ਕਥਾ, ਗੁਣਾਂ ਦੀ ਗਲ।

ਅਰਥ-੧. ਜਿਵੇਂ ਤੀਰ (ਜਦ) ਧਨੁਖ ਦੇ ਸਹਿਤ ਹੈ (ਭਾਵ ਨਾਲ ਹੈ ਤਦ) ਅਪਣੇ ਵੱਸ ਵਿਚ ਹੈ, (ਪਰ ਜੇ ਕਮਾਨ ਵਿਚੋਂ) ਛੁਟ ਜਾਵੇ ਤਾਂ ਜਤਨ ਨਾਲ ਵੀ ਮੁੜ ਕੇ ਹੱਥ ਨਹੀਂ ਆ ਸਕਦਾ। ੨. ਜਿਵੇਂ ਸ਼ੇਰ ਕੈਦ ਵਿਚ ਬੰਦ ਕੀਤਾ ਹੋਇਆ ਤਾਂ (ਕਾਬੂ) ਰਹਿੰਦਾ ਹੈ, (ਪਰ ਜੇ) ਖੁੱਲ੍ਹ ਜਾਏ ਤਾਂ ਵੱਸ ਨਹੀਂ ਆਉਂਦਾ, (ਇਉਂ ਬੇਵਸਾ ਹੋ ਗਿਆ) ਫੇਰ (ਅਪਨੇ) ਪਾਸ ਨਹੀਂ ਵਸਦਾ। ੩. ਜਿਵੇਂ ਦੀਵਾ ਜਗਦਾ ਘਰ ਵਿਚ ਰਖਿਆ ਹੋਇਆ (ਬਾਹਰਲਿਆਂ ਨੂੰ) ਪ੍ਰਤੀਤ (ਹੀ) ਨਹੀਂ ਦਿੰਦਾ, (ਪਰ ਜੇ ਉਹੋ ਦੀਵੇ ਦੀ ਅੱਗ ਬਨ ਨੂੰ ਲੱਗਕੇ) ਦਾਵਾਨਲ ਬਣ ਜਾਏ ਤਾਂ ਹੇ ਸੁਆਮੀ! (ਉਹ) ਛੁਪਾਈ ਨਹੀਂ ਛੁਪੇਗੀ। ੪. ਤਿਵੇਂ ਮੂੰਹ ਵਿਚ ਵਸਦੀ ਬਾਣੀ ਨੂੰ ਕੋਈ ਨਹੀਂ ਜਾਣਦਾ, (ਪਰ ਜੇ) ਬੋਲੀਏ (ਤਾਂ ਫਿਰ ਉਹ ਮੋੜਕੇ ਵਾਪਸ ਲਿਆਂਦੀ ਨਹੀਂ ਜਾ ਸਕੇਗੀ, ਇਸ ਲਈ ਜਦ ਬੋਲੀਏ) ਵੀਚਾਰ ਨਾਲ ਬੋਲੀਏ, ਗੁਰਮਤ (ਦੀ ਗੱਲ ਬੋਲੀਏ ਤੇ ਦੂਸਰੇ ਦੇ) ਗੁਣਾਂ ਦੀ ਗਲ ਹੀ ਕਰੀਏ।

ਭਾਵ- ਬਿਨ ਵਿਚਾਰੇ ਗਲ ਮੂੰਹੋਂ ਨਾ ਕਢੀਏ, ਗੁਣ ਕਥਨ ਤੇ ਗੁਰਮਤ ਦੀ ਗਲ ਕਰੀਏ।

੧. ਜੈਸੇ ਮਾਲਾ ਮੇਰੁ ਪੋਈਅਤ ਸਭ ਊਪਰ ਕੈ,
ਸਿਮਰਨ ਸੰਖਜਾ ਮੈ ਨ ਆਵਤ ਬਡਾਈ ਕੈ॥
੨. ਜੈਸੇ ਬਿਰਖਨ ਬਿਖੈ ਪੇਖੀਐ ਸੇਬਲ ਊਚੋ,
ਨਿਹਫਲ ਭਯੋ ਸੋਊ ਅਤਿ ਅਧਿਕਾਈ ਕੈ॥
੩. ਜੈਸੇ ਚੀਲ ਪੰਛੀਨ ਮੈ ਉਡਤ ਅਕਾਸ਼ਚਾਰੀ,
ਹੇਰੇ ਮ੍ਰਿਤ ਪਿੰਜਰਨ ਊਚ਼ੇ ਮਤੁ ਪਾਈ ਕੈ॥
੪. ਗਾਇਬੋ ਬਜਾਇਬੋ ਸੁਨਾਇਬੋ ਨ ਕਛੂ ਤੈਸੇ,
ਗੁਰ ਉਪਦੇਸ ਬਿਨਾ ਧ੍ਰਿਗ ਚਤੁਰਾਈ ਕੈ॥੬੩੧॥

ਪਦਾਰਥ- ਮੇਰੁ=ਸੁਮੇਰੂ=ਮਾਲਾ ਦੀ ਚੋਟੀ ਦਾ ਮਣਕਾ। ਕੈ=ਕਿਸ ਕੰਮ? ਸੇਬਲ=ਸਿੰਮਲ ਦਾ ਰੁੱਖ। ਸਿੰਮਲ ਦੇ ਫਲ ਵਿਚ ਖਾਣ ਦੀ ਸ਼ੈ ਨਹੀਂ, ਕੇਵਲ ਰੂੰ ਜਿਹੀ ਹੁੰਦੀ ਹੈ, ਇਸ ਕਰਕੇ ਉਹ ਫਲ ਮਾਨੋ ਅਫਲ ਹੈ। ਚੀਲ=ਇੱਲ। ਮ੍ਰਿਤ ਪਿੰਜਰਨ=ਮੁਰਦਿਆਂ ਦੇ ਪਿੰਜਰ।

ਅਰਥ-੧. ਜਿਵੇਂ ਮਾਲਾ ਦਾ ਸੁਮੇਰੂ (ਮਾਲਾ ਦੇ ਬਾਕੀ) ਸਾਰੇ (ਮਣਕਿਆਂ) ਤੋਂ ਉਪਰ ਕਰਕੇ ਪ੍ਰੋਈਦਾ ਹੈ, (ਪਰ ਉਹ) ਸਿਮਰਨ (ਵਾਲੇ ਮਣਕਿਆਂ ਦੀ) ਗਿਣਤੀ ਵਿਚ ਨਹੀਂ ਆਉਂਦਾ, (ਉਸ ਦੀ) ਵਡਾਈ ਕਿਸ ਕੰਮ? ੨. ਜਿਵੇਂ ਬ੍ਰਿਛਾਂ ਵਿਚੋਂ ਸਿੰਮਲ ਰੁੱਖ (ਸਭ ਤੋਂ) ਉੱਚਾ ਦੇਖਿਆ ਜਾਂਦਾ ਹੈ ਉਹ ਬਹੁਤੇ ਵਡੱਪਣ ਨੇ ਫਲ ਹੀਨ ਕਰ ਦਿੱਤਾ (ਉਸ ਦਾ ਵੱਡਾ ਹੋਣਾ ਫਿਰ ਕਿਸ ਕੰਮ)? ੩. ਜਿਵੇਂ ਇੱਲ (ਹੋਰਨਾਂ) ਪੰਛੀਆਂ ਨਾਲੋਂ ਅਕਾਸ਼ ਵਿਚ (ਉੱਚਾ) ਉਡਦੀ ਹੈ, (ਪਰ ਉੱਚੇ ਉਡਕੇ) ਦੇਖਦੀ ਹੈ ਮੁਰਦੇ (ਪਸ਼ੂਆਂ ਦੇ) ਪਿੰਜਰਾਂ ਨੂੰ, ਕਿਸ ਕੰਮ (ਉਸ ਦੀ) ਉੱਚੀ ਮਤ ਪਾਈ? ੪. ਤਿਵੇਂ ਗਾਉਣਾ ਵਜਾਉਣਾ ਤੇ ਸੁਨਾਉਣਾ ਕੁਝ ਨਹੀਂ ਹੈ, (ਜਿਸ ਵਿਚ ਉੱਚੀ) ਚਾਤੁਰੀ (ਤਾਂ ਪਈ ਹੋਵੇ, ਪਰ ਉਹ) ਗੁਰ ਉਪਦੇਸ਼ ਤੋਂ ਬਿਨਾ ਹੋਵੇ, (ਤਾਂ ਉਸ ਚਤੁਰਾਈ ਨੂੰ) ਧ੍ਰਿਕਾਰ ਹੈ।

ਭਾਵ- ਉਪਦੇਸ਼, ਕੀਰਤਨ ਆਦਿ ਗੁਰ ਮਹਿਮਾ ਨਾਲ ਸੁਫਲਦੇ ਹਨ।

੧. ਜੈਸੇ ਪਾਂਚੋ ਤਤ ਬਿਖੈ ਬਸੁਧਾ ਨਵਨ ਮਨ,
ਤਾ ਮੈ ਉਤਪਤ ਹੁਇ ਸਮਾਤ ਸਭ ਤਾਹੀ ਮੈ॥

੨. ਜੈਸੇ ਪਾਂਚੋ ਆਂਗੁਰੀ ਮੈ ਸੂਖਮ ਕਨੰਗੁਰੀਆ ਹੈ,
ਕੰਚਨ ਖਚਤ ਨਗ ਸੋਭਤ ਹੈ ਵਾਹੀ ਮੈ॥

੩. ਜੈਸੇ ਨੀਚ ਜੋਨ ਗਨੀਅਤ ਅਤਿ ਮਾਖੀ ਕ੍ਰਿਮ,
ਹੀਰ ਚੀਰ ਮਧੁ ਉਪਜ਼ਤ ਸੁਖ ਜਾਹੀ ਮੈ॥

੪. ਤੈਸੇ ਰਵਿਦਾਸ ਨਾਮਾ ਬਿਦਰ ਕਬੀਰ ਭਏ,
ਹੀਨ ਜਾਤਿ ਊਚ ਪਦ ਪਾਏ ਸਭ ਕਾਹੀ ਮੈ॥੬੩੨॥

**ਪਦਾਰਥ**- ਨਵਨ ਮਨ=ਨਿੰਮ੍ਰਤਾ ਵਾਲੇ ਮਨ ਵਾਲੀ, ਅਤਿ ਨੀਵੀਂ। ਕਨੰਗੁਰੀਆ=ਛੋਟੀ ਉਂਗਲ, ਚੀਚੀ। ਹੀਰ=ਹੀਰਾ। ਹੀਰ ਨਾਮ ਮੋਤੀ ਮਾਲਾ ਦਾ ਵੀ ਹੈ। ਇਥੇ ਭਾਵ ਮੋਤੀ ਤੋਂ ਹੈ। ਸਿਪ ਵਿਚ ਕੀੜਾ ਹੁੰਦਾ ਹੈ, ਜਦ ਸਿਪ ਦਾ ਮੂੰਹ ਖੁਲ੍ਹੇ ਤੇ ਕੋਈ ਕਿਣਕਾ ਅੰਦਰ ਜਾ ਵੜੇ ਤਾਂ ਕੀੜਾ ਉਸ ਨੂੰ ਲੁਆਬ ਨਾਲ ਲਪੇਟਦਾ ਹੈ, ਜਿਸ ਤੋਂ ਮੋਤੀ ਬਣ ਜਾਂਦਾ ਹੈ। ਚੀਰ=ਕੱਪੜੇ, ਰੇਸ਼ਮੀ ਕੱਪੜੇ। ਮਧੂ=ਸ਼ਹਿਤ।

ਅਰਥ-੧. ਜਿਵੇਂ ਪੰਜਾਂ ਤੱਤਾਂ ਵਿਚ ਪ੍ਰਿਥਵੀ ਸਭ ਤੋਂ ਨੀਵੇਂ ਮਨ ਵਾਲੀ ਹੈ, (ਤਦੇ ਹੀ) ਉਸ ਵਿਚੋਂ ਸਭ ਕੁਛ ਉਤਪਤ ਹੁੰਦਾ ਹੈ ਤੇ ਉਸੇ ਵਿਚ ਹੀ ਸਮਾਈ ਖਾ ਜਾਂਦਾ ਹੈ। ੨. ਜਿਵੇਂ ਪੰਜਾਂ ਉਂਗਲੀਆਂ ਵਿਚੋਂ ਚੀਚੀ (ਸਭ ਤੋਂ) ਛੋਟੀ ਹੁੰਦੀ ਹੈ (ਤਦੇ ਹੀ) ਨਗਾਂ ਨਾਲ਼ ਜੜੀ ਸੋਨੇ ਦੀ (ਮੁੰਦਰੀ) ਇਸੇ ਵਿਚ ਸੋਭਦੀ ਹੈ (ਭਾਵ ਪਹਿਨੀ ਜਾਂਦੀ ਹੈ)। ੩. ਜਿਵੇਂ ਮੱਖੀ ਤੇ ਕੀੜੇ ਅਤੀ ਨੀਵੀਆਂ ਜੂਨੀਆਂ ਗਿਣੇ ਜਾਂਦੇ ਹਨ, (ਪਰ) ਮੋਤੀ, (ਰੇਸ਼ਮ ਦੇ) ਬਸਤ੍ਰ ਤੇ ਸ਼ਹਿਦ (ਇਨ੍ਹਾਂ ਤੋਂ ਹੀ) ਉਪਜਦੇ ਹਨ, ਜਿਨ੍ਹਾਂ ਵਿਚੋਂ (ਸਭ ਕਿਸੇ ਨੂੰ) ਸੁਖ (ਪ੍ਰਾਪਤ ਹੁੰਦਾ) ਹੈ। ੪. ਤਿਵੇਂ ਰਵਿਦਾਸ, ਨਾਮਾ, ਬਿਦਰ ਤੇ ਕਬੀਰ ਹੋਏ ਹਨ, ਜਾਤ ਨੀਵੀਂ ਸੀ (ਪਰ ਉਨ੍ਹਾਂ ਨੇ ਅਪਣੇ ਦੈਵੀ ਗੁਣਾਂ ਤੇ ਪ੍ਰੇਮਾ ਭਗਤੀ ਕਰਕੇ) ਸਭ ਕਿਸੇ ਵਿਚ (ਭਾਵ ਊਚ ਨੀਚ ਸਭਨਾਂ ਵਿਚ) ਉਚੀਆਂ ਪਦਵੀਆਂ ਪ੍ਰਾਪਤ ਕੀਤੀਆਂ।

੧. ਜੈਸੇ ਰੋਗ ਰੋਗੀ ਕੋ ਦਿਖਾਈਐ ਨ ਬੈਦ ਪ੍ਰਤਿ,
ਬਿਨ ਉਪਚਾਰ ਛਿਨ ਛਿਨ ਹੁਇ ਅਸਾਧ ਜੀ॥
੨. ਜੈਸੇ ਰਿਨ ਦਿਨ ਦਿਨ ਉਦਮ ਅਦਿਆਉ ਬਿਨ,
ਮੂਲ ਔ ਬਿਆਜ ਬਢੈ, ਉਪਜੈ ਬਿਆਧ ਜੀ॥
੩. ਜੈਸੇ ਸਤ੍ਰ ਸਾਸਨਾ ਸੰਗ੍ਰਾਮੁ ਕਰਿ ਸਾਧੇ ਬਿਨ,
ਪਲ ਪਲ ਪ੍ਰਬਲ ਹੁਇ ਕਰਤ ਉਪਾਧ ਜੀ॥
੪. ਜਜੋਂ ਜਜੋਂ ਭੀਜੈ ਕਾਮਰੀ ਤਜੋਂ ਤਜੋਂ ਭਾਰੀ ਹੋਤ ਜਾਤ,
ਬਿਨ ਸਤਿਗੁਰ ਉਰ ਬਸੈ ਅਪਰਾਧ ਜੀ॥੯੩੩॥

**ਪਦਾਰਥ**- ਬਿਨ ਉਪਚਾਰ=ਇਲਾਜ ਤੋਂ ਬਿਨਾਂ। ਅਸਾਧ=ਜੋ ਸਾਧਿਆ ਨਾ ਜਾ ਸਕੇ, ਲਾਇਲਾਜ। ਰਿਨ=ਕਰਜ਼ਾ। ਉਦਮ ਅਦਿਆਉ=ਅਦਾਇਗੀ ਦਾ ਉਦਮ। ਦੇਣ ਦਾ ਉੱਦਮ। ਬਿਆਧ=ਰੋਗ, ਆਫ਼ਤ, ਬਿਪਤਾ। ਸਾਸਨਾ=ਤਾੜਨਾ। ਸੰਗ੍ਰਾਮ=ਜੰਗ। ਉਪਾਧਿ=ਵਿਗਾੜ, ਬਖੇੜਾ।

ਅਰਥ-੧. ਜਿਵੇਂ ਰੋਗੀ ਦਾ ਰੋਗ (ਜੋ) ਵੈਦ ਨੂੰ ਨਾ ਵਿਖਾਈਏ ਤਾਂ ਬਿਨਾਂ ਇਲਾਜ ਛਿਨ ਛਿਨ ਵਿਖੇ ਲਾਇਲਾਜ ਹੁੰਦਾ ਜਾਂਦਾ ਹੈ। ੨. ਜਿਵੇਂ ਕਰਜ਼ਾ ਜੋ ਅਦਾਇਗੀ ਦੇ ਉੱਦਮ ਤੋਂ ਬਿਨਾਂ ਹੋਵੇ, ਉਹ ਮੂਲ ਤੇ ਨਾਲ ਬਿਆਜ ਦਿਨੋ ਦਿਨ ਵਧ ਵਧਕੇ (ਅੰਤ ਉਸ ਤੋਂ) ਬਿਪਤਾ ਉਪਜਦੀ ਹੈ। ੩. ਜਿਵੇਂ ਵੈਰੀ ਤਾੜਨਾ ਤੇ ਜੰਗ ਕਰਕੇ ਸਾਧੇ ਬਿਨਾਂ ਪਲ ਪਲ ਵਿਚ ਬਲਵਾਨ ਹੋਕੇ ਬਖੇੜਾ ਖੜਾ ਕਰ ਦਿੰਦਾ ਹੈ। ੪. (ਜਿਵੇਂ) ਕੰਬਲੀ ਭਿਜਦੀ ਹੈ ਤਿਵੇਂ ਤਿਵੇਂ ਭਾਰੀ ਹੁੰਦੀ ਜਾਂਦੀ ਹੈ, ਤਿਵੇਂ ਸਤਿਗੁਰ (ਵੈਦ ਨੂੰ ਮਿਲੇ ਬਿਨਾਂ) ਹਿਰਦੇ ਵਿਚ ਅਪ੍ਰਾਧ ਵਸਦਾ ਹੈ (ਅਰਥਾਤ ਉਸਦਾ ਖਿਨ ਖਿਨ ਵਾਧਾ ਹੁੰਦਾ ਜਾਂਦਾ ਹੈ)।

**ਭਾਵ**- ਪਾਪ ਹਿਰਦੇ ਦਾ ਰੋਗ ਹੈ, ਉਹ ਉਪਚਾਰ ਕੀਤੇ ਬਿਨਾਂ ਵਧਦਾ ਹੈ, ਉਪਚਾਰ ਕਰਤਾ ਵੈਦ ਸਤਿਗੁਰੂ ਹੈ।


www.sikhbookclub.com

੧. ਜੈਸੇ ਕੇਲਾ ਬਸਤ ਬਬੂਰ ਕੈ ਨਿਕਟ, ਤਾਂਹਿ
ਸਾਲਤ ਹੈਂ ਸੂਰੈਂ, ਆਪਾ ਸਕੈ ਨ ਬਚਾਇ ਜੀ॥

੨. ਜੈਸੇ ਪਿੰਜਰੀ ਮੈ ਸੂਆ ਪੜਤ ਗਾਥਾ ਅਨੇਕ,
ਦਿਨ ਪ੍ਰਤਿ ਹੇਰਤਿ ਬਿਲਾਈ ਅੰਤਿ ਖਾਇ ਜੀ॥

੩. ਜੈਸੇ ਜਲ ਅੰਤਰ ਮੁਦਤ ਮਨ ਹੋਤ ਮੀਨ,
ਮਾਸ ਲਪਟਾਇ ਲੇਤ ਬਨਛੀ ਲਗਾਇ ਜੀ॥

੪. ਬਿਨ ਸਤਿਗੁਰ ਸਾਧ ਮਿਲਤ ਅਸਾਧ ਸੰਗ,
ਅੰਗ ਅੰਗ ਦੁਰਮਤਿ ਗਤਿ ਪ੍ਰਗਟਾਇ ਜੀ॥੬੩੪॥

ਪਦਾਰਥ- ਬਬੂਰ=ਕਿੱਕਰ। ਸਾਲਤ=ਸੱਲਦੀਆਂ ਹਨ, ਪੱਛਦੀਆਂ ਹਨ। ਸੂਰੈਂ=ਸੂਲਾਂ, ਕਿੱਕਰ ਦੇ ਕੰਡੇ। ਸੂਆ=ਤੋਤਾ। ਬਿਲਾਈ=ਬਿੱਲੀ। ਬਨਛੀ=ਬੰਸੀ। ਬਾਂਸ ਦੀ ਸੋਟੀ ਅਗੇ ਡੋਰੀ ਤੇ ਕੁੰਡੀ ਜਿਸ ਨਾਲ ਮਾਸ ਆਦਿ ਲਾਕੇ ਜਲ ਵਿਚ ਸੁਟ ਕੇ ਮਛੀਆਂ ਫੜਦੇ ਹਨ।

ਅਰਥ-੧. ਜਿਵੇਂ ਕੇਲਾ (ਜੋ) ਵਸਦਾ ਹੈ ਕਿੱਕਰ ਦੇ ਨੇੜੇ ਉਸ ਨੂੰ (ਕਿੱਕਰ ਦੀਆਂ) ਸੂਲਾਂ ਪੱਛਦੀਆਂ ਹਨ (ਤੇ ਉਹ) ਆਪਾ ਬਚਾ ਨਹੀਂ ਸਕਦਾ (ਅੰਤ ਉਸੇ ਕਾਰਨ ਨਾਸ਼ ਹੋ ਜਾਂਦਾ ਹੈ)। ੨. ਜਿਵੇਂ ਪਿੰਜਰੇ ਵਿਚ ਤੋਤਾ ਅਨੇਕ ਗੱਲਾਂ ਪੜ੍ਹਦਾ ਹੈ (ਭਾਵ ਨਿਸਚਿੰਤ ਬੈਠਾ ਹੈ, ਪਰ ਜੇ) ਬਿਲੀ ਨਿਤਾਪ੍ਰਤੀ (ਉਸ ਨੂੰ) ਦੇਖਦੀ ਰਹਿੰਦੀ ਹੈ (ਤਾਂ ਮੌਕਾ ਲੱਗੇ ਤੇ) ਅੰਤ (ਉਸ ਨੂੰ) ਖਾ ਜਾਂਦੀ ਹੈ। ੩. ਜਿਵੇਂ ਜਲ ਅੰਦਰ ਮੱਛੀ ਪ੍ਰਸੰਨ ਮਨ (ਵਿਚਰਦੀ) ਹੈ, (ਪਰ ਸ਼ਿਕਾਰੀ) ਬੰਸੀ ਨਾਲ ਮਾਸ ਚਮੋੜਕੇ (ਤੇ ਪਾਣੀ ਵਿਚ ਬੰਸੀ) ਲਾਕੇ (ਮੱਛੀ ਨੂੰ) ਫੜ ਲੈਂਦਾ ਹੈ। ੪. ਤਿਵੇਂ ਸਾਧੂ ਸਤਿਗੁਰੂ ਤੋਂ ਬਿਨਾਂ ਅਸਾਧੂਆਂ ਨਾਲ ਮਿਲਿਆਂ ਅੰਗ ਅੰਗ ਵਿਖੇ ਦੁਰਮਤ ਦੀ (ਦੁਰ) ਗਤੀ ਪ੍ਰਗਟ ਹੋ ਪੈਂਦੀ ਹੈ।

ਭਾਵ- ਕੇਲੇ ਨੂੰ ਨਿਕਟਤਾ ਬੇਰੀ ਦੀ, ਤੋਤੇ ਨੂੰ ਨਿਕਟਤਾ ਬਿਲੀ ਦੀ, ਮੱਛੀ ਨੂੰ ਨਿਕਟਤਾ ਕੁੰਡੀ ਦੀ, ਤਿਵੇਂ ਜਗਜਾਸੂ ਨੂੰ ਨਿਕਟਤਾ ਅਸਾਧੂ ਦੀ ਤੇ ਸੁਚੇਤ ਕਰਨ ਵਾਲੇ ਸਤਿਸੰਗ ਦੀ ਦੂਰੀ ਕੁਸੰਗ ਤੋਂ ਦੁਰਮਤੀ ਦੀ ਛੂਤ ਲਾ ਦਿੰਦੀ ਹੈ।

 www.sikhbookclub.com

੧. ਕੋਟਿ ਪਰਕਾਰ ਨਾਰ ਸਾਜੈ ਜਉ ਸਿੰਗਾਰ ਚਾਰੁ,
ਬਿਨੁ ਭਰਤਾਰ ਭੇਟੈ ਸੁਤ ਨ ਖਿਲਾਇ ਹੈ॥

੨. ਸਿੰਚੀਐ ਸਲਿਲ ਨਿਸ ਬਾਸੁਰ ਬਿਰਖ ਮੂਲ,
ਫਲ ਨ ਬਸੰਤ ਬਿਨ ਤਾਸੁ ਪ੍ਰਗਟਾਇ ਹੈ॥

੩. ਸਾਵਨ ਸਮੈ ਕਿਸਾਨ ਖੇਤ ਜੋਤ ਬੀਜ ਬੋਵੈ,
ਬਰਖਾ ਬਿਹੂਨ ਕਤ ਨਾਜ ਨਿਪਜਾਇ ਹੈ॥

੪. ਅਨਿਕ ਪ੍ਰਕਾਰ ਭੇਖ ਧਾਰਿ ਪ੍ਰਾਨੀ ਭ੍ਰਮੈ ਭੂਮ,
ਬਿਨ ਗੁਰ ਉਰਿ ਗਜਾਨ ਦੀਪ ਨ ਜਗਾਇ ਹੈ॥੬੩੫॥

**ਪਦਾਰਥ-** ਚਾਰੁ=ਸੁੰਦਰ। ਸਿੰਚੀਐ=ਸਿੰਜੀਏ, ਪਾਣੀ ਦੇਈਏ। ਸਲਿਲ=ਪਾਣੀ। ਫਲ-ਭਾਵ ਹੈ ਫੁਲ। ਲਿਖਾਰੀ ਦੀ ਕਲਮ ਉਕਾਈ ਹੈ। ਬਸੰਤ ਫੁਲਾਂ ਦੀ ਰੁਤ ਹੈ। ਕਤ=ਕਿਵੇਂ। ਨਾਜ=ਅਨਾਜ। ਨਿਪਜਾਇ=ਉਂਗੇਗਾ।

ਅਰਥ-੧. (ਭਾਵੇਂ) ਨਾਰੀ ਕ੍ਰੋੜਾਂ ਪ੍ਰਕਾਰ ਦੇ ਸੁਹਣੇ ਸ਼ਿੰਗਾਰ ਕਰੇ (ਪਰ) ਬਿਨਾਂ ਪਤੀ ਮਿਲੇ ਦੇ ਪੁਤ੍ਰ ਨਹੀਂ ਖਿਡਾ ਸਕਦੀ। ੨. ਬ੍ਰਿੱਛ ਦੇ ਮੁੱਢ ਨੂੰ (ਭਾਵੇਂ)ਰਾਤ ਦਿਨੇ (ਲਗਾਤਾਰ) ਪਾਣੀ ਦੇਈ ਜਾਈਏ (ਪਰ) ਬਿਨਾਂ ਬਸੰਤ ਰੁਤ ਤੋਂ ਉਸਨੂੰ (ਫਲ ਭਾਵ) ਫੁਲ ਨਹੀਂ ਪ੍ਰਗਟ ਹੋਵੇਗਾ। ੩. ਸਾਵਣ ਦੇ ਮਹੀਨੇ ਕਿਸਾਨ ਖੇਤ ਵਾਹਕੇ ਬੀਜ ਬੀਜ ਦੇਵੇ (ਪਰ) ਬਰਖਾ ਤੋਂ ਬਿਨਾਂ ਅਨਾਜ ਕਿੱਥੇ ਉੱਗੇਗਾ? (ਭਾਵ ਨਹੀਂ ਉੱਗੇਗਾ)। ੪. ਅਨੇਕ ਪ੍ਰਕਾਰ ਦੇ ਭੇਖ ਧਾਰਕੇ ਪ੍ਰਾਣੀ (ਭਾਵੇਂ) ਪ੍ਰਿਥਵੀ ਤੇ ਭੌਂਦਾ ਫਿਰੇ (ਪਰ) ਗੁਰੂ ਤੋਂ ਬਿਨਾਂ (ਉਸ ਦੇ) ਰਿਦੇ ਵਿਚ ਗਜਾਨ ਦਾ ਦੀਵਾ ਨਹੀਂ ਜਗੇਗਾ।

**ਭਾਵ-** ਘਟ ਵਿਚ ਗਜਾਨ ਦੇ ਪ੍ਰਾਪਤ ਹੋਣ ਦਾ ਉਪਾਉ ਗੁਰੂ ਦੀ ਸ਼ਰਨ ਪ੍ਰਾਪਤ ਹੋਣਾ ਹੈ।


www.sikhbookclub.com

੧. ਜੈਸੇ ਨੀਰ ਪੀਰ ਅੰਨ ਭੋਜਨ ਖੁਵਾਇ ਅੰਤਿ,
ਗਰੋ ਕਾਟਿ ਮਾਰਤ ਹੈ ਅਜਾ ਸਨ ਕਉ*॥
੨. ਜੈਸੇ ਬਹੁ ਭਾਰ ਡਾਰੀਅਤ ਲਘੁ ਨੌਕਾ ਮਾਹਿ,
ਬੂਡਤ ਹੈ ਮਾਝਧਾਰ ਪਾਰ ਨ ਗਵਨ ਕਉ॥
੩. ਜੈਸੇ ਬੁਰ ਨਾਰਿ ਧਾਰਿ ਭਰਨ ਸਿੰਗਾਰ ਤਨਿ,
ਆਪਿ ਆਮੈ ਅਰਪਤ ਚਿੰਤਾ ਕੈ ਭਵਨ ਕਉ॥
੪. ਤੈਸੇ ਹੀ ਅਧਰਮ ਕਰਮ ਕੈ ਅਧਰਮ ਨਰ,
ਮਰਤ ਅਕਾਲ ਜਮਲੋਕਹਿ ਰਵਨ ਕਉ॥੬੩੬॥

**ਪਦਾਰਥ**– ਅਜਾ ਸਨ=ਬਕਰੀ ਦਾ ਬਚਾ, ਬਕਰਾ। ਬੁਰ ਨਾਰ=ਮਾੜੀ ਇਸਤ੍ਰੀ, ਵੇਸ਼ਵਾ। ਭਰਨ=ਆਭਰਨ ਗਹਿਣੇ। ਆਮੈ=ਆਮਯੰ ਰੋਗ।ਪੀੜਾ। ਅਕਾਲ=ਬੇਮੌਕਾ, ਬਿਨਾਂ ਸਮਾਂ ਆਏ ਦੇ।

ਅਰਥ–੧. ਜਿਵੇਂ ਪਾਣੀ, ਦੁੱਧ, ਅੰਨ (ਤੇ ਹੋਰ) ਭੋਜਨ ਬੱਕਰੀ ਦੇ ਬੱਚੇ (ਬੱਕਰੇ) ਨੂੰ ਖੁਵਾਕੇ ਅੰਤ ਗਲਾ ਕੱਟਕੇ ਮਾਰ ਦਿੰਦੇ ਹਨ (ਬਕਰੀਦ ਪਰ)। ੨. ਜਿਵੇਂ ਬਹੁਤਾ ਭਾਰ ਜੇ ਛੋਟੀ ਜਿਹੀ ਬੇੜੀ ਵਿਚ ਪਾ ਦੇਈਏ (ਤਾਂ ਉਹ) ਮੰਝਧਾਰ ਵਿਚ ਹੀ ਡੁਬ ਜਾਂਦੀ ਹੈ ਤੇ ਪਾਰ ਨਹੀਂ ਪਹੁੰਚਦੀ। ੩. ਜਿਵੇਂ ਮਾੜੀ ਇਸਤ੍ਰੀ ਸਰੀਰ ਤੇ ਪਹਿਨਕੇ ਸ਼ਿੰਗਾਰ ਤੇ ਗਹਿਣੇ (ਪਾਪ ਕਰਮ ਕਰਕੇ) ਆਪਣੇ ਆਪ ਨੂੰ ਰੋਗ ਦੇ ਅਰਪਨ ਕਰਦੀ ਤੇ ਚਿੰਤਾ ਦੇ ਘਰ ਵਿਚ ਪੈ ਜਾਂਦੀ ਹੈ। ੪. ਤਿਵੇਂ ਅਧਰਮੀ ਆਦਮੀ ਅਧਰਮ ਦੇ ਕੰਮ ਕਰਕੇ ਅਕਾਲ (ਬੇ-ਵਤਕ) ਮੌਤੇ ਮਰਦਾ ਤੇ ਜਮਲੋਕ ਨੂੰ ਜਾਂਦਾ ਹੈ।

**ਭਾਵ**– ਬਕਰੇ ਨੂੰ ਕਸਾਈ ਦੇ ਸੁਾਦੀਕ ਭੋਜਨ ਤੇ ਪ੍ਰਸੰਨ ਹੋਣਾ, ਨੌਕਾ ਦਾ ਬਹੁਤੇ ਬੋਝ ਨੂੰ ਪ੍ਰਾਪਤੀ ਜਾਣਨਾ, ਵੇਸਵਾ ਦਾ ਸ਼ਿੰਗਾਰ ਕਰ ਬਹੁਤੇ ਭੋਗਾਂ ਨੂੰ ਮਾਣਨਾ ਤੇ ਅਧਰਮੀ ਦਾ ਖੁਲੇ ਹੋਕੇ ਅਧਰਮ ਦੇ ਕਰਮਾਂ ਵਿਚ ਖੁਸ਼ ਹੋਣਾ ਮੌਤ ਨੂੰ ਛੇਤੀ ਲੈ ਆਉਂਦਾ ਹੈ। ਬਕਰਾ ਸਮੇਂ ਤੋਂ ਪਹਿਲੇ ਹਲਾਲ ਹੁੰਦਾ ਹੈ, ਬੇੜੀ ਅਧਵਾਟੇ ਡੁਬਦੀ ਹੈ, ਵੇਸਵਾ ਰੋਗੀ ਹੋ ਛੇਤੀ ਮਰਦੀ ਹੈ ਤੇ ਅਧਰਮੀ ਦੀ ਉਮਰਾ ਉਸੇ ਤਰ੍ਹਾਂ ਖੈ ਹੁੰਦੀ ਹੈ।

---

* ਇਸ ਪਾਦ ਵਿਚ ਦੋ ਅਖਰਾਂ ਦੀ ਕਮੀ ਹੈ, ਜੋ ਲਿਖਾਰੀ ਤੋਂ ਰਹਿ ਗਏ ਜਾਪਦੇ ਹਨ। ਸ. ਓਅੰਕਾਰ ਸਿੰਘ ਦੇ ਲਿਖੇ ਤੇ ਪੰਜਾਬੀ ਯੂਨੀਵਰਸਟੀ, ਪਟਿਆਲਾ ਦੇ ੧੯੯੩ ਦੇ ਛਾਪੇ ਕਬਿਤਾਂ ਵਿਚ 'ਸਨ' ਦੀ ਥਾਂ 'ਸੂਨ' ਹੈ।


www.sikhbookclub.com

੧. ਜੈਸੇ ਪਾਕਸਾਲਾ ਬਾਲਾ ਬਿੰਜਨ ਅਨੇਕ ਰਚੈ,
ਛੁਅਤ ਅਪਾਵਨ ਛਿਨਕ ਛੋਤ ਲਾਗ ਹੈ॥
੨. ਜੈਸੇ ਤਨ ਸਾਜਤ ਸਿੰਗਾਰ ਨਾਰਿ ਆਨੰਦ ਕੈ,
ਪੁਹਪਵੰਤੀ ਹ੍ਵੈ ਪ੍ਰਿਯਾ ਸਿਹਜਾ ਤਿਆਗ ਹੈ॥
੩. ਜੈਸੇ ਗ੍ਰਭਧਾਰ ਨਾਰਿ ਜਤਨ ਕਰਤ ਨਿਤ,
ਮਲ ਮੈ ਗਰਭ ਛੇਦ ਖੇਦ ਨਿਹਭਾਗ ਹੈ॥
੪. ਤੈਸੇ ਸੀਲ ਸੰਜਮ ਜਨਮ ਪਰਜੰਤ ਕੀਜੈ,
ਤਨਕ ਹੀ ਪਾਪ ਕੀਏ ਤੂਲ ਮੈ ਬਜਾਗ ਹੈ॥੬੩੭॥

**ਪਦਾਰਥ**- ਪਾਕਸਾਲਾ=ਰਸੋਈ। ਬਾਲਾ=ਇਸਤ੍ਰੀ। ਅਪਾਵਨ=ਅਪਵਿਤ੍ਰਤਾ। ਛੋਤ=ਛੋਹ। ਪੁਹਪਵੰਤੀ=ਰਜੱਸੂਲਾ। ਗ੍ਰਭਧਾਰ। ਗ੍ਰਭਵਤੀ। ਮਲ ਮੈ=ਮਲਮਯ=ਲਹੂ, ਸੰਯੁਕਤ ਹੋ ਜਾਣਾ ਭਾਵ ਰਜੱਸੂਲਾ ਹੋ ਜਾਣਾ। ਨਿਹਭਾਗ=ਅਭਾਗਣ। ਤੂਲ=ਰੂਈ। ਬਜਾਗ=ਬੱਜ੍ਰ+ਆਗਿ=ਬਿਜਲੀ। (ਅ)ਬਜ੍ਰ ਪਦ ਦਾ ਇਕ ਅਰਥ ਹੈ : ਘੋਰ, ਭਯਾਨਕ। ਯਥਾ:-ਬਜ੍ਰ, ਅਗਨਿ, ਬਿਰਹਿਨਿ ਹਿਯ ਜਾਰਾ। (ਜਾਯਸੀ)

ਅਰਥ-੧. ਜਿਵੇਂ ਰਸੋਈ ਵਿਚ ਇਸਤ੍ਰੀ ਅਨੇਕਾਂ ਭੋਜਨ ਬਣਾ ਲੈਂਦੀ ਹੈ (ਪਰ ਜੇ ਉਨ੍ਹਾਂ ਨੂੰ) ਛਿਨ ਭਰ ਲਈ ਹੀ ਅਪਵਿੱਤ੍ਰਤਾ ਛੁਹ ਜਾਵੇ (ਤਾਂ ਸਾਰੇ ਭੋਜਨ ਨੂੰ) ਛੂਹ ਲੱਗ ਜਾਂਦੀ ਹੈ। ੨. ਜਿਵੇਂ ਨਾਰੀ ਸਰੀਰ ਤੇ ਸ਼ਿੰਗਾਰ ਸਾਜਕੇ ਅਨੰਦ ਮਾਣਦੀ ਹੈ (ਪਰ ਜਦ) ਪੁਹਪਵੰਤਿ (ਰਜੱਸੂਲਾ) ਹੁੰਦੀ ਹੈ ਤਾਂ ਪਤੀ ਸਿਹਜਾ ਛੋੜ ਦਿੰਦਾ ਹੈ। ੩. ਜਿਵੇਂ ਗਰਭ ਧਾਰਕੇ ਇਸਤ੍ਰੀ ਨਿਤ (ਉਹ) ਜਤਨ ਕਰਦੀ ਹੈ (ਕਿ ਜਿਸ ਨਾਲ ਗਰਭ ਕਾਇਮ ਰਹੇ, ਪਰ ਜੇ ਕਦੇ) ਗਰਭ ਦੇ (ਦਿਨਾਂ ਵਿਚ) ਲਹੂ ਜਾਰੀ ਹੋ ਜਾਏ ਤਾਂ ਗਰਭਪਾਤ ਹੋਣ ਦਾ ਖੇਦ ਹੁੰਦਾ ਹੈ ਤੇ ਅਭਾਗਣ (ਸਮਝੀ ਜਾਂਦੀ) ਹੈ। ੪. ਤਿਵੇਂ ਸੀਲ ਸੰਜਮ (ਆਦਿ ਸਾਰਾ) ਜੀਵਨ ਭਰ ਕੀਤਾ ਜਾਵੇ (ਪਰ) ਥੋੜਾ ਹੀ ਪਾਪ ਕੀਤਿਆਂ (ਮਾਨੋ) ਰੂਈ ਵਿਚ ਘੋਰ ਅੱਗ (ਲੱਗ ਪੈਂਦੀ) ਹੈ।

ਭਾਵ- ਸੀਲ ਤੇ ਸੰਜਮ ਆਦਿ ਸੁਭ ਕੰਮ ਕਰਦਿਆਂ ਜੇ ਥੋੜਾ ਪਾਪ ਹੋ ਜਾਵੇ ਤਾਂ ਰੂਈ ਵਿਚ ਅੱਗ ਜਿਵੇਂ ਸੰਭਾਲਣੀ ਮੁਸ਼ਕਲ ਹੋ ਜਾਂਦੀ ਹੈ ਤਿਵੇਂ ਉਸ ਥੋੜੇ ਪਾਪ ਨਾਲ ਮਨ ਨੂੰ ਲਗੀ ਬੁਰੀ ਲਾਗ ਦੇ ਅਸਰ ਨੂੰ ਸੰਭਾਲਨਾ ਕਠਨ ਹੋ ਜਾਂਦਾ ਹੈ।

੧. ਚੀਕਨੇ ਕਲਸ ਪਰ ਜੈਸੇ ਨਾ ਟਿਕਤ ਬੂੰਦ,
ਕਾਲਰ ਮੈਂ ਪਰੇ ਨਾਜ ਨਿਪਜੈ ਨ ਖੇਤ ਜੀ॥

੨. ਜੈਸੇ ਧਰਿ ਪਰ ਤਰੁ ਸੇਬਲ ਅਫਲ ਅਰੁ,
ਬਿਖਿਆ ਬਿਰਖ ਫਲੇ ਜਗੁ ਦੁਖ ਦੇਤ ਜੀ॥

੩. ਚੰਦਨ ਸੁਬਾਸ ਬਾਂਸ ਬਾਸ ਬਾਸ ਬਾਸੀਐ ਨਾ,
ਪਵਨ ਗਵਨ ਮਲ ਮੂਤਤਾ ਸਮੇਤ ਜੀ॥

੪. ਗੁਰ ਉਪਦੇਸ ਪਰਵੇਸ ਨ ਮੋ ਰਿਦੈ ਭਿਦੈ,
ਜੈਸੇ ਮਾਨੋ ਸ੍ਵਾਂਤਿ ਬੂੰਦ ਅਹਿ ਮੁਖ ਲੇਤ ਜੀ॥੬੩੮॥

ਪਦਾਰਥ- ਕਲਸ=ਘੜਾ। ਬਿਖਿਆ=ਜ਼ਹਿਰ ਦਾ। ਬਾਸੀਐ ਨਾ=ਬਸਦੀ ਨਹੀਂ, ਪ੍ਰਵੇਸ਼ਦੀ ਨਹੀਂ। ਨ ਭਿਦੈ=ਵਿੰਨ੍ਹਦਾ ਨਹੀਂ, ਭਾਵ ਅਸਰ ਨਹੀਂ ਕਰਦਾ। ਅਹਿ=ਸੱਪ।

ਅਰਥ-੧. ਚੀਕਣੇ ਘੜੇ ਉਤੇ ਜਿਵੇਂ (ਪਾਣੀ ਦੀ) ਬੂੰਦ ਨਹੀਂ ਟਿਕਦੀ ਤੇ ਕੱਲਰੀ ਖੇਤੀ ਵਿਚ ਬੀਜਿਆ ਅਨਾਜ ਨਹੀਂ ਉਗਦਾ। ੨. ਜਿਵੇਂ ਧਰਤੀ ਉਪਰ ਸਿੰਮਲ ਰੁਖ ਫਲ ਹੀਨ ਹੈ ਅਤੇ ਜ਼ਹਿਰੀਲਾ ਬ੍ਰਿਛ ਫਲਕੇ (ਬੀ) ਜਗਤ ਨੂੰ ਦੁਖ (ਹੀ) ਦਿੰਦਾ ਹੈ। ੩. ਚੰਦਨ ਦੀ ਸੁਹਣੀ ਵਾਸ਼ਨਾ ਬਾਂਸ ਵਿਚ (ਉਸ ਦੇ ਨੇੜੇ) ਵੱਸ ਵੱਸਕੇ ਬੀ ਨਹੀਂ ਪ੍ਰਵੇਸ਼ ਕਰਦੀ ਤੇ ਮਲ ਮੂਤ੍ਰ (ਵਾਲੀ ਥਾਂ) ਤੋਂ ਲੰਘੀ ਪਉਣ (ਉਸੇ) ਸਮੇਤ (ਭਾਵ ਬਦਬੂਦਾਰ) ਹੀ ਹੁੰਦੀ ਹੈ। ੪. ਤਿਵੇਂ ਗੁਰੂ ਉਪਦੇਸ਼ ਮੇਰੇ ਰਿਦੇ ਨੂੰ ਵਿੰਨ੍ਹਕੇ (ਵਿਚ) ਪ੍ਰਵੇਸ਼ ਨਹੀਂ ਕਰਦਾ (ਜੇ ਕਰਦਾ ਹੈ ਤਾਂ) ਜਿਵੇਂ ਸੱਪ ਦਾ ਮੂੰਹ ਸ੍ਵਾਂਤੀਬੂੰਦ ਲੈਂਦਾ ਹੈ (ਮੇਰਾ ਮਨ ਬੀ) ਮਾਨੋ (ਉਸ ਸ੍ਵਾਂਤੀਬੂੰਦ ਨੂੰ ਜ਼ਹਿਰ ਬਣਾ ਦੇਂਦਾ ਹੈ)।

ਭਾਵ- ਗੁਰ ਉਪਦੇਸ਼ ਮੇਰੇ ਹਿਰਦੇ ਵਿਚ ਪਰਵੇਸ਼ ਹੀ ਨਹੀਂ ਕਰਦਾ, ਜਿਵੇਂ ਚਿਕਨੇ ਘੜੇ ਤੇ ਪਾਣੀ, ਕੱਲਰ ਵਿਚ ਬੀਜ, ਵਾਂਸ ਵਿਚ ਚੰਦਨ ਦੀ ਵਾਸ਼ਨਾ। ਜੇ ਅਸਰ ਕਰੇ ਤਾਂ ਉਲਟ ਅਸਰ ਕਰਦਾ ਹੈ, ਜੈਸੇ ਮੈਲ ਨਾਲ ਮਿਲ ਕੇ ਵਾਯੂ ਦੁਰਗੰਧੀ ਵਾਲੀ ਹੋ ਜਾਂਦੀ ਹੈ, ਜੈਸੇ ਸ੍ਵਾਂਤੀਬੂੰਦ ਸੱਪ ਦੇ ਮੂੰਹ ਪੈਕੇ ਜ਼ਹਿਰ ਬਣਦੀ ਹੈ, ਜੇ ਇਹ ਨਾ ਹੋਵੇ ਤਾਂ ਅਫਲਤਾ ਵਿਚ ਅੰਤ ਹੁੰਦਾ ਹੈ, ਜਿਵੇਂ ਸਿਬੰਲ ਉਗਕੇ ਬੀ ਨਿਕੰਮਾ ਹੈ, ਸੋ ਮੇਰਾ ਮਨ ਕਠੋਰ ਹੈ, ਨਿਕੰਮਾ ਹੈ ਤੇ ਮੈਲਾ ਹੈ।

੧. ਚੰਦਨ ਸਮੀਪ ਬਸਿ ਬਾਂਸ ਮਹਿਮਾਂ ਨ ਜਾਨੀ,
ਆਨ ਦ੍ਰੁਮ ਦੂਰ ਭਏ ਬਾਸਨਾ ਕੈ ਬੋਹੇ ਹੈ॥

੨. ਦਾਦਰ ਸਰੋਵਰ ਮੈਂ ਜਾਨੈ ਨ ਕਮਲ ਗਤਿ,
ਮਕਰੰਦ ਕਰਿ ਮਧਕਰ ਹੀ ਬਿਮੋਹੇ ਹੈ॥

੩. ਸੁਰਸਰੀ ਬਿਖੈ ਬਗ ਜਾਨਜੋ ਨ ਮਰਮ ਕਛੂ,
ਆਵਤ ਹੈ ਜਾਤ੍ਰੀ ਜੰਤ੍ਰ ਜਾਤ੍ਰਾ ਹੇਤ ਸੋਹੇ ਹੈ॥

੪. ਨਿਕਟ ਬਸਤ ਮਮ ਗੁਰ ਉਪਦੇਸ ਹੀਨ,
ਦੂਰ ਹੀ ਦਿਸੰਤਰੁ ਉਰ ਅੰਤਰ ਲੈ ਪੋਹੇ ਹੈ॥੬੩੯॥

**ਪਦਾਰਥ-** ਆਨ ਦ੍ਰੁਮ=ਹੋਰ ਬ੍ਰਿੱਛ। ਦਾਦਰ=ਡੱਡੂ। ਮਕਰੰਦ=ਫੁਲਾਂ ਦਾ ਰਸ। ਮਧਕਰ=ਭੌਰਾ। ਸੁਰਸਰੀ=ਗੰਗਾ। ਜਾਤ੍ਰੀ ਜੰਤ੍ਰ=ਯਾਤ੍ਰੀ=ਯਾਤਰਾ ਕਰਨ ਵਾਲਾ। ਜੰਤ੍ਰ (ਯੰਤ੍ਰਣ) ਨਿਯਮ ਵਿਚ। ਅੰਕ ੫੦੭ ਵਿਚ 'ਜਾਤ੍ਰੀ ਜੰਤ੍ਰ' ਦਾ ਪਾਠ 'ਜਾਤ੍ਰੀ ਜਨ' ਹੈ। ਹੋ ਸਕਦਾ ਹੈ ਏਥੇ ਬੀ ਪਾਠ 'ਜਾਤ੍ਰੀ ਜਨ' ਯਾ 'ਜਾਤ੍ਰੀ ਜੰਤ' ਹੋਵੇ ਤੇ ਲਿਖਾਰੀ ਦੀ ਕਲਮ ਉਕਾਈ ਨੇ 'ਜਾਤੀ ਜੰਤ੍ਰ' ਕਰ ਦਿਤਾ ਹੋਵੇ।

ਅਰਥ-੧. ਚੰਦਨ ਦੇ ਨੇੜੇ ਵਾਂਸ ਨੇ ਵੱਸਕੇ (ਚੰਦਨ) ਦੀ ਮਹਿਮਾਂ ਨਾ ਜਾਣੀ, ਹੋਰ ਬ੍ਰਿਛ ਜੋ ਦੂਰ ਸੇ (ਉਹ ਉਸ ਦੀ) ਵਾਸ਼ਨਾਂ ਨਾਲ (ਬੋਹੇ=) ਸੁਗੰਧਿਤ ਹੋ ਗਏ। ੨. ਡੱਡੂ ਸਰੋਵਰ ਵਿਚ (ਵਸਦਿਆਂ) ਕਮਲ ਦੀ ਖੂਬੀ ਨਹੀਂ ਜਾਣਦਾ, (ਕਮਲ ਵਿਚ ਵਸ ਰਹੇ) ਮਕਰੰਦ ਰਸ ਕਰਕੇ ਤਾਂ ਭੌਰੇ ਹੀ ਮੋਹਿਤ ਹੁੰਦੇ ਹਨ। ੩. ਗੰਗਾ ਵਿਚ (ਵੱਸਕੇ) ਬਗਲੇ ਨੇ (ਗੰਗਾ ਦਾ) ਕੁਛ ਭੇਦ ਨਾ ਜਾਤਾ, (ਪਰ ਮਹਿਮਾ ਜਾਣਨ ਵਾਲੇ) ਯਾਤ੍ਰੀ ਯਾਤ੍ਰਾ ਕਰਨ ਵਾਸਤੇ (ਯਾਤ੍ਰੀਆਂ ਦੇ) ਨਿਯਮ ਅਨੁਸਾਰ ਆਉਂਦੇ ਹਨ ਤੇ ਸੁਹਣੇ ਹੋ ਜਾਂਦੇ ਹਨ (ਭਾਵ ਕ੍ਰਿਤਾਰਥ ਹੋ ਜਾਂਦੇ ਹਨ)। ੪. ਤਿਵੇਂ ਮੈਂ (ਗੁਰੂ ਦੇ) ਨੇੜੇ ਵਸਦਿਆਂ (ਬੀ) ਗੁਰੂ ਉਪਦੇਸ਼ (ਦੀ ਤਾਸੀਰ) ਤੋਂ ਹੀਣਾ ਹਾਂ, (ਪਰ) ਦੂਰ (ਦੂਰ ਤੇ) ਦੇਸਾਂਤ੍ਰਾਂ (ਵਿਚ ਰਹਿਣ ਵਾਲੇ ਸ਼ਰਧਾ ਵਾਲੇ ਸਿਖ ਗੁਰ ਉਪਦੇਸ਼) ਲੈਕੇ, ਹਿਰਦੇ ਵਿਚ ਪ੍ਰੋ ਲੈਂਦੇ ਹਨ (ਭਾਵ ਨਾਮ ਅਭ੍ਯਾਸੀ ਹੋ ਜਾਂਦੇ ਹਨ)*।

* ਇਹ ਕਬਿਤ, ਕੁਝ ਅੱਖਰੀ ਫ਼ਰਕ ਛੋੜਕੇ, ਕਬਿਤ ੫੦੭ ਨਾਲ ਮਿਲਦਾ ਹੈ।


www.sikhbookclub.com

੧. ਨਾਹਿਨ ਅਨੂਪ ਰੂਪ ਚਿਤਵੈ ਕਿਉ ਚਿੰਤਾਮਨਿ,
ਲੋਨੇ ਹੈ ਨ ਲੋਇਨ ਜੋ ਲਾਲਨ ਬਿਲੋਕੀਐ॥
੨. ਰਸਨਾ ਰਸੀਲੀ ਨਾਹਿ ਬੇਨਤੀ ਬਖਾਨਉ ਕੈਸੇ,
ਸੁਰਤਿ ਨ ਸ੍ਰਵਨਨ ਬਚਨ ਮਧੋਕੀਐ॥
੩. ਅੰਗ ਅੰਗ ਹੀਨ ਦੀਨ ਕੈਸੇ ਬਰ ਮਾਲ ਕਰਉ,
ਮਸਤਕ ਨਾਹਿ ਭਾਗ ਪ੍ਰਿਯ ਪਗ ਧੋਕੀਐ॥
੪. ਸੇਵਕ ਸ੍ਰਭਾਵ ਨਾਹਿ, ਪਹੁਚ ਨ ਸਕਉ ਸੇਵ,
ਨਾਹਿਨ ਪ੍ਰਤੀਤ ਪ੍ਰਭ ਪ੍ਰਭਤਾ ਸਮੋਕੀਐ॥੬੪੦॥

**ਪਦਾਰਥ**- ਚਿੰਤਾਮਣਿ=ਉਹ ਮਣੀ ਜੋ ਮਨਇੱਛਤ ਕਾਮਨਾ ਦੀ ਦਾਤੀ ਕਹੀ ਜਾਂਦੀ ਹੈ। ਇਥੇ ਭਾਵ ਸਤਿਗੁਰੂ ਜੀ ਤੋਂ ਹੈ। ਲਾਲਨ=ਪਿਆਰਾ, ਭਾਵ ਸਤਿਗੁਰੂ। ਸੁਰਤਿ=ਸੁਣਨ ਦੀ ਸ਼ਕਤੀ। ਮਧੋਕੀਐ=ਮਿੱਠੇ (ਬਚਨ ਸੁਣਾਂ)। ਧੋਕੀਐ=ਧੋਵਾਂ। ਪ੍ਰਭਤਾ=ਵਡਿਆਈ। ਸਮੋਕੀਐ=ਸਮਾਵਾਂ ਕਿਵੇਂ?

ਅਰਥ-੧. ਮੇਰਾ ਰੂਪ (ਅਨੂਪਮ=) ਸੁੰਦਰ ਨਹੀਂ, (ਮੇਰੇ ਵਲ ਮੇਰਾ) ਚਿੰਤਾਮਣਿ (ਰੂਪੀ ਪ੍ਰੀਤਮ) ਕਿਉਂ ਦੇਖੇ: (ਮੇਰੇ ਅਪਣੇ) ਨੇਤ੍ਰ ਸਲੋਨੇ (ਰਸੀਲੇ) ਨਹੀਂ, ਜੋ ਪਜਾਰੇ ਨੂੰ (ਪ੍ਰੀਤ ਨਜ਼ਰ ਨਾਲ) ਦੇਖ ਸਕਾਂ। ੨. ਜੀਭ ਰਸੀਲੀ ਨਹੀਂ (ਸੋ ਮੈਂ ਮਿੱਠੀ) ਬੇਨਤੀ ਕਿਵੇਂ ਕਰਾਂ, ਕੰਨਾਂ ਵਿਚ (ਸ਼ਰਧਾ ਵਾਲੀ) ਸੁਣਨ ਸ਼ਕਤੀ ਨਹੀਂ, ਜੋ (ਪਿਆਰੇ ਜੀ ਦੇ) ਕੀਤੇ ਹੋਏ ਮਿਠੇ ਬਚਨ (ਸੁਣਾਂ)। ੩. ਅੰਗ ਅੰਗ ਤੋਂ (ਇਉਂ) ਹੀਣੀ ਹਾਂ, ਦੀਨ ਹਾਂ, ਸੁਹਣੀ ਮਾਲਾ (ਲਾਲਨ ਲਈ ਕਿਵੇਂ) ਤਿਆਰ ਕਰਾਂ, ਮੱਥੇ ਤੇ (ਐਸੇ) ਭਾਗ ਨਹੀਂ (ਲਿਖੇ ਹੋਏ) ਜੋ ਪਿਆਰੇ ਦੇ ਚਰਨ ਧੋਵਾਂ। ੪. ਸੇਵਕਾਂ ਵਾਲਾ ਸੁਭਾਵ ਨਹੀਂ, (ਇਸ ਕਰਕੇ) ਸੇਵਾ ਦੁਆਰਾ ਮੈਂ ਅੱਪੜ ਨਹੀਂ ਸਕਦੀ, (ਨਾ ਹੀ ਅਪਣੇ ਪਜਾਰੇ) ਉਤੇ ਮੈਂ ਪ੍ਰਤੀਤ ਕੀਤੀ ਹੈ, (ਸੋ ਉਸ ਦੀ) ਪ੍ਰਭੁਤਾ ਵਿਚ ਮੈਂ ਕਿਵੇਂ ਸਮਾਂ ਜਾਵਾਂ?

**ਭਾਵ**- ਭਾਈ ਸਾਹਿਬ ਕਮਾਲ ਦੀ ਆਪਣੀ ਨਿੰਮ੍ਰਤਾ ਵਰਣਨ ਕਰ ਰਹੇ ਹਨ।

੧. ਬੇਸ੍ਵਾ ਕੇ ਸਿੰਗਾਰ ਬਿਭਚਾਰ ਕੋ ਨ ਪਾਰਾਵਾਰ,
ਬਿਨ ਭਰਤਾਰ ਨਾਰਿ ਕਾਕੀ ਕੈ ਬੁਲਾਈਐ॥

੨. ਬਗ ਸੇਤ ਗਾਤ ਜੀਵ ਘਾਤ ਕਰਿ ਖਾਤ ਕੇਤੇ,
ਮੋਨ ਗਹੇ, ਧਜਾਨ ਧਰੇ, ਜੁਗਤ ਨ ਪਾਈਐ॥

੩. ਭਾਂਡ ਕੀ ਭੰਡਾਈ ਬੁਰਵਾਈ ਨ ਕਹਿਤ ਆਵੈ,
ਅਤਿ ਹੀ ਢਿਠਾਈ, ਸੁਕੁਚਤ ਨ ਲਜਾਈਐ॥

੪. ਤੈਸੇ ਪਰ ਤਨ ਧਨ ਦੂਖਨਾ ਤ੍ਰਿਦੋਖ ਮਮ,
ਪਤਿਤ ਅਨੇਕ ਏਕ ਰੋਮ ਨ ਪੁਜਾਈਐ* ॥੬੪੧॥

**ਪਦਾਰਥ**- ਬਿਭਚਾਰ=ਪਰ ਪੁਰਖ ਰਮਣ। ਜੁਗਤ=ਯੁਕ੍ਤਿ=ਜੁੜਨ ਦੀ ਹਾਲਤ। ਬੁਰਵਾਈ=ਬੁਲਵਾਈ=ਚਤੁਰ ਬੋਲ ਚਾਲ। (ਅ) ਬੁਰਾਈ। ਤ੍ਰਿਦੋਖ=ਵਾਤ, ਪਿਤ, ਕਫ, ਤਿੰਨੋ ਵਿਗੜਕੇ ਜੋ ਬੀਮਾਰੀ ਹੋਵੇ। ਸੰਨਜਪਾਤ। ਤ੍ਰਿਦੋਖ, ਬਹੁਤ ਕਠਿਨਤਾ ਨਾਲ ਰਾਜ਼ੀ ਹੋਣ ਵਾਲੀ ਬੀਮਾਰੀ ਹੈ।

ਅਰਥ-੧. ਵੇਸ਼੍ਵਾ ਦੇ ਵਿਭਚਾਰ ਨਮਿਤ ਕੀਤੇ ਗਏ ਸ਼ਿੰਗਾਰਾਂ ਦਾ (ਤਾਂ ਕੋਈ) ਅੰਤ ਨਹੀਂ (ਪਰ ਇਕ) ਪਤੀ (ਦੀ ਹੋਏ) ਬਿਨਾ (ਓਹ) ਕਿਸ ਦੀ ਵਹੁਟੀ ਕਰਕੇ ਬੁਲਾਈ ਜਾਏ। ੨. (ਸੇਤ ਗਾਤ=) ਚਿਟੇ ਸਰੀਰ ਵਾਲਾ ਬਗਲਾ ਕਿੰਨੇ ਜੀਵ ਘਾਤ ਕਰਕੇ ਖਾ ਜਾਂਦਾ ਹੈ, ਮੋਨ ਬੀ ਧਾਰਦਾ ਹੈ ਤੇ ਧਜਾਨ ਬੀ ਲਾ ਲੈਂਦਾ ਹੈ, (ਪਰ ਸਾਈਂ ਵਿਚ) ਜੁੜਨ ਦੀ ਦਸ਼ਾ ਨਹੀਂ ਪ੍ਰਾਪਤ ਕਰਦਾ। ੩. ਭੰਡ ਦੀ ਭੰਡਾਈ ਤੇ ਬੁਲਵਾਈ ਕਹੀ ਨਹੀਂ ਜਾ ਸਕਦੀ (ਉਸਦਾ) ਢੀਠ ਪੁਣਾ ਬੀ ਅਤਿ ਹੁੰਦਾ ਹੈ, (ਕਿਸੇ ਗਲੇ) ਸੰਕੋਚ ਨਹੀਂ ਕਰਦਾ ਤੇ ਨਾ ਹੀ ਸ਼ਰਮਿੰਦਾ ਹੁੰਦਾ ਹੈ। ੪. ਤਿਵੇਂ ਪਰਾਏ ਤਨ, ਪਰਾਏ ਧਨ ਤੇ ਪਰਾਈ ਨਿੰਦਜਾ (ਆਦਿ ਦੇ) ਤ੍ਰੈਏ ਦੋਖ ਮੇਰੇ ਵਿਚ ਹਨ, (ਮੇਰੇ ਇਕ) ਵਾਲ ਦੇ ਬਰੱਬਰ ਅਨੇਕਾਂ ਪਾਪੀ ਨਹੀਂ ਪਹੁੰਚ ਸਕਦੇ।

**ਭਾਵ**- ਭਾਈ ਸਾਹਿਬ ਨਿੰਮ੍ਰਤਾ ਦੀ ਮੂਰਤੀ ਅਪਣੇ ਆਪ ਨੂੰ ਵੇਸਵਾ, ਬਗਲਾ ਤੇ ਭੰਡ ਨਾਲ ਤੁੱਲਤਾ ਦੇਂਦੇ ਹੋਏ ਪਰ ਤਨ, ਪਰ ਧਨ ਤੇ ਪਰ ਨਿੰਦਾ ਤਿੰਨੋਂ (ਦੋਖ=) ਅਧਮ ਕਰਮ ਅਪਣੇ ਦੱਸਦੇ ਹਨ, ਇਸਨੂੰ ਤ੍ਰਿਦੋਖ ਰੋਗ ਵਾਂਝੂ ਕਰੜਾ ਕਹਿੰਦੇ ਹਨ।

---

* ਇਹ ਕਬਿਤ, ਕੁਛਕ ਪਾਠਾਂਤ੍ਰ ਭੇਦ ਦੇ ਫਰਕ ਛਡਕੇ, ਕਬਿਤ ੫੨੨ ਨਾਲ ਮਿਲਦਾ ਹੈ।


www.sikhbookclub.com

੧. ਜਾਕੈ ਨਾਇਕਾ ਅਨੇਕ ਏਕ ਸੇ ਅਧਿਕ ਏਕ,
ਪੂਰਨ ਸੁਹਾਗ ਭਾਗ ਸਉਤੇ ਸਮ ਧਾਮ ਹੈ॥
੨. ਮਾਨਨ ਹੁਇ ਮਾਨ ਭੰਗ ਬਿਛੁਰ ਬਿੰਦੇਸ ਰਹੀ,
ਬਿਰਹ ਬਿਯੋਗ ਲਗ ਬਿਰਹਨੀ ਭਾਮ ਹੈ॥
੩. ਸਿਥਲ ਸਮਾਨ ਤ੍ਰੀਯਾ ਸਕੇ ਨ ਰਿਝਾਇ ਪ੍ਰਿਯ,
ਦਯੋ ਹੈ ਦੁਹਾਗ ਵੈ ਦੁਹਾਗਨ ਸਕਾਮ ਹੈ॥
੪. ਲੋਚਨ, ਸ੍ਰਵਨ, ਜੀਹ ਕਰ ਅੰਗ ਅੰਗ ਹੀਨ,
ਪਰਿਸਯੋ ਨ ਪੇਖਜੋ ਸੁਨਜੋ ਮੇਰੋ ਕਹਾ ਨਾਮ ਹੈ?॥੬੪੨॥

**ਪਦਾਰਥ**- ਸਉਤੇ=ਸੁਪਤਨੀ, ਵਹੁਟੀ। ਮਾਨਨ=ਮਾਨ ਵਾਲੀ। ਭਾਮ=ਇਸਤ੍ਰੀ। ਸਮਾਨ=ਮਾਨ ਵਾਲੀ। ਸਿਥਲ=ਆਲਸੀ। ਸਕਾਮ=ਸੁਧ ਪਾਠ-ਸਨਾਮ=ਨਾਮ ਸਮੇਤ।

ਅਰਥ-੧. ਜਿਸ (ਮਾਲਕ) ਦੀਆਂ ਅਨੇਕਾਂ ਇਸਤ੍ਰੀਆਂ ਹਨ ਤੇ ਇਕ ਤੋਂ ਇਕ ਵਧਕੇ ਹੈ (ਪਰ ਸਾਰੀਆਂ ਨੂੰ ਇਹ ਮਾਨ ਹੈ ਕਿ ਸੰਪੂਰਨ=) ਸਾਰਾ ਸੁਹਾਗ ਭਾਗ (ਮੇਰਾ ਹੈ ਤੇ) ਘਰ ਬਾਰ (ਮੇਰਾ ਹੈ ਤੇ ਮੈਂ ਉਸਦੀ) ਸੁਪਤਨੀ ਹਾਂ, ਭਾਵ ਹਰੇਕ ਇਸਤ੍ਰੀ ਪਤੀ ਦਾ ਮਾਣ ਤੇ ਸੁਪਤਨੀ ਹੋਣ ਦਾ ਫ਼ਖ਼ਰ ਰੱਖਦੀ ਹੈ। ੨. (ਇਕ) ਮਾਨਨੀ ਹੈ (ਜੋ ਪੀਆ ਤੋਂ) ਵਿਛੁੜ ਕੇ ਬਿਦੇਸ ਰਹਿੰਦਿਆਂ (ਅਪਨਾ) ਮਾਨ ਬੀ ਗੁਆ ਬੈਠੀ ਹੈ (ਪਰ ਉਹ) ਵਿਯੋਗ ਤੇ ਵਿਛੋੜੇ ਵਿਚ ਲਗੀ ਹੋਈ ਬਿਰਹਨੀ ਇਸਤ੍ਰੀ (ਤਾਂ ਕਹਾਉਂਦੀ) ਹੈ। ੩. (ਫਿਰ ਇਕ ਹੋਰ ਹੈ ਜੋ) ਆਲਸੀ ਤੇ ਮਾਨ ਵਾਲੀ ਇਸਤ੍ਰੀ ਹੈ (ਜੋ) ਪਤੀ ਨੂੰ ਪ੍ਰਸੰਨ ਨਹੀਂ ਕਰ ਸਕਦੀ (ਪਤੀ ਨੇ ਉਸਨੂੰ) ਛੁੱਟੜ ਕਰ ਦਿਤਾ ਹੈ ਪਰ ਉਹ ਦੁਹਾਗਨ (ਕਹਾਕੇ ਬੀ ਪਤੀ ਦੇ) ਨਾਮ ਸਹਿਤ ਹੈ, (ਭਾਵ 'ਫਲਾਣੇ ਦੀ ਦੁਹਾਗਣ' ਫੇਰ ਬੀ ਕਹਾਉਂਦੀ ਹੈ)। ੪. (ਪਰ ਮੈਂ ਤਾਂ) ਅੱਖਾਂ, ਕੰਨ, ਜੀਭ ਤੇ ਹਥ ਆਦਿ ਹਰਿਕ ਅੰਗ ਤੋਂ ਹੀਣੀ ਹਾਂ, (ਮੈਂ ਕਦੇ ਉਸ ਪਜਾਰੇ ਨੂੰ) ਪਰਸਿਆ ਨਹੀਂ, ਦੇਖਿਆ ਨਹੀਂ, (ਉਸਦੇ ਵਾਕ) ਸੁਣੇ ਨਹੀਂ, ਮੇਰਾ ਕੀਹ ਨਾਮ ਹੋ ਸਕਦਾ ਹੈ?

**ਭਾਵ**- ਮੈਂ ਤਾਂ ਅਪਣੇ ਪਤੀ ਦੀ ਨਾ ਸੁਪਤਨੀ, ਨਾ ਬ੍ਰਿਹਨੀ, ਨਾ ਛੁਟੜ ਕਹਾ ਸਕਦੀ ਹਾਂ।

੧. ਜੈਸੇ ਜਾਰ ਚੋਰ ਓਰ ਹੇਰਤਿ ਨ ਆਹਿ ਕੋਊ,
ਚੋਰ ਜਾਰ ਜਾਨਤ ਸਕਲਭੂਤ ਹੇਰਹੀ॥

੨. ਜੈਸੇ ਦਿਨ ਸਮੈ ਆਵਾ ਗਵਨ ਭਵਨ ਬਿਖੈ,
ਤਾਹੀ ਗ੍ਰਿਹ ਪੈਸਤ ਸੰਕਾਤ ਹੈ ਅੰਧੇਰ ਹੀ॥

੩. ਜੈਸੇ ਧਰਮਾਤਮਾ ਕਉ ਦੇਖੀਐ ਧਰਮਰਾਇ,
ਪਾਪੀ ਕਉ ਭਇਆਨ ਜਮ ਤ੍ਰਾਹ ਤ੍ਰਾਹ ਟੇਰਹੀ॥

੪. ਤੈਸੇ ਨਿਰਵੈਰ ਸਤਿਗੁਰ ਦਰਪਨ ਰੂਪ,
ਤੈਸੋ ਹੀ ਦਿਖਾਵੈ ਮੁਖ ਜੈਸੇ ਜੈਸੇ ਫੇਰਹੀ॥੬੪੩॥

ਪਦਾਰਥ- ਜਾਰ=ਯਾਰ, ਉਪਪਤਿ। ਸਕਲਭੂਤ=ਸਾਰੇ ਪ੍ਰਾਣੀ, ਸਾਰੇ ਲੋਕ। ਪੈਸਤ=ਵੜਦਿਆਂ। ਸੰਕਾਤ ਹੈ=ਡਰੀਦਾ ਹੈ। ਤ੍ਰਾਹ ਤ੍ਰਾਹ=ਬਚਾ ਲਓ। ਦਰਪਨ=ਸ਼ੀਸ਼ਾ।

ਅਰਥ-੧. ਜਿਵੇਂ ਯਾਰ ਤੇ ਚੋਰ (ਜਦ ਪਤਾ ਨਹੀਂ ਕਿ ਇਹ ਯਾਰ ਹੈ ਯਾ ਚੋਰ ਹੈ ਤਾਂ ਉਨ੍ਹਾਂ) ਵੱਲ ਕੋਈ ਨਹੀਂ ਤੱਕਦਾ (ਪਰ ਜਦੋਂ ਉਨ੍ਹਾਂ ਨੂੰ) ਜਾਣ ਲਿਆ ਜਾਏ (ਕਿ ਆਹ) ਚੋਰ ਹੈ (ਯਾ ਆਹ) ਯਾਰ ਹੈ ਤਾਂ ਸਾਰੇ ਲੋਕ (ਉਨ੍ਹਾਂ ਵਲ ਭੈ ਨਾਲ) ਵੇਹਿੰਦੇ ਹਨ। ੨. ਜਿਵੇਂ ਦਿਨ ਵੇਲੇ ਘਰ ਵਿਚ ਆਵਾਜਾਈ (ਹੁੰਦੀ ਰਹਿੰਦੀ) ਹੈ (ਪਰ) ਅੰਧੇਰੇ ਵੇਲੇ ਓਸੇ ਘਰ ਵੜਦਿਆਂ ਡਰੀਦਾ ਹੈ। ੩. ਜਿਵੇਂ ਧਰਮਾਤਮਾਂ ਨੂੰ (ਜਮ) ਧਰਮ (ਨਿਆਂ ਕਰਨ ਵਾਲਾ) ਰਾਜਾ ਦਿਸਦਾ ਹੈ ਪਰ ਪਾਪੀ ਨੂੰ ਜਮ ਭਜਾਨਕ (ਦਿਸਦਾ ਹੈ ਤੇ ਓਹ) ਤ੍ਰਾਹ ਤ੍ਰਾਹ ਕਰਦਾ ਹੈ। ੪. ਤਿਵੇਂ ਸਤਿਗੁਰੂ ਜੀ (ਤਾਂ) ਨਿਰਵੈਰ ਸ਼ੀਸ਼ੇ ਦਾ ਰੂਪ ਹਨ (ਪਰ) ਜਿਹੋ ਜਿਹਾ ਮੂੰਹ (ਉਸ ਅਗੇ ਖੜੋਕੇ) ਫੇਰੀਏ(=ਕਰਕੇ ਦੇਖੀਏ) ਤਿਹੋ ਜਿਹਾ ਹੀ ਦਿਖਾਉਂਦਾ ਹੈ।*

ਭਾਵ- ਅਪਣੀ ਭਾਵਨੀ ਅਨੁਸਾਰ ਸਤਿਗੁਰ ਪ੍ਰਿਯ ਤੇ ਭੈ ਦੇਣਦਾਰ ਨਜ਼ਰੀ ਪੈਂਦੇ ਹਨ, ਓਹ ਨਿਰਵੈਰ ਤੇ ਸਮ ਹਨ।

---

* ਇਸਦੇ ਨਾਲ ਹੀ ਪੜ੍ਹੋ ਕਬਿਤ ਨੰ: ੩੩੦

 www.sikhbookclub.com

੧. ਜੈਸੇ ਦਰਪਨ ਸੂਧੋ ਸੁਧ ਮੁਖ ਦੇਖੀਅਤ,
ਉਲਟ ਕੈ ਦੇਖੈ ਮੁਖ ਦੇਖੀਐ ਭਇਆਨ ਸੋ॥

੨. ਮਧੁਰ ਬਚਨ ਤਾਹੀ ਰਸਨਾ ਸੈ ਪਜਾਰੋ ਲਾਗੈ,
ਕੌਰਕ ਸਬਦ ਸੁਨ ਲਾਗੈ ਉਰ ਬਾਨ ਸੋ॥

੩. ਜੈਸੇ ਦਾਨੋ ਖਾਤ ਗਾਤ ਪੁਸ੍ਰਿ ਮਿਸ੍ਰਿ ਸ੍ਵਾਦ ਮੁਖ,
ਪੋਸਤ ਕੈ ਪੀਏ ਦੁਖ ਬਜਾਪਤ ਮਸਾਨ ਸੋ॥

੪. ਤੈਸੇ ਭ੍ਰਿਤ ਨਿੰਦਕ ਸੁਭਾਵ ਚਕਈ ਚਕੋਰ,
ਸਤਿਗੁਰ ਸਮਤ ਸਹਨਸੀਲ ਭਾਨੁ ਸੋ॥੬੪੪॥

ਪਦਾਰਥ- ਕੌਰਕ=ਕੋੜਾ। ਦਾਨੋ=ਦਾਣਾ, ਅੰਨ। ਪੁਸ੍ਰਿ=ਤਕੜਾ। ਮਿਸ੍ਰਿ=ਮਿੱਠਾ। ਭ੍ਰਿਤ=ਦਾਸ, ਨੌਕਰ। ਸਮਤ=ਤੁੱਲ, ਸਮਾਨ, ਬਰੱਬਰ। ਭਾਨੁ=ਸੂਰਜ।

ਅਰਥ-੧. ਜਿਵੇਂ ਸ਼ੀਸ਼ਾ ਸਿੱਧਾ ਕਰਕੇ (ਉਸ ਵਿਚ ਮੂੰਹ ਵੇਖੀਏ ਤਾਂ) ਸੁੱਧ ਮੂੰਹ ਦਿਸਦਾ ਹੈ (ਪਰ ਜੇ ਸ਼ੀਸ਼ੇ ਨੂੰ) ਉਲਟ ਕੇ ਦੇਖੀਏ ਤਾਂ ਭਜਾਨਕ ਮੂੰਹ ਦਿੱਸਦਾ ਹੈ। ੨. ਓਸੇ ਜੀਭ ਤੋਂ (ਕਿਹਾ) ਮਿੱਠਾ ਵਚਨ ਪਿਆਰਾ ਲਗਦਾ ਹੈ (ਪਰ ਉਸੇ ਰਸਨਾ ਤੋਂ) ਕੌੜਾ ਬਚਨ ਸੁਣਕੇ ਰਿਦੇ ਨੂੰ ਤੀਰ ਵਰਗਾ ਲਗਦਾ ਹੈ। ੩. ਜਿਵੇਂ ਮੂੰਹ ਅੰਨ ਖਾਂਦਾ ਹੈ ਤਾਂ ਮਿੱਠਾ ਸੁਆਦ ਲਗਦਾ ਹੈ ਤੇ ਸਰੀਰ ਤਕੜਾ ਹੁੰਦਾ ਹੈ (ਪਰ ਉਹੋ ਮੂੰਹ ਜੇ) ਪੋਸਤ ਪੀਵੇ ਤਾਂ ਦੁੱਖ ਨੂੰ ਪ੍ਰਾਪਤ ਹੋ (ਅੰਤ) ਮਸਾਣਾ (ਵਿਚ) ਪੁਜਦਾ ਹੈ। ੪. ਤਿਵੇਂ 'ਦਾਸ ਸੁਭਾਵ' ਤੇ 'ਨਿੰਦਕ ਸੁਭਾਵ' (ਦੋਵੇਂ) ਚਕਵੀ (ਸੁਭਾਵ) ਤੇ ਚਕੋਰ (ਸੁਭਾਵ) ਵਾਂਗੂ ਹਨ* ਪਰ ਸਤਿਗੁਰੂ ਜੀ ਸਹਨਸ਼ੀਲਤਾ ਵਿਚ ਸੂਰਜ ਤੁੱਲ ਹਨ।

ਭਾਵ- ਸਤਿਗੁਰੂ ਜੀ ਦਾਸ ਭਾਵ ਯਾ ਨਿੰਦਕ ਸੁਭਾਵ ਵਾਲਿਆਂ ਦੋਹਾਂ ਦੇ ਅਗੇ ਸਹਨਸ਼ੀਲ ਹਨ ਜਿਵੇਂ ਸੂਰਜ ਚਕਵੀ ਤੇ ਚਕੋਰ ਦੂਹਾਂ ਦੇ ਸਲੂਕ ਅਗੇ ਇਕ ਤੁਲ ਤੇ ਸਹਨਸ਼ੀਲ ਰਹਿੰਦਾ ਹੈ।

---

* ਚਕਵੀ ਸੂਰਜ ਚੜ੍ਹਨਾ ਲੋਚਦੀ ਹੈ ਤੇ ਚਕੋਰ ਸੂਰਜ ਡੁੱਬਣਾ ਲੋਚਦਾ ਹੈ, ਉਹ ਚੰਦ ਪ੍ਰੇਮੀ ਹੈ।

੧. ਜੈਸੇ ਤਉ ਪਪੀਹਾ ਪ੍ਰਿਯ ਪ੍ਰਿਯ ਟੇਰ ਹੇਰੇ ਬੂੰਦ,
ਵੈਸੇ ਪਤਿਬ੍ਰਤਾ ਪਤਿਬ੍ਰਤ ਪ੍ਰਤਿਪਾਲ ਹੈ॥

੨. ਜੈਸੇ ਦੀਪ ਦਿਪਤ ਪਤੰਗ ਪੇਖੈ ਜ੍ਵਾਰਾ ਜਰੈ,
ਤੈਸੇ ਪ੍ਰਿਆ ਪ੍ਰੇਮ ਨੇਮ ਪ੍ਰੇਮਨੀ ਸਮ੍ਰਾਹ ਹੈ॥

੩. ਜਲ ਸੈ ਨਿਕਸ ਜੈਸੇ ਮੀਨ ਮਰ ਜਾਤ ਤਾਤ,
ਬਿਰਹ ਬਿਯੋਗ ਬਿਰਹਨੀ ਬਪੁਹਾਰ ਹੈ॥

੪. ਬਿਰਹਨੀ ਪ੍ਰੇਮ ਨੇਮ ਪਤਿਬ੍ਰਤਾ ਕੈ ਕਹਾਵੈ,
ਕਰਨੀ ਕੈ ਐਸੀ ਕੋਟਿ ਮਧੇ ਕੋਊ ਨਾਰ ਹੈ॥੬੪੫॥

ਪਦਾਰਥ- ਪ੍ਰਿਯ=ਹੇ ਪਿਆਰੇ। ਜ੍ਵਾਰਾ=ਜ੍ਵਾਲਾ, ਅਗਨੀ, ਲਾਟ। ਤਾਤ=ਤੱਤਕਾਲ, ਝੱਟ। ਬਪੁਹਾਰ=ਸ੍ਰੀਰ ਹਾਰ ਦਿੰਦੀ ਭਾਵ ਮਰ ਜਾਂਦੀ ਹੈ।

ਅਰਥ-੧. ਜਿਵੇਂ ਕਿ ਪਪੀਹਾ ਪ੍ਰਿਯ ਪ੍ਰਿਯ (ਹੇ ਪਿਆਰੇ ਹੇ ਪਿਆਰੇ) ਕਹਿੰਦਾ (ਸ੍ਵਾਂਤਿ) ਬੂੰਦ ਨੂੰ ਤਰਸਦਾ ਹੈ, ਤਿਵੇਂ ਪਤਿਬ੍ਰਤਾ (ਇਸਤ੍ਰੀ) ਪਤਿਬ੍ਰਤ (ਧਰਮ) ਦੀ ਪਾਲਣਾ ਕਰਦੀ ਹੈ। ੨. ਜਿਵੇਂ ਦੀਵਾ ਜਗਦਾ ਦੇਖਕੇ ਪਤੰਗਾ ਲਾਟ ਵਿਚ ਸੜ (ਮਰਦਾ) ਹੈ, ਤਿਵੇਂ ਪ੍ਰੇਮ ਕਰਨ ਵਾਲੀ ਇਸਤ੍ਰੀ ਪਿਆਰੇ ਦੇ ਪ੍ਰੇਮ ਦੇ ਨੇਮਾਂ ਨੂੰ ਸੰਭਾਲਦੀ ਹੈ। ੩. ਜਿਵੇਂ ਜਲ ਵਿਚੋਂ ਨਿਕਲਕੇ ਮੱਛੀ ਝੱਟ ਮਰ ਜਾਂਦੀ ਹੈ, ਤਿਵੇਂ ਬਿਰਹਨੀ (ਇਸਤ੍ਰੀ) ਬਿਰਹ ਵਿਯੋਗ ਵਿਚ (ਅਪਣਾ) ਸਰੀਰ ਹਾਰ ਦਿੰਦੀ ਹੈ। ੪. (ਪਰ) ਬਿਰਹਨੀ (ਰਹਿਕੇ) ਪ੍ਰੇਮ ਨੇਮ ਕਰਦਿਆਂ (ਜੋ) ਪਤਿਬ੍ਰਤਾ ਕਹਾਵੇ, ਐਸੀ ਕਰਨੀ ਕਰਨ ਵਾਲੀ ਕ੍ਰੋੜਾਂ ਵਿਚ ਕੋਈ ਇਕ (ਪਤਿਬ੍ਰਤਾ) ਨਾਰੀ ਹੁੰਦੀ ਹੈ।

ਭਾਵ- ਸੰਜੋਗ ਪ੍ਰਾਪਤ ਸੁਹਾਗਣ ਪਤਿਬ੍ਰਤਾ ਜੋ ਪ੍ਰੇਮ ਦੇ ਨੇਮ ਤੇ ਸ਼ੀਲ ਧਰਮ ਨਿਭਾਉਂਦੀ ਹੈ, ਧੰਨਤਾ ਦੇ ਜੋਗ ਹੈ। ਪਰ ਪਤੀ ਤੋਂ ਵਿਛੁੜਕੇ ਯਾ ਵਿਛੋੜੀ ਜਾਕੇ ਜੋ ਪ੍ਰੇਮ ਦੇ ਨੇਮ ਤੇ ਸ਼ੀਲ ਧਰਮ ਨਿਬਾਹੇ ਉਹ ਪਤਿਬ੍ਰਤਾ ਇਸਤ੍ਰੀਆਂ ਵਿਚੋਂ ਸ਼ਿਰੋਮਣੀ ਹੈ।

੧. ਅਨਿਕ ਅਨੂਪ ਰੂਪ ਰੂਪ ਸਮਸਰ ਨਾਂਹਿ,
ਅੰਮ੍ਰਿਤ ਕੋਟਾਨਿ ਕੋਟਿ ਮਧੁਰ ਬਚਨ ਸਰ॥

੨. ਧਰਮ ਅਰਥ ਕੋਟਿ ਕਾਮਨਾ ਕਟਾਛ ਪਰ,
ਵਾਰ ਡਾਰਉ ਬਿਬਿਧ ਮੁਕਤ ਮੰਦਹਾਸੁ ਪਰ॥

੩. ਸ੍ਵਰਗ ਅਨੰਤ ਕੋਟ ਕਿੰਚਤ ਸਮਾਗਮ ਕੈ,
ਸੰਗਮ ਸਮੂਹ ਸੁਖ ਸਾਗਰ ਨ ਤੁਲ ਧਰ॥

੪. ਪ੍ਰੇਮ ਰਸ ਕੋ ਪ੍ਰਤਾਪ ਸਰ ਕਛੂ ਪੂਜੈ ਨਾਹਿ,
ਤਨ ਮਨ ਧਨ ਸਰਬਸ ਬਲਿਹਾਰ ਕਰ॥੬੪੬॥

ਪਦਾਰਥ- ਸਮਸਰ=ਤੁਲ, ਬਰਾਬਰ। ਕੋਟਾਨਕੋਟ=ਕ੍ਰੋੜਾਂ ਕ੍ਰੋੜ, ਭਾਵ ਅਣਗਿਣਤ। ਸਰ=ਤੁੱਲ, ਬਰੱਬਰ। ਮੁਕਤ=ਮੁਕਤੀਆਂ। ਮੰਦਹਾਸੁ=ਮੱਧਮ ਹਾਸਾ, ਮੁਸਕ੍ਰਾਉਣਾ। ਸਮਾਗਮ=ਮੇਲ। ਸੰਗਮ=ਮੇਲ, ਵਸਲ। ਨ ਤੁਲ ਧਰ=ਬਰੱਬਰੀ ਨਾ ਦਿਆਂ।

ਅਰਥ-੧. ਅਨੇਕਾਂ ਅਨੂਪਮ ਰੂਪ (ਉਸ ਪਿਆਰੇ ਦੇ) ਰੂਪ ਦੇ ਤੁੱਲ ਨਹੀਂ (ਹੋ ਸਕਦੇ ਤੇ ਨਾ ਹੀ) ਅਣਗਿਣਤ ਅੰਮ੍ਰਿਤ (ਉਸਦੇ) ਮਿੱਠੇ ਬਚਨਾਂ ਦੀ ਬਰੋਬਰੀ (ਕਰ ਸਕਦੇ ਹਨ)।

੨. ਕ੍ਰੋੜਾਂ ਧਰਮ ਅਰਥ ਕਾਮਨਾ (ਆਦਿ ਪਦਾਰਥ ਉਸਦੇ ਇਕ) ਮਟਕੇ ਪਰ (ਤੇ) ਅਨੇਕ ਪ੍ਰਕਾਰ ਦੀ ਮੁਕਤੀ (ਉਸਦੇ) ਮੁਸਕ੍ਰਾਉਣ ਉਤੇ (ਮੈਂ) ਵਾਰ ਸੁੱਟਾਂ।

੩. (ਉਸਦੇ) ਥੋੜੇ ਜਿਹੇ ਮੇਲ ਉਤੋਂ ਬੇਅੰਤ ਸੁਰਗ (ਕੁਰਬਾਨ ਕਰ ਦਿਆਂ ਅਤੇ ਉਸ ਨਾਲ) ਪੂਰਨ ਮੇਲ ਨਾਲ ਤਾਂ ਸੁਖਾਂ ਦੇ ਸਮੁੰਦਰ ਨੂੰ ਬੀ) ਬਰੱਬਰੀ ਨਾ ਦਿਆਂ।

੪. (ਸੱਚ ਜਾਣੋ ਕਿ) ਪ੍ਰੇਮ ਰਸ ਦੇ ਪ੍ਰਤਾਪ ਦੇ ਬਰੱਬਰ ਕੋਈ (ਬੀ) ਸ਼ੈ ਨਹੀਂ ਪੁੱਜ ਸਕਦੀ (ਜਿਸਤੋਂ ਕਿ ਮੈਂ) ਤਨ ਮਨ ਧਨ ਤੇ ਸਰਬੰਸ ਸਦਕੇ ਕਰ ਦੇਵਾਂ।


www.sikhbookclub.com

੧. ਅਛਲ ਅਛੇਦ ਪ੍ਰਭੁ ਜਾਕੈ ਬਸ ਬਿਸ੍ਵ ਬਲ,
ਤੈ ਜੁ ਰਸ ਬਸ ਕੀਏ ਕਵਨ ਪ੍ਰਕਾਰ ਕੈ॥

੨. ਸਿਵ ਸਨਕਾਦਿ ਬ੍ਰਹਮਾਦਿਕ ਧਯਾਨ ਪਾਵੈ,
ਤਰੋ ਧਯਾਨ ਧਾਰੈ ਆਲੀ ਕਵਨ ਸਿੰਗਾਰ ਕੈ॥

੩. ਨਿਗਮ ਅਸੰਖ ਸੇਖ ਜੰਪਤ ਹੈ ਜਾਕੋ ਜਸੁ,
ਤੇਰੋ ਜਸ ਗਾਵਤ ਕੰਵਨ ਉਪਕਾਰ ਕੈ॥

੪. ਸੁਰ ਨਰ ਨਾਥ ਜਾਹਿ ਖੋਜਤ ਨ ਖੋਜ ਪਾਵੈ,
ਖੋਜਤ ਫਿਰਹ ਤੋਹਿ ਕਵਨ ਪਿਆਰ ਕੈ॥੬੪੭॥

ਪਦਾਰਥ- ਅਛਲ ਅਛੇਦ=ਜੋ ਛਲਿਆ ਨਾ ਜਾਵੇ ਤੇ ਅਖੰਡ ਰਹੇ। ਬਿਸ੍ਵ=ਸੰਸਾਰ। ਆਲੀ=ਹੇ ਸਖੀ! ਨਿਗਮ=ਵੇਦ। ਜੰਪਤ=ਕਹਿੰਦੇ ਹਨ, ਉਚਾਰਦੇ ਹਨ।

ਅਰਥ-੧. (ਸਖੀ ਪੁੱਛਦੀ ਹੈ ਨਾਯਕਾ ਨੂੰ ਭਾਵ ਜਗਜਾਸੂ ਪੁਛਦਾ ਹੈ ਗੁਰਮੁਖ ਨੂੰ) ਪ੍ਰਭੂ ਤਾਂ ਅਛਲ ਤੇ ਅਛੇਦ ਹੈ, ਜਿਸਦੇ ਕਿ ਬਲ ਦੇ ਵੱਸ ਵਿਚ (ਸਾਰਾ ਸੰਸਾਰ) ਹੈ ਤੂੰ ਜੋ (ਉਸਨੂੰ) ਵੱਸ ਕੀਤਾ ਹੈ (ਉਹ) ਕਿਸ ਤਰ੍ਹਾਂ ਤੇ ਕਿਹੜੇ ਰਸ (ਨਾਲ ਵਸ ਕੀਤਾ ਹੈ?) ੨. ਸ਼ਿਵ, ਸਨਕਾਦਿਕ ਤੇ ਬ੍ਰਹਮਾਦਿਕ (ਜਿਸਨੂੰ) ਧਯਾਨ ਵਿਚ ਨਹੀਂ ਪਾ ਰਹੇ, ਹੇ ਸਖੀ! (ਤੂੰ) ਕਿਹੜਾ ਸ਼ਿੰਗਾਰ (ਕੀਤਾ ਹੈ ਕਿ ਉਹ) ਤੇਰਾ ਧਯਾਨ ਧਰ ਰਿਹਾ ਹੈ। ੩. ਉਚਾਰਦੇ ਹਨ ਵੇਦ ਤੇ ਅਣਗਿਣਤ ਸ਼ੇਸ਼ਨਾਗ ਜਿਸਦਾ ਜੱਸ (ਓਹ) ਤੇਰਾ ਜਸ ਕਿਹੜੇ ਉਪਕਾਰ ਕਰਕੇ ਗਾ ਰਿਹਾ ਹੈ। ੪. ਦੇਵਤੇ, ਨਰ ਤੇ ਨਾਥ ਜਿਸਨੂੰ (ਨਿਤ) ਖੋਜਦੇ ਹਨ (ਪਰ) ਖੋਜ ਨਹੀਂ ਪਾਉਂਦੇ (ਹੇ ਸਖੀ ਦਸ ਤਾਂ ਸਹੀ ਓਹ) ਕਿਹੜੇ ਪਿਆਰ ਕਰਕੇ ਤੈਨੂੰ ਖੋਜਦਾ ਫਿਰਦਾ ਹੈ।

ਭਾਵ- ਸਾਰੇ ਪ੍ਰਸ਼ਨਾਂ ਦਾ ਉਤਰ ਹੈ- 'ਪਿਆਰ ਕੈ' ਅਰਥਾਤ ਪਿਆਰ ਕਰਕੇ। ਇਸ ਛੰਦ ਵਿਚ ਭਗਤੀ ਭਾਵ ਤੇ ਕਾਵਜ ਦਾ ਕਮਾਲ ਹੈ। ਇਸ ਦੇ ਅਰਥ ਰਾਧਾ ਤੇ ਕ੍ਰਿਸ਼ਨ ਸੰਬੰਧੀ ਭੀ ਕੀਤੇ ਜਾ ਸਕਦੇ ਹਨ, ਕਿ ਕੋਈ ਗੋਪੀ ਰਾਧਾ ਪਾਸੋਂ ਇਹ ਪ੍ਰਸ਼ਨ ਕਰ ਰਹੀ ਹੈ। ਮੁਰਾਦ ਜਗਜਾਸੂ ਦੇ ਪਿਆਰ ਦੀ ਤੀਖਣਤਾ ਦੇ ਅਸਰ ਦਰਸਾਉਣ ਤੋਂ ਹੈ।

੧. ਕੈਸੇ ਕੈ ਅਗਹ ਗਹਿਓ, ਕੈਸੇ ਕੈ ਅਛਲ ਛਲਿਓ,
ਕੈਸੇ ਕੈ ਅਭੇਦ ਭੇਦਜੋ, ਅਲਖ ਲਖਾਯੋ ਹੈ॥
੨. ਕੈਸੇ ਕੈ ਅਪੇਖ ਪੇਖਜੋ, ਕੈਸੇ ਕੈ ਅਗੜ ਗੜਜੋ,
ਕੈਸੇ ਕੈ ਅਪਜੋ ਪੀਓ, ਅਜਰ ਜਰਾਯੋ ਹੈ॥
੩. ਕੈਸੇ ਕੈ ਅਜਾਪ ਜਪਜੋ, ਕੈਸੇ ਕੈ ਅਥਾਪ ਥਪਜੋ,
ਪਰਸਿਓ ਅਪਰਸ, ਅਗਮ ਸੁਗਮਾਯੋ ਹੈ॥
੪. ਅਦਭੁਤ ਗਤ ਅਸਚਰਜ ਬਿਸਮ ਅਤਿ,
ਕੈਸੇ ਕੇ ਅਪਾਰ ਨਿਰਾਧਾਰ ਠਹਿਰਾਇਓ ਹੈ॥੬੪੮॥

**ਪਦਾਰਥ**- ਅਗਹ=ਨਾਂ ਫੜਿਆ ਜਾਣ ਵਾਲਾ। ਅਭੇਦ=ਜਿਸਦਾ ਭੇਦ ਨਾ ਪਾਇਆ ਜਾਵੇ। ਅਪੇਖ=ਜੋ ਵੇਖਿਆ ਨਾ ਜਾ ਸਕੇ। ਅਗੜ=ਜੋ ਗਡਿਆ ਨਾ ਜਾ ਸਕੇ। ਅਪਜੋ=ਜੋ ਪੀਤਾ ਨਾ ਜਾ ਸਕੇ। ਅਪਰਸ=ਜੋ ਛੁਹਿਆ ਨਾ ਜਾ ਸਕੇ। ਅਗਮ=ਔਖਾ। ਜਿਸ ਤੱਕ ਪਹੁੰਚ ਨਾ ਹੋ ਸਕੇ। ਨਿਰਾਧਾਰ=ਆਧਾਰ ਰਹਿਤ, ਆਸ੍ਰਾ ਰਹਿਤ।

ਅਰਥ-੧. ਕਿਸ ਤਰ੍ਹਾਂ (ਤੂੰ) ਨਾ ਫੜੇ ਜਾਣ ਵਾਲੇ ਨੂੰ ਫੜ ਲਿਆ ਹੈ (ਤੇ) ਕਿਵੇਂ (ਤੂੰ) ਅਛਲ ਨੂੰ ਛਲ ਲਿਆ ਹੈ? ਕਿਵੇਂ (ਤੂੰ) ਅਭੇਦ ਦਾ ਭੇਦ ਪਾਇਆ ਹੈ, ਤੇ ਕਿਵੇਂ ਅਲਖ ਨੂੰ ਲਖ ਲਿਆ ਹੈ? ੨. ਨਾ ਦੇਖੇ ਜਾ ਸਕਣ ਵਾਲੇ ਨੂੰ (ਤੂੰ) ਕਿਵੇਂ ਵੇਖਿਆ ਹੈ? (ਹਿਰਦੇ ਵਿਚ) ਨਾ ਗੱਡੇ ਜਾ ਸਕਣ ਵਾਲੇ ਨੂੰ ਕਿਵੇਂ (ਓਥੇ) ਟਿਕਾ ਲਿਆ ਹੈ? ਕਿਵੇਂ ਅਪਿਓ ਨੂੰ ਪੀਤਾ ਹੈ, ਤੇ ਅਜਰ ਨੂੰ ਕਿਵੇਂ ਜਰਿਆ ਹੈ? ੩. ਅਜਾਪ ਨੂੰ ਤੂੰ ਕਿਵੇਂ ਜਪਿਆ ਹੈ? ਥਾਪੇ ਨਾ ਜਾ ਸਕਣ ਵਾਲੇ ਨੂੰ ਕਿਵੇਂ ਥਾਪਿਆ ਹੈ? ਅਪਰਸ ਨੂੰ ਕਿਵੇਂ ਪਰਸਿਆ ਹੈ ਤੇ ਜਿਸ ਤਕ ਪਹੁੰਚ ਨਹੀਂ ਹੋ ਸਕਦੀ ਉਸਨੂੰ ਕਿਵੇਂ ਸੁਖੱਲੇ (ਹੀ) ਪਾ ਲਿਆ ਹੈ। ੪. ਜਿਸਦੀ ਗਤੀ ਬੜੀ ਅਸਚਰਜ ਹੈ, ਅਸਚਰਜ ਹੈ ਤੇ ਵਿਸਮਾਦੀ ਹੈ, ਉਸ ਪਾਰ ਰਹਿਤ ਨੂੰ ਜੋ ਨਿਰਾਧਾਰ ਹੈ ਤੂੰ ਕਿਵੇਂ (ਅਪਨੇ ਅੰਦਰ) ਠਹਿਰਾ ਲਿਆ ਹੈ?

ਭਾਵ- ਉੱਤਰ ਹੈ 'ਨਿਰਾਧਾਰ ਠਹਿਰਾਇਓ ਹੈ', ਜਦੋਂ ਅਪਣੇ ਮਨ ਨੂੰ ਮਾਇਕ ਆਸ਼ਰਿਆਂ ਤੋਂ ਚੁੱਕ ਲਿਆ ਤਾਂ ਨਿਰਾਧਾਰ ਨੂੰ ਅਨੁਭਵ ਕਰ ਲਿਆ ਹੈ, ਭਾਵ ਹੈ ਦ੍ਰਿਸ਼੍ਰਮਾਨ ਨਾਲ ਵੈਰਾਗ ਕਰਕੇ। ਪਿਛਲੇ ਛੰਦ ਦਾ ਭਾਵ ਹੈ ਭਗਤੀ ਮਾਰਗ- ਵਾਹਿਗੁਰੂ ਨਾਲ ਪ੍ਰੇਮ ਕਰਕੇ। ਇਥੇ ਹੈ ਗਜਾਨ ਮਾਰਗ ਕਿ ਪਦਾਰਥਾਂ ਆਦਿ ਤੋਂ ਵੈਰਾਗ ਕਰਕੇ।

੧. ਕਹਿਧੋ ਕਹਾਕੂ ਰਮਾ ਰੰਮ ਪੂਰਬ ਜਨਮ ਬਿਖੈ,
ਐਸੀ ਕੌਨ ਤਪਸਿਆ ਕਠਨ ਤੋਹਿ ਕੀਨੀ ਹੈ॥
੨. ਜਾਤੇ ਗੁਨ ਰੂਪ ਔ ਕਰਮ ਕੈ ਸਕਲ ਕਲਾ,
ਸ੍ਰੇਸਟ ਹ੍ਵੈ ਸਰਬ ਨਾਇਕਾ ਕੀ ਛਬਿ ਛੀਨੀ ਹੈ॥
੩. ਜਗਤ ਕੀ ਜੀਵਨ ਜਗਤ ਪਤ ਚਿੰਤਾਮਨ,
ਮੁਖ ਮੁਸਕਾਇ ਚਿਤਵਤ ਹਿਰ ਲੀਨੀ ਹੈ॥
੪. ਕੋਟਿ ਬ੍ਰਹਮੰਡ ਕੇ ਨਾਯਕ ਕੀ ਨਾਯਕਾ ਭਈ,
ਸਕਲ ਭਵਨ ਕੀ ਸ੍ਰਿਯਾ ਤੁਮਹਿ ਦੀਨੀ ਹੈ॥੬੪੯॥

ਪਦਾਰਥ- ਕਹਿ ਧੋ[੧] = ਹੇ.... ਕਹੁ। ਦੱਸ ਤਾਂ ਸਹੀ। ਕਹਾਕੂ = ਕਿਵੇਂ, ਕੈਸੀ, ਕਿਹੋ ਜਿਹੀ। (ਅ) ਕਿੱਥੇ ਕੁ। ਰਮਾ ਰੰਮ = ਸੁੰਦਰੀ ਲੱਛਮੀ। ਨਾਇਕਾ = ਇਸਤ੍ਰੀਆਂ। ਚਿੰਤਾਮਨ = ਮਨ ਇਛਤ ਦੇਣਹਾਰ ਇਕ ਕਲਪਤ ਮਣੀ। ਹਿਰ ਲੀਨੀ = ਖੋਹ ਲਈ। ਸ੍ਰਿਯਾ = ਸ਼੍ਰਿਯਾ = ਦੌਲਤ, ਸੰਪਤੀ।

ਅਰਥ-੧. ਦੱਸ ਤਾਂ ਸਹੀ ਹੇ ਸੁੰਦਰ ਲਖਸ਼ਮੀ! ਪਿਛਲੇ ਜਨਮ ਵਿਖੇ ਐਸੀ ਕਿਹੜੀ ਕਠਨ ਤਪੱਸਿਆ (ਤੇ ਉਹ ਬੀ ਤੂੰ) ਕਿਵੇਂ ਕੀਤੀ ਹੈ? ੨. ਜਿਸ ਕਰਕੇ (ਤੂੰ) ਗੁਣ, ਰੂਪ, ਕਰਮ ਤੇ ਸਾਰੀਆਂ ਕਲਾ ਵਿਚ ਸ੍ਰੇਸ਼ਟ ਹੋ ਕੇ ਸਾਰੀਆਂ ਇਸਤ੍ਰੀਆਂ ਦੀ ਛਬੀ ਖੋਹ ਲਈ ਹੈ। ੩. ਜਗਤ ਦਾ ਜੀਵਨ ਤੇ ਜਗਤ ਦਾ ਸ੍ਵਾਮੀ (ਜੋ ਵਿਸ਼ਨੂੰ ਹੈ ਉਸ ਪਾਸੋਂ) ਚਿੰਤਾਮਣਿ (ਰੂਪ ਜਗਤ ਦੀਆਂ ਮੰਗਾਂ ਪੂਰਨ ਕਰਨ ਵਾਲੀ ਸੱਤਜਾ) ਮੁਖ ਦੀ ਮੁਸਕ੍ਰਾਹਟ ਭਰੀ ਤੱਕਣੀ (ਮਾਤ੍ਰ) ਨਾਲ ਹੀ ਖੱਸ ਲਈ ਹੈ[੨]। ੪. ਕ੍ਰੋੜਾਂ ਬ੍ਰਹਮੰਡਾਂ ਦਾ ਜੋ ਸ੍ਵਾਮੀ (ਹੈ ਉਸ) ਦੀ (ਤੂੰ) ਇਸਤ੍ਰੀ ਬਣ ਗਈ ਹੈਂ[੩] (ਤੇ) ਸਾਰਿਆਂ ਭਵਨਾਂ ਦੀ ਸੰਪਤੀ (ਉਸਨੇ) ਤੈਨੂੰ ਦੇ ਦਿੱਤੀ ਹੈ।

---

੧. 'ਕੈਧੋਂ' ਪਦ ਹੋਰ ਹੈ ਜਿਸਦੇ ਅਰਥ ਹਨ, ਅਥਵਾ, ਯਾ।
੨. ਕਪਿਲ ਦੇ ਪੁਤ੍ਰ ਨੇ ਮਹਾਂਬਾਹੂ ਰਾਖਸ਼ ਤੋਂ 'ਚਿੰਤਾਮਣਿ' ਜੋ ਉਹ ਕਪਿਲ ਤੋਂ ਖੋਹ ਕੇ ਲੈ ਗਿਆ ਸੀ ਬੜੇ ਯਤਨ ਨਾਲ ਮੁੜਕੇ ਖੋਹੀ ਸੀ, ਪਰ ਹੇ ਲਛਮੀ ਤੈਂ ਵਿਸ਼ਨੂੰ ਤੋਂ ਮੁਸਕ੍ਰਾਹਟ ਭਰੀ ਤੱਕਣੀ ਮਾਤ੍ਰ ਨਾਲ ਹੀ ਚਿੰਤਾਮਣਿ ਲੈ ਲਈ ਸੀ। ਸਕੰ:ਪੁ:ਖ਼
੩. 'ਕੋਟ ਬ੍ਰਹਮੰਡ ਕੇ ਨਾਯਕ ਕੀ ਨਾਯਕਾ' ਇਹ ਵਾਕ ਅੰਕ੨੦੪ਵਿਚ ਬੀ ਆਯਾ ਹੈ।

੧. ਰੂਪ ਕੋਟਿ ਰੂਪ ਪਰ, ਸੋਭਾ ਪਰ ਕੋਟਿ ਸੋਭਾ,
ਚਤੁਰਾਈ ਕੋਟਿ ਚਤੁਰਾਈ ਪਰ ਵਾਰੀਐ॥

੨. ਗਜਾਨ ਗੁਨ ਕੋਟ ਗੁਨ ਗਜਾਨ ਪਰ ਵਾਰ ਡਾਰੈ,
ਕੋਟਿ ਭਾਗ ਭਾਗ ਪਰ ਧਰਿ ਬਲਿਹਾਰੀਐ॥

੩. ਸੀਲ ਸੁਭ ਲਛਨ ਕੋਟਾਨ ਸੀਲ ਲਛਨ ਕੈ,
ਲਜਾ ਕੋਟ ਲਜਾ ਕੈ ਲਜਾਇਮਾਨ ਮਾਰੀਐ॥

੪. ਪ੍ਰੇਮਨ ਪਤਿਬ੍ਰਤਾ ਹੂੰ ਪ੍ਰੇਮ ਅਉ ਪਤਿਬ੍ਰਤ ਕੈ,
ਜਾਕਉ ਨਾਥ ਕਿੰਚਤ ਕਟਾਛ ਕੈ ਨਿਹਾਰੀਐ॥੯੫੦॥

ਪਦਾਰਥ- ਕੋਟ=ਕ੍ਰੋੜਾਂ। ਭਾਗ=ਕਿਸਮਤ, ਸੁਭਾਗ। ਸ਼ੀਲ=ਸਤ, ਧਰਮ। ਕਿੰਚਤ=ਥੋੜਾ ਜਿਹਾ। ਕਟਾਛ=ਕਟਾਕਸ਼=ਅੱਖ ਦਾ ਮਟੱਕਾ। ਭਾਵ ਹੈ ਪਜਾਰ ਭਰੀ ਤੱਕਣੀ।

ਅਰਥ-੧. (ਉਸਦੇ) ਰੂਪ ਪਰ ਕ੍ਰੋੜਾਂ ਰੂਪ, (ਉਸਦੀ) ਸ਼ੋਭਾ ਪਰ ਕ੍ਰੋੜਾਂ ਸ਼ੋਭਾਂ (ਤੇ ਉਸਦੀ) ਚਤੁਰਾਈ ਪਰ ਕ੍ਰੋੜਾਂ ਚਤੁਰਾਂਈਆਂ ਵਾਰ ਦੇਈਏ।

੨. (ਉਸਦੇ) ਗੁਨ ਗਿਆਨ ਪਰ ਕ੍ਰੋੜਾਂ ਗੁਣ ਗਜਾਨ ਵਾਰ ਸੁੱਟੀਏ, (ਤੇ ਉਸਦੇ) ਭਾਗ (ਕਿਸਮਤ) ਪਰ ਕ੍ਰੋੜਾਂ ਭਾਗ ਧਰਕੇ ਕੁਰਬਾਨ ਕਰ ਦੇਈਏ।

੩. (ਤੇ ਉਸਦੀ) ਸ਼ੀਲਤਾ ਵਾਲੇ ਲੱਛਨਾਂ ਪਰ ਕ੍ਰੋੜਾਂ ਸ਼ੁਭ ਸ਼ੀਲ ਲੱਛਣ (ਤੇ) ਲੱਜਾ ਪਰ ਕ੍ਰੋੜਾਂ ਲਜਿਆ ਸ਼ਰਮਿੰਦੀਆਂ ਕਰਕੇ ਮਾਰ ਦੇਈਏ।

੪. (ਹਾਂ ਉਸ ਉਤੋਂ) ਪ੍ਰੇਮ ਤੇ ਪਤਿਬ੍ਰਤ ਨੂੰ (ਬੀ ਵਾਰ ਸੁਟੀਏ) ਕਿ ਜਿਸ ਪ੍ਰੇਮਣ ਪਤਿਬ੍ਰਤਾ ਨੂੰ (ਉਸਦਾ ਸ੍ਵਾਮੀ) ਥੋੜੀ ਜਿਹੀ ਪਜਾਰ ਭਰੀ ਨਜ਼ਰ ਨਾਲ ਦੇਖਦਾ ਹੈ।

ਭਾਵ- ਪ੍ਰੇਮ ਤੇ ਪਤਿਬ੍ਰਤ ਦੀ ਕਮਾਲ ਦੀ ਪੂਰਣਤਾ ਉਸ ਵੇਲੇ ਹੈ ਜਿਸ ਵੇਲੇ ਪਤੀ ਪ੍ਰੇਮਣ ਦਾ ਪ੍ਰੇਮੀ ਹੋ ਜਾਏ।


www.sikhbookclub.com

੧. ਕੋਟਨ ਕੋਟਾਨਿ ਸੁਖ ਪੁਜੈ ਨ ਸਮਾਨਿ ਸੁਖ,
ਆਨੰਦ ਕੋਟਾਨਿ ਤੁਲ ਆਨੰਦ ਨ ਆਵਹੀ॥

੨. ਸਹਜਿ ਕੋਟਾਨ ਕੋਟਿ ਪੁਜੈ ਨ ਸਹਜ ਸਰ,
ਮੰਗਲ ਕੋਟਾਨਿ ਸਮ ਮੰਗਲ ਨ ਪਾਵਹੀ॥

੩. ਕੋਟਨ ਕੋਟਾਨ ਪਰਤਾਪ ਨ ਪ੍ਰਤਾਪ ਸਰ,
ਕੋਟਨ ਕੋਟਾਨ ਛਬਿ ਛਬਿ ਨ ਪੁਜਾਵਹੀ॥

੪. ਅਰਥ ਧਰਮ ਕਾਮ ਮੋਖ ਕੋਟਨਿ ਹੀ ਸਮ ਨਾਹਿ,
ਅਉਸਰ ਅਭੀਚ ਨਾਹ ਸਿਹਜਾ ਬੁਲਾਵਹੀ॥੬੫੧॥

ਪਦਾਰਥ- ਸਰ=ਤੁੱਲ, ਬਰੱਬਰ। ਅਉਸਰ ਅਭੀਚ=ਅਭਿਜਿਤ ਇਕ ਨਿਛਤ੍ਰ ਯਾ ਲਗਨ ਨੂੰ ਕਹਿੰਦੇ ਹਨ, ਜਿਸ ਵਿਚ ਸ਼ੱਤ੍ਰ ਤੇ ਜਿੱਤ ਪਾਉਣ ਲਈ ਹਮਲਾ ਕੀਤਿਆਂ ਕਾਮਯਾਬੀ ਹੁੰਦੀ ਹੈ। ਉਤ੍ਰਾਖਾੜਾ ਨਿਛੱਤ੍ਰ ਦੇ ਅੰਤਮ ੧੫ ਦੰਡ ਯਾ ਸ੍ਰਵਣ ਨਿਛੱਤ੍ਰ ਦੇ ਪਹਿਲੇ ਚਾਰ ਦੰਡ ਜਦੋਂ ਸੂਰਜ ਗ੍ਰਹਣ ਮੱਸਿਆ ਨੂੰ ਇਸ ਨਿਛੱਤ੍ਰ ਵਿਚ ਲਗੇ ਤਾਂ ਕੁਲਖੇਤ੍ਰ ਨ੍ਹਾਉਂਦੇ ਹਨ, ਇਸਨੂੰ ਅਭਿਜਿਤ ਦਾ ਪਰਵ ਕਹਿੰਦੇ ਹਨ। ਇਹੋ ਹੈ ਅਉਸਰ ਅਭੀਚ ਤਥਾ ਪੁਰਬ ਅਭੀਚ।

ਅਰਥ-੧. ਕ੍ਰੋੜਾਂਨ ਕ੍ਰੋੜ ਸੁਖ (ਉਸ) ਸੁਖ ਦੇ ਤੁੱਲ ਨਹੀਂ ਪੁੱਜਦੇ, ਕ੍ਰੋੜਾਂ ਆਨੰਦ (ਉਸ) ਆਨੰਦ ਦੇ ਬਰਾਬਰ ਨਹੀਂ ਆ ਸਕਦੇ। ੨. ਕ੍ਰੋੜਾਨ ਕ੍ਰੋੜ ਗਜਾਨ (ਉਸ) ਗਜਾਨ ਦੇ ਬਰੱਬਰ ਨਹੀਂ ਪੁਜਦੇ ਤੇ ਕ੍ਰੋੜਾਂ ਮੰਗਲ (ਉਸ) ਮੰਗਲ ਦੀ ਸਮਤਾ ਨਹੀਂ ਪਾ ਸਕਦੇ। ੩. ਕ੍ਰੋੜਾਨ ਕ੍ਰੋੜ ਪਰਤਾਪ (ਉਸ ਦੇ) ਪਰਤਾਪ ਦੇ ਬਰੱਬਰ ਨਹੀਂ ਹੋ ਸਕਦੇ, ਕ੍ਰੋੜਾਨ ਕ੍ਰੋੜ ਛਬੀਆਂ ਉਸਦੀ ਛਬੀ ਨੂੰ ਨਹੀਂ ਪਹੁੰਚ ਸਕਦੀਆਂ। ੪. ਧਰਮ ਅਰਥ ਕਾਮ ਮੋਖ ਕ੍ਰੋੜਾਂ ਹੀ (ਉਸਦੇ) ਤੁੱਲ ਨਹੀਂ (ਤੇ) ਨਾ ਹੀ* ਅਭਿਜਿਤ ਨਿਛੱਤ੍ਰ ਦਾ ਅਉਸਰ ਉਸਦੇ (ਤੁੱਲ ਹੋ ਸਕਦਾ ਹੈ ਜਦੋਂ ਕਿ ਜਗਜਾਸੂ ਰੂਪ ਇਸਤ੍ਰੀ ਨੂੰ ਪਰਮੇਸ਼ੁਰ ਰੂਪ) ਪਤੀ* ਸਿਹਜਾ ਤੇ ਬੁਲਾਉਂਦਾ ਹੈ (ਭਾਵ ਸਰੂਪ ਵਿਚ ਵਾਸਾ ਬਖਸ਼ਦਾ ਹੈ)।

ਭਾਵ- ਜਦੋਂ ਸਿਖ ਨੂੰ ਵਾਹਿਗੁਰੂ ਜੀ ਅਪਣੇ ਨਾਲ ਮੇਲ ਬਖਸ਼ਦੇ ਹਨ ਯਾ ਗੁਰੂ ਸਿਖ ਨੂੰ ਮਿਲਦੇ ਹਨ ਤਾਂ ਉਸ ਛਿਨ ਦਾ ਸੁਖ ਸਭ ਸੁਖਾਂ ਤੋਂ ਸ਼ਿਰੋਮਣੀ ਹੈ।

---

* 'ਨਾਹ' ਪਦ ਦੋਹੀਂ ਪਾਸੀਂ ਲਗਦਾ ਹੈ ਤੇ ਦੋ ਅਰਥ ਲਭਦੇ ਹਨ-੧. ਨਹੀਂ ਹੈ। ੨. ਪਤੀ।

੧. ਸਫਲ ਜਨਮ, ਧੰਨ ਆਜ ਕੋ ਦਿਵਸ ਰੈਨਿ,
ਪਹਰ, ਮਹੂਰਤ, ਘਰੀ, ਔ ਪਲ ਪਾਏ ਹੈਂ॥
੨. ਸਫਲ ਸਿੰਗਾਰ ਚਾਰ ਸਿਹਜਾ ਸੰਜੋਗ ਭੋਗ,
ਆਂਗਨ ਮੰਦਰ ਅਤਿ ਸੁੰਦਰ ਸੁਹਾਏ ਹੈਂ॥
੩. ਜਗਮਗ ਜੋਤਿ ਸੋਭਾ ਕੀਰਤਿ ਪ੍ਰਤਾਪ ਛਬਿ,
ਆਨਦ ਸਹਜਿ ਸੁਖ ਸਾਗਰ ਬਢਾਏ ਹੈਂ॥
੪. ਅਰਥ ਧਰਮ ਕਾਮ ਮੋਖ ਨਿਹਕਾਮ ਨਾਮੁ,
ਪ੍ਰੇਮ ਰਸ ਰਸਿਕ ਹੈ ਲਾਲ ਮੇਰੇ ਆਏ ਹੈਂ॥੬੫੨॥

**ਪਦਾਰਥ**- ਮਹੂਰਤ=ਦਿਨ ਰਾਤ ਦਾ ਤੀਹਵਾਂ ਹਿਸਾ, ੪੮ ਮਿੰਟ ਦਾ ਸਮਾਂ। (ਅ) ਸ਼ੁਭ ਸਮਾਂ। ਸਿੰਗਾਰ=ਗਹਿਣੇ, ਕਪੜੇ ਆਦਿ ਦਾ ਪਹਿਰਾਉ, ਭਾਵ ਪਰਮਾਰਥ ਦੇ ਸਾਧਨ। ਚਾਰੁ=ਸੁੰਦਰ। ਸਹਿਜਾ=ਛੇਜ। ਹਿਦ੍ਰੇ ਦੀ ਸਫ਼ਾਈ ਦੀ ਅਵਸਥਾ। ਸੰਜੋਗ=ਆਤਮਾ ਦੀ ਲੀਨਤਾ। ਭੋਗ=ਲੀਨਤਾ ਦਾ ਰਸ। ਆਂਗਨ=ਵਿਹੜਾ। ਬਢਾਏ ਹੈਂ=ਵਧ ਰਹੇ, ਉਛਲ ਰਹੇ ਹਨ। ਨਿਹਕਾਮ=ਨਿਖ੍ਾਮ=ਨਿਸ਼ਕਾਮਤਾ, ਕਾਮਨਾ ਰਹਿਤ ਅਵਸਥਾ। (ਅ) ਨਿਖ+ਕਾਮ=ਕਾਮਨਾ ਨਹੀਂ ਰਹੀ। ਲਾਲ=ਪਿਆਰੇ ਜੀ।

ਅਰਥ- ੧. ਜਨਮ ਸਫਲ ਹੋ ਗਿਆ, ਅਜ ਦਾ ਦਿਨ ਰਾਤ ਧੰਨ ਹਨ (ਏਹ) ਪਹਿਰ, ਮਹੂਰਤ, ਘੜੀ ਤੇ ਪਲ ਜੋ (ਇਸ ਵੇਲੇ) ਵਰਤਮਾਨ ਹਨ (ਧੰਨ ਹਨ)। ੨. (ਮੇਰਾ ਕੀਤਾ) ਸੁਹਣਾ ਸ਼ਿੰਗਾਰ (ਜਪ ਤਪ ਭਜਨ) ਸਿਹਜਾ ਸੰਜੋਗ ਭੋਗ (ਵਾਹਿਗੁਰੂ ਮੇਲ) ਲਈ ਸਫ਼ਲ ਹੋ ਗਿਆ, (ਮੇਰਾ) ਵਿਹੜਾ ਤੇ ਮੰਦਰ ਅਤੀ ਸੁਹਣੇ ਸ਼ੋਭਨੀਕ ਹੋ ਗਏ ਹਨ। ੩. ਸ਼ੋਭਾ ਦਾ ਪ੍ਰਕਾਸ਼ ਜਗਮਗਾ ਉਠਿਆ ਹੈ ਤੇ ਪ੍ਰਤਾਪ ਤੇ ਛਬੀ ਦੀ ਕੀਰਤੀ (ਫੈਲ ਗਈ ਹੈ); ਅਨੰਦ ਤੇ ਸਹਜ ਸੁਖ ਦੇ ਸਾਗਰ ਉਛਲ ਆਏ ਹਨ। ੪. ਧਰਮ ਅਰਥ ਕਾਮ ਮੋਖ ਨਿਸ਼ਕਾਮਤਾ (ਜਿਨ੍ਹਾਂ ਦਾ) ਨਾਮ ਹੈ (ਓਹ ਸਭ ਪ੍ਰਾਪਤ ਹੋ ਗਏ ਹਨ ਕਿਉਂਕਿ ਮੇਰੇ) ਪਜਾਰੇ ਜੀ (ਅਜ ਆਪ ਮੇਰੇ) ਪ੍ਰੇਮ ਰਸ ਦੇ ਰਸੀਏ ਹੋਕੇ ਮੇਰੇ (ਘਰ) ਆਏ ਹਨ।

 www.sikhbookclub.com

ਭਾਵ- ਅੰਕ ੨੦੫ ਵਿਚ 'ਸੁਪਨ ਵਿਚ' ਵਾਹਿਗੁਰੂ ਮਿਲਾਪ ਦਾ ਚਿਤ੍ਰ ਹੈ-

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ
ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈਂ।

ਪਰਮ ਦਇਆਲ ਲਾਲ ਲੋਚਨ ਬਿਸਾਲ-ਮੁਖ,
ਬਚਨ ਰਸਾਲ ਮਧੁ ਮਧੁਰ ਪੀਆਏ ਹੈਂ।

ਸੋਭਤ ਸਿਹਜਾਸਨ ਬਿਲਾਸਨ ਦੈ ਅੰਕਮਾਲ,
ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈਂ।

ਚਾਤ੍ਰਿਕ ਸ਼ਬਦ ਸੁਨਿ ਅਖੀਆਂ ਉਘਰ ਗਈ,
ਭਈ ਜਲ ਮੀਨ ਗਤਿ ਬਿਰਹ ਜਗਾਏ ਹੈਂ॥੨੦੫॥

ਇਸ ਕਬਿਤ ਵਿਚ 'ਪ੍ਰੇਮ ਰਸ ਬਿਸਮ ਹੁਇ ਸ਼ਹਜ ਸਮਾਏ' ਕਹਿਕੇ ਵਿਸਮਾਦ ਦੁਆਰਾ ਸਹਿਜ ਅਵਸਥਾ ਵਿਚ ਲੀਨ ਹੋਣ ਦਾ ਪਤਾ ਦਿੱਤਾ ਹੈ। ਸੁਪਨ ਤੋਂ ਭਾਵ ਤਮੋਗੁਣੀ ਸੁਪਨਾ ਨਹੀਂ ਪਰ 'ਸਮਾਧੀ ਵਿਚ ਸਹਿਜ ਸਮਾਈ' ਤੋਂ ਹੈ। ਇਸ ਅੰਕ ੬੫੨ ਵਿਚ ਵਿਸ਼ਯ ਹੀ ਹੋਰ ਹੈ। ਇਸ ਵਿਚ ਨਾ ਸੁਪਨ ਦਰਸ਼ਨ ਹੈ, ਨਾ ਅਪਣੀ ਭਗਤੀ ਜੋਗ ਤਪ, ਗਜਾਨ ਦੇ ਸਿਰੇ ਚੜ੍ਹਨ ਤੇ ਪ੍ਰਾਪਤੀ ਦਾ ਕਥਨ ਹੈ, ਪਰ ਨਿਰੋਲ ਪ੍ਰੇਮਾਭਗਤੀ ਦੀ ਅਵਧੀ ਦਾ ਗੁਣ ਕਥਨ ਹੈ। ਪ੍ਰੇਮੀ ਦਾ ਪ੍ਰੇਮ ਕਮਾਲ ਤੇ ਅੱਪੜ ਜਾਏ, ਪ੍ਰੀਤਮ ਮੰਨ ਜਾਏ ਕਿ ਤੇਰਾ ਪਜਾਰ ਮੇਰੇ ਨਾਲ ਕਮਾਲ ਦਾ ਹੈ, ਇਹ ਇਕ ਪ੍ਰਾਪਤੀ ਹੈ। ਪਰ ਜਦ ਪ੍ਰੇਮ ਐਸਾ ਪ੍ਰਾਗੱਲਭ ਪਏ ਕਿ ਪ੍ਰੀਤਮ ਨੂੰ ਅਪਣੇ ਪ੍ਰੇਮ ਦਾ ਰਸੀਆ ਬਣਾਕੇ ਅਪਣੇ ਤੇ ਮੋਹਿਤ ਕਰ ਲਵੇ ਇਹ ਪੂਰੇ ਕਮਾਲ਼ ਦੀ ਅਵਸਥਾ ਹੈ[1]। ਇਸ ਕਬਿਤ ਵਿਚ ਇਹ ਗੱਲ ਨਿਰੂਪਣ ਕੀਤੀ ਹੈ ਕਿ ਮੇਰੇ ਪ੍ਰੇਮ ਦੇ ਰਸੀਏ ਹੋਕੇ ਮੇਰੇ ਪਜਾਰੇ ਅੱਜ ਮੇਰੇ ਘਰ ਆਏ ਹਨ। ਇਹ ਪ੍ਰਾਪਤੀ ਓਨ੍ਹਾਂ ਸਾਰੀਆਂ ਸਫ਼ਲਤਾਂ ਤੇ ਪ੍ਰਾਪਤੀਆਂ ਤੋਂ ਵਧੀਕ ਕੀਮਤੀ ਹੈ ਕਿ ਜਿਨ੍ਹਾਂ ਨੂੰ ਪਰਮਾਰਥੀ ਲੋਕ ਕੀਮਤੀ ਸਮਝਦੇ ਹਨ[2]।

ਸੂਚਨਾ- ਇਸ ਕਬਿਤ ੬੫੨ ਵਿਚ ਪ੍ਰਾਪਤ ਹੋਏ 'ਪ੍ਰੇਮ ਰਸ ਰਸਿਕ ਹ੍ਵੈ ਲਾਲ' ਦੀ ਆਉਂਦਣ ਦਾ ਜੋ ਆਨੰਦ ਹੈ ਉਸ ਆਨੰਦ ਮਾਣਨ ਦਾ ਸਮਾਂ ਅਮੁੱਕ ਹੋ ਜਾਣੇ ਲਈ ਅਭਿਲਾਖਾ ਤੇ ਯਾਚਨਾ ਅਗਲੇ ਦੋਹਾਂ ਕਬਿਤਾਂ ਵਿਚ ਹੈ।

---

੧. ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ (ਜਪੁਜੀ)
ਭਾਵ- ਕੀਹ ਅਰਪਨ ਕਰੀਏ ਕਿ ਉਹ ਪਜਾਰਾ ਮੈਨੂੰ ਪਜਾਰ ਕਰਨ ਲਗ ਪਵੇ।

੨. ਇਹ ਅਮੁੱਲ ਅਵਸਥਾ ਹੈ।


www.sikhbookclub.com

੧. ਨਿਸ ਨ ਘਟੈ, ਨ ਲਟੈ ਸਸੀਅਰ ਦੀਪ ਜੋਤਿ,
ਕੁਸਮ ਬਾਸ ਹੂੰ ਨ ਮਿਟੈ ਔ ਸੁ ਟੇਵ ਸੇਵ ਕੀ॥

੨. ਸਹਜ ਕਥਾ ਨ ਘਟੈ, ਸ੍ਰਵਨ ਸੁਰਤ ਮਤ,
ਰਸਨਾ ਪਰਸ ਰਸ ਰਸਿਕ ਸਮੇਵ ਕੀ॥

੩. ਨਿੰਦ੍ਰਾ ਨ ਪਰੈ ਅਰ ਕਰੈ ਨ ਆਰਸ ਪ੍ਰਵੇਸ,
ਰਿਦੈ, ਬਰੀਆ ਸੰਜੋਗ ਅਲਖ ਅਭੇਵ ਕੀ॥

੪. ਚਾਉ ਚਿਤੁ ਚਉਗੁਨੋ ਬਢੈ, ਪ੍ਰਬਲ ਪ੍ਰੇਮ ਨੇਮ,
ਦਯਾ ਦਸ ਗੁਨੀ ਉਪਜੈ ਦਯਾਲ ਦੇਵ ਕੀ॥੬੫੩॥

**ਪਦਾਰਥ**- ਨ ਲਟੈ=ਡੋਲੇ ਨਾ। ਹਿਲੇ ਨਾ। ਸਸੀਅਰ=ਸ਼ਸ਼ਿਧਰ=ਚੰਦ੍ਰਮਾ। ਕੁਸਮ ਬਾਸ=ਫੂਲਾਂ ਦੀ ਸੁਗੰਧੀ। ਟੇਵ=ਬਾਣ, ਆਦਤ। ਸਹਜ=ਗਿਆਨ ਦੀ। ਸਮੇਵ ਕੀ=ਸਮਾਏ ਰਹਿਣ ਦੀ। ਬਰੀਆ=ਵਾਰੀ।

ਅਰਥ-੧. (ਮੇਰੇ ਗ੍ਰਿਹ ਲਾਲ ਆਏ ਵਾਲੀ) ਰਾਤ ਨਾ ਮੁੱਕੇ, ਚੰਦ੍ਰਮਾ ਤੇ ਦੀਵੇ ਦੀ ਜੋਤ ਨ ਲਟਪਟਾਏ, ਫੁਲਾਂ ਦੀ ਸੁਗੰਧੀ ਨਾਂ ਮਿਟੇ (ਤੇ ਨਾ ਹੀ ਮੇਰੀ) ਸੇਵਾ ਕਰਨ ਦੀ ਬਾਣ (ਮਿਟੇ)।

੨. ਗਜਾਨ ਦੀ ਕਥਾ (ਬੀ) ਨਾ ਘਟੇ, ਕੰਨਾਂ ਵਿਚ ਸੁਣਨ ਸ਼ਕਤੀ (ਨਾ ਘਟੇ), ਰਸਨਾ ਦਾ ਰਸ ਸਪਰਸ਼ (ਨਾ ਘਟੇ ਤੇ) ਮਤਿ (=ਬੁਧੀ) ਦੀ ਰਸਿਕ ਹੋਕੇ ਰਸ ਵਿਚ ਸਮਾਏ ਰਹਿਣ ਦੀ (ਮੌਜ ਨਾ ਘਟੇ)।

੩. ਨੀਂਦ ਨਾ ਪਵੇ, ਅਤੇ (ਮੇਰੇ) ਰਿਦੇ (ਵਿਚ) ਆਲਸ (ਬੀ) ਪ੍ਰਵੇਸ਼ ਨਾ ਕਰੇ (ਕਿਉਂਕਿ ਅਜ) ਅਲਖ ਅਭੇਵ (ਵਾਹਿਗੁਰੂ) ਦੇ ਸੰਜੋਗ ਦੀ (ਮੇਰੀ) ਵਾਰੀ ਹੈ।

੪. (ਇਸ ਲਈ) ਚਿਤ ਦਾ ਚਾਉ ਚੌਣਾ ਵਧੇ ਤੇ ਪ੍ਰੇਮ ਦਾ ਨੇਮ (ਹੋਰ) ਪ੍ਰਬਲ ਹੋਵੇ, (ਤੇ ਉਧਰੋਂ ਉਸ) ਦਯਾਲੂ ਦੇਵ (ਮੇਰੇ ਪ੍ਰੀਤਮ ਵਾਹਿਗੁਰੂ) ਦੀ ਦਯਾ ਬੀ ਦਸ ਗੁਣੀ (ਹੋਕੇ) ਉਪਜੇ।

 www.sikhbookclub.com

੧. ਨਿਮਖ ਨਿਮਖ ਨਿਸ ਨਿਸ ਪਰਮਾਨ ਹੋਇ,
ਪਲ ਪਲ ਮਾਸ ਪਰਯੰਤ ਹ੍ਵੈ ਬਿਥਾਰੀ ਹੈ॥
੨. ਬਰਖ ਬਰਖ ਪਰਯੰਤ ਘਟਿਕਾ ਬਿਹਾਇ,
ਜੁਗ ਜੁਗ ਸਮ ਜਾਮ ਜਾਮਨੀ ਪਿਆਰੀ ਹੈ॥
੩. ਕਲਾ ਕਲਾ ਕੋਟਿ ਗੁਨ ਜਗਮਗ ਜੋਤਿ ਸਸਿ,
ਪ੍ਰੇਮ ਰਸ ਪ੍ਰਬਲ ਪ੍ਰਤਾਪ ਅਧਿਕਾਰੀ ਹੈ॥
੪. ਮਨ ਬਚ ਕ੍ਰਮ ਪ੍ਰਿਯਾ ਸੇਵਾ ਸਨਮੁਖ ਰਹੋਂ,
ਆਰਸੁ ਨ ਆਵੈ ਨਿੰਦ੍ਰਾ ਆਜ ਮੇਰੀ ਬਾਰੀ ਹੈ॥੬੫੪॥

ਪਦਾਰਥ- ਨਿਮਖ=ਸਮੇਂ ਦਾ ਬਹੁਤ ਛੋਟਾ ਜਿਹਾ ਹਿੱਸਾ, ਛਿਨ। ਪਰਮਾਨ=ਜਿੱਡਾ। ਜਾਮ ਜਾਮਨੀ=ਰਾਤ ਦਾ ਪਹਿਰ। ਅਧਿਕਾਰੀ=ਵੱਧ ਤੋਂ ਵੱਧ ਵਧੇ[1]।

ਅਰਥ-੧. (ਏਸ ਰਾਤ ਦੀ) ਛਿਨ ਛਿਨ ਰਾਤ ਰਾਤ ਜਿੱਡੀ (ਵੱਡੀ) ਹੋ ਜਾਵੇ, ਪਲ ਪਲ, ਮਹੀਨੇ (ਮਹੀਨੇ) ਜਿੱਡੀ ਹੋਕੇ ਫੈਲ ਜਾਵੇ। ੨. (ਇਕ ਇਕ) ਘੜੀ ਵਰ੍ਹੇ ਵਰ੍ਹੇ ਜੇਡੀ (ਹੋਕੇ) ਬੀਤੇ, (ਤੇ ਇਸ) ਪਿਆਰੀ ਰਾਤ ਦਾ ਪਹਿਰ ਜੁਗ ਜੁਗ ਸਮਾਨ ਹੋਵੇ। ੩. ਚੰਦ੍ਰਮਾ ਦੀ ਕਲਾ ਕਲਾ ਵਿਚ ਕ੍ਰੋੜਾਂ ਗੁਣ (ਪ੍ਰਕਾਸ਼ਣ ਤੇ ਉਸਦੀ) ਜੋਤ ਜਗਮਗਾਂਦੀ ਰਹੇ, ਪ੍ਰੇਮ ਰਸ ਪ੍ਰਬਲ ਹੋਵੇ ਤੇ ਪ੍ਰਤਾਪ ਵੱਧ ਤੋਂ ਵੱਧ ਵਧੇ। ੪. ਮਨ ਬਚ ਤੇ ਕਰਮਾਂਨੁਸਾਰ (ਮੈਂ) ਪਿਆਰੇ ਦੀ ਸੇਵਾ ਦੇ ਸਨਮੁਖ ਰਹਾਂ, ਨੀਂਦ ਤੇ ਆਲਸ ਨੇੜੇ ਨਾਂ ਢੁੱਕੇ (ਕਿਉਂ ਜੋ ਪ੍ਰੇਮ ਰਸਿਕ ਦੇ ਮਿਲਾਪ ਦੀ) ਅੱਜ ਮੇਰੀ ਵਾਰੀ ਹੈ[2]।

ਭਾਵ- ਇਸ ਵਿਚ ਪ੍ਰਬੀਨ ਕਵੀ ਤੇ ਭਗਤੀ ਰਸਾਂ ਦੇ ਰਸਿਕ ਭਾਈ ਸਾਹਿਬ ਅਪਣਾ ਵਾਹਿਗੁਰੂ ਜੀ ਨਾਲ ਤੇ ਵਾਹਿਗੁਰੂ ਦਾ ਆਪਣੇ ਨਾਲ ਪਰਸਪਰ ਪ੍ਰੇਮ ਦਾ ਜਲਵਾ ਦਿਖਾ ਰਹੇ ਹਨ, ਜਿਹਾਕੁ ਅੰਕ ੬੫੪ ਵਿਚ ਦੱਸਦੇ ਹਨ, ਕਿ 'ਅਲਖ ਅਭੇਦ' ਦੇ ਸੰਜੋਗ ਦੀ ਵਾਰੀ ਹੈ।

ਸੂਚਨਾ- ੬੫੦ ਤੋਂ ਲੈਕੇ ਇਨ੍ਹਾਂ ਅੰਕਾਂ ਵਿਚ ਵਸਲ ਦੇ ਵਰਣਨ ਜੋ ਆ ਰਹੇ ਹਨ ਉਨ੍ਹਾਂ ਵਿਚ ਪ੍ਰੇਮਾ ਭਗਤੀ ਦਾ ਕਮਾਲ ਹੈ, ਨਾਲ ਹੀ ਕਵਿਤਾ ਦਾ ਬੀ ਕਮਾਲ ਹੈ। ਇਸਤੋਂ ਅੱਗੇ ਬੀ ਵਸਲ ਦੇ ਪਹਿਲੂ ੬੫੬ ਅੰਕ ਤਕ ਚਲਦੇ ਹਨ।

---

੧. ਇਥੇ ਇਹ ਪਦ ਅਧਿਕਾਰ ਤੋਂ ਨਹੀਂ ਬਣਿਆ ਪਰ ਅਧਿਕ ਤੋਂ।
੨. ਇਤਨਾ ਵਾਕ: 'ਆਜ ਮੇਰੀ ਬਾਰੀ ਹੈ' ਕਬਿਤ ਨੰ: ੨੧੨ ਦੇ ਅੰਤ ਬੀ ਆਯਾ ਹੈ। ਦੋਨੋਂ ਛੰਦ ਮਾਨੋ ਇਕੋ ਸਮਸਜਾ ਪਰ ਹਨ, ਪਰ ਭਾਵਾਂ ਵਿਚ ਰਸਦਾਇਕ ਵਿਲੱਖਣਤਾ ਹੈ।

੧. ਜੈਸੀ ਐ ਸਰਦ ਨਿਸ, ਤੈਸੇ ਈ ਪੂਰਨ ਸਸਿ,
ਵੈਸੇ ਈ ਕੁਸਮ ਦਲ ਸਿਹਜਾ ਸੁਵਾਰੀ ਹੈ॥
੨. ਜੈਸੀ ਏ ਜੋਬਨ ਬੈਸ, ਤੈਸੇ ਈ ਅਨੂਪ ਰੂਪ,
ਵੈਸੇ ਈ ਸਿੰਗਾਰ ਚਾਰੁ ਗੁਨ ਅਧਿਕਾਰੀ ਹੈ॥
੩. ਜੈਸੇ ਈ ਛਬੀਲੇ ਨੈਨ ਤੈਸੇ ਈ ਰਸੀਲੇ ਬੈਨ,
ਸੋਭਤ ਪਰਸਪਰ ਮਹਿਮਾ ਅਪਾਰੀ ਹੈ॥
੪. ਜੈਸੇ ਈ ਪ੍ਰਬੀਨ ਪ੍ਰਿਯ ਪਜਾਰੇ ਪ੍ਰੇਮ ਰਸਿਕ ਹੈਂ,
ਵੈਸੇ ਈ ਬਚਿਤ੍ਰ ਅਤਿ ਪ੍ਰੇਮਨੀ ਪਿਆਰੀ ਹੈ॥੬੫੫॥

ਪਦਾਰਥ- ਅਧਿਕਾਰੀ=ਅਧਿਕਤਾ, ਵਿਸ਼ੇਸ਼ਤਾ। (ਦੇਖੋ ਪਿਛਲੇ ਸਫ਼ੇ ਦੀ ਹੇਠਲੀ ਟੂਕ੧) ਪ੍ਰਬੀਨ=ਚਤੁਰ। ਬਚਿਤ੍ਰ=ਅਨੋਖੀ, ਅਚਰਜ। ਪ੍ਰਿਯ=ਪਿਆਰਾ, ਪਤੀ। ਪ੍ਰੇਮਨੀ=ਪ੍ਰੀਤਮਾ, ਪ੍ਰੇਮਣ।

ਅਰਥ-੧. ਜਿਹੋ ਜਿਹੀ (ਅੱਜ) ਸਰਦ ਰਾਤ ਹੈ, ਤਿਹੋ ਜਿਹਾ ਪੂਰਨ ਚੰਦ੍ਰਮਾ ਹੈ (ਸਰਦ ਰਿਤੁ ਦੀ ਪੁੰਨਜਾਂ ਦਾ, ਅਤੇ) ਓਹੋ ਜੇਹੇ ਹੀ (ਸੀਤਲ) ਫੁੱਲਾਂ ਦੀਆਂ ਪੰਖੜੀਆਂ ਨਾਲ ਸਿਹਜਾ ਸੰਵਾਰੀ ਹੋਈ ਹੈ। ੨. ਜਿਹੋ ਜਿਹੀ (ਇਧਰ) ਜੋਬਨ ਅਵਸਥਾ ਹੈ, ਉਹੋ ਜਿਹਾ ਹੀ (ਉਧਰ) ਅਨੂਪਮ ਰੂਪ ਹੈ, (ਇਧਰ) ਵੈਸੇ ਹੀ ਸੁਹਣੇ ਸ਼ਿੰਗਾਰ (ਲਗ ਰਹੇ) ਹਨ (ਜੈਸੇ ਕਿ ਉਧਰ) ਵਿਸ਼ੇਸ਼ ਗੁਣ (ਅਪਨੀ) ਵਿਸ਼ੇਸ਼ਤਾ ਰਖਦੇ ਹਨ। ੩. ਜਿਹੋ ਜਿਹੇ (ਇਧਰ) ਛਬੀਲੇ ਨੈਣ ਹਨ ਓਹੋ ਜਿਹੇ ਹੀ (ਉਧਰ) ਰਸੀਲੇ ਬਚਨ ਹਨ, ਆਪੋ ਵਿਚ ਦੀ (ਪ੍ਰੀਤਮ ਤੇ ਪ੍ਰੇਮੀ ਦੀ) ਮਹਿਮਾ ਅਪਾਰ ਸ਼ੋਭ ਰਹੀ ਹੈ। ੪. ਜਿਹੋ ਜਿਹੇ ਕਿ ਪ੍ਰਿਯ ਪਿਆਰੇ ਜੀ ਪ੍ਰੇਮ ਦੇ ਪ੍ਰਬੀਨ ਰਸਿਕ ਹਨ, ਤਿਹੋ ਜਿਹੀ ਹੀ ਪ੍ਰੇਮਣ ਅਤਜੰਤ ਵਚਿਤ੍ਰ ਪਿਆਰੀ ਹੈ।

ਭਾਵ- ਪ੍ਰੀਤਮ-ਵਾਹਿਗੁਰੂ ਜੀ-ਦੇ ਪ੍ਰੇਮ ਰਸ ਰਸਿਕ ਹੋਕੇ ਤ੍ਰੁੱਠ ਪੈਣ ਤੇ ਪ੍ਰੇਮਣ ਦੀ ਕੀਮਤ ਕੂਤ ਇਸ ਇਕੋ ਮੇਹਰ ਕਟਾਖਜ ਨਾਲ ਪ੍ਰੀਤਮ ਦੀ ਤੁੱਲਤਾ ਵਾਲੀ ਹੋ ਗਈ ਹੈ। ਉਸਦਾ ਅਪਣਾ ਪ੍ਰੇਮ ਤਾਂ ਅਪਣੀ ਸਮਰੱਥਾ ਦੇ ਅਨੁਸਾਰ ਸੀ, ਪਰ ਵਾਹਿਗੁਰੂ ਦੇ ਰਸਿਕ ਹੋਕੇ ਪ੍ਰੇਮ ਕਰਨ ਦੀ ਜਦ ਅਮਿਤਤਾਈ ਦਾ ਜਲਵਾ ਪਿਆ ਤਾਂ ਉਹ ਬੀ ਸਦਰਸ਼ਤਾ ਦੇ ਮੰਡਲ ਜਾ ਵੜੀ। ਉਹ ਸੂਖਮ 'ਪ੍ਰੇਮ ਘਟਨਾ' ਪ੍ਰਬੀਨ ਕਵੀ ਤੇ ਰਸੀਏ ਭਗਤ ਭਾਈ ਸਾਹਿਬ ਜੀ ਅਚਰਜ ਸੂਖਮਤਾ ਨਾਲ ਇਸ ਕਬਿਤ ਵਿਚ ਲਿਖ ਰਹੇ ਹਨ, ਮਾਨੋ ਇਕ ਚਿੱਤ੍ਰ ਖਿੱਚ ਰਹੇ ਹਨ।

ਸੂਚਨਾ- ਅਗਲੇ ਕਬਿਤ ਤੋਂ ਪਤਾ ਲਗ ਜਾਂਦਾ ਹੈ ਕਿ ਰਸੀਏ ਕਵੀ ਜੀ ਵਾਹਿਗੁਰੂ ਪ੍ਰੇਮ ਤੇ ਵਾਹਿਗੁਰੂ ਸੰਜੋਗ ਉਤੇ ਹੀ ਏਹ ਸਾਰੇ ਕਬਿਤ ਕਹਿ ਰਹੇ ਹਨ।

੧. ਜਾ ਦਿਨ ਜਗਤ ਮਨ ਟਹਿਲ ਕਹੀ ਰਿਸਾਇ
ਗਜਾਨ ਧਜਾਨ ਕੋਟ ਜੋਗ ਜਗ ਨ ਸਮਾਨ ਹੈ॥

੨. ਜਾ ਦਿਨ ਭਈ ਪਨਿਹਾਰੀ ਜਗਨ ਨਾਥ ਜੀ ਕੀ,
ਤਾ ਸਮ ਨ ਛਤ੍ਰਧਾਰੀ ਕੋਟਨ ਕੋਟਾਨ ਹੈ॥

੩. ਜਾ ਦਿਨ ਪਿਸਨਹਾਰੀ ਭਈ ਜਗਜੀਵਨ ਕੀ,
ਅਰਥ ਧਰਮ ਕਾਮ ਮੋਖ ਦਾਸਨ ਦਾਸਾਨ ਹੈ॥

੪. ਛਿਰਕਾਰੀ ਪਨਿਹਾਰੀ ਪੀਸਨਕਾਰੀ ਕੋ ਜੋ ਸੁਖ,
ਪ੍ਰੇਮਨੀ ਪਿਆਰੀ ਕੋ ਅਕਥ ਉਨਮਾਨ ਹੈ॥੬੫੬॥

ਪਦਾਰਥ- ਜਾ ਦਿਨ=ਜਿਸ ਦਿਨ। ਜਗਤ.ਮਨ=ਜਗਤ ਦਾ ਮਨ, ਪਰਮੇਸ਼ੁਰ। ਰਿਸਾਇ* =ਰਸਾਇ=ਖੁਸ਼ ਹੋਕੇ। ਪਨਿਹਾਰੀ=ਪਾਣੀ ਢੋਣ ਵਾਲੀ। ਛਤ੍ਰਧਾਰੀ=ਜਿਸਦੇ ਸਿਰ ਛਤਰ ਝੁਲੇ, ਰਾਜਾ। ਪੀਸਨ ਹਾਰੀ=(ਆਟਾ) ਪੀਸਣ ਵਾਲੀ। ਛਿਰਕਾਰੀ=ਛਿੜਕਾਉ ਕਰਨ ਵਾਲੀ। ਉਨਮਾਨ=ਅੰਦਾਜ਼ਾ।

ਅਰਥ-੧. ਜਿਸ ਦਿਨ ਜਗਤ ਦੇ ਮਨ (ਅਰਥਾਤ ਪਰਮੇਸ਼ੁਰ) ਨੇ ਖੁਸ਼ ਹੋਕੇ (ਕੋਈ) ਟਹਿਲ ਦੱਸੀ (ਭਾਵ ਕਿਸੇ ਸੇਵਾ ਲਈ ਆਗਜਾ ਕੀਤੀ) ਕ੍ਰੋੜਾਂ ਗਜਾਨ, ਧਜਾਨ, ਜੋਗ, ਜੱਗ (ਉਸ ਦਿਨ ਦੇ) ਸਮਾਨ ਨਹੀਂ ਹਨ। ੨. ਜਿਸ ਦਿਨ ਉਸ ਜਗਤ ਨਾਥ ਜੀ ਦੀ ਪਨਿਹਾਰੀ ਹੋ ਗਈ (ਭਾਵ ਪਾਣੀ ਢੋਣ ਦੀ ਸੇਵਾ ਮਿਲੀ) ਉਸ (ਘੜੀ) ਨੂੰ ਕ੍ਰੋੜਾਨ ਕ੍ਰੋੜ ਛਤ੍ਰ ਧਾਰੀਆਂ (ਚੱਕ੍ਰਵਰਤੀਆਂ) ਦੇ (ਪ੍ਰਤਾਪ ਦੇ) ਵੀ ਤੁੱਲ ਨਹੀਂ (ਕਿਹਾ ਜਾ ਸਕਦਾ)। ੩. (ਉਸ) ਜਗਤ ਦੇ ਜੀਵਨ ਦੀ ਜਿਸ ਦਿਨ ਪੀਸਨਹਾਰੀ ਹੋ ਗਈ ਧਰਮ ਅਰਥ ਕਾਮ ਮੋਖ (ਫਿਰ) ਦਾਸਾਂ ਦੇ ਦਾਸ ਹੋ ਗਏ। ੪. ਛਿੜਕਾਉ ਕਰਨ ਵਾਲੀ, ਪਾਣੀ ਢੋਣ ਵਾਲੀ, (ਆਟਾ) ਪੀਸਣ ਵਾਲੀ (ਬਣ ਜਾਣ) ਦਾ ਪਿਆਰੀ ਪ੍ਰੇਮਣ ਨੂੰ ਜੋ ਸੁਖ ਹੈ ਉਸਦਾ ਅੰਦਾਜ਼ਾ (ਲਾ ਸਕਣਾ ਤੇ) ਦੱਸ ਸਕਣਾ ਕਠਨ ਹੈ।

---

* ਸ਼ੁਧ ਪਾਠ 'ਰਸਾਇ' ਹੈ, ਲਿਖਾਰੀ ਦੀ ਕਲਮ ਉਕਾਈ ਨੇ 'ਰਿਸਾਇ' ਕਰ ਦਿਤਾ ਹੈ ਜੋ ਅਸ਼ੁਧ ਹੈ।

ਭਾਵ- ਭਗਤੀ ਦੀ ਪਰਮ ਉੱਚ ਅਵਸਥਾ, ਪਜਾਰੇ ਦੇ ਸੰਜੋਗ ਵਿਚ ਪੂਰਨ ਮਗਨਤਾ ਤੇ ਤਦਰੂਪਤਾ ਦਾ ਚਿਤ੍ਰ ਪਿਛਲੇ ਅੰਕਾਂ ਵਿਚ ਖਿੱਚਕੇ ਹੁਣ ਉਸ ਸੂਖਮ ਅਵਸਥਾ ਦਾ ਰੂਪ ਦਿਖਾਲਦੇ ਹਨ ਜਦੋਂ ਕਿ ਓਹ ਮਗਨਤਾ ਵਿਚ ਗੁੰਮ ਕਰ ਲੈਣੀ ਅਵਸਥਾ ਲੰਘ ਗਈ ਹੈ, ਪਰ ਉਸਦਾ ਰਸਾਵੇਸ਼ ਮਨ ਵਿਚ ਹੈ, ਸਰੀਰ ਬੀ ਹਲਕਾ ਫੁੱਲ ਹੈ ਤੇ ਰਸ ਵਿਚ ਹੈ। ਜੁੜੀ ਹੋਈ ਅਵਸਥਾ ਦੇ ਉਥਾਨ ਹੋਣ ਤੋਂ ਬਾਦ ਜੋ ਟੋਟ ਪੈਂਦੀ ਹੈ ਉਹ ਅਵਸਥਾ 'ਸਿਫਤ ਸਲਾਹ' ਵਾਲੇ ਭਗਤ ਭਾਈ ਜੀ ਨੂੰ ਨਹੀਂ ਪਈ, ਉਨ੍ਹਾਂ ਦੀ ਸੁਰਤ ਅਜੇ 'ਮਾਣੇ ਰਸ' ਦੇ ਰਸ ਵਿਚ ਹੈ ਅਰ ਸੰਗਮ ਰਸ ਤੇ ਹੁਣ ਵਾਲੀ ਅਵਸਥਾ ਦੇ ਫ਼ਰਕ ਨੂੰ ਅਨੁਭਵ ਕਰਦੀ ਹੋਈ ਸ਼ੁਕਰ ਵਿਚ ਹੈ ਤੇ ਇਹ ਸ਼ੁਕਰ ਦਾ ਭਾਵ ਮਨ ਨੂੰ ਟੋਟ ਵਿਚ ਨਾ ਜਾਣ ਵਿਚ ਹੋਰ ਸਹਾਈ ਹੋ ਰਿਹਾ ਹੈ ਅਤੇ ਭਿੰਨੇ ਰਸ ਵਿਚ ਰੱਖ ਰਿਹਾ ਹੈ।

੧. ਘਰੀ ਘਰੀ ਟੇਰਿ ਘਰੀਆਰ ਸੁਨਾਇ ਸੰਦੇਸੋ,
ਪਹਿਰ ਪਹਿਰ ਪੁਨ ਪੁਨ ਸਮਝਾਇ ਹੈ॥

੨. ਜੈਸੇ ਜੈਸੇ ਜਲ ਭਰਿ ਭਰਿ ਬੇਲੀ ਬੂਡਤ ਹੈ,
ਪੂਰਨ ਹੁਇ ਪਾਪਨ ਕੀ ਨਾਵਹਿ ਹਰਾਇ ਹੈ॥

੩. ਚਹੂੰ ਓਰ ਸੋਰ ਕੈ ਪਾਹਰੂਆ ਪੁਕਾਰ ਹਾਰੇ,
ਚਾਰੋ ਜਾਮ ਸੋਵਤੇ ਅਚੇਤ ਨ ਲਜਾਇ ਹੈ॥

੪. ਤਮਚੁਰ ਸਬਦ ਸੁਨਤ ਹੀ ਉਘਾਰ ਆਂਖੈ,
ਬਿਨ ਪ੍ਰਿਯ ਪ੍ਰੇਮ ਰਸ ਪਾਛੈ ਪਛੁਤਾਇ ਹੈ॥੬੫੭॥

**ਪਦਾਰਥ**- ਬੇਲੀ=ਉਹ ਛੇਕ ਵਾਲਾ ਕਟੋਰਾ ਜੋ ਜਲ ਵਿਚ ਰਖਿਆ ਜਾਂਦਾ ਸੀ ਤੇ ਜੋ ਇਕ ਘੜੀ ਦੇ ਸਮੇਂ ਵਿਚ ਭਰਕੇ ਡੁਬ ਜਾਂਦਾ ਸੀ ਜਿਸ ਤੋਂ ਇਕ ਘੜੀ ਬੀਤੀ ਦਾ ਪਤਾ ਲਗ ਜਾਂਦਾ ਸੀ ਤੇ ਫੇਰ ਬੇਲੀ ਖਾਲੀ ਕਰਕੇ ਜਲ ਉਤੇ ਰਖ ਦੇਈਦੀ ਸੀ ਤੇ ਉਹ ਫੇਰ ਡੁਬ੍ਹਦੀ ਸੀ। ਅੰਕ ੩੮੯ ਵਿਚ ਬੀ ਇਹ ਪਦ ਆਯਾ ਹੈ। (ਸੰਸ: ਮਲ੍ਲਿ=ਕਟੋਰਾ)। ਨਾਵਹਿ=ਬੇੜੀ। ਅਚੇਤ=ਬੇਖ਼ਬਰ। ਤਮਚੁਰ=ਕੁਕੜ। (ਸੰਸ: ਤਾਮ੍ਰਚੂੜ ਤੋਂ ਤਮਚੁਰ, ਤਮਚੂਰ)

ਅਰਥ-੧. ਘੜਿਆਲ ਘੜੀ ਘੜੀ ਪਿਛੋਂ ਪੁਕਾਰ ਪੁਕਾਰ ਕੇ ਸੁਨੇਹਾ ਦੇ ਰਿਹਾ ਹੈ ਤੇ ਪਹਿਰ ਪਹਿਰ ਪਿਛੋਂ ਮੁੜ ਮੁੜ ਸਮਝਾਉਂਦਾ ਹੈ ਕਿ- ੨. ਜਿਵੇਂ ਜਿਵੇਂ ਜਲ ਭਰ ਭਰਕੇ ਬੇਲੀ (ਮੁੜ ਮੁੜ) ਡੁਬ ਰਹੀ ਹੈ (ਤੂੰ ਬੀ ਅਪਣੀ) ਬੇੜੀ ਪਾਪਾਂ ਨਾਲ ਭਰ ਭਰਕੇ ਡੁਬਾ ਰਿਹਾ ਹੈਂ। ੩. (ਦੇਖ) ਚੁਫੇਰਿਓਂ ਪਹਿਰੇਦਾਰ ਸ਼ੋਰ ਕਰ ਕਰਕੇ ਪੁਕਾਰ ਰਹੇ ਹਨ (ਫਿਰ) ਹੇ ਅਚੇਤ! (ਗ਼ਾਫ਼ਲ) ਚਾਰੋਂ ਪਹਿਰ ਸੁੱਤਿਆਂ (ਬਿਤਾਉਂਦਿਆਂ ਤੈਨੂੰ) ਸ਼ਰਮ ਨਹੀਂ ਆਉਂਦੀ? ੪. (ਹੁਣ ਤਾਂ ਪ੍ਰਭਾਤ ਹੋ ਚਲੀ ਹੈ ਭਾਈ!) ਕੁਕੜ ਦੀ ਅਵਾਜ਼ ਸੁਣਕੇ ਹੀ ਅਖਾਂ ਖੁਹਲ, ਬਿਨਾਂ ਪਿਆਰੇ ਦੇ ਪ੍ਰੇਮ ਰਸ (ਮਾਣੇ ਦੇ) ਪਿੱਛੋਂ ਪਛੁਤਾਵੇਂਗਾ।

**ਭਾਵ**- ਰਾਤ (ਯਾ ਉਮਰ) ਬੀਤ ਚਲੀ ਹੈ, ਹੁਣ ਪਿਛਲਾ ਪਹਿਰ (ਯਾ ਬੁਢੇਪਾ) ਆ ਗਿਆ ਹੈ, ਹੁਣ ਹੀ ਵਾਹਿਗੁਰੂ ਦਾ ਪ੍ਰੇਮ ਰਸ ਮਾਣ, ਪਿਛੋਂ ਪਛੁਤਾਸੇਂ)

੧. ਮਜਨ ਕੈ ਚੀਰ ਚਾਰ,. ਅੰਜਨ, ਤਮੋਲ ਰਸ,
ਅਭਰਨ ਸਿੰਗਾਰ ਸਾਜ ਸਿਹਜਾ ਬਿਛਾਈ ਹੈ॥

੨. ਕੁਸਮ ਸੁਗੰਧਿ ਅਰ ਮੰਦਰ ਸੁੰਦਰ ਮਾਂਝ,
ਦੀਪਕ ਦਿਪਤ ਜਗਮਗ ਜੋਤ ਛਾਈ ਹੈ॥

੩. ਸੋਧਤ ਸੋਧਤ ਸਉਨ ਲਗਨ ਮਨਾਇ ਮਨ
ਬਾਂਛਤ ਬਿਧਾਨ ਚਿਰਕਾਰ ਬਾਰੀ ਆਈ ਹੈ॥

੪. ਅਉਸਰ ਅਭੀਚ ਨੀਚ ਨਿੰਦ੍ਰਾ ਮੈ ਸੋਵਤ ਖੋਏ,
ਨੈਨ ਉਘਰਤ ਅੰਤ ਪਾਛੈ ਪਛੁਤਾਈ ਹੈ॥੬੫੮॥

**ਪਦਾਰਥ**- ਅੰਜਨ=ਸੁਰਮਾ। ਤਮੋਲ=ਪਾਨ। ਸਉਨ=ਸਗਨ। ਬਿਧਾਨ=ਪ੍ਰਕਾਰ, ਪੰਬਧ, ਢੰਗ, ਵਿਧੀ। ਚਿਰਕਾਰ=ਚਿਰਾਂ ਪਿੱਛੋਂ। ਅਉਸਰ ਅਭੀਚ=ਦੇਖੋ ਪੰਨਾ ੯੯ ਦੇ ਪਦ ਅਰਥਾਂ ਵਿਚ।

ਅਰਥ-੧. (ਕਿਸੇ ਨਾਯਕਾ ਨੇ ਪਤੀ ਆਗਮ ਚਿਤਵਕੇ) ਇਸ਼ਨਾਨ ਕਰਕੇ ਸੁਹਣੇ ਕਪੜੇ (ਪਹਿਨਕੇ) ਸੁਰਮਾ (ਪਾਕੇ ਤੇ) ਪ੍ਰਾਨ ਦਾ ਰਸ (ਲੈ ਕੇ) ਗਹਿਣੇ ਤੇ ਸ਼ਿੰਗਾਰ ਸਾਜਕੇ ਸਿਹਜਾ ਵਿਛਾਈ ਹੈ। ੨. ਫੁਲਾਂ ਦੀ ਸੁਗੰਧੀ ਅਤੇ ਸੁੰਦਰ ਮੰਦਰ ਵਿਖੇ ਦੀਵੇ ਦੀ ਜਗਮਗ ਪ੍ਰਕਾਸ਼ ਰਹੀ ਜੋਤ (ਲਟ ਲਟ ਕਰਕੇ) ਛਾ ਰਹੀ ਹੈ। ੩. ਸੋਧ ਸੋਧਕੇ ਸ਼ਗਨ ਤੇ ਲਗਨ ਮਨਾ ਮਨਾਕੇ ਮਨੋ ਵਾਂਛਤ (ਮਸਾਂ ਮਸਾਂ) ਵਿਧਾਨ ਵਾਲੀ ਚਿਰਾਂ ਪਿਛੋਂ (ਉਸਦੀ) ਵਾਰੀ ਆਈ ਹੈ। ੪. (ਪਰ ਹਾਇ ਗ਼ਾਫ਼ਲ ਨੇ) ਇਹ ਅਭੀਚ ਮਹੂਰਤ ਦਾ ਸਮਾਂ ਨੀਚ ਨੀਂਦਰ ਵਿਚ ਸੁੱਤਿਆਂ ਗੁਆ ਲਿਆ ਜਦ ਅੱਖਾਂ ਖੁੱਲ੍ਹੀਆਂ (ਤਾਂ ਉਹ ਪੁਰਬ ਦਾ ਸਮਾਂ ਲੰਘ ਚੁਕਾ ਸੀ ਸੋ ਉਹ ਨਾਯਕਾ) ਪਿਛੋਂ ਅੰਤ ਤਕ ਪਛੁਤਾਈ।

**ਭਾਵ**- ਪਤੀ ਮਿਲਾਪ ਦੇ ਚਾਉ ਵਿਚ (ਬਾਸਕ ਸੱਜਾ) ਨਾਯਕਾ ਨੇ ਤਯਾਰੀ ਕੀਤੀ ਸੀ ਪਰ ਨੀਂਦ ਦੇ ਵੱਸ ਪੈਕੇ ਸੰਜੋਗ ਦਾ ਸਮਾਂ ਗੁਆ ਲਿਆ। ਪ੍ਰਿਯ ਆਇਆ ਸੁਤੀ ਵੇਖਕੇ ਮੁੜ ਗਿਆ: ਤਿਵੇਂ ਜਗਯਾਸੂ ਧਯਾਨ ਵਿਚ ਬੈਠਾ ਬ੍ਰਿਤੀ ਨਿਰੁੱਧ ਹੋਣ ਦੇ ਵੇਲੇ ਨਿੰਦ੍ਰਾ ਯਾ ਤੰਦ੍ਰਾ ਵਿਚ ਪੈਕੇ ਪਰਮਾਤਮ ਮੇਲ ਤੋਂ ਖੁੰਝ ਗਿਆ।

੧. ਕਰ ਅੰਜੁਲ ਜਲ ਜੋਬਨ ਪ੍ਰਵੇਸੁ ਆਲੀ,
ਮਾਨ ਤਜਿ ਪ੍ਰਾਨਪਤਿ ਪਤਿ ਰਤਿ ਮਾਨੀਐ॥
੨. ਗੰਧਰਬ ਨਗਰ ਗਤ ਰਜਨੀ ਬਿਹਾਤ ਜਾਤ,
ਔਸੁਰ ਅਭੀਚ ਅਤਿ ਦੁਲਭ ਕੈ ਜਾਨੀਐ॥
੩. ਸਿਹਜਾ ਕੁਸਮ ਕੁਮਲਾਤ ਮੁਰਝਾਤ, ਪੁਨ
ਪੁਨ ਪਛੁਤਾਤ ਸਮੋ ਆਵਤ ਨ ਆਨੀਐ॥
੪. ਸੋਈ ਬਰ ਨਾਰਿ ਪ੍ਰਿਯ ਪਜਾਰ ਅਧਿਕਾਰੀ ਪਯਾਰੀ,
ਸਮਝ ਸਿਆਨੀ ਤੋ ਸੋ ਬੇਨਤੀ ਬਖਾਨੀਐ॥੬੫੯॥

**ਪਦਾਰਥ**- ਕਰ ਅੰਜਲ ਜਲ=ਬੁੱਕ ਵਿਚ ਪਾਣੀ ਲੈ। ਭਾਵ ਪੂਜਨ ਕਰ*। ਪਤਿ ਰਤਿ =ਪਤਿ ਪ੍ਰੇਮ। ਗੰਧਰਬ ਨਗਰੀ=ਕਲਪਤ ਮਿਥਜਾ ਨਗਰੀ। ਰਜਨੀ=ਰਾਤ। ਅਭੀਚ=ਦੇਖੋ ਸਫੇ ੯੯ ਦੇ ਪਦ ਅਰਥਾਂ ਵਿਚ। ਕੁਸੁਮ=ਫੁਲਾਂ ਦੀ। ਬਰ=ਸ੍ਰੇਸ਼੍ਟ।

ਅਰਥ-੧. (ਮੈਨੂੰ ਕਈ ਐਸੇ ਜਗਯਾਸੂ ਰੂਪ ਸਖੀਆਂ ਦਾ ਤਜਰਬਾ ਹੋਣ ਕਰਕੇ ਤੈਨੂੰ ਉਪਦੇਸ਼ ਕਰਦੀ ਹਾਂ ਕਿ) ਹੇ ਜੋਬਨ ਵਿਚ ਪ੍ਰਵੇਸ਼ ਕਰ ਰਹੀ ਸਖੀਏ! ਹਥਾਂ ਦੇ ਬੁੱਕ ਵਿਚ ਪਾਣੀ ਲੈ, ਮਾਨ ਛੱਡਕੇ ਪ੍ਰਾਨਪਤੀ (ਦਾ ਪੂਜਨ ਕਰ ਤੇ) ਪਤੀ ਦੇ ਪ੍ਰੇਮ ਨੂੰ ਮਾਣ। ੨. (ਦੇਖ) ਗੰਧਰਬ ਨਗਰੀ ਦੀ ਚਾਲੇ ਰਾਤ ਬੀਤ ਰਹੀ ਹੈ, ਇਸ ਸ਼ੁਭ ਮਹੂਰਤ ਦੇ ਸਮੇਂ ਨੂੰ ਅਤਿ ਦੁਰਲਭ ਜਾਣ। ੩. ਸਿਹਜਾ ਦੇ ਫੁਲ ਕੁਮਲਾਉਂਦੇ ਤੇ ਮੁਰਝਾਉਂਦੇ ਜਾਂਦੇ ਹਨ, ਫਿਰ ਪਛੁਤਾਈਦਾ ਹੈ (ਗਿਆ) ਸਮਾ (ਮੋੜਕੇ) ਲਿਆਂਇਆਂ ਨਹੀਂ ਲਿਆਇਆ ਜਾ ਸਕਦਾ। ੪. ਓਹੋ ਹੀ ਸ੍ਰੇਸ਼ਟ ਤੇ ਪਿਆਰੀ ਨਾਰੀ ਹੁੰਦੀ ਹੈ ਜੋ ਪਿਆਰੇ ਦੇ ਪਿਆਰ ਦੀ ਅਧਿਕਾਰਨ ਬਣਦੀ ਹੈ, (ਤੂੰ) ਸਿਆਣੀ ਬਣ ਤੇ ਸਮਝ, ਤੈਨੂੰ ਮੈਂ (ਇਸੇ ਕਰਕੇ) ਬੇਨਤੀ ਕੀਤੀ ਹੈ।

**ਭਾਵ**- ਮਾਨਨੀ ਇਸਤ੍ਰੀ ਦੇ ਰੂਪਕ ਵਿਚ ਅਪਣੇ ਤਪ ਜਪ ਦੇ ਮਾਨ ਵਿਚ ਆਏ ਜਗਯਾਸੂ ਨੂੰ ਬੇਨਤੀ ਦੁਆਰਾ ਸਮਝਾਉਂਦੇ ਹਨ ਕਿ ਮਾਨ ਦਾ ਤਯਾਗ ਕਰ,

(ਬਾਕੀ ਅਗਲੇ ਪਨੇ ਤੇ)

* ਆਪ ਰੁਸਾਏ ਪਤੀ ਨੂੰ ਮਨਾਉਣ ਲਈ ਬ੍ਰਤ ਧਾਰਕੇ ਉਜਾਪਨ ਸਮੇ ਪਤੀ ਪੂਜਨ ਕਰਕੇ ਉਸਨੂੰ ਮਨਾ ਲੈਣ ਦਾ ਕਦੇ ਰਿਵਾਜ ਸੀ। ਕਾਲੀ ਦਾਸ ਨੇ ਵਿਕ੍ਰਮੋਰਵਸ਼ੀ ਵਿਚ ਜ਼ਿਕਰ ਕੀਤਾ ਹੈ। ਬ੍ਰਤ ਦਾ ਨਾਉ 'ਪਤਿ ਅਨੁਪ੍ਰਸਾਦਨ ਬ੍ਰਤ' ਦਿਤਾ ਹੈ। 'ਕਰ ਅੰਜੁਲ ਜਲ' ਤੋਂ ਉਸ ਬ੍ਰਤ ਦੇ ਉਜਾਪਨ ਵਲ ਭਾਈ ਸਾਹਿਬ ਦਾ ਇਸ਼ਾਰਾ ਹੈ।

ਇਹ ਪਤੀ ਨੂੰ ਪ੍ਰਸੰਨ ਨਹੀਂ ਕਰ ਸਕਦਾ ਤੇ ਪ੍ਰੇਮਾ ਭਗਤੀ ਨਾਲ ਚਰਨ ਸ਼ਰਨ ਪ੍ਰਾਪਤ ਹੋ, ਪੂਜਨ ਕਰ ਤੇ ਰਿਝਾਕੇ ਸੰਜੋਗ ਦਾ ਸੁਖ ਮਾਣ। 'ਕੇਵਲ ਏਕ ਸਰਨ ਸੁਆਮੀ ਬਿਨ ਯੌ ਨਹਿ ਕਤਹ ਉਧਾਰ॥'(ਹਜ਼ਾ:ਸ਼.ਪਾ. ੧੦)
ਅੰਕ ੬੬੨ ਵਿਚ ਖੁਹਲਕੇ ਮਾਨਨੀ ਨੂੰ ਨਿੰਮ੍ਰਤਾ ਦਾ ਉਪਦੇਸ਼ ਦੇਂਦੇ ਹਨ। ਇਸ ਕਬਿਤ (੬੫੯) ਵਿਚ ਤੀਸਰੀ ਸਤਰ ਵਿਚ ਕਵੀ ਜੀ ਦਾ ਇਹ ਵਾਕ 'ਸਿਹਜਾ ਕੁਸਮ ਕੁਮਲਾਤ ਮੁਰਝਾਤ' ਦਿਲ ਨੂੰ ਹਿਲਾ ਦੇਣ ਵਾਲੀ ਦ੍ਰਵਣਤਾ ਪੈਦਾ ਕਰਦਾ ਹੈ।

ਸੂਚਨਾ- ਇਹੋ ਭਾਵ ਅਗਲੇ ਅੰਕ ਵਿਚ ਜਾਰੀ ਹੈ।

---

੧. ਮਾਨਨ! ਨ ਕੀਜੈ ਮਾਨ, ਬਦੌ ਨ ਤੇਰੋ ਸਿਆਨ,
ਮੇਰੋ ਕਹਜੋ ਮਾਨ, ਜਾਨ ਔਸੁਰ ਅਭੀਚ ਕੋ॥
੨. ਪ੍ਰਿਯਾ ਕੀ ਅਨੇਕ ਪਜਾਰੀ ਚਿਰੰਕਾਲ ਆਈ ਬਾਰੀ,
ਲੇਹੁ ਨ ਸੁਹਾਗ, ਸੰਗ ਛਾਡਿ ਹਠ ਨੀਚ ਕੋ॥
੩. ਰਜਨੀ ਬਿਹਾਤ ਜਾਤ, ਜੋਬਨ ਸਿੰਗਾਰ ਗਾਤ,
ਖੇਲਹੁ ਨ ਪ੍ਰੇਮ ਰਸ ਮੋਹ ਸੁਖ ਬੀਚ ਕੋ॥
੪. ਅਬਕੈ ਨ ਭੇਟੇ ਨਾਥ, ਬਹੁਰਿਯੋ ਨ ਆਵੈ ਹਾਥ,
ਬਿਰਹਾ ਬਿਹਾਵੈ ਬਲਿ ਬਡੋ ਭਾਈ ਮੀਚ ਕੋ॥੬੬੦॥

ਪਦਾਰਥ- ਬਦੌ=ਮੈਂ ਮਿਥਦੀ, ਮੰਨਦੀ। ਸਿਆਨ=ਸਿਆਣਪ। ਅਭੀਚ=ਦੇਖੋ ਪੰਨਾ ੯੯ ਦੇ ਪਦ ਅਰਥ। ਗਾਤ=ਬੀਤ ਰਿਹਾ ਹੈ। ਮੀਚ=ਮੌਤ।

ਅਰਥ-੧. ਹੇ ਮਾਨਨੀ ਨਾਂ ਮਾਨ ਕਰ, (ਮੈਂ ਇਹ) ਤੇਰੀ ਸਿਆਣਪ ਨਹੀਂ ਮੰਨਦੀ, ਮੇਰੇ ਆਖੇ ਲੱਗ ਤੇ ਸਮਝ ਇਸ ਅਭੀਚ ਦੇ ਸਮੇਂ ਨੂੰ। ੨. ਪਿਆਰੇ ਦੀਆਂ ਪਿਆਰੀਆਂ ਅਨੇਕ ਹਨ, (ਤੇਰੀ) ਵਾਰੀ ਚਿਰਾਂ ਪਿਛੋਂ ਆਈ ਹੈ, (ਇਸ ਵੇਲੇ ਤੂੰ) ਸੁਹਾਗ (ਨੂੰ ਮਨਾ) ਨਹੀਂ ਲੈਂਦੀ (ਇਹ ਠੀਕ ਨਹੀਂ, ਤੂੰ) ਨੀਚ ਹਠ ਦਾ ਸੰਗ ਛਡ ਦੇਹ। ੩. ਰਾਤ ਬੀਤੀ ਜਾ ਰਹੀ ਹੈ, ਜੋਬਨ ਤੇ ਸ਼ਿੰਗਾਰ ਵੀ ਬੀਤ ਰਿਹਾ ਹੈ। ਪ੍ਰੇਮ ਰਸ ਵਿਚ (ਤੂੰ) ਖੇਡਦੀ ਨਹੀਂ, ਕਿਹੜੇ (ਮਾਨ ਦੇ) ਸੁਖ ਵਿਚ ਮੋਹਿਤ (ਮੂਰਛਿਤ) ਹੋਈ ਹੋਈ ਹੈਂ। ੪. ਹੁਣ ਜੇ ਨਾਥ ਨੂੰ ਨਾ ਮਿਲੀਓਂ ਤਾਂ ਫਿਰ (ਉਹ) ਹੱਥ ਨਹੀਂ ਆਉਣ ਲਗਾ, (ਫਿਰ ਤਾਂ) ਮੌਤ ਦੇ ਵਡੇ ਭਰਾ ਬਲੀ ਬਿਰਹੇ ਨਾਲ ਹੀ ਬੀਤੇਗੀ।

ਭਾਵ- ਮਾਨਨੀ ਨਾਯਕਾ ਦੇ ਰੂਪਕ ਵਿਚ ਹੰਕਾਰ ਵਿਚ ਗ੍ਰਸੇ ਗਏ ਜਗਜਾਸੂ ਨੂੰ ਸਮਝਾ ਰਹੇ ਹਨ।


www.sikhbookclub.com

੧. ਜਉ ਲਉ ਦੀਪ ਜੋਤ ਹੋਤ ਨਾਹਿਨ ਮਲੀਨ ਆਲੀ!
ਜਉ ਲਉ ਨਾਂਹਿ ਸਿਹਜਾ ਕੁਸਮ ਕੁਮਲਾਤ ਹੈ॥
੨. ਜਉ ਲਉ ਨ ਕਮਲਨ ਪ੍ਰਫੁਲਤ ਉਡਤ ਅਲ,
ਬਿਰਖ ਬਿਹੰਗਮ ਨ ਜਉ ਲਉ ਚੁਹਚੁਹਾਤ ਹੈ॥
੩. ਜਉ ਲਉ ਭਾਸਕਰ ਕੋ ਪ੍ਰਕਾਸ ਨ ਅਕਾਸ ਬਿਖੈ,
ਤਮਚੁਰ ਸੰਖ ਨਾਦ ਸਬਦ ਨ ਪ੍ਰਾਤ ਹੈ॥
੪. ਤਉ ਲਉ ਕਾਮ ਕੇਲ ਕਾਮਨਾ ਸਕੂਲ ਪੂਰਨ ਕੈ,
ਹੋਇ ਨਿਹਕਾਮ ਪ੍ਰਿਯ ਪ੍ਰੇਮ ਨੇਮ ਘਾਤ ਹੈ॥੬੬੧॥

ਪਦਾਰਥ- ਜਉ ਲਉ=ਜਦ ਤਕ। ਮਲੀਨ=ਮੈਲੀ, ਫਿਕੀ। ਅਲ=ਭੌਰੇ। ਬਿਹੰਗਮ=ਪੰਛੀ। ਭਾਸਕਰ=ਸੂਰਜ। ਤਮਚੁਰ=ਕੁੱਕੜ। ਦੇਖੋ ਪੰਨਾ ੧੦੭ ਦੇ ਪਦ ਅਰਥ। ਸਕੂਲ=ਕੰਢਿਆਂ ਤੱਕ, ਕਿਨਾਰਿਆਂ ਤਕ। ਘਾਤ ਹੈ=ਵੇਲਾ ਹੈ। ਮੌਕਾ ਹੈ।

ਅਰਥ-੧. ਹੇ ਸਖੀ! ਜਦ ਤਕ ਦੀਵੇ ਦੀ ਜੋਤ ਫਿੱਕੀ ਨਹੀਂ ਪੈਂਦੀ (ਭਾਵ ਪ੍ਰਭਾਤ ਨਹੀਂ ਹੁੰਦੀ), ਜਦ ਤਕ ਸਿਹਜਾ ਦੇ ਫੁੱਲ ਮੁਰਝਾਉਂਦੇ ਨਹੀਂ। ੨. ਜਦ ਤਕ ਕਵਲ ਨਹੀਂ ਖਿੜਦੇ ਤੇ ਉੱਤੇ ਭੌਰੇ ਨਹੀਂ ਉਡਦੇ, ਬਿਰਖਾਂ ਉਤੇ ਜਦ ਤਕ ਪੰਛੀ ਨਹੀਂ ਚਹਿਚਹਾਉਂਦੇ। ੩. ਜਦ ਤਕ ਸੂਰਜ ਦਾ ਪ੍ਰਕਾਸ਼ ਅਕਾਸ਼ ਵਿਖੇ ਨਹੀਂ ਹੁੰਦਾ (ਭਾਵ ਦਿਨ ਨਹੀਂ ਚੜ੍ਹਦਾ) ਕੁੱਕੜ ਤੇ ਸੰਖ ਦੀ ਸਵੇਰ ਹੋ ਜਾਣ ਦੀ ਧੁਨਿ ਨਹੀਂ ਹੁੰਦੀ। ੪. ਤਦ ਤਕ ਕਾਮ ਕੇਲ ਦੀ ਕਾਮਨਾ ਵਿਚ ਕਿਨਾਰਿਆਂ ਤਕ ਪੂਰਨ ਹੋਕੇ (ਤੇ ਹੋਰ ਕਾਮਨਾਂ ਤੋਂ ਨਿਹਕਾਮ ਹੋਕੇ ਪਜਾਰੇ ਦੇ ਪ੍ਰੇਮ ਨੇਮ ਵਿਚ ਹੀ (ਲਗੇ ਰਹਿਣ ਦਾ) ਮੌਕਿਆ ਹੈ।

ਭਾਵ- 'ਇਸਤ੍ਰੀ ਭਰਤਾ ਦੇ ਮੇਲ ਦੀ ਰਾਤ' ਦੇ ਰੂਪਕ ਵਿਚ ਜਗਜਾਸੂ ਪ੍ਰਤੀ ਉਪਦੇਸ਼ ਦੇਂਦੇ ਹਨ ਕਿ ਜਦ ਤਕ ਬੁਢੇਪਾ ਨਹੀਂ ਆਉਂਦਾ, ਜਦ ਤਕ ਸੁਆਸ ਹੈਨ, ਜਦ ਤਕ ਮੌਤ ਨਹੀਂ ਆ ਗ੍ਰਸਦੀ ਤਦ ਤਕ ਵ੍ਹਾਹਿਗੁਰੂ ਜੀ ਦੇ ਮਿਲਾਪ ਵਿਚ ਨਿਸ਼ਕਾਮ ਹੋਕੇ ਲਗਾ ਰਹੁ। ਕੋਈ ਸਮਾਂ ਨਾਮ ਰਸ ਮਾਣਨ ਤੋਂ ਵਿਰਵਾ ਨਹੀਂ ਜਾਣ ਦੇਣਾ ਚਾਹੀਦਾ ਯਥਾ- 'ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥ ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗ ਪਾਨੀ॥ (ਭੈ. ਕਬੀ:, ਪੰਨਾ-੧੧੫੯ ਦੇ, ਦੂਸਰਾ ਇਸ਼ਾਰਾ ਇਹ ਬੀ ਹੈ ਕਿ ਰਾਤ ਗ਼ਫ਼ਲਤ ਵਿਚ ਸੌਂ ਸੌਂਕੇ ਨਾ ਬਿਤਾਯਾ ਕਰ, ਵਾਹਿਗੁਰੂ ਦੇ ਪ੍ਰੇਮ ਰਸ ਮਗਨ ਹੋਕੇ ਰੰਗ ਮਾਣਿਆ ਕਰ।

☞ ਕਾਵਜ ਦੇ ਨੁਕਤੇ ਤੋਂ ਰਾਤ ਬੀਤਣ, ਪ੍ਰਭਾਤ ਹੋਣ, ਪਹੁ ਫੁਟਣ, ਸੂਰਜ ਉਦੇ ਹੋਣ ਤੇ ਦਿਨ ਚੜ੍ਹਨ ਦੇ ਸਮੇਂ ਥੋੜੇ ਪਦਾਂ ਵਿਚ ਕਮਾਲ ਦੀ ਸੁੰਦਰਤਾ ਨਾਲ ਨਿਬਾਹੇ ਹਨ। ਇਹੋ ਉਪਦੇਸ਼ ਅਗੇ ਚਲਦਾ ਹੈ।

---

**੧. ਜੋਈ ਮਿਲੈ ਆਪਾ ਖੋਇ ਸੋਈ ਤਉ ਨਾਯਕਾ ਹੋਇ,**
**ਮਾਨ ਕੀਏ ਮਾਨਮਤੀ! ਪਾਈਐ ਨ ਮਾਨ ਜੀ॥**
**੨. ਜੈਸੇ ਘਨਹਰ ਬਰਸੈ ਸਰਬਤਰ ਸਮ,**
**ਊਚੇ ਨ ਚਰਤ ਜਲ ਬਸਤ ਨੀਚਾਨ ਜੀ॥**
**੩. ਚੰਦਨ ਸਮੀਪ ਜੈਸੇ ਬੂਡਜੋ ਹੈ ਬਡਾਈ ਬਾਂਸ,**
**ਆਸ ਪਾਸ ਬਿਰਖ ਸੁਬਾਸ ਪਰਵਾਨ ਜੀ॥**
**੪. ਕ੍ਰਿਪਾ ਸਿੰਧ ਪ੍ਰਿਯ ਤੀਯ ਹੋਇ ਮਰਜੀਵਾ ਗਤਿ,**
**ਪਾਵਤ ਪਰਮ ਗਤਿ ਸਰਬ ਨਿਧਾਨ ਜੀ॥੬੬੨॥**

**ਪਦਾਰਥ**– ਨਾਯਕਾ = ਸੁਆਮਣੀ, ਅਗੇ ਲਗ ਕੇ ਟੁਰਨ ਵਾਲੀ। ਇਸਤੋਂ ਮੁਰਾਦ ਪਤੀ ਨੂੰ ਪਿਆਰੀ ਹੋ ਗਈ ਇਸਤ੍ਰੀ ਹੈ, ਭਾਵ ਪਰਵਾਨ ਹੋ ਗਏ ਜਗਜਾਸੂ ਤੋਂ ਹੈ। ਮਾਨ ਜੀ = ਮਾਨਯੋਗ (ਪਤੀ)ਜੀ। (ਅ) ਪਤੀ ਪਜਾਰੇ ਤੋਂ ਸਨਮਾਨ ਨਹੀਂ ਮਿਲਦਾ। ਘਨਹਰ = ਬੱਦਲ। ਸਰਬਤਰ = ਸਭ ਥਾਂ। ਮਰਜੀਵਾ = ਮਰਜੀਉੜਾ। ਸਮੁੰਦਰ ਵਿਚ ਟੁੱਭੀ ਲਾਕੇ ਮੋਤੀ ਆਦਿ ਪਦਾਰਥ ਕੱਢਣ ਵਾਲਾ। ਗਤਿ = ਵਾਂਗ। ਨਿਧਾਨ = ਨਿਧੀਆਂ।

ਅਰਥ–੧. ਜਿਹੜੀ ਆਪਾ ਗੁਆਕੇ ਮਿਲ ਪਵੇ (ਪਤੀ ਨੂੰ) ਓਹੋ ਤਾਂ ਨਾਯਕਾ ਹੋ ਜਾਂਦੀ ਹੈ। ਹੇ ਮਾਨ ਮਤੀ! ਮਾਨ ਕੀਤਿਆਂ ਮਾਨਯੋਗ (ਪਤੀ) ਜੀ ਨਹੀਂ ਪਾਏ ਜਾਂਦੇ। ੨. ਜਿਵੇਂ ਬੱਦਲ ਸਭ ਥਾਵਾਂ ਤੇ ਇਕੋ ਜਿਹਾ ਵਰਸਦਾ ਹੈ (ਪਰ) ਜਲ ਉੱਚਾ ਨਹੀਂ ਚੜ੍ਹਦਾ ਨੀਵੇਂ ਥਾਵੀਂ ਹੀ ਜਾ ਟਿਕਦਾ ਹੈ। ੩. ਚੰਦਨ ਦੇ ਕੋਲ ਹੋਕੇ (ਬੀ) ਵਾਂਸ ਜਿਵੇਂ (ਅਪਣੀ) ਵਡਿਆਈ ਵਿਚ ਡੁਬਿਆ ਹੋਯਾ ਹੈ (ਕਿ ਮੈਂ ਚੰਦਨ ਤੋਂ ਬੀ ਉੱਚਾ ਹਾਂ) ਪਰ ਆਸ ਪਾਸ ਦੇ (ਹੋਰ ਨੀਵੇਂ) ਬ੍ਰਿਖਾਂ ਨੂੰ ਸੁਹਣੀ ਵਾਸ਼ਨਾ ਪ੍ਰਵਾਨ (ਹੋ ਜਾਂਦੀ) ਹੈ (ਭਾਵ ਓਹ ਸੁਗੰਧਤ ਹੋ ਜਾਂਦੇ ਹਨ)। ੪. ਕ੍ਰਿਪਾ ਦੇ ਸਮੁੰਦਰ ਪਿਆਰੇ ਦੀ (ਜਗਜਾਸੂ ਰੂਪ) ਇਸਤ੍ਰੀ ਮਰਜੀਉੜੇ ਵਾਂਗ ਹੋਕੇ ਹੀ ਪਰਮਗਤੀ ਤੇ ਸਾਰੀਆਂ ਨਿਧੀਆਂ ਪਾ ਲੈਂਦੀ ਹੈ।

**ਭਾਵ**– ਜਗਜਾਸੂ ਨੂੰ ਵਾਹਿਗੁਰੂ ਦੀ ਪ੍ਰਾਪਤੀ ਨਿਰਮਾਨਤਾ ਧਾਰਕੇ ਭਗਤੀ ਕੀਤਿਆਂ ਹੀ ਹੁੰਦੀ ਹੈ।

੧. ਸਿਹਜਾ ਸਮੈ ਅਗਜਾਨ ਮਾਨ ਕੈ ਰਸਾਏ ਨਾਹਿ,
ਤਨਕ ਹੀ ਮੈ ਰਿਸਾਇ ਉਤ ਕੋ ਸਿਧਾਰੇ ਹੈਂ॥

੨. ਪਾਛੈ ਪਛੁਤਾਇ ਹਾਇ ਹਾਇ ਕਰ ਕਰ ਮੀਜ,
ਮੂੰਡ ਧੁਨ ਧੁਨ ਕੋਟਿ ਜਨਮ ਧਿਕਾਰੇ ਹੈਂ॥

੩. ਔਸੁਰ ਨ ਪਾਵੌਂ, ਬਿਲਲਾਉ ਦੀਨ ਦੁਖਤ ਹ੍ਵੈ,
ਬਿਰਹ ਬਿਯੋਗ ਸੋਗ ਆਤਮ ਸੰਘਾਰੇ ਹੈਂ॥

੪. ਪਰਉਪਕਾਰ ਕੀਜੈ, ਲਾਲਨ ਮਨਾਇ ਦੀਜੈ,
ਤੋ ਪਰ ਅਨੰਤ ਸਰਬੰਸ ਬਲਿਹਾਰੇ ਹੈਂ॥੬੬੩॥

ਪਦਾਰਥ- ਰਸਾਏ ਨਾਹਿ=ਪ੍ਰਸੰਨ ਨਹੀਂ ਕੀਤੇ। ਰਿਸਾਇ=ਗੁੱਸੇ ਹੋਕੇ। ਕਰ ਮੀਜ=ਹਥ ਮਲ ਰਹੀ ਹਾਂ। ਮੂੰਡ=ਸਿਰ। ਲਾਲਨ=ਪਿਆਰੇ ਨੂੰ। ਅਨੰਤ=ਬੇ ਅੰਤ, ਅੰਤ ਰਹਿਤ।

ਅਰਥ-੧. ਸੰਜੋਗ ਵੇਲੇ (ਮੈਂ) ਅਗਜਾਨ ਤੇ ਮਾਨ ਕਰਕੇ (ਪਿਆਰੇ ਸੁਆਮੀ ਜੀ) ਪ੍ਰਸੰਨ ਨਾ ਕੀਤੇ, (ਸੋ) ਥੋੜੇ (ਚਿਰ) ਵਿਚ ਹੀ (ਓਹ) ਗੁੱਸੇ ਹੋਕੇ ਉਧਰ ਨੂੰ ਚਲੇ ਗਏ। ੨. ਪਿੱਛੋਂ ਹਾਇ ਹਾਇ ਕਰਕੇ ਪਛੁਤਾਇ ਰਹੀ ਤੇ ਹੱਥ ਮਲ ਰਹੀ ਹਾਂ ਤੇ ਸਿਰ ਧੁਨ ਧੁਨਕੇ (ਅਪਣੇ) ਕ੍ਰੋੜਾਂ ਜਨਮਾਂ ਨੂੰ ਧ੍ਰਿਕਾਰ ਰਹੀ ਹਾਂ। ੩. (ਹੁਣ) ਵੇਲਾ ਹੱਥ ਨਹੀਂ ਆਉਂਦਾ, ਦੀਨ ਦੁਖੀ ਹੋਕੇ ਵਿਰਲਾਪ ਕਰ ਰਹੀ ਹਾਂ, ਅਰ ਬਿਰਹ ਤੇ ਵਿਛੋੜੇ ਦੇ ਸੋਗ ਵਿਚ (ਮੇਰਾ) ਆਪਣਾ ਆਪ ਆਪਣੇ ਆਪ ਨੂੰ (ਮਾਰ ਭਾਵ) ਖਾ ਰਿਹਾ ਹੈ। ੪. (ਹੇ ਸਖੀ!) ਪਰਉਪਕਾਰ ਕਰ (ਮੇਰੇ ਤੇ, ਮੈਨੂੰ) ਪਿਆਰਾ ਮੰਨਾਇ ਦੇਹ ਤੇਰੇ ਉਤੋਂ (ਮੈਂ) ਅਨੰਤ ਸਰਬੰਸ ਬਲਿਹਾਰ ਕਰਾਂਗੀ।

ਭਾਵ- ਮਾਨ ਕਰਕੇ ਵਿਛੜੇ ਭਗਤ ਦੀ ਪਛਤਾਵੇ ਦੀ ਅਵਸਥਾ ਬਿਰਹਨੀ* ਦੇ ਰੂਪ ਵਿਚ ਦਿਖਾ ਰਹੇ ਹਨ ਜੋ ਸਨਮੁਖ ਪ੍ਰੇਮੀਆਂ ਨੂੰ ਪਿਆਰੇ ਦੇ ਮਨਾਉਣ ਲਈ ਜੋਦੜੀਆਂ ਕਰ ਰਿਹਾ ਹੈ। ਜਾਪਦਾ ਹੈ ਕਿ ਇਹ ਸ੍ਵੈ ਜੀਵਨੀ ਦੀ ਬਿਰਹ ਪੀੜਾ ਹੀ ਅੰਕਿਤ ਹੋ ਰਹੀ ਹੈ। ਅਗਲੇ ਦੋਹਾਂ ਕਬਿਤਾਂ ਵਿਚ ਬੀ ਲਗਪਗ ਇਹੋ ਭਾਵ ਡਾਢੀ ਦਿਲ ਪੀੜਾ ਨਾਲ ਅੰਕਿਤ ਹੈ।

---

* ਕਲਹਾਂਤਿਰਤਾ ਨਾਯਕਾ ਜੋ ਪ੍ਰਿਯ ਦਾ ਅਪਮਾਨ ਕਰਕੇ ਮਗਰੋਂ ਪਛੁਤਾਵੇ। ਭਾਈ ਜੀ ਪਤਿਬ੍ਰਤਾ (ਸ੍ਵਕੀਯਾ) ਦੇ ਬਿਰਹੇ ਲਿਖ ਰਹੇ ਹਨ।

੧. ਪ੍ਰੇਮ ਰਸੁ ਅਉਸੁਰ ਅਗਜਾਨ ਮੈ ਨ ਆਗਜਾ ਮਾਨੀ,
ਮਾਨ ਕੈ ਮਾਨਨ ਅਪਨੋ ਈ ਮਾਨ ਖੋਯੋ ਹੈ॥

੨. ਤਾਂਤੇ ਰਿਸ ਮਾਨ ਪ੍ਰਾਨਨਾਥ ਹੂੰ ਜੁ ਮਾਨੀ ਭਏ,
ਮਾਨਤ ਨ ਮੇਰੇ ਮਾਨ ਆਨਿ ਦੁਖ ਰੋਇਓ ਹੈ॥

੩. ਲੋਕ ਬੇਦ ਗਜਾਨ ਦਤ ਭੁਗਤ ਪ੍ਰਧਾਨ, ਤਾਤੇ
ਲੁਨਤ ਸਹਸ ਗੁਨੋ ਜੈਸੇ ਬੀਜ ਬੋਯੋ ਹੈ॥

੪. ਦਾਸਨ ਦੇਾਸਾਨ ਗਤਿ ਬੇਨਤੀ ਕੈ ਪਾਇ ਲਾਗਉ,
ਹੈ ਕੋਊ ਮਨਾਇ ਦੈ ਸਗਲ ਜਗ ਜੋਯੋ ਹੈ॥੬੬੪॥

**ਪਦਾਰਥ**– ਮਾਨ ਕੈ=ਮਾਨ ਕਰਕੇ। ਮਾਨਨ=ਮਾਨਿਨੀ=ਮਾਨ਼ ਕਰਨ ਵਾਲੀ। ਮਾਨੀ=ਮਾਨ ਧਾਰੀ ਹੋ ਗਏ। ਲੋਕ=ਲੌਕਿਕ ਗਜਾਨ। ਦਤ ਭੁਗਤ ਪ੍ਰਧਾਨ=ਦਿੱਤੇ ਦਾਨ ਤੋਂ ਭੋਗੀਦਾ ਬਹੁਤ ਜ਼ਿਆਦਾ ਹੈ। (ਪ੍ਰਧਾਨ=ਸ਼੍ਰੇਸ਼੍ਟ, ਵਿਸ਼ੇਸ਼।) ਲੁਨਤ=ਵੱਢੀਦਾ ਹੈ। ਗਤਿ=ਜਾਕੇ। ਜੋਯੋ ਹੈ=ਵੇਖਿਆ ਹੈ। ਢੂੰਢਿਆ ਹੈ।

ਅਰਥ–੧. ਪ੍ਰੇਮ ਰਸ ਦੇ ਸਮੇਂ ਅਗਜਾਨ ਵਸ਼ ਮੈਂ ਆਗਜਾ ਨਾਂ ਮੰਨੀ, (ਮੈਂ) ਮਾਨਨਿ ਨੇ ਮਾਨ ਕਰਕੇ ਆਪਣਾ ਹੀ ਮਾਨ ਗੁਆ ਲਿਆ।

੨. ਉਸਤੋਂ ਪ੍ਰਾਨ ਨਾਥ ਜੀ ਗੁੱਸੇ ਹੋਕੇ ਮਾਨ ਧਾਰੀ ਹੋ ਗਏ, (ਹੁਣ ਓਹ) ਮੇਰੇ ਮਨਾਏ ਮੰਨਦੇ ਨਹੀਂ (ਤਦ ਮੈਂ) ਆਕੇ (ਆਪਣਾ) ਦੁਖ ਰੋਇਆ ਹੈ।

੩. ਲੋਕ ਗਜਾਨ ਤੇ ਵੇਦ ਗਜਾਨ ਇਹ ਹੈ ਕਿ ਦਿਤੇ ਦਾਨ ਤੋਂ ਭੋਗੀਦਾ ਬਹੁਤ ਜ਼ਜਾਦਾ ਹੈ, ਤਾਂ ਤੇ ਜਿਹੋ ਜਿਹਾ (ਮੈਂ) ਬੀਜ ਬੀਜਿਆ ਸੀ (ਉਸ ਤੋਂ) ਹਜ਼ਾਰ ਗੁਣਾ ਵੱਧ ਵੱਢ ਰਹੀ ਹਾਂ।

੪. (ਹੁਣ ਮੈਂ ਉਨ੍ਹਾਂ ਦੇ) ਦਾਸਾਂ ਦੇ ਦਾਸਾਂ ਪਾਸ ਜਾਕੇ ਬੇਨਤੀ ਕਰਕੇ ਪੈਰੀਂ ਪੈ ਰਹੀ ਹਾਂ, ਹੈ ਕੋਈ (ਐਸਾ ਜੋ ਹੁਣ ਉਨ੍ਹਾਂ ਨੂੰ) ਮਨਾ ਦੇਵੇ? (ਮੈਂ ਤਾਂ) ਸਾਰਾ ਸੰਸਾਰ ਢੂੰਡ ਫਿਰੀ ਹਾਂ।

੧. ਫਰਕਤ ਲੋਚਨ ਅਧਰ ਭੁਜਾ, ਤਾਪੈ ਤਨ,
ਮਨ ਮੈ ਅਉਸੇਰ ਕਬ ਲਾਲ ਗ੍ਰਿਹ ਆਵਹੀ॥

੨. ਨੈਨਨ ਸੇ ਨੈਨ ਅਰ ਬੈਨਨ ਸੈ ਬੈਨ ਮਿਲੈ,
ਰੈਨ ਸਮੈ ਚੈਨ ਕੋ ਸਿਹਜਾਸਨ ਬੁਲਾਵਹੀ॥

੩. ਕਰ ਗਹਿ ਕਰ ਉਰ ਉਰ ਸੈ ਲਗਾਇ ਪੁਨ,
ਅੰਕ ਅੰਕਮਾਲ ਕਰਿ ਸਹਿਜ ਸਮਾਵਹੀ॥

੪. ਪ੍ਰੇਮ ਰਸ ਅੰਮ੍ਰਿਤ ਪੀਆਇ ਤ੍ਰਿਪਤਾਇ ਆਲੀ!
ਦਯਾ ਕੇ ਦਯਾਲ ਦੇਵ ਕਾਮਨਾ ਪੁਜਾਵਹੀ॥੬੬੫॥

ਪਦਾਰਥ- ਅਧਰ=ਬੁੱਲ। ਅਉਸੇਰ=ਚਿੰਤਾ, ਬੇਚੈਨੀ। ਅੰਕਮਾਲ=ਜੱਫੀ। ਸਹਿਜ=ਆਤਮਾ ਦੀ ਅਪਣੀ ਯਥਾਰਥ ਅਵਸਥਾ। ਤਤ ਸਰੂਪ ਦਾ ਗਜਾਨ। ਆਲੀ=ਹੇ ਸਖੀ!

ਅਰਥ-੧. ਅੱਖਾਂ, ਬੁੱਲ੍ਹ ਤੇ ਬਾਹਾਂ (ਮੇਰੀਆਂ) ਫਰਕ ਰਹੀਆਂ ਹਨ, ਤਨ ਤਪ ਰਿਹਾ ਹੈ, ਮਨ ਵਿਚ ਚਿੰਤਾ (ਲਗ ਰਹੀ ਹੈ) ਕਿ ਕਦੋਂ ਪਿਆਰਾ ਘਰ ਆਵੇਗਾ।

੨. ਨੈਣਾਂ ਨਾਲ ਨੈਣ ਮਿਲਣਗੇ ਤੇ ਬਚਨਾਂ ਨਾਲ ਬਚਨ (ਭਾਵ ਗਲ ਬਾਤ ਹੋਵੇਗੀ) ਅਤੇ ਰਾਤ ਸਮੇਂ (ਪਜਾਰਾ) ਆਨੰਦ ਨਾਲ ਸਿਹਜਾ ਦੇ ਆਸਣ ਤੇ ਬੁਲਾਵੇਗਾ।

੩. ਹੱਥ ਫੜਕੇ ਗਲੇ ਲਗਾਏਗਾ ਫਿਰ (ਅਪਣੀ) ਜਫੀ ਵਿਚ ਲੈਕੇ ਤਤਰੂਪ ਦੇ ਗਜਾਨ ਵਿਚ ਸਮਾ ਦੇਵੇਗਾ।

੪. (ਅਤੇ) ਪ੍ਰੇਮ ਰਸ ਦਾ ਅੰਮ੍ਰਿਤ ਪਿਆਕੇ, ਰਜਾ ਕੇ, ਹੇ ਸਖੀ! ਉਹ ਦਯਾਲੂ ਦੇਵ ਦਯਾ ਕਰਕੇ ਕਾਮਨਾ ਪੁਜਾਵੇਗਾ।

ਭਾਵ- 'ਸੰਯੋਗ ਲਈ ਵਜਾਕੁਲ ਬਿਰਹਨੀਂ' ਦੇ ਰੂਪਕ ਵਿਚ ਪ੍ਰੇਮਾਤੁਰ ਵਿਛੁੜੇ ਭਗਤ ਦੀ ਉਤਕੰਠਾ ਦਿਖਾਈ ਹੈ। ਅਗਲੇ ਅੰਕ ਵਿਚ ਦਰਸ਼ਨ ਪ੍ਰਾਪਤੀ ਦੀ ਮਗਨਤਾ ਅੰਕਿਤ ਹੈ।

੧. ਲੋਚਨ ਅਨੂਪ ਰੂਪ ਦੇਖਿ ਮੁਰਛਾਤ ਭਏ,
ਸੇਈ ਮੁਖ ਬਹਿਰਿਓ ਬਿਲੋਕ ਧਜਾਨ ਧਾਰਿਹੈ॥
੨. ਅੰਮ੍ਰਿਤ ਬਚਨ ਸੁਨਿ ਸ੍ਰਵਨ ਬਿਮੋਹੇ ਆਲੀ!
ਤਾਹੀ ਮੁਖ ਬੈਨ ਸੁਨ ਸੁਰਤ ਸਮਾਰਿ ਹੈ॥
੩. ਜਾਪੈ ਬੇਨਤੀ ਬਖਾਨਿ ਜਿਹਬਾ ਥਕਤ ਭਈ,
ਤਾਹੀ ਕੇ ਬੁਲਾਏ ਪੁਨ ਬੇਨਤੀ ਉਚਾਰਿ ਹੈ॥
੪. ਜੈਸੇ ਮਦ ਪੀਏ ਗਜਾਨ ਧਜਾਨ ਬਿਸਰਨ ਹੋਇ,
ਤਾਹੀ ਮਦ ਅਚਵਤ ਚੇਤਨ ਪ੍ਰਕਾਰ ਹੈ॥੯੯੬॥

**ਪਦਾਰਥ**- ਬਹਿਰਿਓ=ਬਾਹਰੋਂ। ਮਦ=ਅਮਲ। ਚੇਤਨ ਪ੍ਰਕਾਰ=ਸਾਵਧਾਨਤਾ, ਹੋਸ਼ ਵਿਚ ਆਉਣ ਦਾ ਤਰੀਕਾ।

ਅਰਥ-੧. (ਮੇਰੇ) ਨੈਣ ਅਨੂਪਮ ਰੂਪ ਦੇਖਕੇ ਮੂਰਛਿਤ ਹੋ ਗਏ ਸਨ (ਪਰ ਹੁਣ) ਉਹੋ ਮੁਖੜਾ ਜਦ ਬਾਹਰੋਂ (ਮੇਰੇ ਵਲ) ਦੇਖਦਾ ਹੈ ਤਾਂ (ਮੇਰੇ ਨੇਤ੍ਰ) ਦਰਸ਼ਨ ਕਰਨ ਲਗ ਪਏ ਹਨ। ੨. (ਉਸਦੇ) ਅੰਮ੍ਰਿਤ ਬਚਨ ਸੁਣ ਸੁਣਕੇ ਕੰਨ ਮੋਹੇ ਗਏ ਸਨ, ਹੇ ਸਖੀ! (ਪਰ ਹੁਣ) ਉਸੇ ਦੇ ਮੁਖੋਂ ਬਚਨ ਸੁਣਕੇ (ਏਹ) ਸੁਰਤ ਪਏ ਸੰਭਾਲਦੇ ਹਨ (ਨਹੀਂ ਤਾਂ ਏਹ ਬੀ ਮੂਰਛਿਤ ਪਏ ਰਹਿੰਦੇ ਹਨ)। ੩. ਜਿਸ ਅਗੇ ਬੇਨਤੀਆਂ ਕਰ ਕਰਕੇ ਜੀਭਾ ਥਕ ਗਈ ਸੀ (ਭਾਵ ਮੂਰਛਾ ਵਾਂਗ ਚੁੱਪ ਹੋ ਗਈ ਸੀ ਹੁਣ) ਉਸੇ (ਪਜਾਰੇ) ਦੇ ਬੁਲਾਇਆਂ (ਜੀਭ) ਫਿਰ ਬੇਨਤੀ ਕਹਿਣ ਲਗ ਪਈ ਹੈ। ੪. ਜਿਵੇਂ ਅਮਲ ਪੀਤਿਆਂ ਗਜਾਨ ਧਜਾਨ ਵਿਸਰਦੇ ਹਨ (ਭਾਵ ਬਿਹੋਸ਼ੀ ਹੁੰਦੀ ਹੈ ਤਿਵੇਂ) ਉਹੀ ਮਦ ਪੀਣਾ ਚੇਤਨ ਹੋਣ ਦਾ ਤ੍ਰੀਕਾ ਬੀ ਹੈ।

ਭਾਵ-- ਪ੍ਰੀਤਮ ਦੇ ਦਰਸ਼ਨ ਹੋਣ ਨਾਲ, ਬਚਨ ਨਾਦ ਸੁਣਨ ਨਾਲ, ਪ੍ਰੇਮ ਮਗਨ ਬਿਨੈ ਕਰਨ ਨਾਲ ਜੋ ਮੂਰਛਾ ਤੁੱਲ ਮਗਨਤਾ ਛਾ ਗਈ ਸੀ ਤੇ ਹੋਰ ਬੋਲਣ ਸੁਣਨ ਤੇ ਦੇਖਣ ਦੀ ਹੋਸ਼ ਗੁੰਮ ਹੋ ਗਈ ਸੀ। ਉਸੇ ਪਜਾਰੇ ਦੇ ਮੇਰੇ ਵਲ ਦੇਖਣ ਨਾਲ, ਮੇਰੇ ਕੰਨੀ ਉਸਦੀ ਅਵਾਜ਼ ਪੈਣ ਨਾਲ ਤੇ ਮੈਨੂੰ ਆਪ ਬੁਲਾਉਣ ਨਾਲ ਸਾਰੇ ਅੰਗਾਂ ਦੀ ਹੋਸ਼ ਪਰਤ ਆਈ ਹੈ। ਜਿਵੇਂ ਆਪ ਸ਼ਰਾਬ ਪੀਕੇ ਆਦਮੀ ਬੇਹੋਸ਼ ਹੋ ਜਾਂਦਾ ਹੈ, ਪਰ ਜਦ ਸਿਥਿਲਤਾ ਸਰਦੀ ਆਦਿ ਨਾਲ ਕੋਈ ਬੇਹੋਸ਼ ਹੋ ਜਾਏ ਤਾਂ ਸਿਆਣਾ ਵੈਦ ਉਸੇ ਸ਼ਰਾਬ ਦਾ ਘੁੱਟ ਦੇਕੇ ਹੋਸ਼ ਵਿਚ ਲੈ ਆਉਂਦਾ ਹੈ। ਜਗਜਾਸੂ ਅਪਣੀ ਉਮਡਾਊ ਉਮੰਗ ਵਿਚ ਦਰਸ਼ਨ ਆਦਿ ਨਾਲ ਪ੍ਰੇਮ ਮਗਨਤਾ ਵਿਚ ਚਲਾ ਜਾਂਦਾ ਹੈ ਪਰ ਗੁਰੂ ਦੇ ਦਿਤੇ ਉਸੇ ਦਰਸ਼ਨ ਉਪਦੇਸ਼ ਨਾਲ 'ਵਿਵੇਕ ਚੇਤਨਤਾ' ਵਿਚ ਸਾਵਧਾਨ ਹੋ ਜਾਂਦਾ ਹੈ*।

* ਸ਼ਰਾਬ ਦਾ ਸੁਭਾਵ ਇਉਂ ਬੀ ਹੈ-ਨਸ਼ੇ ਵਿਚ ਆਸ਼ਕਤ ਸ਼ਰਾਬੀ ਦੀ ਟੋਟ. ਫੇਰ ਘੁੱਟ ਹੋਰ ਸ਼ਰਾਰਬ ਪੀਣ ਨਾਲ ਹੀ ਦੂਰ ਹੁੰਦੀ ਹੈ।

੧. ਸੁਨਿ ਪ੍ਰਿਯ ਗਵਨ ਸ੍ਰਵਨ ਬਹਰੇ ਨ ਭਏ,
ਕਾਹੇ ਕੀ ਪਤਿਬ੍ਰਤਾ ਪਤਿ ਬ੍ਰਤ ਪਾਯੋ ਹੈ॥
੨. ਦ੍ਰਿਸ਼ਟ ਪ੍ਰਿਯ ਅਗੋਚਰ ਹੁਇ ਅੰਧਰੇ ਨ ਭਏ ਨੈਨ,
ਕਾਹੇ ਕੀ ਪ੍ਰੇਮਨੀ ਪ੍ਰੇਮ ਹੂੰ ਲਜਾਯੋ ਹੈ॥
੩. ਅਵਧਿ ਬਿਹਾਇ, ਧਾਇ ਧਾਇ ਬਿਰਹਾ ਬਿਆਪੋ,
ਕਾਹੇ ਕੀ ਬਿਰਹਨੀ, ਬਿਰਹ ਬਿਲਖਾਯੋ ਹੈ॥
੪. ਸੁਨਤ ਬਿਦੇਸ ਕੇ ਸੰਦੇਸ ਨਾਹਿ ਫੂਟਯੋ ਰਿਦਾ,
ਕਉਨ ਕਉਨ ਗਨਉ ਚੂਕ ਉੱਤਰ ਨ ਆਯੋ ਹੈ॥੬੬੭॥

ਪਦਾਰਥ- ਬਹਰੇ=ਬੋਲ। ਡੋਰੇ। ਅਗੋਚਰ=ਉਹਲੇ। ਅਵਧਿ=ਉਮਰਾ। ਬਿਲਖਾਯੋ=ਉਦਾਸ ਕੀਤਾ ਹੈ, ਦੁਖੀ ਕੀਤਾ ਹੈ। ਚੂਕ=ਭੁੱਲ।

ਅਰਥ-੧. ਪਿਆਰੇ ਦਾ ਜਾਣਾ ਸੁਣਕੇ (ਮੇਰੇ) ਕੰਨ ਬੋਲੇ ਨਾ ਹੋ ਗਏ ਤਾਂ (ਮੈਂ) ਕਾਹਦੀ ਪਤਿਬ੍ਰਤਾ ਹੋਈ (ਤੇ ਮੈਂ ਕੀ) ਪਤਿਬ੍ਰਤ ਪ੍ਰਾਪਤ ਕੀਤਾ ਹੈ। ੨. ਨਜ਼ਰੋਂ ਉਹਲੇ ਪਿਆਰੇ ਦੇ ਹੋਇਆਂ (ਏਹ) ਨੈਣ ਅੰਨ੍ਹੇ ਨਾਂ ਹੋਏ (ਤਾਂ ਮੈਂ) ਕਾਹਦੀ ਪ੍ਰੇਮਿਕਾ ਹੋਈ, (ਇਹ ਤਾਂ) ਪ੍ਰੇਮ ਨੂੰ ਹੀ (ਮੈਂ) ਲਾਜ ਲਾਈ ਹੈ। ੩. ਉਮਰਾ ਬੀਤ ਰਹੀ ਹੈ (ਮੁੱਕੀ ਨਹੀਂ) ਤੇ ਬਿਰਹਾ ਦੌੜ ਦੌੜ ਕੇ (ਇਸਨੂੰ) ਵਿਆਪ ਰਿਹਾ ਹੈ (ਤਾਂ ਮੈਂ) ਕਾਹਦੀ ਬਿਰਹਨੀ ਹੋਈ (ਜੋ ਅਜੇ ਜੀਉਂਦੀ ਹਾਂ, ਇਹ ਤਾਂ) ਬਿਰਹ (ਨੂੰ ਹੀ ਮੈਂ) ਉਦਾਸ ਕੀਤਾ ਹੈ। ੪. ਬਿਦੇਸ਼ਾਂ ਦੇ ਸੁਨੇਹੇਂ ਸੁਣਦਿਆਂ (ਕਿ ਅਜੇ ਪਿਆਰੇ ਜੀ ਨੇ ਹੋਰ ਬਿਦੇਸ਼ ਹੀ ਰਹਿਣਾ ਹੈ ਮੇਰਾ) ਰਿਦਾ ਨਾਂ ਫਟਿਆ, ਕਿਹੜੀ ਕਿਹੜੀ (ਮੈਂ ਆਪਣੀ) ਚੂਕ (ਭੁੱਲ) ਗਿਣਾ, (ਇਸਦਾ) ਮੈਨੂੰ ਉੱਤਰ ਨਹੀਂ ਆਉਂਦਾ।

ਭਾਵ- ਪਰਦੇਸ਼ ਤੋਂ ਪਤੀ ਸੰਦੇਸ਼ ਅਜੇ ਪਰਦੇਸ਼ ਰਹਿਣੇ ਦਾ ਆਉਣ ਤੇ ਪਤਿਬ੍ਰਤਾ ਨੂੰ ਆਉਣੇ ਦੀ ਲਗ ਰਹੀ ਆਸ ਸਟ ਖਾਂਦੀ ਹੈ ਤੇ ਇਸ ਵਿਆਕੁਲਤਾ ਵਿਚ ਬਿਰਹ ਪੀੜਾ ਅਤਿਸ਼ੈ ਹੋ ਜਾਂਦੀ ਹੈ, ਇਸ ਅਤਯੰਤ ਦੀ ਵਯਾਕੁਲਤਾ ਦੀ ਤਸਵੀਰ ਇਸ ਛੰਦ ਵਿਚ ਹੈ*। ਬਿਰਹ ਦੀ ਵਿਆਕੁਲਤਾ ਦੀ ਇਕ ਹੋਰ ਤਸਵੀਰ ਕਮਾਲ ਦੀ ਖ਼ੂਬੀ ਨਾਲ ਅਗਲੇ ਛੰਦ ਵਿਚ ਕਵਿ ਸ਼ਿਰੋਮਣਿ ਭਾਈ ਜੀ ਨੇ ਵਾਹੀ ਹੈ।

---

* 'ਪ੍ਰਵਤਸਜਤ ਪਤਿਕਾ' ਪਤੀ ਦਾ ਬਿਦੇਸ਼ ਜਾਣਾ ਸੁਣਕੇ ਹੀ ਅਤਿ ਵਯਾਕੁਲ ਹੋ ਜਾਂਦੀ ਹੈ। ਇਹ ਪਤਿਬ੍ਰਤਾ ਉਸ ਵੇਲੇ ਨੂੰ ਯਾਦ ਕਰਕੇ ਘਾਬਰਦੀ ਹੈ ਕਿ ਮੈਂ ਉਸ ਵਯਾਕੁਲਤਾ ਵਿਚ ਜੀਂਦੀ ਕੀਕੂੰ ਰਹੀ ਸਾਂ ਤੇ ਇਸਦੀ ਵਯਾਕੁਲਤਾ ਹੋਰ ਵਧਦੀ ਹੈ ਜਦੋਂ ਸੰਦੇਸ਼ ਆਉਂਦਾ ਹੈ ਕਿ ਪ੍ਰਾਣਪਤੀ ਜੀ ਅਜੇ ਹੋਰ ਪਰਦੇਸ ਠਹਿਰਨਗੇ।

 www.sikhbookclub.com

੧. ਬਿਰਹ ਦਾਵਾਨਲ ਪ੍ਰਗਟੀ ਨ ਤਨ ਬਨ ਬਿਖੈ,
ਅਸਨ ਬਸਨ ਤਾਮੈ ਘ੍ਰਿਤ ਪਰਜਾਰਿ ਹੈ॥
੨. ਪ੍ਰਥਮ ਪ੍ਰਕਾਸੇ ਧੂਮ ਅਤਿਹੀ ਦੁਸਹਾ ਦੁਖ,
ਤਾਹੀ ਤੈ ਗਗਨ ਘਨ ਘਟਾ ਅੰਧਕਾਰ ਹੈ॥
੩. ਭਭਕ ਭਭੂਕੇ ਹ੍ਵੈ ਪ੍ਰਕਾਸ਼ਜੋ ਹੈ ਅਕਾਸ ਸਸਿ,
ਤਾਰਕਾ ਮੰਡਲ ਚਿਨਗਾਰੀ ਚਮਕਾਰ ਹੈ॥
੪. ਕਾਸਿਉ ਕਹਉ ਕੈਸੇ ਅੰਤਕਾਲ ਬ੍ਰਿਥਾਵੰਤ ਗਤਿ
ਮੋਹਿ ਦੁਖ ਸੋਈ ਸੁਖਦਾਈ ਸੰਸਾਰ ਹੈ?॥੬੬੮॥

ਪਦਾਰਥ- ਦਾਵਾਨਲ=ਬਨ ਅਗਨੀ। ਪਰਜਾਰਿ ਹੈ=ਪ੍ਰਜਾਰਨਾ=ਜ਼ੋਰ ਦੀ ਬਲਣਾ। ਭਾਂਬੜ ਮਚ ਉਠਣਾ। ਬ੍ਰਿਥਾਵੰਤ=ਰੋਗੀ। ਗਤਿ=ਦਸ਼ਾ।

ਅਰਥ-੧. (ਮੇਰੇ) ਤਨ ਰੂਪ ਬਨ ਵਿਖੇ (ਨਿਰੀ) ਬਿਰਹੋਂ ਰੂਪੀ ਬਨ-ਅਗਨੀ ਹੀ ਨਹੀਂ ਪ੍ਰਗਟੀ ਹੈ, (ਏਥੇ ਤਾਂ) ਭੋਜਨ ਤੇ ਬਸਤ੍ਰ ਉਸਦੇ ਭਾਂਬੜ ਬਾਲਣ ਲਈ ਘਿਉ ਬਣਕੇ ਪੈ ਰਹੇ ਹਨ। ੨. ਪਹਿਲੇ (ਇਸਦਾ) ਧੂੰਆਂ ਉੱਠਣ ਤੇ ਹੀ ਅਤਜੰਤ ਨਾ ਸਹਾਰੇ ਜਾਣ ਵਾਲਾ ਦੁਖ ਸੀ, (ਹੁਣ) ਉਸੇ ਤੋਂ ਅਕਾਸ਼ ਵਿਚ ਬੱਦਲਾਂ ਦੀਆਂ ਘਟਾਂ ਬਣਕੇ ਅੰਧਕਾਰ ਛਾ ਗਿਆ ਹੈ। ੩. (ਉਤੋਂ) ਅਕਾਸ਼ ਵਿਚ ਬਲਦਾ ਭਭਾਕਾ ਹੋਕੇ ਚੰਦ੍ਰਮਾਂ ਪ੍ਰਕਾਸ਼ ਪਿਆ ਹੈ, (ਨਾਲ) ਤਾਰਿਆਂ ਦਾ ਮੰਡਲ ਬੀ ਚੰਗਿਆੜੀਆਂ ਬਣਕੇ ਚਮਕਾਰੇ ਮਾਰਦਾ ਹੈ। ੪. ਕਿਸਨੂੰ ਆਖਾਂ (ਤੇ ਆਖਾਂ) ਕਿਵੇਂ? (ਕਿਉਂਕਿ ਮੇਰੀ) ਦਸ਼ਾ ਤਾਂ ਰੋਗੀ ਦੇ ਅੰਤ ਸਮੇਂ ਵਰਗੀ ਹੈ (ਜਦੋਂ ਕਿ ਓਹ ਅਪਣੀ ਪੀੜਾ ਦੱਸ ਸਕਣੋਂ ਬੀ ਅਸਮਰਥ ਹੋ ਜਾਂਦਾ ਹੈ) ਮੈਨੂੰ ਉਸੇ ਤਰ੍ਹਾਂ ਦਾ ਦੁਖ (ਬਿਰਹ ਵਿਚ) ਹੋ ਰਿਹਾ ਹੈ, (ਤੁਸੀਂ ਹੀ ਦੱਸੋ ਕਿ ਇਹ) ਸੰਸਾਰ ਸੁਖਦਾਈ ਹੈ? (ਭਾਵ ਨਹੀਂ ਹੈ)।

ਭਾਵ- ਦਾਵਾਨਲ ਵਾਂਗੂੰ ਬਿਰਹ ਦੀ ਅੱਗ ਬਹੁਤ ਵੱਡੀ ਹੋਕੇ ਲਗੀ ਹੈ। ਅੱਗ ਤੋਂ ਰਖਜਾ ਦੇ ਸਾਮਾਨ ਜੋ ਸਨ ਓਹ ਅਗ ਨੂੰ ਬੁਝਾਉਂਦੇ ਹਨ, ਹੋਰ ਬਾਲਦੇ ਹਨ। ਜਿਵੇਂ ਜਲ ਬਰਫ਼ ਆਦਿ ਠੰਢੇ ਅਸਨ, ਅਲਸੀ ਆਦਿ ਠੰਢੇ ਬਸਨ, ਉਹ ਤਾਂ ਸਗੋਂ ਆਪ ਬਲ ਉਠਦੇ ਹਨ ਜਿਵੇਂ ਅਗ ਤੇ ਘਿਉ। ਫੇਰ ਅਸਮਾਨਾਂ ਦਾ ਸੀਤਲ ਚੰਦ੍ਰਮਾ ਤੇ ਠੰਢੇ ਤਾਰੇ* ਓਹ ਬੀ ਅੱਗ ਦੇ ਭਬਾਕੇ ਤੇ ਚੰਗਿਆੜੇ ਹੋ ਚੁੱਕੇ ਹਨ। ਭਾਵ ਬਿਰਹਨੀ ਨੂੰ ਏਹ ਸਾਰੇ ਸੁਖਦਾਈ ਸਾਮਾਨ ਦੇਖ ਦੇਖਕੇ ਤਪਸ਼ ਤੇ ਘਬਰਾ ਵਧਦਾ ਹੈ।

---

* ਚੰਦਨੁ ਚਦ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥ (ਵਾ:ਜੈਤ:ਮ:੫)

 www.sikhbookclub.com

੧. ਏਈ ਅਖੀਆਂ ਜੁ ਪੇਖਿ ਪ੍ਰਥਮ ਅਨੂਪ ਰੂਪ,
ਕਾਮਨਾ ਪੂਰਨ ਕਰਿ ਸਹਜ ਸਮਾਨੀ ਹੈ॥
੨. ਏਈ ਅਖੀਆਂ ਜੁ ਲੀਲਾ ਲਾਲਨ ਕੀ ਇਕ ਟਕ,
ਅਤਿ ਅਸਚਰਜ ਹ੍ਵੈ ਹੇਰਤ ਹਿਰਾਨੀ ਹੈ॥
੩. ਏਈ ਅਖੀਆਂ ਜੁ ਬਿਛੁਰਤ ਪ੍ਰਿਯ ਪ੍ਰਾਨਪਤਿ,
ਬਿਰਹ ਬਿਯੋਗ ਰੋਗ ਪੀਰਾ ਕੈ ਪਿਰਾਨੀ ਹੈ॥
੪. ਨਾਸਕਾ ਸ੍ਰਵਨ ਰਸਨਾ ਮੈ ਅਗ੍ਰ ਭਾਗ ਹੁਤੀ,
ਏਈ ਅਖੀਆਂ ਸਗਲ ਅੰਗ ਮੈਂ ਬਿਰਾਨੀ ਹੈਂ॥੬੬੯॥

ਪਦਾਰਥ- ਲੀਲਾ=ਕੌਤਕ, ਚੋਜ। ਬਿਰਾਨੀ=ਬਿਗਾਨੀਆਂ। ਓਪਰੀਆਂ।

ਅਰਥ-੧. ਏਹੋ ਅੱਖੀਆਂ ਹਨ ਜੋ ਪਹਿਲੇ ਅਨੂਪਮ ਰੂਪ ਨੂੰ ਵੇਖਕੇ (ਦਰਸ਼ਨ ਦੀ) ਕਾਮਨਾਂ ਪੂਰਨ ਕਰਕੇ ਆਤਮ ਸੁਖ ਵਿਚ ਸਮਾਉਂਦੀਆਂ ਸਨ। ੨. ਏਹੋ ਅੱਖੀਆਂ ਹਨ ਜੋ ਪਿਆਰੇ ਦੀ ਲੀਲ੍ਹਾ ਨੂੰ ਇਕ ਟਕ ਦੇਖਦੀਆਂ ਅਤਿ ਅਸਚਰਜ ਹੋ ਹੋ ਬਿਸਮਾਦ ਹੋ ਜਾਂਦੀਆਂ ਸਨ। ੩. ਏਹੋ ਅੱਖੀਆਂ ਹਨ ਜੋ ਪਿਆਰੇ ਪ੍ਰਾਣਾਂ ਦੇ ਨਾਥ ਦੇ ਵਿਛੁੜਨ ਵੇਲੇ ਬਿਰਹ ਤੇ ਵਿਛੋੜੇ ਦੇ ਰੋਗ ਦੀ ਪੀੜਾ ਨਾਲ ਪੀੜਿਤ ਹੁੰਦੀਆਂ ਸਨ (ਭਾਵ ਰੋਂਦੀਆਂ ਸਨ)। ੪. (ਪ੍ਰੇਮ ਵਿਚ) ਨੱਕ, ਕੰਨ, ਜਿਹਵਾ (ਸਾਰੇ ਅੰਗਾਂ) ਵਿਚੋਂ (ਇਹੋ ਅੱਖੀਆਂ) ਆਗੂ ਹੁੰਦੀਆਂ ਸਨ, (ਹੁਣ) ਏਹ (ਓਹੀ) ਅੱਖੀਆਂ ਹਨ ਜੋ ਸਾਰਿਆਂ ਅੰਗਾਂ ਵਿਚ ਓਪਰੀਆਂ ਹੋ ਗਈਆਂ ਹਨ।

ਭਾਵ- ਅੱਖੀਆਂ ਸਰੀਰ ਦਾ ਮੁੱਖ ਅੰਗ ਹਨ। ਪ੍ਰੇਮ ਲਗੇ ਵਿਚ ਬੀ ਇਨ੍ਹਾਂ ਦਾ ਹਿੱਸਾ ਵਿਸ਼ੇਸ਼ ਹੁੰਦਾ ਹੈ। ਇਹੋ ਮੋਹਤ ਤੇ ਮਗਨ ਹੁੰਦੀਆਂ ਹਨ, ਇਹੋ ਬਿਰਹ ਵਿਚ ਰੋਂਦੀਆਂ ਤੇ ਮੇਲ ਵੇਲੇ ਖਿੜਦੀਆਂ ਹਨ ਇਹੋ ਚੋਜ ਦੇਖ ਦੇਖ ਵਿਸਮਾਦ ਹੁੰਦੀਆਂ ਹਨ। ਪਰ ਉਸ ਬਿਰਹ ਦੀ ਬਦੌਲਤ ਇਹੋ ਰੋ ਰੋਕੇ ਇਤਨੀਆਂ ਥੱਲੇ ਲੱਥੀਆਂ ਤੇ ਸਿਥਿਲ ਹੋਈਆਂ ਹਨ ਕਿ ਹੁਣ ਸਿਆਣ ਨਹੀਂ ਹੁੰਦੀਆਂ ਕਿ ਇਸੇ ਸਰੀਰ ਦੀਆਂ ਹਨ ਤੇ ਉਹੋ ਹਨ ਜੋ ਰੋਂਦੀਆਂ ਹਸਦੀਆਂ ਮਗਨ ਹੁੰਦੀਆਂ ਤੇ ਖਿੜਦੀਆਂ ਸਨ।

੧. ਇਕ ਟਕ ਧਯਾਨ ਹੁਤੇ ਚੰਦ੍ਰਮੇ ਚਕੋਰ ਗਤਿ,
ਪਲ ਨ ਲਗਾਤ ਸੁਪਨੇ ਹੂੰ ਨ ਦਿਖਾਈਐ॥
੨. ਅੰਮ੍ਰਿਤ ਬਚਨ ਧੁਨਿ ਸੁਨਤਿ ਹੀ ਬਿਦਜ਼ਮਾਨ
ਤਾ ਮੁਖ ਸੰਦੇਸੋ ਪਥਕਨ ਪੈ ਨ ਪਾਈਐ॥
੩. ਸਿਹਜਾ ਸਮੈ ਨ ਉਰ ਅੰਤਰ ਸਮਾਤੇ ਹਾਰ,
ਅਨਿਕ ਪਹਾਰ ਓਟ ਭਏ, ਕੈਸੇ ਜਾਈਐ॥
੪. ਸਹਜ ਸੰਜੋਗ ਭੋਗ ਰਸ ਪਰਤਾਪ ਹੁਤੇ,
ਬਿਰਹ ਬਿਯੋਗ ਸੋਗ ਰੋਗ ਬਿਲਲਾਈਐ॥੬੭੦॥

ਪਦਾਰਥ- ਇਕ ਟਕ=ਇਕ ਤਕਣੀ, ਲਗਾਤਾਰ। ਬਿਦਜਮਾਨ=ਮੌਜੂਦ, ਸਚਮੁਚ, ਪ੍ਰਤੱਖ। ਪਥਕ=ਰਾਹੀ। ਓਟ=ਓਹਲਾ, ਪਰਦਾ।

ਅਰਥ-੧. (ਕਦੇ) ਚੰਦ੍ਰਮਾ ਨੂੰ ਚਕੋਰ (ਦੇ ਦੇਖਣ) ਵਾਂਙੂ (ਮੈਨੂੰ) ਲਗਾਤਾਰ ਦਰਸ਼ਨ ਹੁੰਦੇ ਸਨ, ਇਕ ਪਲ ਵੀ ਨਹੀਂ ਸੀ ਲੰਗਦੀ (ਭਾਵ ਪਲ ਭਰ ਵਿੱਥ ਨਹੀਂ ਸੀ ਪੈਂਦੀ, ਪਰ ਹੁਣ) ਸੁਪਨੇ ਵਿਚ ਬੀ (ਪਜਾਰੇ ਜੀ ਦਰਸ਼ਨ) ਨਹੀਂ ਦਿਖਾਉਂਦੇ। ੨. (ਤਦੋਂ) ਅੰਮ੍ਰਿਤ ਬਚਨਾਂ ਦੀ ਧੁਨੀ ਪ੍ਰਤੱਖ ਸੁਣੀਂਦੀ ਸੀ (ਹੁਣ) ਉਸ ਮੁਖ ਦੇ ਸੁਨੇਹੇ ਰਾਹੀਆਂ ਤੋਂ ਬੀ ਨਹੀਂ ਮਿਲਦੇ। ੩. ਮਿਲਾਪ ਵੇਲੇ (ਤਦੋਂ) ਗਲੇ ਹਾਰ ਬੀ ਨਹੀਂ ਸੀ ਸਮਾਉਂਦੇ (ਭਾਵ ਕੋਈ ਵਿੱਥ ਯਾ ਦੁਜਾਯਗੀ ਪਰਸਪਰ ਨਹੀਂ ਸੀ, ਹੁਣ) ਅਨੇਕ ਪਹਾੜ ਵਿਚਾਲੇ ਉਹਲਾ ਬਣ ਖੜੋਤੇ ਹਨ, ਕਿਵੇਂ (ਟੱਪਕੇ) ਜਾਈਏ। ੪. (ਤਦੋਂ) ਗਜਾਨ ਰੂਪੀ ਸੰਜੋਗ ਤੇ (ਵਾਹਿਗੁਰੂ ਮਿਲਾਪ ਰੂਪੀ) ਭੋਗ ਦੇ ਅਨੰਦ* ਦਾ ਪ੍ਰਤਾਪ (ਪ੍ਰਾਪਤ) ਸੀ, (ਹੁਣ) ਬਿਰਹ ਤੇ ਵਿਛੋੜੇ ਦੇ ਰੋਗ ਦੇ ਸੋਗ ਵਿਚ ਵਿਲਲਾ ਰਹੀ ਹਾਂ।

ਭਾਵ- ਚਰਨ ਸ਼ਰਨ ਪ੍ਰਾਪਤ ਪ੍ਰੇਮੀ ਭਗਤ ਨੂੰ ਬਿਰਹ ਨੇ ਗ੍ਰਸ ਲਿਆ ਹੈ। ਬਿਰਹਨੀ ਦੇ ਰੂਪਕ ਵਿਚ ਉਸਦੀ ਵਜਾਕੁਲਤਾ ਵਰਣਨ ਕੀਤੀ ਹੈ, ਜਿਸ ਵਿਚ ਮੇਲ ਤੇ ਬਿਰਹਾਪ੍ਰਾਪਤੀ ਤੇ ਅਪ੍ਰਾਪਤੀ ਦਾ ਦਿਲ ਦੂਵਾ ਦੇਣ ਵਾਲਾ ਮੁਕਾਬਲਾ ਕਰਕੇ ਦਿਖਾਇਆ ਹੈ।

---

* 'ਗਿਆਨ ਰਾਉ ਜਬ ਸੇਜੇ ਆਵੈ ਤ ਨਾਨਕ ਭੋਗੁ ਕਰੇਈ।' (ਆਸਾ ਮ:੧)

੧. ਜਾਕੈ ਏਕ ਫਨ ਪੈ ਧਰਨ ਹੈ ਸੋ ਧਰਨੀਧਰ,
ਤਾਹਿ ਗਿਰਧਰ ਕਹੈ ਕੌਨ ਬਡਿਆਈ ਹੈ॥
੨. ਜਾਕੋ ਏਕ ਬਾਵਰੋ ਕਹਾਵਤ ਹੈ ਬਿਸ੍ਵਨਾਥ,
ਤਾਹਿ ਬ੍ਰਿਜਨਾਥ ਕਹੇ ਕੌਨ ਅਧਿਕਾਈ ਹੈ॥
੩. ਸਗਲ ਅਕਾਰ ਓਂਕਾਰ ਕੇ ਬਿਥਾਰੇ ਜਿਨ,
ਤਾਹਿ ਨੰਦ ਨੰਦ ਕਹੈ ਕਉਨ ਠਕੁਰਾਈ ਹੈ॥
੪. ਉਸਤਤਿ ਜਾਨਿ, ਨਿੰਦਾ ਕਰਤ ਅਗਜਾਨ ਅੰਧ,
ਐਸੇ ਹੀ ਅਰਾਧਨ ਤੇ ਮੋਨ ਸੁਖਦਾਈ ਹੈ॥੬੭੧॥

**ਪਦਾਰਥ**- ਧਰਨ=ਧਰਤੀ, ਪ੍ਰਿਥਵੀ। ਧਰਨੀਧਰ=ਧਰਤੀ ਦੇ ਧਾਰਨ ਵਾਲਾ, ਸ਼ੇਸ਼ਨਾਗ। ਗਿਰਧਰ=(ਗੋਵਰਧਨ) ਪਰਬਤ ਨੂੰ ਧਾਰਨ ਵਾਲਾ, ਕ੍ਰਿਸ਼ਨ। ਬਾਵਰੋ=ਕਮਲਾ, ਬਾਵਲਾ। ਬਿਸ੍ਵ ਨਾਥ=ਸੰਸਾਰ ਦਾ ਸ੍ਵਾਮੀ, ਸ਼ਿਵ। ਬ੍ਰਿਜਨਾਥ=ਬ੍ਰਿਜ (ਮਥਰਾ ਦੇ ਇਲਾਕੇ) ਦਾ ਸ੍ਵਾਮੀ, ਕ੍ਰਿਸ਼ਨ। ਅਧਿਕਾਈ=ਵਡੱਪਣ, ਵਾਧਾ। ਨੰਦ ਨੰਦ=ਨੰਦ ਦਾ ਪੁਤ੍ਰ, ਕ੍ਰਿਸ਼ਨ।

ਅਰਥ-੧. ਜਿਸ (ਕਰਤਾਰ) ਦੇ ਇਕ (ਸ਼ੇਸ਼ ਨਾਗ) ਦੇ ਫਨ ਉਤੇ ਧਰਤੀ ਰੱਖੀ ਹੋਈ ਹੈ, ਧਰਨੀਧਰ (ਮਾਤ੍ਰ) ਤਾਂ ਉਹ (ਸ਼ੇਸ਼ਨਾਗ) ਹੋਇਆ, (ਸੋ) ਉਸਨੂੰ (ਜੋ ਆਪ ਸਾਰੇ ਸੰਸਾਰ ਦਾ ਸਿਰਜਨਹਾਰ ਹੈ) ਗਿਰਧਰ (ਬ੍ਰਿੰਦਾ ਬਨ ਦੇ ਨਿਕੇ ਜਿਹੇ ਪਰਬਤ ਦਾ ਚੁੱਕਣ ਵਾਲਾ) ਕਹੀਏ ਤਾਂ ਕਿਹੜੀ ਵਡਿਆਈ ਹੈ। ੨. ਜਿਸਦਾ ਇਕ ਬਾਵਲਾ ਜਿਹਾ (ਰਚਿਆ ਦੇਵਤਾ ਸ਼ਿਵ) ਬਿਸ੍ਵਨਾਥ ਕਹਾਉਂਦਾ ਹੈ ਉਸਨੂੰ ਬ੍ਰਿਜਨਾਥ ਕਹਿਣ ਵਿਚ ਕੀ ਵਾਧਾ ਹੈ। ੩. ਜਿਸਨੇ ਸਾਰੇ ਆਕਾਰ (ਅਰਥਾਤ ਰੂਪ ਇਕ ਅਪਨੇ) ਓਅੰਕਾਰ ਤੋਂ ਫੈਲਾਏ ਹਨ ਉਸਨੂੰ ਨੰਦ ਦਾ ਪੁੱਤ੍ਰ ਕਹੀਏ (ਤਾਂ ਉਸਦੀ) ਕਿਹੜੀ ਪ੍ਰਧਾਨਤਾ(=ਵਡਜਾਈ) ਹੈ। ੪. (ਇਸਤਰ੍ਹਾਂ) ਅਗਜਾਨ ਵਿਚ ਅੰਧੇ ਲੋਕ ਉਸਤਤ ਸਮਝਕੇ ਨਿੰਦਾ ਕਰੀ ਜਾਂਦੇ ਹਨ, (ਸਾਡੇ ਭਾਣੇ ਤਾਂ) ਐਸੇ ਅਰਾਧਣ ਨਾਲੋਂ ਚੁਪ ਹੀ ਚੰਗੀ ਹੈ *।

* ਇਹੋ ਛੰਦ ਕੁਛ ਕੁਛ ਪਦਾਂ ਦੇ ਫ਼ਰਕ ਨਾਲ ਅੰਕ ੫੫੫ ਵਿਚ ਬੀ ਆਯਾ ਹੈ ਪਰ ਅਡ ਅਡ ਛਪੀਆਂ ਪੋਥੀਆਂ ਦੇ ਅਪਣੇ ਪਾਠਾਂ ਵਿਚ ਵੀ ਕੁਛ ਕੁਛ ਫ਼ਰਕ ਹੈ, ਤੇ ਛੰਦ ਦੀ ਚਾਲ ਵਿਚ ਸਕਤਾ ਬੀ ਪੈਂਦਾ ਹੈ, ਉਪਰਲਾ ਪਾਠ ਸਕਤੇ ਤੋਂ ਖ਼ਾਲੀ ਸਰਲ ਤੇ ਸਾਫ਼ ਹੈ। ਕੁਛ ਮਿਲਦੇ ਜੁਲਦੇ ਕਟਾਖਜ ਵਾਲਾ ਇਕ ਛੰਦ ਅੰਕ ੪੮੫ ਬੀ ਹੈ।

੧. ਨਖ ਸਿਖ ਲਉ ਸਗਲ ਅੰਗ ਰੋਮ ਰੋਮ ਕਰਿ
ਕਾਟਿ ਕਾਟਿ, ਸਿਖਨ ਕੇ ਚਰਨ ਪਰ ਵਾਰੀਐ॥

੨. ਅਗਨਿ ਜਲਾਇ, ਫੁਨਿ ਪੀਸਨ ਪੀਸਾਇ ਤਾਂਹਿ
ਲੈ ਉਡੈ ਪਵਨ ਹੋਇ ਅਨਿਕ ਪ੍ਰਕਾਰੀਐ॥

੩. ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ,
ਤਾਹੂ ਤਾਹੂ ਮਾਰਗ ਮੈ ਭਸਮ ਕੈ ਡਾਰੀਐ॥

੪. ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ,
ਦਯਾ ਕੈ ਦਯਾਲ ਮੋਹਿ ਪਤਿਤ ਉਧਾਰੀਐ॥੬੭੨॥

ਪਦਾਰਥ- ਨਖ ਸਿਖ ਲਉ=ਨਹੁੰ ਤੋਂ ਲੈਕੇ ਚੋਟੀ ਤੱਕ। ਪੀਸਨ=ਪੀਸਣ ਵਾਲੀ ਕਲਾ, ਚੱਕੀ। ਪ੍ਰਾਤ=ਸਵੇਰ ਵੇਲੇ। ਪਾਦਕ=ਚੱਲਣ ਵਾਲੇ।

ਅਰਥ-੧. ਨਹੁੰ ਤੋਂ ਲੈਕੇ ਚੋਟੀ ਤਕ (ਅਪਣੇ ਸਾਰੇ ਅੰਗਾਂ ਨੂੰ ਕੱਟ ਕੱਟ ਕੇ ਵਾਲ ਵਾਲ ਜਿੰਨੇ ਕਰਕੇ ਸਿੱਖਾਂ ਦੇ ਚਰਨਾਂ ਉਪਰ ਵਾਰ ਦੇਵੀਏ। ੨. (ਉਨ੍ਹਾਂ ਟੋਟਿਆਂ ਨੂੰ) ਅਗਨੀ ਨਾਲ ਜਲਾਕੇ ਤੇ ਫਿਰ ਚੱਕੀ ਵਿਚ ਉਨ੍ਹਾਂ ਨੂੰ ਪੀਸ ਦੇਈਏ ਜੋ ਪਉਣ ਲੈ ਉੱਡੇ ਤੇ ਉਹ ਅਨੇਕ ਹੋਕੇ ਫੈਲ ਜਾਵੇ। ੩. (ਤੇ ਪੌਣ ਨੂੰ ਕਹਿ ਦੇਈਏ ਕਿ) ਜਿਥੇ ਕਿਤੇ ਸਿਖ ਸਵੇਰੇ (ਉਠ) ਗੁਰੂ (ਵਲ ਨੂੰ ਜਾਂਦੇ) ਰਸਤੇ ਵਿਚ ਵਿਚ ਪੈਰ ਧਰਦੇ ਹਨ ਉਸ ਉਸ ਰਸਤੇ ਵਿਚ (ਇਸ) ਭਸਮ ਕੀਤੀ ਹੋਈ ਨੂੰ ਵਿਛਾ ਦੇ। ੪. (ਤਾਂ ਜੋ) ਉਨ੍ਹਾਂ (ਗੁਰੂ ਮਾਰਗ ਵਿਚ) ਚੱਲਣ ਵਾਲੇ (ਸਿਖਾਂ ਦੇ) ਚਰਨਾਂ ਨਾਲ (ਮੇਰੀ) ਲਿਵ ਲਗੀ ਰਹੇ (ਤੇ ਮੈਂ ਬੇਨਤੀ ਕਰਦਾ ਰਹਾਂ ਕਿ) ਹੇ ਦਯਾ ਦੇ ਘਰ (ਗੁਰ ਸਿਖੋ!) ਮੈਂ ਪਤਿਤ ਦਾ ਬੀ ਪਾਰ ਉਤਾਰਾ ਕਰੋ।

ਭਾਵ- ਭਾਈ ਸਾਹਿਬ ਜੀ ਦੀ ਪ੍ਰੇਮ ਲੇਖਣੀ ਅਪਣੀ ਪਰਮ ਨਿੰਮ੍ਰਤਾ ਤੇ ਗੁਰਸਿਖ ਦੀ ਉੱਚੀ ਕੀਮਤ ਕੂਤ ਇਸ ਛੰਦ ਵਿਚ ਕਿਸ ਖ਼ੂਬੀ ਨਾਲ ਅੰਕਿਤ ਕਰ ਰਹੀ ਹੈ।

੧. ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ,
ਤੈਸਾ ਪੁੰਨ ਏਕ ਗੁਰ ਸਿਖ ਕਉ ਨਵਾਏ ਕਾ॥

੨. ਸਿਖ ਕਉ ਪਿਲਾਇ ਪਾਨੀ ਭਾਉਕਰ ਕੁਰਖੇਤ,
ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥

੩. ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ॥

੪. ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,
ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ॥੬੭੩॥

ਪਦਾਰਥ- ਪ੍ਰਾਗ=ਪ੍ਰਯਾਗ, ਗੰਗਾ ਜਮਨਾ ਦਾ ਸੰਗਮ। ਜਿਵਾਏ ਕਾ=ਭੋਜਨ ਖੁਆਏ ਦਾ। ਸਤ=ਸ਼ਤ=ਸੌ। (ਅ) ਸੱਤ ੭। ਚਾਪ ਪਗ=ਚਰਨ ਘੁੱਟ ਕੇ, ਮੁੱਠੀ ਚਾਪੀ ਕਰਕੇ।

ਅਰਥ-੧. (ਜੇ ਕੋਈ) ਪੰਜ ਵੇਰ ਗੰਗਾ ਜਾਏ ਤੇ ਪੰਜ ਵੇਰ ਪ੍ਰਯਾਗ ਸ਼ਨਾਨ ਕਰੇ (ਜਿਤਨਾ ਪੁੰਨ ਉਸਦਾ ਹੁੰਦਾ ਦੱਸੀਦਾ ਹੈ)ਉਤਨਾ ਪੁੰਨ ਇਕ ਗੁਰ ਸਿੱਖ ਨੂੰ ਅਸ਼ਨਾਨ ਕਰਾਏ ਦਾ ਹੁੰਦਾ ਹੈ। ੨. (ਗੁਰ) ਸਿੱਖ ਨੂੰ ਪ੍ਰੇਮ ਨਾਲ ਜਲ ਛਕਾਏ ਦਾ (ਫਲ) ਕੁਰਖੇਤ੍ਰ (ਯਾਤ੍ਰਾ ਤੁੱਲ) ਤੇ ਸਿਖ ਨੂੰ ਪ੍ਰਸ਼ਾਦ ਛਕਾਏ ਦਾ ਫਲ ਅਸ੍ਵਮੇਧ ਜੱਗ (ਜਿਤਨਾ ਹੁੰਦਾ ਹੈ)। ੩. ਜਿਵੇਂ ਸੌ ਮੰਦਰ ਸੋਨੇ ਦੇ ਉਸਾਰਕੇ ਦਾਨ ਕਰ ਦਿਤੇ ਉਤਨਾ ਪੁੰਨ (ਗੁਰੂ ਕੇ) ਸਿੱਖ ਨੂੰ ਇਕ ਸ਼ਬਦ ਸਿਖਾਉਣ ਦਾ ਹੁੰਦਾ ਹੈ। ੪. ਜੈਸੇ ਵੀਹ ਵਾਰ (ਕਿਸੇ) ਸਾਧ ਦਾ ਦਰਸ਼ਨ ਕੀਤਾ ਹੋਵੇ ਕਿਸੇ ਨੇ, ਤੈਸਾ ਫਲ (ਇਕ) ਸਿੱਖ ਦੇ ਚਰਨ ਦਬਾਕੇ ਸੁਆਉਣ ਦਾ ਹੁੰਦਾ ਹੈ।

ਭਾਵ- ਕਾਵਜ ਦੇ ਅਤਜੋਕਤੀ ਅਲੰਕਾਰ ਦੁਆਰਾ ਸਿਖ ਸੇਵਾ ਦੀ ਵਿਸ਼ੇਸ਼ਤਾ ਦਰਸਾਈ ਹੈ। ਮੁਰਾਦ ਇਹ ਹੈ ਕਿ ਸਿਖ ਵਾਹਿਗੁਰੂ ਸਰਣ ਪ੍ਰਾਪਤ, ਵਾਹਿਗੁਰੂ ਜੀ ਦੇ ਆਵੇਸ਼ ਨਾਲ ਲੋਹੇ ਦੇ ਅਗਨੀ ਆਵੇਸ਼ ਵਾਲੇ ਗੋਲੇ ਵਾਂਙੂ, ਵਾਹਿਗੁਰੂ ਰੂਪ ਹੋਯਾ ਹੁੰਦਾ ਹੈ; ਉਸਦੀ ਸੇਵਾ ਜਦ ਉਸਦੀ ਪ੍ਰਸੰਨਤਾ ਨੂੰ ਅਪਣੇ ਤੇ ਪ੍ਰਸ਼ਾਦਿਤ ਕਰਦੀ ਹੈ ਤਾਂ ਉਹ ਵਾਹਿਗੁਰੂ ਅਨੁਗ੍ਰਹ ਵਾਂਙੂ ਪਰਮ ਫਲੀਭੂਤ ਹੁੰਦੀ ਹੈ।

੧. ਜੈਸੇ ਤਉ ਅਨੇਕ ਰੋਗੀ ਆਵਤ ਹੈਂ ਬੈਦਗ੍ਰਿਹਿ,
ਜੈਸੋ ਜੈਸੋ ਰੋਗ ਤੈਸੋ ਅਉਖਧੁ ਖੁਵਾਵਈ॥

੨. ਜੈਸੇ ਰਾਜ ਦੁਆਰ ਲੋਗ ਆਵਤ ਸੇਵਾ ਨਮਿਤ,
ਜੋਈ ਜਾਹੀਂ ਜੋਗ ਤੈਸੀ ਟਹਿਲ ਬਤਾਵਈ॥

੩. ਜੈਸੇ ਦਾਤਾ ਪਾਸ ਜਨ ਅਰਥੀ ਅਨੇਕ ਆਵੈਂ,
ਜੋਈ ਜੋਈ ਜਾਚੈ ਦੇ ਦੇ ਦੁਖਨ ਮਿਟਾਵਈ॥

੪. ਤੈਸੇ ਗੁਰ ਸ਼ਰਨ ਆਵਤ ਹੈਂ ਅਨੇਕ ਸਿਖ,
ਜੈਸੋ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ॥੬੭੪॥

ਪਦਾਰਥ- ਅਉਖਧੁ = ਦੁਵਾਈ। ਅਰਥੀ = ਲੋੜਵੰਦ। ਭਾਉ = ਭਾਵਨਾ, ਮਤਲਬ, ਕਾਮਨਾ।

ਅਰਥ-੧. ਜਿਵੇਂ ਕਿ ਵੈਦ ਦੇ ਘਰ ਅਨੇਕਾਂ ਰੋਗੀ ਆਉਂਦੇ ਹਨ (ਤਾਂ ਵੈਦ ਰੋਗਾਂ ਦੀ ਪ੍ਰੀਖਜਾ ਕਰਕੇ) ਜੈਸਾ ਜੈਸਾ ਰੋਗ ਹੁੰਦਾ ਹੈ ਵੈਸੀ ਵੈਸੀ ਦੁਵਾਈ (ਰੋਗੀ ਨੂੰ) ਖੁਆਉਂਦਾ ਹੈ।

੨. ਜਿਵੇਂ ਰਾਜ ਦੁਆਰੇ (ਸੇਵਾ-) ਨੌਕਰੀ ਵਾਸਤੇ (ਅਨੇਕਾਂ) ਲੋਕ ਆਉਂਦੇ ਹਨ ਜਿਹੜਾ ਜਿਸ (ਸੇਵਾ) ਦੇ ਯੋਗ ਹੁੰਦਾ ਹੈ ਵੈਸੀ (ਉਸਨੂੰ) ਟਹਿਲ ਦੱਸੀ ਜਾਂਦੀ ਹੈ (ਭਾਵ ਉਸ ਨੌਕਰੀ ਤੇ ਲਾ ਲਿਆ ਜਾਂਦਾ ਹੈ)।

੩. ਜਿਵੇਂ ਦਾਤੇ ਕੋਲ ਅਨੇਕ ਲੋੜਵੰਦ ਪੁਰਸ਼ ਆਉਂਦੇ ਹਨ ਤੇ ਜੋ ਜੋ (ਕੁਛ ਓਹ) ਮੰਗਦੇ ਹਨ (ਲੋੜਾਂ ਦੇ ਅਨੁਸਾਰ ਦਾਤਾ) ਦੇ ਦੇਕੇ (ਉਨ੍ਹਾਂ ਦੇ) ਦੁਖਾਂ ਨੂੰ ਮਿਟਾ ਦਿੰਦਾ ਹੈ।

੪. ਤਿਵੇਂ ਗੁਰੂ ਜੀ ਦੀ ਸ਼ਰਨ ਅਨੇਕਾਂ ਸਿਖ ਆਉਂਦੇ ਹਨ, (ਪਰ) ਜੈਸੀ ਜੈਸੀ (ਉਨ੍ਹਾਂ ਦੀ) ਭਾਉਣੀ ਹੁੰਦੀ ਹੈ ਵੈਸੀਆਂ (ਉਨ੍ਹਾਂ ਦੀਆਂ) ਕਾਮਨਾਂ (ਗੁਰੂ ਜੀ) ਪੂਰਨ ਕਰ ਦੇਂਦੇ ਹਨ।


www.sikhbookclub.com

੧. ਰਾਗ ਜਾਤ ਰਾਗੀ ਜਾਨੈ, ਬੈਰਾਗੈ ਬੈਰਾਗੀ ਜਾਨੈ,
ਤਿਆਗਹਿ ਤਿਆਗੀ ਜਾਨੈ, ਦੀਨ ਦਇਆ ਦਾਨ ਹੈ॥

੨. ਜੋਗ ਜੁਗਤ ਜੋਗੀ ਜਾਨੈ, ਭੋਗ ਰਸ ਭੋਗੀ ਜਾਨੈ,
ਰੋਗ ਦੋਖ ਰੋਗੀ ਜਾਨੈ, ਪ੍ਰਗਟ ਬਖਾਨ ਹੈ॥

੩. ਫੂਲ ਰਾਖ ਮਾਲੀ ਜਾਨੈ, ਪਾਨਹਿ ਤੰਬੋਲੀ ਜਾਨੈ,
ਸਕਲ ਸੁਗੰਧਿ ਗਤਿ ਗਾਂਧੀ ਜਾਨਉ ਜਾਨ ਹੈ॥

੪. ਰਤਨੈ ਜਉਹਾਰੀ ਜਾਨੈ, ਬਿਹਾਰੈ ਬਿਉਹਾਰੀ ਜਾਨੈ,
ਆਤਮ ਪ੍ਰੀਖਿਆ ਕੋਊ ਬਿਬੇਕੀ ਪਹਿਚਾਨ ਹੈ॥੬੭੫॥

ਪਦਾਰਥ- ਦੀਨ ਦਇਆ=ਗ਼ਰੀਬਾਂ ਪਰ ਦਇਆ ਕਰਨੀ। ਦਾਨ=ਦਾਨੀ, ਦਾਨ ਕਰਨੇ ਵਾਲਾ। ਤੰਬੋਲੀ=ਪਾਨ ਵੇਚਣ ਵਾਲਾ। ਗਾਂਧੀ=ਅਤਾਰ। ਬਿਬੇਕੀ=ਵਿਵੇਕ ਕਰਕੇ ਸਮਝਣ ਦੀ ਸਮਝ ਵਾਲਾ। ਵਿਚਾਰਵਾਨ।

ਅਰਥ-੧. ਰਾਗਾਂ ਦੀਆਂ ਜਾਤਾਂ (ਕਿਸਮਾਂ ਤੇ ਪਰਵਾਰ ਆਦਿ ਵੇਰਵੇ) ਰਾਗੀ ਜਾਣਦਾ ਹੈ, ਵੈਰਾਗ (ਸੰਬੰਧੀ ਵੇਰਵਾ) ਵੈਰਾਗੀ ਜਾਣਦਾ ਹੈ, ਤਿ (ਸਨਜਾਸ ਸਾਬਤ ਸਾਰਾ ਹਾਲ) ਤਿਆਗੀ (ਸਨਜਾਸੀ) ਜਾਣਦਾ ਹੈ ਤੇ ਗ਼ਰੀਬਾਂ ਤੇ ਦਇਆ ਕਰਨੀ ਦਾਨੀ ਜਾਣਦਾ ਹੈ।

੨. ਜੋਗ ਦੀ ਜੁਗਤੀ ਜੋਗੀ ਜਾਣਦਾ ਹੈ, ਭੋਗਾਂ ਦਾ ਰਸਾਂ ਨੂੰ ਭੋਗੀ ਜਾਣਦਾ ਹੈ, ਰੋਗਾਂ ਦੀ ਪੀੜਾ ਦਾ ਰੋਗੀ ਨੂੰ ਪਤਾ ਹੈ (ਇਹ ਗਲ) ਪ੍ਰਗਟ ਕਹੀ ਜਾਂਦੀ ਹੈ।

੩. ਫੂਲਾਂ ਨੂੰ ਰੱਖਣ (ਦੀ ਜਾਚ) ਮਾਲੀ ਜਾਣਦਾ ਹੈ, ਪਾਨਾਂ (ਦੀ ਰਖਜਾ, ਸਾਂਭ) ਤੰਬੋਲੀ ਜਾਣਦਾ ਹੈ ਤੇ ਸਾਰੀਆਂ ਸੁਗੰਧੀ ਵਾਲੀਆਂ (ਸ਼ੈਆਂ) ਦਾ ਹਾਲ, ਜਾਣ ਲਓ ਕਿ, ਗਾਂਧੀ ਜਾਣਦਾ ਹੈ।

੪. ਰਤਨਾਂ ਦੀ ਵਾਕਫ਼ੀ ਜਉਹਰੀ ਨੂੰ ਹੈ, ਵਿਹਾਰ (ਸਬੰਧੀ ਵਾਕਫ਼ੀ) ਵਿਹਾਰੀ ਜਾਣਦਾ ਹੈ (ਤਿਵੇਂ) ਆਤਮ ਪ੍ਰੀਖਜਾ ਦੀ ਪਛਾਣ ਕੋਈ ਵਿਵੇਕਵਾਨ ਹੀ ਰਖਦਾ ਹੈ।

– ਇਤਿ –


www.sikhbookclub.com

# ੭. ਭਾਵ ਤਤਕਰਾ



| ਭਾਵ | ਕਬਿਤ ਦਾ ਅੰਕ | ਪੰਨਾ |
|---|---|---|
| ਉਸਤਤਿ-ਅਗਜਾਨੀ ਦੀ, ਨਿੰਦਾ ਤੁੱਲ ਹੈ | ੬੭੧ | ੧੨੧ |
| ਉੱਚ ਅਵਸਥਾ ਵਿਚ ਟਿਕੇ ਰਹੋ | ੬੬੧ | ੧੧੧ |
| ਉਤਕੰਠਾ-ਪ੍ਰੇਮਾਤੁਰ ਪ੍ਰੇਮੀ ਦੀ | ੬੬੫ | ੧੧੫ |
| ਉਪਕਾਰੀ-ਘਾਲ ਨਾਲ ਬਣਦਾ ਹੈ | ੫੮੦ | ੨੪ |
| " " " | ੫੮੧ | ੨੫ |
| ਅਸਾਧ ਸੰਗ ਦੁਰਮਤ ਦਾਤਾ ਹੈ | ੬੩੪ | ੮੨ |
| ਅਖੀਆਂ-ਬਿਰਹਾਤੁਰ ਪ੍ਰੇਮੀ ਦੀਆਂ | ੬੬੯ | ੧੧੯ |
| ਅਧਰਮੀ ਦਾ ਅੰਤ | ੬੩੬ | ੮੪ |
| ਅਨੁਭਵ ਪ੍ਰਾਪਤੀ-ਮਹਾਂ ਪੁਰਖ ਤੋਂ | ੫੮੬ | ੩੦ |
| ਅਭਯਾਸ ਕਰਦਿਆਂ ਕਾਮਯਾਬੀ | ੫੯੦ | ੩੪ |
| ਅਭਯਾਸ-ਅੰਮ੍ਰਿਤ ਵੇਲੇ ਦਾ | ੫੬੮ | ੧੨ |
| ਆਇ ਵਸੈ ਮਨ ਮਾਹੀ | ੬੨੨ | ੬੯ |
| ਆਚਰਨ ਦੀ ਪਰਖ-ਅਮਲਾਂ ਤੋਂ | ੫੯੬ | ੪੦ |
| ਆਤਮ ਪ੍ਰੀਖਯਾ ਤੇ ਗਯਾਨੀ | ੬੭੫ | ੧੨੫ |
| ਅੰਮ੍ਰਿਤ ਵੇਲੇ ਦਾ ਅਭਯਾਸ | ੫੬੮ | ੧੨ |
| ਸਹਿਨਸੀਲਤਾ-ਸਤਿਗੁਰ ਦੀ | ੬੪੪ | ੯੨ |
| ਸਤਿਸੰਗ, ਗਯਾਨ ਤੇ ਸ਼ਬਦ | ੫੫੯ | ੩ |
| ਸਤਿਸੰਗ ਪਿਆਰ | ੬੧੬ | ੬੩ |
| ਸਤਿਸੰਗ ਰੱਖਯਕ ਹੈ | ੫੮੨ | ੨੬ |
| ਸਤਿਸੰਗ ਵਿਚ ਕੀਰਤਨ | ੫੬੦ | ੪ |
| ਸ਼ਬਦ ਕਮਾਈ ਵਿਚ ਸੰਜਮ ਆਦਿ | ੫੬੯ | ੧੩ |
| ਸ਼ਬਦ ਵਿਚ ਗੁਰੂ ਤੇ ਗੁਰੂ ਵਿਚ ਸ਼ਬਦ | ੬੦੮ | ੫੪ |

| | | |
|---|---|---|
| ਸ਼ਰਧਾ ਵਾਲਾ ਮਨ | ੬੩੯ | ੮੭ |
| ਸਰਬੰਸ ਅਰਪਣਾ ਅਮਰ ਪਦ ਲੈਣਾ ਹੈ | ੫੮੪ | ੨੮ |
| ਸਾਧ ਅਸਾਧ ਦੀ ਪਛਾਣ | ੫੯੭ | ੪੧ |
| ਸਾਧਨ ਕਰਦਿਆਂ ਗਾਫ਼ਲੀ | ੬੫੮ | ੧੦੮ |
| ਸਾਧੂ (ਨਿਸ਼ਕਾਮ) ਦੇ ਦਾਰੇ ਮਾਯਾ | ੬੨੯ | ੭੭ |
| ਸਾਧੂ ਪਰਉਪਕਾਰੀ ਹੁੰਦਾ ਹੈ | ੫੬੪ | ੮ |
| ਸਿਖ ਸੇਵਾ ਦੀ ਮਹਿਮਾ | ੬੭੩ | ੧੨੩ |
| ਸਿਖਾਂ ਵਿਚ ਸਿਦਕ | ੬੭੨ | ੧੨੨ |
| ਸਿਦਕ, ਗੁਰ ਸਿਖਾਂ ਵਿਚ | ੬੭੨ | ੧੨੨ |
| ਸਿਦਕ ਤੇ ਪ੍ਰੇਮ ਮਾਰਗ | ੬੨੭ | ੭੫ |
| ਸੁਭਾਵ ਉਤੇ ਸੰਗਤ ਦਾ ਅਸਰ | ੫੯੮ | ੪੨ |
| ਸੁਭਾਵ ਅਨੁਸਾਰ ਲਾਭ | ੬੦੩ | ੪੭ |
| ਸੁਭਾਵ-ਸੰਕਟ ਤੇ ਸੰਕਟ ਮਿਟੇ ਵਿਚ | ੫੭੭ | ੨੧ |
| ਸੇਵਾ-ਸਿੱਖ ਦੀ | ੬੭੩ | ੧੨੩ |
| ਸੇਵਾ-ਮਧਜ ਭਾਵ ਦੀ | ੫੬੫ | ੯ |
| ਸ੍ਰੋਤਿਆਂ ਦਾ ਸ਼ੌਕ, ਕੀਰਤਨੀਏ ਦਾ ਸ਼ੌਕ | ੫੬੬ | ੧੦ |
| ,, ,, ,, | ੫੬੭ | ੧੧ |
| ਸੰਗਤ ਦਾ ਅਸਰ ਸੁਭਾਵ ਉਤੇ | ੫੯੮ | ੪੨ |
| ਕਦਰ ਨਾ ਪਛਾਣ ਸਕਣਾ | ੬੦੦ | ੪੪ |
| ਕਰਮ ਨਾਸ਼-ਗਜਾਨ ਹੋਇਆਂ | ੬੦੪ | ੪੮ |
| ਕਾਮਯਾਬੀ ਅਭਜਾਸ ਕਰਦਿਆਂ | ੫੯੦ | ੩੪ |
| ਕਾਮਯਾਬੀ ਹੀ ਸਫਲਤਾ ਹੈ | ੫੯੫ | ੩੯ |
| ਕਾਮਯਾਬੀ ਨਿਸਚਿਤ ਵਸਤੂ ਨਹੀਂ | ੫੯੩ | ੩੭ |
| ਕਿਰਤ ਸੰਜੋਗ | ੬੧੦ | ੫੭ |
| ਕਿਰਪਾ ਕਟਾਖਜ | ੬੧੨ | ੫੯ |
| ਕੀਰਤਨ ਸਤਿਸੰਗ ਵਿਚ | ੫੬੦ | ੪ |
| ਕੀਰਤਨੀਏ ਦਾ ਚਾਉ, ਸ੍ਰੋਤਿਆਂ ਦਾ ਸ਼ੌਕ | ੫੬੬ | ੧੦ |

| | | |
|---|---|---|
| ਕੀਰਤਨੀਏ ਦਾ ਚਾਉ, ਸ੍ਰੋਤਿਆਂ ਦਾ ਸ਼ੌਕ | ੫੬੭ | ੧੧ |
| ਕੁਸੰਗ ਦੁਰਮਤ ਦਾਤਾ ਹੈ | ੬੩੪ | ੮੨ |
| ਖਸਮੈ ਭਾਣੀ ਸਈਓ ਰਾਣੀ | ੫੯੪ | ੩੮ |
| ਖੋਜੀ ਦੇ ਘਬਰਾ ਨੂੰ ਪਰਮਪਦ ਮੇਟਦਾ ਹੈ | ੫੮੭ | ੩੧ |
| ਖੋਜੈ ਤਾਂ ਪਾਵੈ | ੫੮੮ | ੩੨ |
| ਗਫਲਤ | ੫੭੮ | ੨੨ |
| ਗਲ ਵੀਚਾਰ ਕੇ ਮੂੰਹੋਂ ਕੱਢ | ੬੩੦ | ੭੮ |
| ਗਾਫ਼ਲ ਨੂੰ ਜਗਾਵਾ | ੬੫੭ | ੧੦੭ |
| ਗੁਣ ਕਿ. ਪ੍ਰੇਮ.? | ੬੦੨ | ੪੬ |
| ਗੁਣ ਬਿਨਾ ਉਚਿਆਈ ਨਿਸ਼ਫਲ | ੬੩੧ | ੭੯ |
| ਗੁਣਾਂ ਨਾਲ ਨੀਵਾਂ ਉੱਚਾ ਹੋ ਜਾਂਦਾ ਹੈ | ੬੩੨ | ੮੦ |
| ਗੁਰੁ ਉਪਦੇਸ਼ ਦੁਖ ਦੂਰ ਕਰਦਾ ਹੈ | ੫੫੮ | ੨ |
| ਗੁਰੁ ਉਪਦੇਸ਼ ਮਾਯਾ ਕਟਦਾ ਹੈ | ੫੫੭ | ੧ |
| ਗੁਰੁ ਸ਼ਬਦ ਕਮਾਈ | ੫੮੫ | ੨੯ |
| ਗੁਰੁ ਦਰਸ਼ਨਾਨੰਦ | ੬੨੧ | ੬੮ |
| ਗੁਰੁ ਦਰਬਾਰ ਦਾ ਪ੍ਰਤੱਖ ਦਰਸ਼ਨ | ੬੧੯ | ੬੬ |
| ਗੁਰਦੇਵ ਕ੍ਰਿਪਾ ਕਟਾਖਜ | ੬੧੨ | ੫੯ |
| ਗੁਰਬਾਣੀ ਨੂੰ ਸਿਖ ਪਰਖ ਲੈਂਦਾ ਹੈ | ੫੭੦ | ੧੪ |
| ਗੁਰਮੁਖ ਦੀ ਚੁੱਪ, ਵੈਰਾਗ ਤੇ ਬੋਲਣਾ | ੬੦੫ | ੫੦ |
| ਗੁਰੂ ਸਮਰਥ ਹੈ | ੫੮੩ | ੨੭ |
| ਗੁਰੂ ਗਜਾਨ ਦੀ ਪੂਜਾ | ੬੦੬ | ੫੨ |
| ਗੁਰੂ ਦੀ ਸਹਨਸ਼ੀਲਤਾ | ੬੪੪ | ੯੨ |
| ਗੁਰੂ ਪਾਪ ਰੋਗ ਦਾ ਵੈਦ ਹੈ | ੬੩੩ | ੮੧ |
| ਗੁਰੂ ਬਿਨਾ ਗਯਾਨ ਨਹੀਂ | ੬੩੫ | ੮੩ |
| ਗੁਰੂ ਮੇਲ ਦਾ ਲਾਭ | ੫੬੧ | ੫ |
| ਗੁਰੂ ਵਿਚ ਸ਼ਬਦ, ਸ਼ਬਦ ਵਿਚ ਗੁਰੂ | ੬੦੮ | ੫੪ |
| ਗਜਾਨ ਹੋਏ ਤੇ ਕਰਮ ਨਾਸ਼ | ੬੦੪ | ੪੮ |

| | | |
|---|---|---|
| ਗਜਾਨ ਗੁਰੂ ਬਿਨਾ ਨਹੀਂ | ੬੩੫ | ੮੩ |
| ਗਜਾਨੀ ਤੇ ਆਤਮ ਪ੍ਰੀਖਜਾ | ੬੭੫ | ੧੨੫ |
| ਚਤੁਰਾਈ-ਗੁਰਉਪਦੇਸ਼ ਬਿਨਾ ਨਿਸ਼ਫਲ | ੬੩੧ | ੭੯ |
| ਛੁਟੜ ਇਸਤ੍ਰੀ | ੬੧੫ | ੬੨ |
| ਜਗਜਾਸੂ-ਕਠੋਰ ਤੇ ਮੈਲੇ ਮਨ ਵਾਲਾ | ੬੩੮ | ੮੬ |
| ਤਪਾਂ ਤੇ ਸਾਧਨਾਂ ਨਾਲ ਮੈਲ ਕਟੀਂਦੀ ਹੈ | ੬੧੪ | ੬੧ |
| ਤ੍ਰੈਗੁਣ ਪਸਾਰਾ | ੬੨੫ | ੭੩ |
| ਦਰਸ਼ਨਾਨੰਦ | ੬੨੧ | ੬੮ |
| ਧੁਰ ਅਸਲੀਅਤ ਦਾ ਪਤਾ ਨਹੀਂ | ੬੨੩ | ੭੦ |
| ਧੁਰ ਅਸਲੀਅਤ ਆਪ ਹੀ ਜਾਣਦਾ ਹੈ | ੬੨੪ | ੭੧ |
| ਨਾਨਤ੍ਵ ਤ੍ਰੈ ਗੁਣਾਂ ਦਾ ਪਸਾਰਾ ਹੈ | ੬੨੫ | ੭੩ |
| ਨਾਮ ਕਮਾਈ ਨਾਲ ਪਰਮੇਸ਼੍ਵਰ ਮਿਲਦਾ ਹੈ | ੬੦੭ | ੫੩ |
| ਨਾਮ ਕਮਾਈ ਬ੍ਰਹਮ ਗਜਾਨ ਦਾਤੀ ਹੈ | ੬੦੯ | ੫੬ |
| ਨਿੰਮ੍ਰਤਾ | ੬੧੧ | ੫੮ |
| ਨਿੰਮ੍ਰਤਾ-ਅਤਿ ਦੀ | ੬੦੧ | ੪੫ |
| ,, ,, ,, | ੬੪੧ | ੮੯ |
| ,, ,, ,, | ੬੪੨ | ੯੦ |
| ਨਿੰਮ੍ਰਤਾ ਉਚ ਪਦ ਤੇ ਲੈ ਜਾਂਦੀ ਹੈ | ੬੩੨ | ੮੦ |
| ਨਿਰਗੁਣ ਦੀ ਪ੍ਰਾਪਤੀ ਕਿਵੇਂ? | ੬੪੮ | ੯੬ |
| ਪਤਿਬ੍ਰਤਾ, ਗ੍ਰਿਹ ਪਤੀ ਆਗਮ | ੬੫੨ | ੧੦੦ |
| ਪਤਿਬ੍ਰਤਾ ਦਾ ਮੂਲ ਨਿੰਮ੍ਰਤਾ ਹੈ | ੬੬੨ | ੧੧੨ |
| ਪਤਿਬ੍ਰਤਾ ਦੀ ਅਭਿਲਾਖ | ੬੫੩ | ੧੦੨ |
| ,, ,, ,, | ੬੫੪ | ੧੦੩ |
| ਪਤਿਬ੍ਰਤਾ ਨੂੰ ਸ਼ੁਕਰ ਰਸਮਯ ਰਖਦਾ ਹੈ | ੬੫੬ | ੧੦੫ |
| ਪਤਿਬ੍ਰਤਾ ਨੂੰ ਪਤੀ ਆਪ ਮੇਲੇ ਦਾ ਸੁਖ | ੬੫੧ | ੯੯ |
| ਪਤਿਬ੍ਰਤਾ ਪਰ ਪਤੀ ਦੀ ਨਦਰ | ੬੫੦ | ੯੮ |
| ਪਤਿਬ੍ਰਤਾ ਵਿਚੋਂ ਸ਼ਿਰੋਮਣੀ | ੬੪੫ | ੯੩ |


 www.sikhbookclub.com

| | | |
|---|---|---|
| ਪਰਮਪਦ ਦੀਆਂ ਰੋਕਾਂ | ੬੪੦ | ੮੮ |
| ਪਰਮੇਸ਼ੂਰ ਨਾਮ ਕਮਾਈ ਨਾਲ ਮਿਲਦਾ ਹੈ | ੬੦੭ | ੫੩ |
| ਪਾਪ ਥੋੜਾ ਬੀ ਸ਼ੁਭ ਗੁਣ ਨਾਸ਼ ਕਰਦਾ ਹੈ | ੬੩੭ | ੮੫ |
| ਪਾਪ ਰੋਗ ਦਾ ਵੈਦ ਗੁਰੂ ਹੈ | ੬੩੩ | ੮੧ |
| ਪੋਥੀ ਪੜ੍ਹਨਾ, ਸੁਣਨਾ-ਲਿਵ | ੫੬੨ | ੬ |
| ਪ੍ਰਿਯ ਵਸਤੂ ਆਪੋ ਆਪਣੀ ਵਿਚ ਲਗਨ | ੫੯੯ | ੪੩ |
| ਪ੍ਰੇਮ ਸਦਾ ਥਿਰ ਨਾਲ | ੫੯੨ | ੩੬ |
| ਪ੍ਰੇਮ ਕਿ ਗੁਣ? | ੬੦੨ | ੪੬ |
| ਪ੍ਰੇਮ ਤੀਖਣਤਾ | ੬੪੭ | ੯੫ |
| ਪ੍ਰੇਮ ਪੈਜ | ੬੨੮ | ੭੬ |
| ਪ੍ਰੇਮ ਮਗਨਤਾ, ਵਿਵੇਕ ਚੇਤਨਤਾ | ੬੬੬ | ੧੧੬ |
| ਪ੍ਰੇਮ ਮਾਰਗ ਤੇ ਸਿਦਕ | ੬੨੭ | ੭੫ |
| ਪ੍ਰੇਮ ਰਸ | ੬੪੬ | ੯੪ |
| ਪ੍ਰੇਮ ਰਸਦਾਤਾ ਹੈ, ਸ਼ਿੰਗਾਰ ਨਹੀਂ | ੬੨੬ | ੭੪ |
| ਪ੍ਰੇਮੀ ਤੇ ਪ੍ਰੀਤਮ ਸਦਰਸ਼ਤਾ | ੬੫੫ | ੧੦੪ |
| ਪ੍ਰੇਮੀ ਦਾ ਬਿਰਹਾ | ੬੬੭ | ੧੧੭ |
| ,, ,, ,, | ੬੬੮ | ੧੧੮ |
| ਪ੍ਰੇਮੀ ਮਨ ਦੀ ਤ੍ਰਿਪਤ ਅਤ੍ਰਿਪਤ ਦਸ਼ਾ | ੬੨੦ | ੬੭ |
| ਪ੍ਰੇਮੀ-ਮਾਨਗ੍ਰਸਤ | ੬੫੯ | ੧੦੯ |
| ,, ,, ,, | ੬੬੦ | ੧੧੦ |
| ਫੈਜ਼ ਹਰ ਚਸ਼ਮਿਓਂ ਨਹੀਂ ਮਿਲਦਾ | ੫੮੯ | ੩੩ |
| ਬਿਰਹ ਅਗਨੀ | ੬੬੮ | ੧੧੮ |
| ਬਿਰਹ ਪੀੜਾ ਪੀੜਾਂ ਦੀ ਸਰਦਾਰ ਹੈ | ੫੭੨ | ੧੬ |
| ਬਿਰਹਾ-ਵਿਛੁੜਨ ਵੇਲੇ ਦੀ ਯਾਦ | ੬੬੭ | ੧੧੭ |
| ਬਿਰਹਾਤੁਰ ਪ੍ਰੇਮੀ ਦੀਆਂ ਅੱਖੀਆਂ | ੬੬੯ | ੧੧੯ |
| ਬਿਰਹਾ ਤੇ ਮੇਲ ਦੀ ਪ੍ਰਾਪਤੀ ਅਪ੍ਰਾਪਤੀ | ੬੭੦ | ੧੨੦ |
| ਬਿਰਹਾ ਭਗਤ ਦਾ | ੫੭੩ | ੧੭ |

| | | |
|---|---|---|
| ਬ੍ਰਹਮ ਗਜਾਨੀ ਨਿਰਲੇਪ ਹੈ | ੬੧੮ | ੬੫ |
| ਭਗਤ ਦੀ ਮੌਨ ਅਮੌਨ ਦਸ਼ਾ | ੬੧੭ | ੬੪ |
| ਭਗਤ ਬਿਰਹਾ-ਬਿਰਹਨੀ ਦੇ ਰੂਪਕ ਵਿਚ | ੫੭੩ | ੧੭ |
| ,, ,, ,, | ੫੭੪ | ੧੮ |
| ਭਗਤ ਮਾਨ ਕਰਕੇ ਪਛੁਤਾਵੇ ਵਿਚ | ੬੬੩ | ੧੧੩ |
| ,, ,, ,, | ੬੬੪ | ੧੧੪ |
| ਭਗਤਮਾਨ ਵਿਗੁੱਤਾ-ਮਾਨਮਤੀ ਰੂਪਕ ਵਿਚ | ੫੭੫ | ੧੯ |
| ,, ,, ,, | ੫੭੬ | ੨੦ |
| ਭਗਤ ਵਜਾਕੁਲਤਾ-ਬਿਰਹਨੀ ਰੂਪਕ ਵਿਚ | ੫੭੧ | ੧੫ |
| ਭਗਤੀ ਵਿਚ ਸਰਬ ਅੰਗ ਸਰਲਤਾ | ੬੨੮ | ੭੬ |
| ਭਾਉ ਜੇਹਾ, ਤੇਹਾ ਫਲ | ੬੭੪ | ੧੨੪ |
| ਭਾਵਨੀ ਅਨੁਸਾਰ ਫਲ | ੬੪੩ | ੯੧ |
| ਮਹਾਂ ਪੁਰਖ ਤੋਂ ਅਨੁਭਵ ਪ੍ਰਾਪਤੀ | ੫੮੬ | ੩੦ |
| ਮਨ-ਕਠੋਰ ਤੇ ਸ਼ਰਧਾ ਵਾਲਾ | ੬੩੯ | ੮੭ |
| ਮਨ ਵਿਚ ਆ ਵੱਸੋ | ੬੨੨ | ੬੯ |
| ਮਿਹਰ ਹਰ ਚਸ਼ਮਿਓਂ ਨਹੀਂ ਮਿਲਦੀ | ੫੮੯ | ੩੩ |
| ਮਿਹਰ ਦੀ ਨਜ਼ਰ | ੫੬੩ | ੭ |
| ਮੇਲ ਤੇ ਬਿਰਹ ਦੀ ਪ੍ਰਾਪਤੀ ਅਪ੍ਰਾਪਤੀ | ੬੭੦ | ੧੨੦ |
| ਰਹਿਣੀ-ਅੰਤਰ ਮੁਖ | ੬੧੩ | ੬੦ |
| ਲਛਮੀ ਪ੍ਰਤੀ ਪ੍ਰਸ਼ਨ | ੬੪੯ | ੯੭ |
| ਵਾਦੀ ਬਦਲਣੀ ਕਠਨ ਹੈ | ੫੯੧ | ੩੫ |
| ਵਿਵੇਕ ਚੇਤਨਤਾ, ਪ੍ਰੇਮ ਮਗਨਤਾ | ੬੬੬ | ੧੧੬ |
| ਵਿਵੇਕੀ ਤੇ ਆਤਮ ਪ੍ਰੀਖਜਾ | ੬੭੫ | ੧੨੫ |
| ਵਜਾਪਕ ਅਲਿਪਤ | ੫੭੯ | ੨੩ |

# ੮. ਪਹਿਲੀ ਪਹਿਲੀ ਸਤਰ ਦਾ ਤਤਕਰਾ


| ਪਹਿਲੀ ਸਤਰ | ਕਬਿਤ ਦਾ ਅੰਕ | ਪੰਨਾ |
|---|---|---|
| ਅਗਨਿ ਜਰਤ, ਜਲ ਬੂਡਤ ਸਰਪ ਗ੍ਰਸਹਿ | ੫੭੨ | ੧੬ |
| ਅਛਲ ਅਛੇਦ ਪ੍ਰਭੁ ਜਾਕੈ ਬਸ ਬਿਸ੍ਵ ਬਲ | ੬੪੭ | ੯੫ |
| ਅਨਭੈ ਭਵਨ ਪ੍ਰੇਮ ਭਗਤਿ ਮੁਕਤਿ ਦ੍ਵਾਰ | ੬੧੯ | ੬੬ |
| ਅਨਿਕ ਅਨੂਪ ਰੂਪ ਰੂਪ ਸਮਸਰ ਨਾਂਹਿ | ੬੪੬ | ੯੪ |
| ਇਕ ਟਕ ਧਜਾਨ ਹੁਤੇ ਚੰਦ੍ਰਮੇ ਚਕੋਰ ਗਤਿ | ੬੭੦ | ੧੨੦ |
| ਏਈ ਅਖੀਆਂ ਜੁ ਪੇਖ ਪ੍ਰਥਮ ਅਨੂਪ ਰੂਪ | ੬੬੯ | ੧੧੯ |
| ਸਫਲ ਜਨਮ, ਧੰਨ ਆਜ ਕੋ ਦਿਵਸ ਰੈਨਿ | ੬੫੨ | ੧੦੦ |
| ਸਿਹਜਾ ਸਮੈ ਅਗਜਾਨ ਮਾਨ ਕੈ ਰਸਾਏ ਨਾਹਿ | ੬੬੩ | ੧੧੩ |
| ਸਿਹਜਾ ਸੰਜੋਗ ਪ੍ਰਿਯ ਪ੍ਰੇਮ ਰਸ ਖੇਲ ਜੈਸੇ | ੫੬੯ | ੧੩ |
| ਸੀਸ ਗੁਰ ਚਰਨ, ਕਰਨ ਉਪਦੇਸ ਦੀਖਜਾ | ੬੨੮ | ੭੬ |
| ਸੁਤਨ ਕੇ ਪਿਤਾ ਅਰ ਭ੍ਰਾਤਨ ਕੇ ਭ੍ਰਾਤਾ ਭਏ | ੫੭੯ | ੨੩ |
| ਸੁਨਿ ਪ੍ਰਿਯ ਗਵਨ ਸ੍ਰਵਨ ਬਹਰੇ ਨ ਭਏ | ੬੬੭ | ੧੧੭ |
| ਸੰਗ ਮਿਲਿ ਚਲੈ ਨਿਰਬਿਘਨ ਪਹੂਚੈ ਘਰ | ੫੮੨ | ੨੬ |
| ਸ੍ਵਾਮਿ ਕਾਂਜ ਲਾਗ ਸੇਵਾ ਕਰਤ ਸੇਵਕ ਜੈਸੇ | ੫੬੬ | ੧੦ |
| ਕਹਿਧੋ ਕਹਾ ਕੂ ਰਮਾ ਰੰਮ ਪੂਰਬ ਜਨਮ ਬਿਖੈ | ੬੪੯ | ੯੭ |
| ਕਰ ਅਜੁੰਲ ਜਲ ਜੋਬਨ ਪ੍ਰਵੇਸ ਆਲੀ | ੬੫੯ | ੧੦੯ |
| ਕਵਨ ਅੰਜਨ ਕਰਿ ਲੋਚਨ ਬਿਲੋਕੀਅਤ | ੬੨੬ | ੭੪ |
| ਕਵਨ ਭਕਤਿ ਕਰਿ ਭਕਤ ਵਛਲ ਭਏ | ੬੦੧ | ੪੫ |
| ਕਾਲਰ ਮੈ ਬੋਏ ਬੀਜ ਉਪਜੈ ਨ ਧਾਨ ਪਾਨ | ੫੯੮ | ੪੨ |
| ਕੇਹਰਿ ਅਹਾਰ ਮਾਸ, ਸੁਰਹੀ ਅਧਾਰ ਘਾਸ | ੫੯੯ | ੪੩ |
| ਕੈਸੇ ਕੈ ਅਗਹ ਗਹਿਓ, ਕੈਸੇ ਕੈ ਅਛਲ ਛਲਿਓ | ੬੪੮ | ੯੬ |
| ਕੋਊ ਹਰ ਜੋਰੈ, ਬੋਵੈ, ਕੋਊ ਰਾਖੈ, ਲੁਨੈ ਕੋਊ | ੫੯੩ | ੩੭ |

| | | |
|---|---|---|
| ਕੋਟਨ ਕੋਟਾਨਿ ਸੁਖ ਪੁਜੈ ਨ ਸਮਾਨਿ ਸੁਖ | ੬੫੧ | ੯੯ |
| ਕੋਟ ਪਰਕਾਰ ਨਾਰਿ ਸਾਜੈ ਜਉ ਸਿੰਗਾਰ ਚਾਰੁ | ੬੩੫ | ੮੩ |
| ਕੌਣ ਗੁਣ ਗਾਇਕੈ ਰੀਝਾਈਐ ਗੁਨ ਨਿਧਾਨ | ੬੦੨ | ੪੬ |
| ਗਵਰਿ ਮਹੇਸ ਔ ਗਨੇਸ ਸੇ ਸਹਸਰਸੁ | ੬੨੭ | ੭੫ |
| ਗੁਰ ਉਪਦੇਸਿ ਪ੍ਰਾਤ ਸਮੈ ਇਸਨਾਨ ਕਰਿ | ੬੧੩ | ੬੦ |
| ਘਰੀ ਘਰੀ ਟੇਰਿ ਘਰੀਆਰ ਸੁਨਾਇ ਸੰਦੇਸੋ | ੬੫੭ | ੧੦੭ |
| ਚੀਕਨੇ ਕਲਸ ਪਰ ਜੈਸੇ ਨਾਂ ਟਿਕਤ ਬੂੰਦ | ੬੩੮ | ੮੬ |
| ਚੰਦਨ ਸਮੀਪ ਬਸਿ ਬਾਂਸ ਮਹਿਮਾਂ ਨ ਜਾਨੀ | ੬੩੯ | ੮੭ |
| ਜਉ ਲਉ ਦੀਪ ਜੋਤ ਹੋਤ ਨਾਹਨ ਮਲੀਨ ਆਲੀ | ੬੬੧ | ੧੧੧ |
| ਜਾਕੇ ਏਕ ਫਨ ਪੈ ਧਰਨ ਹੈ ਸੋ ਧਰਨੀ ਧਰ | ੬੭੧ | ੧੨੧ |
| ਜਾਕੈ ਨਾਇਕਾ ਅਨੇਕ ਏਕ ਸੈ ਅਧਿਕ ਏਕ | ੬੪੨ | ੯੦ |
| ਜਾ ਦਿਨ ਜਗਤ ਮਨ ਟਹਿਲ ਕਹੀ ਰਸਾਇ | ੬੫੬ | ੧੦੫ |
| ਜੈਸੀ ਐ ਸਰਦ ਨਿਸ, ਤੈਸੇ ਈ ਪੂਰਨ ਸਸਿ | ੬੫੫ | ੧੦੪ |
| ਜੈਸੇ ਅਸੂਨੀ ਸੁਤਹ ਛਾਡਿ ਅੰਧਕਾਰਿ ਮਧ | ੬੧੬ | ੬੩ |
| ਜੈਸੇ ਅਹਿ ਨਿਸ ਅੰਧਿਆਰੀ ਮਣਿ ਕਾਢ ਰਾਖੈ | ੫੬੮ | ੧੨ |
| ਜੈਸੇ ਅਨੁਚਰ ਨਰਪਤ ਕੀ ਪਛਾਨੈਂ ਭਾਖਾ | ੫੭੦ | ੧੪ |
| ਜੈਸੇ ਅਲ ਕਮਲ ਕਮਲ ਬਾਸ ਲੇਤ ਫਿਰੈ | ੫੮੯ | ੩੩ |
| ਜੈਸੇ ਅੰਧਕਾਰ ਬਿਖੈ ਦਿਪਤ ਦੀਪਕ ਦੇਖ | ੬੦੬ | ੫੨ |
| ਜੈਸੇ ਅੰਨਾਦਿ ਆਦਿ ਅੰਤ ਪਰਯੰਤ ਹੰਤ | ੫੮੧ | ੨੫ |
| ਜੈਸੇ ਸਿਮਰ ਸਿਮਰ ਪ੍ਰਿਆ ਪ੍ਰੇਮ ਰਸ ਬਿਸਮ ਹੋਇ | ੬੦੫ | ੫੦ |
| ਜੈਸੇ ਕਰਪੂਰ ਲੋਨ ਏਕਸੇ ਦਿਖਾਈ ਦੇਤ | ੫੯੭ | ੪੧ |
| ਜੈਸੇ ਕਿਰਤਾਸ ਗਰ ਜਾਤ ਜਲ ਬੂੰਦ ਪਰੀ | ੫੬੧ | ੫ |
| ਜੈਸਾ ਕੇਲਾ ਬਸਤ ਬਬੂਰ ਕੈ ਨਿਕਟ, ਤਾਂਹਿ | ੬੩੪ | ੮੨ |
| ਜੈਸੇ ਖਰ ਬੋਲ ਸੁਨ ਸਗੁਨੀਆਂ ਮਾਨ ਲੇਤ | ੬੧੧ | ੫੮ |
| ਜੈਸੇ ਖਾਂਡ ਚੂਨ ਘ੍ਰਿਤ ਹੋਤ ਘਰ ਬਿਖੈ, ਪੈ | ੫੬੨ | ੬ |
| ਜੈਸੇ ਚੂਨੋ ਖਾਂਡ ਸ੍ਵੇਤ ਏਕ ਸੇ ਦਿਖਾਈ ਦੇਤ | ੫੯੬ | ੪੦ |
| ਜੈਸੇ ਜਨਮਤ ਕੰਨਜਾ ਦੀਜੀਐ ਦਹੇਜ ਘਨੋ | ੫੮੪ | ੨੮ |

| | | |
|---|---|---|
| ਜੈਸੇ ਜਲ ਸਿੰਚ ਸਿੰਚ ਕਾਸਟ ਸਮਥ ਕੀਨੋ | ੬੨੫ | ੭੩ |
| ਜੈਸੇ ਜਲ ਮਿਲਿ ਦ੍ਰੁਮ ਸਫਲ ਨਾਨਾ ਪ੍ਰਕਾਰ | ੬੦੩ | ੪੭ |
| ਜੈਸੇ ਜਾਰ ਚੋਰ ਓਰ ਹੇਰਤਿ ਨ ਆਹਿ ਕੋਊ | ੬੪੩ | ੯੧ |
| ਜੈਸੇ ਜੋਧਾ ਜੁਧ ਸਮੈ ਸਸਤ੍ਰ ਸਨਾਹਿ ਸਾਜਿ | ੬੧੭ | ੬੪ |
| ਜੈਸੇ ਤਉ ਅਨੇਕ ਰੋਗੀ ਆਵਤ ਹੈਂ ਬੈਦ ਗ੍ਰਿਹ | ੬੭੪ | ੧੨੪ |
| ਜੈਸੇ ਤਉ ਚੰਪਕ ਬੇਲ ਬਿਬਧ ਬਿਥਾਰ, ਚਾਰੁ | ੫੮੬ | ੩੦ |
| ਜੈਸੇ ਤਉ ਨਰਿੰਦ ਚੜ੍ਹਿ ਬੈਠਤ ਪ੍ਰਯੰਕ ਪਰ | ੬੧੮ | ੬੫ |
| ਜੈਸੇ ਤਉ ਪਪੀਹਾ ਪ੍ਰਿਯ ਪ੍ਰਿਯ ਟੇਰ ਹੇਰੇ ਬੂੰਦ | ੬੪੫ | ੯੩ |
| ਜੈਸੇ ਤਾਤ ਮਾਤ ਗ੍ਰਿਹ ਜਨਮਤ ਸੁਤ ਘਨੇ | ੫੮੩ | ੨੭ |
| ਜੈਸੇ ਤਿਲ ਪੀੜ ਤੇਲ ਕਾਢੀਅਤ ਕਸਟੁ ਕੈ | ੫੮੦ | ੨੪ |
| ਜੈਸੇ ਤਿਲ ਬਾਸ ਬਾਸ ਲੀਜੀਅਤ ਕੁਸਮ ਤੇ | ੬੦੯ | ੫੬ |
| ਜੈਸੇ ਤੌ ਸਮੁੰਦਰ ਬਿਖੈ ਬੋਹਥੈ ਬਹਾਇ ਦੀਜੈ | ੫੯੫ | ੩੯ |
| ਜੈਸੇ ਤੌ ਕੰਚਨੈ ਪਾਰੋ ਪਰਸਤ ਸੋਖ ਲੇਤ | ੫੫੭ | ੧ |
| ਜੈਸੇ ਤੌ ਪ੍ਰਸੂਤ ਸਮੈ ਸਤ੍ਰੁ ਕਰਿ ਪ੍ਰਿਐ | ੫੭੭ | ੨੧ |
| ਜੈਸੇ ਤੌ ਮਰਾਲ ਮਾਲ ਬੈਠਤ ਹੈ ਮਾਨਸਰ | ੫੫੯ | ੩ |
| ਜੈਸੇ ਦਰਪਨ ਸੂਧੇ ਸੁਧ ਮੁਖ ਦੇਖੀਅਤ | ੬੪੪ | ੯੨ |
| ਜੈਸੇ ਦੀਪ ਜੋਤ ਲਿਵ ਲਾਗੈ ਚਲੇ ਜਾਤ ਸੁਖ | ੫੬੫ | ੯ |
| ਜੈਸੇ ਦੀਪ ਦੀਪਤ ਪਤੰਗ ਲੋਟਪੋਟ ਹੋਤ | ੫੯੦ | ੩੪ |
| ਜੈਸੇ ਧਰ ਧਨੁਖ ਚਲਾਈਅਤ ਬਾਨੰ ਤਾਨ | ੬੧੦ | ੫੭ |
| ਜੈਸੇ ਧੋਬੀ ਸਾਬਨ ਲਗਾਇ ਪੀਟੈ ਪਾਥਰ ਸੈ | ੬੧੪ | ੬੧ |
| ਜੈਸੇ ਨਰਪਤਿ ਬਨਿਤਾ ਅਨੇਕ ਬਜਾਹਤ ਹੈ | ੫੬੩ | ੭ |
| ਜੈਸੇ ਨੀਰ ਖੀਰ ਅੰਨ ਭੋਜਨ ਖੁਵਾਇ ਅੰਤਿ | ੬੩੬ | ੮੪ |
| ਜੈਸੇ ਪਾਕਸਾਲਾ ਬਾਲ-ਬਿੰਜਨ ਅਨੇਕ ਰਚੈ | ੬੩੭ | ੮੫ |
| ਜੈਸੇ ਪਾਂਚੋ ਤਤ ਬਿਖੈ ਬਸੁਧਾ ਨਵਨ ਮਨ | ੬੩੨ | ੮੦ |
| ਜੈਸੇ ਪਾਟ ਚਾਕੀ ਕੇ ਨ ਮੂੰਡ ਕੇ ਉਠਾਏ ਜਾਤ | ੫੫੮ | ੨ |
| ਜੈਸੇ ਪੀਤ ਸ੍ਵੇਤ ਸਜਾਮ ਅਰਨ ਵਰਨ ਰੂਪ | ੬੦੦ | ੪੪ |
| ਜੈਸੇ ਪੇਖੈ ਸਜਾਮ ਘਟਾ ਗਗਨ ਘਮੰਡ ਘੋਰ | ੫੬੭ | ੧੧ |

| | | |
|---|---|---|
| ਜੈਸੇ ਪੋਸਤੀ ਸੁਨਤ ਕਹਤ ਪੋਸਤ ਬੁਰੋ | ੫੯੧ | ੩੫ |
| ਜੈਸੇ ਫਲ ਤੇ ਬਿਰਖ, ਬਿਰਖ ਤੇ ਹੋਤ ਫਲ | ੬੦੮ | ੫੪ |
| ਜੈਸੇ ਬਨਿਤਾ ਬਚਿਤ੍ਰ ਅਭਰਨ ਸਿੰਗਾਰ ਸਜਿ | ੫੬੦ | ੪ |
| ਜੈਸੇ ਬਾਨ ਧਨੁਖ ਸਹਿਤ ਹ੍ਵੈ ਨਿਜ ਬਸ | ੬੩੦ | ੭੮ |
| ਜੈਸੇ ਬਿਬਿਧ ਪ੍ਰਕਾਰ ਕਰਤ ਸਿੰਗਾਰ ਨਾਰਿ | ੬੦੪ | ੪੮ |
| ਜੈਸੇ ਬੀਰਾਰਾਧੀ ਮਿਸਟਾਨ ਪਾਨ ਆਨ ਕਹੁ | ੫੬੪ | ੮ |
| ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਜੋ | ੫੭੮ | ੨੨ |
| ਜੈਸੇ ਬ੍ਰਿਥਾਵੰਤ ਜੰਤ ਪੂਛੈ ਬੈਦ ਬੈਦ ਪ੍ਰਤਿ | ੫੮੭ | ੩੧ |
| ਜੈਸੇ ਮਾਲਾ ਮੇਰੁ ਪੋਈਅਤ ਸਭ ਊਪਰ ਕੈ | ੬੩੧ | ੭੯ |
| ਜੈਸੇ ਮੇਘ ਬਰਖਾ ਸ੍ਰਬਤ੍ਰ ਬਰਖੈ ਸਮਾਨ | ੬੨੯ | ੭੭ |
| ਜੈਸੇ ਰੋਗ ਰੋਗੀ ਕੋ ਦਿਖਾਈਐ ਨ ਬੈਦ ਪ੍ਰਤਿ | ੬੩੩ | ੮੧ |
| ਜੈਸੇ ਲਾਖ ਕੋਰਿ ਲਿਖਤ ਨ ਕਨ ਭਾਰ ਲਾਗੈ | ੫੮੫ | ੨੯ |
| ਜੋਈ ਪ੍ਰਭੁ ਭਾਵੈ ਤਾਹਿ ਸੋਵਤ ਜਗਾਵੈ ਜਾਇ | ੫੯੪ | ੩੮ |
| ਜੋਈ ਮਿਲੈ ਆਪਾ ਖੋਇ ਸੋਈ ਤਉ ਨਾਯਕਾ ਹੋਇ | ੬੬੨ | ੧੧੨ |
| ਤਰੁਵਰੁ ਗਿਰੇ ਪਾਤ ਬਹੁਰੋ ਨ ਜੋਰੇ ਜਾਤ | ੫੯੨ | ੩੬ |
| ਦ੍ਰਿਗਨ ਮੇ ਦੇਖਤ ਹੋ ਦ੍ਰਿਗ ਹੂ ਜੋ ਦੇਖਜੋ ਚਾਹੈ | ੬੨੨ | ੬੯ |
| ਨਖ ਸਿਖ ਲਉ ਸਗਲ ਅੰਗ ਰੋਮ ਰੋਮ ਕਰ | ੬੭੨ | ੧੨੨ |
| ਨਾਹਿਨ ਅਨੂਪ ਰੂਪ ਚਿਤਵੋ ਕਿਉ ਚਿੰਤਾਮਨਿ | ੬੪੦ | ੮੮ |
| ਨਿਸ ਨ ਘਟੈ, ਨ ਲਟੈ ਸਸੀਅਰ ਦੀਪ ਜੋਤਿ | ੬੫੩ | ੧੦੨ |
| ਨਿੰਦ੍ਾਂ ਮੈ ਕਹਾ ਧਉ ਜਾਇ ਖੁਧਜਾ ਮੈ ਕਹਾ ਧਉ ਖਾਇ | ੬੨੩ | ੭੦ |
| ਨਿਮਖ ਨਿਮਖ ਨਿਸ ਨਿਸ ਪਰਮਾਨ ਹੋਇ | ੬੫੪ | ੧੦੩ |
| ਪਾਇ ਲਾਗ ਲਾਗ ਜੂਤੀ ਬੇਨਤੀ ਕਰਤ ਹੁਤੀ | ੫੭੫ | ੧੯ |
| ਪਾਤਰ ਮੈ ਜੈਸੇ ਬਹੁ ਬਿੰਜਨ ਪਰੋਸੀਅਤ | ੬੧੫ | ੬੨ |
| ਪੂਰਨ ਸਰਦ ਸਸਿ ਸਕਲ ਸੰਸਾਰ ਕਹੈ | ੫੭੩ | ੧੭ |
| ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ | ੫੮੮ | ੩੨ |
| ਪੰਚ ਤੱਤ ਮੇਲ ਪਿੰਡ ਲੋਕ ਬੇਦ ਕਹੈਂ, ਪਾਂਚੋ | ੬੨੪ | ੭੧ |
| ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ | ੬੭੩ | ੧੨੩ |

| | | |
|---|---|---|
| ਪ੍ਰੇਮ ਰਸ ਅਉਸੁਰ ਅਰਗਜਾਨ ਮੈ ਨ ਆਗਜਾ ਮਾਨੀ | ੬੬੪ | ੧੧੪ |
| ਫਰਕਤ ਲੋਚਨ ਅਧਰ ਭੁਜਾ ਤਾਪੈ ਤਨ | ੬੬੫ | ੧੧੫ |
| ਬਾਯਸ ਉਡਹ. ਬਲ ਜਾਉ. ਬੇਗ ਮਿਲੈ ਪੀਯ | ੫੭੧ | ੧੫ |
| ਬਿਨ ਪ੍ਰਿਯ ਸਿਹਜਾ ਭਵਨ ਆਨ ਰੂਪ ਰੰਗ | ੫੭੪ | ੧੮ |
| ਬਿਰਹ ਦਾਵਾਨਲ ਪ੍ਰਗਟੀ ਤਨ ਬਨ ਬਿਖੈ | ੬੬੮ | ੧੧੮ |
| ਬੇਸਾ ਕੇ ਸਿੰਗਾਰ ਬਿਭਚਾਰ ਕੇ ਨ ਪਾਰਾਵਾਰ | ੬੪੧ | ੮੯ |
| ਮਜਨ ਕੈ ਚੀਰ ਚਾਰੁ. ਅੰਜਨ ਤਮੋਲ ਰਸ | ੬੫੮ | ੧੦੮ |
| ਮਾਨਨਿ ਨ ਕੀਜੈ ਮਾਨ. ਬਦੌਂ ਨ ਤੇਰੋ ਸਿਆਨ | ੬੬੦ | ੧੧੦ |
| ਯਾਹੀ ਮਸਤਕ ਪੇਖ ਰੀਝਤ ਕੋ ਪ੍ਰਾਨ ਨਾਥ | ੫੭੬ | ੨੦ |
| ਰਾਗ ਜਾਤ ਰਾਗੀ ਜਾਨੈ. ਬੈਰਾਗੈ ਬੈਰਾਗੀ ਜਾਨੇ | ੬੭੫ | ੧੨੫ |
| ਰਿਧ. ਸਿਧ. ਨਿਧ. ਸੁਧਾ. ਪਾਰਸ. ਕਲਪਤਰੁ | ੬੧੨ | ੫੯ |
| ਰੂਪ ਕੈ ਜੋ ਰੀਝੈ ਰੂਪਵੰਤ ਹੀ ਰਿਝਾਇ ਲੇਹਿ | ੬੦੭ | ੫੩ |
| ਰੂਪ ਕੋਟਿ ਰੂਪ ਪਰ. ਸੋਭਾ ਪਰ ਕੋਟਿ ਸੋਭਾ | ੬੫੦ | ੯੮ |
| ਲੋਚਨ ਅਨੂਪ ਰੂਪ ਦੇਖਿ ਮੁਰਛਾਤ ਭਏ | ੬੬੬ | ੧੧੬ |
| ਲੋਚਨ ਕ੍ਰਿਪਾਨ ਅਵਲੋਕਤ ਅਨੂਪ ਰੂਪ | ੬੨੧ | ੬੮ |
| ਲੋਚਨ ਬਿਲੋਕ ਰੂਪ ਰੰਗ ਅੰਗ ਅੰਗ ਛਬਿ | ੬੨੦ | ੬੭ |


-o-